ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 32 | 17 August 2022 to 23 August 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਦੇਸ਼ ਵੰਡ ਦੌਰਾਨ ਭਿਅੰਕਰ ਕਤਲੇਆਮ ਪੀੜਤਾਂ ਨੂੰ ਸ਼ਰਧਾਂਜਲੀ

## ✪ ਦੇਸ਼ ਵੰਡ ਵੇਲੇ ਦੋਵਾਂ ਮੁਲਕਾਂ ਦੇ ਮਾਰੇ ਗਏ 10 ਲੱਖ ਲੋਕਾਂ ਦੀ ਯਾਦ ਵਿੱਚ ਅਕਾਲ ਤਖਤ ਸਾਹਿਬ ਵਿਖੇ ਅਰਦਾਸ ✪ ਅਕਾਲ ਤਖਤ ਸਣੇ ਹੋਰ ਇਤਿਹਾਸਕ ਗੁਰਦੁਆਰਿਆਂ ’ਚ ਦਿੱਤੀਆਂ ਸ਼ਰਧਾਂਜਲੀਆਂ ✪ ਵੰਡ ਦਾ ਸ਼ਿਕਾਰ ਹੋਏ ਲੋਕਾਂ ਨੂੰ ਆਪਣੀ ਜਨਮ ਭੋਇੰ ਦੇਖਣ ਵਾਸਤੇ ਵੀਜ਼ੇ ਦੇਣ ਦੀ ਅਪੀਲ

**ਅੰਮ੍ਰਿਤਸਰ/ਏ.ਟੀ.ਨਿਊਜ਼** :- 1947 ਵਿੱਚ ਦੇਸ਼ ਦੀ ਵੰਡ ਵੇਲੇ ਹੋਈ ਹਿੰਸਾ ਦੌਰਾਨ ਮਾਰੇ ਗਏ ਦਸ ਲੱਖ ਲੋਕਾਂ ਦੀ ਯਾਦ ਵਿੱਚ ਇੱਥੇ ਅਕਾਲ ਤਖ਼ਤ ਵਿਖੇ ਸਮੂਹਿਕ ਅਰਦਾਸ ਕੀਤੀ ਗਈ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਰਦਾਸ ਵਿੱਚ ਸ਼ਾਮਲ ਹੁੰਦਿਆਂ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਆਖਿਆ ਕਿ ਉਹ ਵੰਡ ਵੇਲੇ ਮਾਰੇ ਗਏ ਲੋਕਾਂ ਦੀ ਯਾਦ ਵਿੱਚ ਆਪੋ ਆਪਣੀਆਂ ਸੰਸਦਾਂ ਵਿੱਚ ਸ਼ੋਕ ਮਤੇ ਪਾਸ ਕਰਨ ਅਤੇ ਉਸ ਵੇਲੇ ਉਜਾੜੇ ਦਾ ਸ਼ਿਕਾਰ ਹੋਏ ਲੋਕਾਂ ਤੇ ਉਨਾਂ ਦੇ ਪਰਿਵਾਰਾਂ ਨੂੰ ਆਪਣੀ ਜਨਮ ਭੋਇੰ ਵੇਖਣ ਵਾਸਤੇ ਵੀਜ਼ੇ ਦਿੱਤੇ ਜਾਣ। ਉਨਾਂ ਕਿਹਾ ਕਿ ਦੇਸ਼ ਨੂੰ ਆਜ਼ਾਦ ਹੋਇਆਂ 75 ਵਰੇ ਬੀਤ ਗਏ ਹਨ ਪਰ ਅਫ਼ਸੋਸ ਦੀ ਗੱਲ ਹੈ ਕਿ ਦੇਸ਼ ਵੰਡ ਵੇਲੇ ਮਾਰੇ ਗਏ ਲੋਕਾਂ ਨੂੰ ਯਾਦ ਵੀ ਨਹੀਂ ਕੀਤਾ ਗਿਆ। ਉਨਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਅੱਜ ਇਨਾਂ ਮਾਰੇ ਗਏ ਲੋਕਾਂ ਦੀ ਯਾਦ ਵਿਚ ਸਮੂਹਿਕ ਅਰਦਾਸ ਕੀਤੀ ਗਈ ਹੈ। ਇਹ ਅਰਦਾਸ ਸਿਰਫ ਸ੍ਰੀ ਅਕਾਲ ਤਖ਼ਤ ਵਿਖੇ ਹੀ ਨਹੀਂ, ਸਗੋਂ ਤਖ਼ਤ ਸ੍ਰੀ ਦਮਦਮਾ ਸਾਹਿਬ, ਤਖ਼ਤ ਸ੍ਰੀ ਕੇਸਗੜ ਸਾਹਿਬ ਤੇ ਹੋਰ ਕਈ ਇਤਿਹਾਸਕ ਗੁਰਦੁਆਰਿਆਂ ਵਿੱਚ ਵੀ ਕੀਤੀ ਗਈ ਹੈ। ਉਨਾਂ ਦਾਅਵਾ ਕੀਤਾ ਕਿ ਦੇਸ਼ ਦੀ ਅਜ਼ਾਦੀ ਵਿੱਚ ਜਿਨਾਂ ਦੋ ਸੂਬਿਆਂ ਪੰਜਾਬ ਅਤੇ ਬੰਗਾਲ ਨੇ ਅਹਿਮ ਭੂਮਿਕਾ ਨਿਭਾਈ ਸੀ ਤੇ ਵਧੇਰੇ ਸ਼ਹਾਦਤਾਂ ਦਿਤੀਆਂ ਸਨ, ਉਨਾਂ ਦੋਵਾਂ ਸੂਬਿਆਂ ਨੂੰ ਹੀ ਵੰਡ ਵੇਲੇ ਸਜ਼ਾ ਦਿੱਤੀ ਗਈ ਹੈ। ਇਹ ਵੰਡ



ਵੇਲੇ ਦੋਵਾਂ ਸੂਬਿਆਂ ਦੇ ਲੋਕ ਵੰਡੇ ਗਏ ਤੇ ਮਾਰੇ ਗਏ ਅਤੇ ਸਮੁੱਚਾ ਸੰਤਾਪ ਵੀ ਇਨਾਂ ਦੋਵਾਂ ਸੂਬਿਆਂ ਦੇ ਲੋਕਾਂ ਨੂੰ ਹੰਢਾਉਣਾ ਪਿਆ। ਉਨਾਂ ਕਿਹਾ ਕਿ ਵੰਡ ਵੇਲੇ ਦੇ ਪ੍ਰਭਾਵਤ ਇਹ ਲੋਕ ਅੱਜ ਇਸ ਵੇਲੇ ਵਡੇਰੀ ਉਮਰ ਵਿੱਚ ਹਨ ਅਤੇ ਆਪਣੀ ਜਨਮ ਭੋਇੰ ਦੇਖਣਾ ਚਾਹੁੰਦੇ ਹਨ। ਇਸ ਲਈ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਲੋਕਾਂ ਨੂੰ ਸੁਖਾਲੇ ਵੀਜ਼ੇ ਦਿੱਤੇ ਜਾਣ ਅਤੇ ਉਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਨਾਲ ਜਾਣ ਦੀ ਆਗਿਆ ਦਿੱਤੀ ਜਾਵੇ। ਉਨਾਂ ਕਿਹਾ ਕਿ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਦੋਵੇਂ ਪਾਸੇ ਧਰਮ ਅਸਥਾਨਾਂ ਦੀ ਯਾਤਰਾਂ ਵਾਸਤੇ ਹਰ ਧਰਮ ਦੇ ਲੋਕਾਂ ਨੂੰ ਖੁੱਲੇ ਦਿਲ ਨਾਲ ਵੀਜ਼ੇ ਦੇਣ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਹੋਰ ਸ਼੍ਰੋਮਣੀ ਕਮੇਟੀ ਮੈਂਬਰ ਅਧਿਕਾਰੀ ਤੇ ਸੰਗਤ ਹਾਜ਼ਰ ਸੀ। ਇਸ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ, ਗੁਰਬਾਣੀ ਦਾ ਕੀਰਤਨ ਵੀ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਭਾਵੇਂ ਭਾਰਤ ਅਜ਼ਾਦੀ ਦੀ 75ਵੀਂ ਵਰੇਗੰਢ ਮਨਾ ਰਿਹਾ ਹੈ ਪਰ ਪੰਜਾਬੀਆਂ ਅਤੇ ਖਾਸਕਰ ਸਿੱਖਾਂ ਨੂੰ ਆਪਣਾ ਦਰਦ ਨਹੀਂ ਭੁੱਲਦਾ। ਉਨਾਂ ਕਿਹਾ ਕਿ ਦੇਸ਼ ਵੰਡ ਦੌਰਾਨ ਪੰਜਾਬ ਦੇ ਸੱਭਿਆਚਾਰ ’ਤੇ ਵੱਡੀ ਸੱਟ ਮਾਰੀ ਗਈ ਅਤੇ ਗੁਰੂ ਸਾਹਿਬਾਨ ਦੇ ਨਾਂ ’ਤੇ ਵੱਸਦੇ ਪੰਜਾਬ ਦੇ ਦੋ ਟੁੱਕੜੇ ਕਰ ਦਿੱਤੇ ਗਏ।ਬਹੁਤ ਸਾਰੇ ਸਿੱਖ ਗੁਰਧਾਮ ਪਾਕਿਸਤਾਨ ਵਾਲੇ ਪਾਸੇ ਰਹਿ ਗਏ, ਜਿਨਾਂ ਵਿਚੋਂ ਕੁਝ ਅਸਥਾਨਾਂ ਦੀ ਸੰਭਾਲ ਠੀਕ ਢੰਗ ਨਾਲ ਹੋ ਰਹੀ ਹੈ, ਜਦਕਿ ਬਾਕੀ ਅਣਗੌਲੇ ਜਾ ਰਹੇ ਹਨ, ਜਿਸ ਸੰਬੰਧੀ ਸਰਕਾਰਾਂ ਨੂੰ ਧਿਆਨ ਦੇਣਾ ਚਾਹੀਦਾ ਹੈ। ਉਹ ਇਸ ਦਿਹਾੜੇ ਨੂੰ ਹਰ ਸਾਲ ਮਨਾਉਣ ਵਾਸਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨਾਲ ਵਿਚਾਰ ਚਰਚਾ ਕਰਨਗੇ। ਉਨਾਂ ਕਿਹਾ ਕਿ ਬੰਦੀ ਸਿੱਖਾਂ ਨੂੰ ਜੇਲਾਂ ਵਿਚੋਂ ਸਜ਼ਾਵਾਂ ਦੀ ਮਿਆਦ ਖਤਮ ਹੋਣ ਦੇ ਬਾਵਜੂਦ ਰਿਹਾਅ ਨਹੀਂ ਕੀਤਾ ਗਿਆ ਅਤੇ ਵੰਡ ਵੇਲੇ ਦੇ ਉਜਾੜੇ ਦਾ ਸੰਤਾਪ ਹੰਢਾ ਰਹੇ ਲੋਕਾਂ ਦੇ ਜ਼ਖ਼ਮ ਅੱਜ ਵੀ ਹਰੇ ਹਨ। ਉਨਾਂ ਕਿਹਾ ਕਿ ਸਿੱਖਾਂ ਨੂੰ ਆਪਣੇ ਗੁਰੂਧਾਮਾਂ ਦੇ ਦਰਸ਼ਨ ਕਰਨ ਲਈ ਅਤੇ ਵੰਡ ਵੇਲੇ ਉੱਜੜੇ ਲੋਕਾਂ ਨੂੰ ਆਪਣੀ ਜਨਮ ਭੋਇੰ ਦੇਖਣ ਵਾਸਤੇ ਵੀਜ਼ੇ ਦਿੱਤੇ ਜਾਣੇ ਚਾਹੀਦੇ ਹਨ। ਇਸ ਮੌਕੇ ਕਿਸਾਨ ਆਗੂ ਰਾਜੇਵਾਲ ਨੇ ਕਿਹਾ ਕਿ ਵੰਡ ਦੌਰਾਨ ਸਿੱਖਾਂ ਤੇ ਪੰਜਾਬੀਆਂ ਨੇ ਬਹੁਤ ਕੁਰਬਾਨੀਆਂ ਦਿੱਤੀਆਂ ਤੇ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਕੱਟੀਆਂ। ਉਨਾਂ ਕਿਹਾ ਕਿ ਜਥੇਦਾਰ ਸਾਹਿਬ ਨੇ ਵੰਡ ਵੇਲੇ ਜਾਨਾਂ ਗੁਆਉਣ ਵਾਲੇ ਪੰਜਾਬੀਆਂ ਨੂੰ ਯਾਦ ਕਰਨ ਲਈ ਦੇਰ ਨਾਲ ਹੀ ਸਹੀ, ਦਰੁਸਤ ਫ਼ੈਸਲਾ ਕੀਤਾ ਹੈ। ਮੁਸਲਿਮ ਭਾਈਚਾਰੇ ਦੀ ਅਗਵਾਈ ਕਰ ਰਹੇ ਰਸ਼ੀਦ ਅਖਤਰ ਨੇ ਕਿਹਾ ਕਿ ਵੰਡ ਵੇਲੇ ਮਾਰੇ ਗਏ ਲੋਕਾਂ ਦੀ ਯਾਦ ਵਿਚ ਦੋਵਾਂ ਮੁਲਕਾਂ ਦੀਆਂ ਸੰਸਦਾਂ ਵਿਚ ਸ਼ੋਕ ਮਤੇ ਲਿਆਂਦੇ ਜਾਣੇ ਚਾਹੀਦੇ ਹਨ।

ਸਮਾਗਮ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਹਰਜਾਪ ਸਿੰਘ ਸੁਲਤਾਨਵਿੰਡ, ਅਮਰਜੀਤ ਸਿੰਘ ਬੰਡਾਲਾ, ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਮਨਜੀਤ ਸਿੰਘ ਭੂਰਾਕੋਹਨਾ, ਸੁਰਜੀਤ ਸਿੰਘ ਭਿੱਟੇਵੱਡ, ਭਾਈ ਅਮਰਜੀਤ ਸਿੰਘ ਚਾਵਲਾ, ਗੁਰਚਰਨ ਸਿੰਘ ਗਰੇਵਾਲ, ਬੀਬੀ ਕਿਰਨਜੋਤ ਕੌਰ, ਡਾ: ਗੁਰਮੀਤ ਸਿੰਘ, ਜਸਪਾਲ ਸਿੰਘ ਢੱਡੇ ਸਮੇਤ ਵੱਖ-ਵੱਖ ਸਿੱਖ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਸਨ।

ਇਸ ਦੌਰਾਨ ਤਖ਼ਤ ਦਮਦਮਾ ਸਾਹਿਬ ਦੇ ਇਤਿਹਾਸਕ ਗੁਰਦੁਆਰਾ ਬਾਬਾ ਬੀਰ ਸਿੰਘ ਬਾਬਾ ਧੀਰ ਸਿੰਘ ਵਿਖੇ ਆਨੰਦ ਸਾਹਿਬ ਦੇ ਪਾਠ ਕਰਨ, ਮੂਲ ਮੰਤਰ ਤੇ ਗੁਰਮੰਤਰ ਦਾ ਜਾਪ ਕਰਨ ਮਗਰੋਂ 1947 ਵਿੱਚ ਦੇਸ਼ ਦੀ ਵੰਡ ਵੇਲੇ ਹਿੰਸਾ ਦੌਰਾਨ ਮਾਰੇ ਗਏ ਦਸ ਲੱਖ ਪੰਜਾਬੀਆਂ ਦੀ ਯਾਦ ਵਿੱਚ ਅਰਦਾਸ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਜਗਤਾਰ ਸਿੰਘ ਨੇ ਕੀਤੀ।

# ਮਾਮਲਾ 2002 ਦੇ ਗੁਜਰਾਤ ਦੰਗਿਆਂ ਦੌਰਾਨ ਬਿਲਕਿਸ ਬਾਨੋ ਦੇ ਸਮੂਹਿਕ ਬਲਾਤਕਾਰ ਦਾ

## ਬਾਨੋ ਦਾ ਪਰਿਵਾਰ 11 ਦੋਸ਼ੀਆਂ ਦੀ ਰਿਹਾਈ ਤੋਂ ਹੈਰਾਨ

**ਅਹਿਮਦਾਬਾਦ/ਏ.ਟੀ.ਨਿਊਜ਼** :- ਬਿਲਕਿਸ ਬਾਨੋ ਦਾ ਪਰਿਵਾਰ 2002 ਦੇ ਗੁਜਰਾਤ ਦੰਗਿਆਂ ਦੌਰਾਨ ਬਿਲਕਿਸ ਬਾਨੋ ਦੇ ਸਮੂਹਿਕ ਬਲਾਤਕਾਰ ਅਤੇ ਉਸ ਦੇ ਪਰਿਵਾਰ ਦੇ 7 ਮੈਂਬਰਾਂ ਦੀ ਹੱਤਿਆ ਲਈ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਾਰੇ 11 ਦੋਸ਼ੀਆਂ ਦੀ ਰਿਹਾਈ ਦੀ ਖਬਰ ’ਤੇ ਹੈਰਾਨ ਹੈ। ਬਿਲਕਿਸ ਬਾਨੋ ਦੇ ਪਤੀ ਯਾਕੂਬ ਰਸੂਲ ਨੇ ਕਿਹਾ ਕਿ ਉਹ ਸਾਰੇ 11 ਦੋਸ਼ੀਆਂ ਦੀ ਰਿਹਾਈ ਦੀ ਖਬਰ ਤੋਂ ਹੈਰਾਨ ਹੈ ਪਰ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦਾ। ਉਸ ਨੇ ਕਿਹਾ ਕਿ ਘਟਨਾ ਤੋਂ 20 ਸਾਲ ਬਾਅਦ ਵੀ ਉਸ ਕੋਲ, ਉਸ ਦੀ ਪਤਨੀ ਅਤੇ ਪੰਜ ਪੁੱਤਰਾਂ ਕੋਲ ਰਹਿਣ ਲਈ ਕੋਈ ਥਾਂ ਨਹੀਂ ਹੈ। ਇਸ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ 11 ਦੋਸ਼ੀਆਂ ਨੂੰ ਗੋਧਰਾ ਸਬ-ਜੇਲ ਵਿਚੋਂ ਰਿਹਾਅ ਕਰ ਦਿੱਤਾ ਗਿਆ। ਗੁਜਰਾਤ ਸਰਕਾਰ ਨੇ ਆਪਣੀ ਮੁਆਫ਼ੀ ਨੀਤੀ ਤਹਿਤ ਇਨਾਂ ਦੀ ਰਿਹਾਈ ਨੂੰ ਮਨਜ਼ੂਰੀ ਦਿੱਤੀ।

### ਕੀ ਹੈ ਮਾਮਲਾ

ਬਿਲਕਿਸ ਬਾਨੋ ਦੇ ਪਰਿਵਾਰ ’ਤੇ ਅਹਿਮਦਾਬਾਦ ਨੇੜੇ ਰਣਧੀ ਕਪੂਰ ਪਿੰਡ ਵਿੱਚ ਭੀੜ ਨੇ ਹਮਲਾ ਕੀਤਾ ਸੀ। ਇਸ ਦੌਰਾਨ ਪੰਜ ਮਹੀਨਿਆਂ ਦੀ ਗਰਭਵਤੀ ਬਿਲਕਿਸ ਬਾਨੋ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਅਤੇ ਉਨਾਂ ਦੀ ਤਿੰਨ ਸਾਲਾ ਬੇਟੀ ਸਲੇਹਾ ਦਾ ਵੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ।

ਉਸ ਵੇਲੇ ਬਿਲਕਿਸ ਦੀ ਉਮਰ 20 ਸਾਲ ਦੇ ਕਰੀਬ ਸੀ। ਇਸ ਦੰਗੇ ਵਿਚ ਬਿਲਕਿਸ ਬਾਨੋ ਦੀ ਮਾਂ, ਛੋਟੀ ਭੈਣ ਅਤੇ ਹੋਰ ਰਿਸ਼ਤੇਦਾਰਾਂ ਸਮੇਤ 14 ਲੋਕ ਮਾਰੇ ਗਏ ਸਨ।

### ਸੁਪਰੀਮ ਕੋਰਟ ਵਿਚ ਕੀਤੀ ਸੀ ਅਪੀਲ

21 ਜਨਵਰੀ 2008 ਨੂੰ ਮੁੰਬਈ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਬਿਲਕਿਸ ਬਾਨੋ ਨਾਲ ਸਮੂਹਿਕ ਬਲਾਤਕਾਰ ਅਤੇ ਪਰਿਵਾਰ ਦੇ ਸੱਤ ਮੈਂਬਰਾਂ ਦੇ ਕਤਲ ਮਾਮਲੇ ਵਿੱਚ 11 ਮੁਲਜਮਾਂ ਨੂੰ ਉਮਰ ਕੈਦ ਦੀ ਸਜਾ ਸੁਣਾਈ ਸੀ। ਉਨਾਂ ਦੀ ਸਜਾ ਨੂੰ ਬਾਅਦ ਵਿੱਚ ਬੰਬੇ ਹਾਈ ਕੋਰਟ ਨੇ ਬਰਕਰਾਰ ਰੱਖਿਆ ਸੀ।



15 ਸਾਲ ਤੋਂ ਵੱਧ ਦੀ ਕੈਦ ਦੀ ਸਜ਼ਾ ਕੱਟਣ ਤੋਂ ਬਾਅਦ, ਇੱਕ ਦੋਸ਼ੀ ਨੇ ਆਪਣੀ ਸਮੇਂ ਤੋਂ ਪਹਿਲਾਂ ਰਿਹਾਈ ਲਈ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ। ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਨੂੰ ਸਜ਼ਾ ਤੋਂ ਛੋਟ ਦੇ ਮੁੱਦੇ ’ਤੇ ਗੌਰ ਕਰਨ ਦਾ ਨਿਰਦੇਸ਼ ਦਿੱਤਾ ਸੀ।

ਅਦਾਲਤ ਦੇ ਨਿਰਦੇਸ਼ ਤੋਂ ਬਾਅਦ ਗੁਜਰਾਤ ਸਰਕਾਰ ਨੇ ਇਸ ਮਾਮਲੇ ਵਿੱਚ ਇੱਕ ਕਮੇਟੀ ਦਾ ਗਠਨ ਕੀਤਾ ਸੀ। ਕਮੇਟੀ ਨੇ ਕੁਝ ਮਹੀਨੇ ਪਹਿਲਾਂ ਇਸ ਕੇਸ ਦੇ ਸਾਰੇ 11 ਦੋਸ਼ੀਆਂ ਨੂੰ ਰਿਹਾਅ ਕਰਨ ਦੇ ਹੱਕ ਵਿੱਚ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਸੀ ਅਤੇ ਰਾਜ ਸਰਕਾਰ ਨੂੰ ਇੱਕ ਸਿਫਾਰਿਸ਼ ਭੇਜੀ ਗਈ ਸੀ, ਜਿਸ ਤੋਂ ਬਾਅਦ ਰਿਹਾਈ ਦੇ ਹੁਕਮ ਦਿੱਤੇ ਗਏ ਸਨ।

### ਕੀ ਸੀ ਮਾਮਲਾ

ਬਿਲਕਿਸ ਨੇ ਆਪਣੀਆਂ ਅੱਖਾਂ ਸਾਹਮਣੇ ਪਰਿਵਾਰ ਦੇ 14 ਜੀਆਂ ਦਾ ਕਤਲ ਹੁੰਦਿਆਂ ਹੋਇਆ ਦੇਖਿਆ, ਜਿਸ ਵਿੱਚ ਉਨਾਂ ਦੀ ਆਪਣੀ ਧੀ ਵੀ ਸ਼ਾਮਿਲ ਸੀ।

ਗੈਂਗ ਰੇਪ ਦਾ ਸ਼ਿਕਾਰ ਬਣ ਕੇ ਅਧਮਰੀ ਹਾਲਤ ’ਚ ਕਈ ਘੰਟਿਆਂ ਤੱਕ ਪਏ ਰਹਿਣ ਤੋਂ ਬਾਅਦ ਫਿਰ ਹੋਸ਼ ਆਉਣ ’ਤੇ ਬੜੀ ਮੁਸ਼ਕਿਲ ਨਾਲ ਕੋਲ ਦੀ ਪਹਾੜੀ ’ਤੇ ਲੁਕ ਕੇ ਉਨਾਂ ਨੇ ਆਪਣੀ ਜਾਨ ਬਚਾਈ। ਜਦੋਂ ਇਹ ਸਭ ਕੁਝ ਹੋਇਆ ਤਾਂ ਉਸ ਵੇਲੇ ਬਿਲਕਿਸ ਬਾਨੋ ਦੀ ਉਮਰ ਕਰੀਬ 20 ਸਾਲ ਦੀ ਹੀ ਹੋਵੇਗੀ। ਜਦੋਂ ਇਹ ਹਾਦਸਾ ਹੋਇਆ ਤਾਂ ਬਿਲਕਿਸ ਬਾਨੋ ਆਪਣੇ ਪਿਤਾ ਦੇ ਪਿੰਡੋਂ ਪਰਿਵਾਰ ਦੇ ਲੋਕਾਂ ਨਾਲ ਦੂਜੇ ਪਿੰਡ ਜਾ ਰਹੀ ਸੀ।

**ਬਾਕੀ ਸਫ਼ਾ 31 ’ਤੇ**

## ➤ ਅੰਦਰ ਪੜ੍ਹੋ

6 ਖ਼ਬਰਸਾਰ

ਜਾਤੀ ਵਿਤਕਰੇ ਕਾਰਨ ਜ਼ੁਲਮ, ਦਲਿਤ ਬੱਚੇ ਦੀ ਮੌਤ



7 ਵਿਸ਼ੇਸ਼ ਰਪੋਰਟ

ਘਰ-ਘਰ ਤਿਰੰਗਾ ਮੋਦੀ ਮੁਹਿੰਮ ਦੌਰਾਨ ਪੰਜਾਬ ਵਿਚ ਝੁਲਾਏ ਗਏ ਖਾਲਸਾ ਜੀ ਦੇ ਨਿਸ਼ਾਨ ਸਾਹਿਬ



# PROTEST AGAINST INDIAN OCCUPATION



Sunday August 21, 2022

**Corner of Paseo Parde Parkway and Mowry Ave**

Fremont, California




**In support of Opressed People under Indian Occupation**

SIKH PANCHAYAT ਸਿੱਖ ਪੰਚਾਇਤ

ਗੁਰਦੁਆਰਾ ਸਾਹਿਬ ਫਰੀਮੌਂਟ GURDWARA SAHIB FREMONT

Certificate Course in

# DATA ANALYTICS

- Eligibility : B.Tech, M.Tech, BCA, MCA, BSc, MSc, MBA
- Mentors are industry expert from USA and India
- 100% Placement assistance for high growth tech jess
- 100% fee waiver / scholarship from Sikh Education Council and Startup Farms IT Limited.
- Support and mentorship for projects and case siudy solutions
- Training experience certificate by Startup Farms It Ltd
- Total Seats : 50
- Course Duration : 6 Months
- Selection criteria : Interview

**EXPERTS FROM USA & INDIA**



SRI GURU GRANTH SAHIB WORLD UNIVERSITY
FATEHGARH SAHIB , PUNJAB

Admission Helpline
70096-48231, 62805-38113

# ਜੀ.ਐਚ.ਜੀ. ਅਕੈਡਮੀ ਦੇ ਸਾਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲੇ ਨੇ ਛੱਡੀਆਂ ਅਮਿੱਟ ਪੈੜਾਂ

**ਫਰਿਜ਼ਨੋ, ਕੈਲੀਫੋਰਨੀਆਂ/ਕੁਲਵੰਤ ਧਾਲੀਆਂ/ ਨੀਟਾ ਮਾਛੀਕੇ** :- ਜੀ.ਐਚ.ਜੀ. ਡਾਂਸ ਅਤੇ ਸੰਗੀਤ ਅਕੈਡਮੀ ਫਰਿਜ਼ਨੋ ਵੱਲੋਂ ਬਾਰਵਾਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲਾ ਫਰਿਜ਼ਨੋ ਦੇ 'ਵਿਲੀਅਮ ਸਰੋਏਨ ਥੀਏਟਰ' **(William Saroyan Theater)** ਵਿੱਚ ਕਰਵਾਇਆ ਗਿਆ। ਕੋਵਿਡ-19 ਦੀ ਮਹਾਂਮਾਰੀ ਤੋਂ ਬਾਅਦ ਸੰਸਥਾ ਵੱਲੋਂ ਕਰਵਾਇਆ ਜਾਣ ਵਾਲਾ ਇਹ ਸਭ ਤੋਂ ਵੱਡਾ ਪ੍ਰੋਗਰਾਮ ਸੀ। ਜਿਸ ਦੀ ਸ਼ੁਰੂਆਤ ਜੀ. ਐਚ. ਜੀ. ਖਾਲਸਾ ਦੀ ਚਲੀ ਆ ਰਹੀ ਮਰਿਯਾਦਾ ਅਨੁਸਾਰ ਸਭ ਨੇ ਰਲ ਕੇ ਪ੍ਰੋਗਰਾਮ ਦੀ ਸਫਲਤਾ ਲਈ ਅਰਦਾਸ ਕੀਤੀ। ਇਸ ਉਪਰੰਤ ਧੰਨ-ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਤਸਵੀਰ ਨੂੰ ਨਤਮਸਤਕ ਹੋਏ।

ਇਸ ਬਾਅਦ ਸਥਾਨਿਕ ਗਾਇਕ ਪੱਪੀ ਭਦੌੜ ਨੇ ਆਪਣੇ ਗੀਤਾਂ ਰਾਹੀ ਹਾਜ਼ਰੀ ਭਰੀ। ਉਸ ਉਪਰੰਤ ਸਟੇਜ ਸੰਚਾਲਨ ਦੀ ਕਮਾਂਡ ਸੰਭਾਲਦੇ ਹੋਏ ਬੀਬੀ ਆਸ਼ਾ ਸ਼ਰਮਾ ਨੇ ਸਭ ਨੂੰ 'ਜੀ ਆਇਆ ਕਿਹਾ'। ਇਸ ਬਾਅਦ ਚੱਲਿਆ ਪੰਜਾਬੀ ਸੱਭਿਆਚਾਰ ਨੂੰ ਸਿਜਦਾ ਕਰਦੇ ਹੋਏ ਗਿੱਧੇ ਅਤੇ ਭੰਗੜੇ ਦਾ ਦੌਰ। ਜਿਸ ਵਿੱਚ ਪਹਿਲਾ ਜੀ. ਐਚ. ਜੀ. ਅਕੈਡਮੀ ਦੇ ਵੱਲੋਂ ਤਿਆਰ ਟੀਮਾਂ ਦੇ ਬੱਚਿਆਂ ਦੀਆਂ ਟੀਮਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਉਪਰੰਤ ਚੱਲੇ ਭੰਗੜਾ ਮੁਕਾਬਲੇ ਦੇ ਮਹਾਂਯੁੱਧ ਵਿੱਚ ਕੈਲੀਫੋਰਨੀਆ ਤੋਂ ਮਨਟੀਕਾ ਸ਼ਹਿਰ ਦੀਆਂ ਦੋ ਟੀਮਾਂ ਨੇ ਵੱਖੋ-ਵੱਖ ਪਹਿਲਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਜਦ ਕਿ ਦੂਸਰੇ ਸਥਾਨ 'ਤੇ ਸਰੀ, ਕੈਨੇਡਾ ਦੀ ਟੀਮ ਰਹੀ। ਜੇਤੂ ਟੀਮਾਂ ਨੂੰ ਨਕਦ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।

ਭੰਗੜੇ ਦੇ ਮੁਕਾਬਲੇ ਦਾ ਪਹਿਲੇ ਇਨਾਮ ਦੀ ਸਪਾਂਸਰਸ਼ਿਪ ਹਮੇਸ਼ਾ ਦੀ ਤਰ੍ਹਾਂ 'ਸ਼ਾਨੇ-ਏ-ਪੰਜਾਬ' ਇੰਡੀਅਨ ਗਰੋਸਰੀ ਸਟੋਰ ਦੇ ਮਾਲਕ ਸ. ਸੁਖਦੇਵ ਸਿੰਘ ਵੱਲੋਂ ਦਿੱਤਾ ਗਿਆ। ਜਦ ਕਿ ਬਾਕੀ ਇਨਾਮ ਹੋਰਨਾਂ ਵੱਲੋਂ ਸਪਾਂਸਰ ਸਨ। ਜੀ. ਐਚ. ਜੀ. ਅਕੈਡਮੀ ਵੱਲੋਂ ਕੁੜੀਆਂ ਦੇ ਭੰਗੜੇ ਦੀ ਟੀਮ ਨੇ ਵੀ ਬਾ-ਕਮਾਲ ਪੇਸ਼ਕਾਰੀ ਕੀਤੀ। ਇਸੇ ਤਰਾਂ ਕਈ ਟੀਮਾਂ ਵੱਲੋਂ ਲਾਈਵ ਬੋਲੀਆਂ ਨਾਲ ਭੰਗੜੇ ਦੀ ਪੇਸ਼ਕਾਰੀ ਵੀ ਦਰਸ਼ਕਾਂ ਦੇ ਮਨ ਨੂੰ ਭਾਅ ਗਈ। ਸਮੁੱਚੇ ਪ੍ਰੋਗਰਾਮ ਦੌਰਾਨ ਬਾਬਿਆਂ ਦਾ 'ਮਲਵਈ ਗਿੱਧਾ' ਅਤੇ 'ਮਾਂਵਾਂ ਦਾ ਗਿੱਧਾ' ਦੀ ਪੇਸ਼ਕਾਰੀ ਨੇ ਪੰਜਾਬੀ ਸੱਭਿਆਚਾਰ ਦੀ ਅਸਲ ਤਸਵੀਰ ਪੇਸ਼ ਕਰਦੇ ਹੋਏ ਰੂਬ ਰੰਗ ਬੰਨੇ।

ਪ੍ਰੋਗਰਾਮ ਦੌਰਾਨ ਫਰਿਜ਼ਨੋ ਸਿਟੀ ਕੌਂਸ਼ਲ ਮੈਂਬਰ ਸੋਰੀਆਂ ਇਸਮਲਾਡਾ ਨੇ ਵੀ ਪ੍ਰੋਗਰਾਮ ਦੀ ਸਫਲਤਾ ਲਈ ਵਧਾਈ ਦਿੱਤੀ। ਪੰਜਾਬੀ ਗੀਤਕਾਰੀ ਵਿੱਚ ਆਪਣਾ ਨਾਂ ਬਣਾ ਚੁੱਕੇ ਗੀਤਕਾਰ ਗਿੱਲ ਰੌਤਾ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸੰਸਥਾ ਦੇ ਮੈਂਬਰ ਸ. ਕੁਲਵੰਤ ਸਿੰਘ ਖੈਹਰਾ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਹੋਏ ਅਜਿਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸੇ ਤਰਾਂ ਸਭ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਨਮਾਨ ਚਿੰਨ ਦਿੱਤੇ ਗਏ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਦੀ ਮੁੱਖ ਭੂਮਿਕਾ ਬੀਬੀ ਆਸ਼ਾ ਸ਼ਰਮਾਂ ਅਤੇ ਗੁਰਦੀਪ ਸ਼ੇਰਗਿੱਲ ਨੇ ਨਾ-ਖੂਬੀ ਨਿਭਾਈ।







ਇਸ ਸਮੁੱਚੇ ਕਾਰਜ ਨੂੰ ਨੇਪਰੇ ਚਾੜਨ ਵਿੱਚ ਸਭ ਪ੍ਰਬੰਧਕ ਵਧਾਈ ਦੇ ਪਾਤਰ ਹਨ। ਜਿਸ ਤੋਂ ਸਭ ਹਾਜ਼ਰੀਨ ਬਹੁਤ ਖੁਸ਼ ਸਨ। ਅੱਜ ਦੇ ਸਮੇਂ ਅੰਦਰ ਬੱਚਿਆਂ ਨੂੰ ਘਰ ਦੀ ਚਾਰਦੀਵਾਰੀ ਤੋਂ ਬਾਹਰ ਕੱਢ ਵੀਡੀਓ ਗੇਮ ਵਰਗੀ ਆਦਤ ਤੋਂ ਦੂਰ ਕਰਨਾ ਅਤੇ ਆਪਣੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਦਾ ਇਹ ਇਕ ਪ੍ਰਬੰਧਕਾਂ ਦਾ ਬਹੁਤ ਵੱਡਾ ਉਪਰਾਲਾ ਹੈ। ਜਿਸ ਦੀ ਹਾਜ਼ਰੀਨ ਪਰਿਵਾਰਾਂ ਨੇ ਰੱਜ ਕੇ ਤਾਰੀਫ਼ ਵੀ ਕੀਤੀ। ਅੱਜ ਇਹ ਲੋੜ ਵੀ ਹੈ ਕਿ ਬੱਚੇ ਘਰ ਦੀ ਚਾਰਦੀਵਾਰੀ ਅੰਦਰ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਉਨਾਂ ਬਾਹਰ ਬੱਚਿਆਂ ਵਿੱਚ ਲਿਆਉਣਾ ਅਤੇ ਆਪਣੇ ਸੱਭਿਆਚਾਰ ਨਾਲ ਜੋੜਨਾ, ਜਿੱਥੇ ਉਨਾਂ ਦੀ ਮਾਨਸਿਕਤਾ ਨੂੰ ਕਾਇਮ ਰੱਖਦਾ ਹੈ। ਉੱਥੇ ਉਨਾਂ ਵਿੱਚ ਤੰਦਰੁਸਤੀ ਅਤੇ ਸਵੈ-ਵਿਸ਼ਵਾਸ ਵੀ ਪੈਦਾ ਹੁੰਦਾ ਹੈ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ 'ਧਾਲੀਆਂ ਅਤੇ ਮਾਛੀਕੇ ਮੀਡੀਆ ਅਮਰੀਕਾ' ਵੱਲੋਂ ਸਮੂਹ ਟੀਮ ਨੂੰ ਮੁਬਾਰਕਾਂ।

ਅਜਿਹੇ ਪ੍ਰੋਗਰਾਮ ਹੀ ਪੰਜਾਬੀ ਸੱਭਿਆਚਾਰ ਅਤੇ ਬੋਲੀ ਨੂੰ ਆਉਣ ਵਾਲੀਆ ਪੀੜੀਆਂ ਤੱਕ ਚੱਲਦੇ ਰੱਖਣ ਵਿੱਚ ਬਹੁਤ ਸਹਾਇਕ ਹੋਣਗੇ। ਇਸ ਸਮੁੱਚੇ ਕਾਰਜ ਲਈ ਪਰਮਜੀਤ ਸਿੰਘ ਧਾਲੀਵਾਲ, ਉਦੈਦੀਪ ਸਿੰਘ ਸਿੱਧੂ, ਗੁਰਦੀਪ ਸਿੰਘ ਸ਼ੇਰਗਿੱਲ ਅਤੇ ਸਮੂਹ ਪ੍ਰਬੰਧਕ ਵਧਾਈ ਦੇ ਪਾਤਰ ਹਨ। ਅੰਤ ਆਪਣੀਆਂ ਅਮਿੱਟ ਪੈੜਾ ਛੱਡਦਾ ਹੋਇਆ ਇਹ ਅੰਤਰ-ਰਾਸ਼ਟਰੀ ਯੁਵਕ ਮੇਲਾ ਯਾਦਗਾਰੀ ਹੋ ਨਿਬੜਿਆ।

## ਗੁਰਦੁਆਰਾ ਸੈਨਹੋਜੇ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ

ਸੈਨਹੋਜੇ-ਕੈਲੀਫੋਰਨੀਆ/ਪ੍ਰਮਿੰਦਰ ਸਿੰਘ ਪ੍ਰਵਾਨਾ: ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵਲੋਂ 'ਸੰਪੂਰਨਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਿਵਸ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਿੱਖ ਗੁਰਦੁਆਰਾ ਸੈਨਹੋਜੇ ਵਿਖੇ ਸਜਾਇਆ ਗਿਆ। ਪ੍ਰਵਾਨਾ ਵਲੋਂ ਮੰਚ ਸੰਭਾਲਦਿਆਂ ਇਤਿਹਾਸ ਦੁਹਰਾਉਂਦਿਆਂ ਕਿਹਾ ਗਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਸਦੀਵੀ ਗੁਰੂ ਹਨ। ਇਕ ਅਜਿਹੇ ਗ੍ਰੰਥ ਹੈ ਜਿਸ ਨੂੰ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ, ਜਿਸ ਦੀ ਭਾਵਨਾ ਚਿੰਤਨ ਅਤੇ ਦ੍ਰਿਸ਼ਟੀਕੋਣ ਸਿੱਖਿਆ ਜਨ ਕਲਿਆਣ ਵਾਸਤੇ ਹੈ। ਸਮੁੱਚੀ ਮਾਨਵਜਾਤੀ ਦੇ ਭਲੇ ਵਾਸਤੇ ਹੈ। ਸਿੱਖ ਗੁਰੂਆਂ ਨੇ ਦੇਹਧਾਰੀ ਗੁਰੂਆਂ ਦੀ ਪੂਜਾ ਤੋਂ ਹਟਾ ਕੇ ਸ਼ਬਦ ਗੁਰੂ ਦੇ ਲੜ ਲਾਇਆ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿਘ ਜੀ ਦਾ ਆਦੇਸ਼ 'ਸਭ ਸਿੱਖਨ ਕੋ ਹੁਕਮੁ ਹੈ ਗੁਰੁ ਮਾਨਿਉ ਗ੍ਰੰਥ।' ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਸਥਾਨਕ ਕਵੀ ਸ਼ਾਮਲ ਹੋਏ : ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮੌਂਟ, ਤਰਲੋਚਨ ਸਿੰਘ ਦੁਪਾਲਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਉਪਮਾ ਤੇ ਆਧਾਰਤ ਰਚਨਾਵਾਂ ਨਾਲ ਸਾਂਝ ਪਾਈ।




ਸੰਗਤਾਂ ਨੇ ਬੜੀ ਸ਼ਰਧਾ ਨਾਲ ਪ੍ਰੋਗਰਾਮ ਸਰਵਣ ਕੀਤਾ। ਗੁਰਦੁਆਰਾ ਸਕੱਤਰ ਅਰੁਣ ਸਿੰਘ ਵਲੋਂ ਕਵੀਆਂ ਦਾ ਧੰਨਵਾਦ ਕਰਦਿਆਂ ਭਵਿੱਖ ਵਿਚ ਵੀ ਅਜਿਹੇ ਪ੍ਰੋਗਰਾਮ ਸੰਪੰਨ ਕਰਨ ਦਾ ਤਾਕੀਦ ਕੀਤੀ। ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਵਲੋਂ ਕਵੀਆਂ ਦਾ ਸਨਮਾਨ ਗੁਰੂਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਕੀਤੀ। ਗੁਰਦੁਆਰਾ ਪ੍ਰਬੰਧਕਾਂ ਵਿਚ ਸੁਖਦੇਵ ਸਿੰਘ ਬੈਨੀਵਾਲ, ਰਾਜਿੰਦਰ ਸਿੰਘ ਮਗਾਰ, ਗੁਰਬਖਸ਼ ਸਿੰਘ ਢਿੱਲੋਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਪ੍ਰਵਾਨਾ ਵਲੋਂ ਸੰਗਤਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੀ ਅਜਿਹੇ ਪ੍ਰੋਗਰਾਮ ਸਫ਼ਲ ਹੁੰਦੇ ਹਨ। ਇਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋ ਗਿਆ।

## ਗੁੱਜਰਾਂਵਾਲਾ ਵਿਚਲੀ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ ਦੀ ਡਿੱਗੀ ਛੱਤ



**ਗੁੱਜਰਾਂਵਾਲਾ (ਪਾਕਿਸਤਾਨ)/ਏ.ਟੀ.ਨਿਊਜ਼** :-ਪਾਕਿਸਤਾਨ ਦੇ ਗੁੱਜਰਾਂਵਾਲਾ ਸ਼ਹਿਰ ਵਿੱਚ ਸ਼ੇਰੇ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ ਦੀ ਛੱਤ ਡਿੱਗ ਗਈ ਹੈ। ਪਾਕਿਸਤਾਨ ਸਰਕਾਰ ਦੀ ਲਗਾਤਾਰ ਅਣਗਹਿਲੀ ਅਜਿਹਾ ਹੋਇਆ ਹੈ। ਕੁਝ ਦਿਨ ਪਹਿਲਾਂ ਅਧਿਕਾਰੀਆਂ ਵੱਲੋਂ ਇਸ ਨੂੰ ਇਤਿਹਾਸਕ ਸੈਰ-ਸਪਾਟਾ ਸਥਾਨ ਵਿੱਚ ਤਬਦੀਲ ਕਰਨ ਲਈ ਸੁਰੱਖਿਅਤ ਐਲਾਨਣ ਦੇ ਬਾਵਜੂਦ ਸ਼ੇਰ-ਏ-ਪੰਜਾਬ ਦੀ ਹਵੇਲੀ ਦਾ ਇੱਕ ਹਿੱਸਾ ਢਹਿ-ਢੇਰੀ ਹੋ ਗਿਆ ਸੀ। ਜ਼ਿਲੇ ਦੇ ਸਹਾਇਕ ਕਮਿਸ਼ਨਰ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨਾਲ ਹਵੇਲੀ ਦਾ ਦੌਰਾ ਕੀਤਾ ਅਤੇ ਇਸ ਨੂੰ ਪੂਰੀ ਤਰਾਂ ਸੁਰੱਖਿਅਤ ਐਲਾਨਿਆ। ਇਸ ਨੂੰ ਸੈਲਾਨੀਆਂ ਖਾਸ ਕਰਕੇ ਭਾਰਤ ਤੋਂ ਆਏ ਸਿੱਖਾਂ ਲਈ ਖੋਲਣ ਦਾ ਐਲਾਨ ਕੀਤਾ ਗਿਆ ਸੀ। ਸਿੱਖ ਸਾਮਰਾਜ ਦੇ ਪਹਿਲੇ ਮਹਾਰਾਜਾ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਨੂੰ ਇਸ ਘਰ ਵਿੱਚ ਹੋਇਆ ਸੀ। ਦੁਨੀਆ ਭਰ ਦੇ ਸਿੱਖਾਂ ਲਈ ਇਹ ਹਵੇਲੀ ਬਹੁਤ ਮਹੱਤਵ ਰੱਖਦੀ ਹੈ।

# ਕੈਨੇਡਾ ਬੈਠੇ ਅਰਸ਼ ਡੱਲਾ ਵੱਲੋਂ ਪੰਜਾਬ ਪੁਲਿਸ ਨੂੰ ਧਮਕੀ ਨਾਜਾਇਜ਼ ਕੇਸ ਪਾਏ ਤਾਂ ਚੁੱਪ ਨਹੀਂ ਰਹਾਂਗਾ

## ✪ ਕਿਹਾ ਕਿ ਫ਼ਾਜ਼ਿਲਕਾ, ਗੁਰਦਾਸਪੁਰ ਤੇ ਮੁਹਾਲੀ ਵਿਚ ਇੰਟੈਲੀਜੈਂਸ ਹੈੱਡਕੁਆਟਰ ਵਿਚ ਹੋਏ ਬੰਬ ਧਮਾਕਿਆਂ ਨਾਲ ਮੇਰਾ ਕੋਈ ਸੰਬੰਧ ਨਹੀਂ

**ਚੰਡੀਗੜ** : ਪੰਜਾਬ ਪੁਲਿਸ ਨੂੰ ਕੈਨੇਡਾ ਵਿਚ ਬੈਠੇ ਗੈਂਗਸਟਰ ਅਰਸ਼ ਡੱਲਾ ਨੇ ਇੰਟਰਨੈੱਟ ਮੀਡੀਆ 'ਤੇ ਧਮਕੀ ਦਿੱਤੀ ਹੈ। ਇੰਟਰਨੈੱਟ ਮੀਡੀਆ 'ਤੇ ਪਾਈ ਪੋਸਟ ਵਿਚ ਅਰਸ਼ਦੀਪ ਡੱਲਾ ਨੇ ਕਿਹਾ ਕਿ ਮੈਨੂੰ ਜ਼ਬਰਦਸਤੀ ਖਾੜਕੂ ਬਣਾਇਆ ਜਾ ਰਿਹਾ ਹੈ। ਨਾ ਤਾਂ ਮੈਂ ਅੱਜ ਤਕ ਕੋਈ ਧਮਾਕਾ ਕਰਵਾਇਆ ਹੈ ਤੇ ਨਾ ਹੀ ਮੇਰਾ ਕਿਸੇ ਖਾੜਕੂ ਗਤੀਵਿਧੀ ਵਿਚ ਹੱਥ ਹੈ। ਡੱਲਾ ਦੀ ਪੋਸਟ ਸਾਹਮਣੇ ਆਉਣ ਤੋਂ ਬਾਅਦ ਪੰਜਾਬ ਪੁਲਿਸ ਦੇ ਸਾਈਬਰ ਸੈੱਲ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਡੱਲਾ ਨੇ ਕਿਹਾ ਕਿ ਫ਼ਾਜ਼ਿਲਕਾ, ਗੁਰਦਾਸਪੁਰ ਤੇ ਮੁਹਾਲੀ ਵਿਚ ਇੰਟੈਲੀਜੈਂਸ ਹੈੱਡਕੁਆਟਰ ਵਿਚ ਹੋਏ ਬੰਬ ਧਮਾਕਿਆਂ ਨਾਲ ਮੇਰਾ ਕੋਈ ਲੈਣਾ ਦੇਣਾ ਨਹੀਂ ਹੈ।

ਧਿਆਨ ਰਹੇ ਕਿ ਆਜ਼ਾਦੀ ਦਿਹਾੜੇ ਤੋਂ ਪਹਿਲਾਂ ਪੰਜਾਬ ਪੁਲਿਸ ਨੇ ਚਾਰ ਖਾੜਕੂਆਂ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਸੀ। ਕਾਰਜਵਾਹਕ ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਫੜੇ ਗਏ ਚਾਰ ਖਾੜਕੂ ਕੈਨੇਡਾ ਸਥਿਤ ਅਰਸ਼ ਡੱਲਾ ਤੇ ਆਸਟ੍ਰੇਲੀਆ ਸਥਿਤ ਗੁਰਜੰਟ ਸਿੰਘ ਨਾਲ ਜੁੜੇ ਹਨ। ਮੁਲਜ਼ਮਾਂ ਦੀ ਪਛਾਣ ਮੋਗਾ ਦੇ ਪ੍ਰੀਤ ਨਗਰ ਨਿਵਾਸੀ ਦੀਪਕ ਸ਼ਰਮਾ, ਫਿਰੋਜ਼ਪੁਰ ਦੇ ਪਿੰਡ ਕੋਟਕਰੋੜ ਕਲਾਂ ਦੇ ਸੰਦੀਪ ਸਿੰਘ, ਦਿੱਲੀ ਦੇ ਨਜ਼ਫਗੜ ਦੇ ਪਿੰਡ ਈਸ਼ਾਪੁਰ ਦੇ ਸਨੀ ਡਾਗਰ ਤੇ ਨਵੀਂ ਦਿੱਲੀ ਦੇ ਗੋਇਲਾ ਖੁਰਦ ਨਿਵਾਸੀ ਵਿਪਨ ਜਾਖੜ ਦੇ ਰੂਪ ਵਿਚ ਹੋਈ ਹੈ। ਇਨਾਂ ਵਿਚੋਂ ਦੀਪਕ ਤੇ ਸੰਨੀ ਦੇ ਤਾਰ ਅਰਸ਼ਦੀਪ ਡੱਲਾ ਨਾਲ ਜੁੜੇ ਦੱਸੇ ਜਾ ਰਹੇ ਹਨ। ਡੱਲਾ ਨੇ ਪੋਸਟ ਵਿਚ ਲਿਖਿਆ ਹੈ ਕਿ ਮੇਰੇ ਭਰਾ ਦੀਪਕ ਤੇ ਸੰਨੀ ਨੂੰ ਪੰਜਾਬ ਪੁਲਿਸ ਨੇ ਫੜਿਆ ਹੈ। ਉਨਾਂ ਕੋਲੋਂ 9 ਐੱਮਐੱਮ ਪਿਸਤੌਲ ਤੇ 100 ਕਾਰਤੂਸ ਬਰਾਮਦ ਹੋਏ ਸਨ। ਕੋਈ ਬੰਬ ਜਾਂ ਹੈਂਡ ਗ੍ਰਨੇਡ ਨਹੀਂ ਮਿਲਿਆ। ਪੁਲਿਸ ਬਿਨਾਂ ਕਿਸੇ ਵਜਾ ਮੇਰੇ ਭਰਾਵਾਂ ਨੂੰ ਖਾੜਕੂ ਦੱਸ ਰਹੀ ਹੈ।

ਡੱਲਾ ਨੇ ਪੰਜਾਬ ਪੁਲਿਸ ਦੇ ਅਧਿਕਾਰੀਆਂ ਨੂੰ ਧਮਕਾਉਂਦੇ ਹੋਏ ਕਿਹਾ ਕਿ ਕੋਈ ਵੀ ਅਫ਼ਸਰ ਸਿੱਧਾ ਫੋਨ ਕਰ ਕੇ ਕਹਿ ਦੇਵੇ ਕਿ ਅਸੀਂ ਨਾਜਾਇਜ਼ ਕਰਨ ਤੋਂ ਨਹੀਂ ਹਟਾਂਗੇ। ਫਿਰ ਮੈਂ ਉਸੇ ਦੇ ਸਟਾਈਲ ਵਿਚ ਜਵਾਬ ਦੇਵਾਂ। ਬਿਨਾਂ ਕਿਸੇ ਵਜਾ ਪਰਚੇ ਦਰਜ ਕਰ ਕੇ ਇਹ ਮਜਬੂਰ ਕਰ ਰਹੇ ਹਨ। ਡੱਲਾ ਨੇ ਲਿਖਿਆ ਕਿ ਸਿੱਧੂ ਮੂਸੇਵਾਲਾ ਬੇਕਸੂਰ ਸੀ ਉਸ ਦਾ ਕਤਲ ਕਰਵਾ ਦਿੱਤਾ। ਕਤਲ ਕਰਨ ਵਾਲੇ ਨੂੰ ਮੰਤਰੀਆਂ ਵਾਂਗ ਮੀਡੀਆ ਵਿਚ ਮਸ਼ਹੂਰ ਕੀਤਾ ਜਾ ਰਿਹਾ ਹੈ। ਜਦੋਂ ਇਨਾਂ ਦਾ ਮਨ ਕਰਦਾ ਹੈ ਤਾਂ ਪਰਿੰਦੇ ਨੂੰ ਵੀ ਪਰ ਨਹੀਂ ਮਾਰਨ ਦਿੰਦੇ।

ਗੈਂਗਸਟਰ ਤੋਂ ਅੱਤਵਾਦੀ ਬਣਿਆ ਅਰਸ਼ ਡੱਲਾ ਮੋਗਾ ਦਾ ਨਿਵਾਸੀ ਹੈ ਤੇ ਹੁਣ ਕੈਨੇਡਾ ਵਿਚ ਰਹਿੰਦਾ ਹੈ। ਉਹ ਪਿਛਲੇ ਕਾਫ਼ੀ ਸਮੇਂ ਤੋਂ ਗੈਂਗਸਟਰ ਸਰਗਰਮੀਆਂ ਵਿਚ ਸ਼ਾਮਲ ਰਿਹਾ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਉਸ ਨੂੰ ਕੈਨੇਡਾ ਤੋਂ ਹਵਾਲਗੀ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਤੇ ਜਲਦੀ ਹੀ ਉਸ ਨੂੰ ਭਾਰਤ ਲਿਆਂਦਾ ਜਾਵੇਗਾ। ਅਰਸ਼ ਡੱਲਾ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਮਈ 2022 ਵਿਚ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ।

# ਸਿਨਸਿਨਾਟੀ ਦੇ ਪੰਜਵੇ ਸਲਾਨਾ ਵਿਸ਼ਵ ਧਰਮ ਸੰਮੇਲਨ ਵਿਚ ਸਿੱਖਾਂ ਨੇ ਕੀਤੀ ਸ਼ਮੂਲੀਅਤ

## ਸਿੱਖ ਸੰਗਤ ਵਲੋਂ ਕੀਤੀ ਗਈ ਲੰਗਰ ਸੇਵਾ, ਲਾਈ ਗਈ ਧਰਮ ਬਾਰੇ ਪ੍ਰਦਰਸ਼ਨੀ, ਮਹਿਮਾਨਾਂ 'ਤੇ ਸਜਾਈਆਂ ਗਈਆਂ ਦਸਤਾਰਾਂ







**ਸਿਨਸਿਨਾਟੀ, ਓਹਾਇਓ/ਏ.ਟੀ.ਨਿਊਜ਼ :-** ਬੀਤੇ ਦਿਨੀਂ ਅਮਰੀਕਾ ਦੇ ਸੂਬੇ ਓਹਾਈਓ ਦੇ ਸ਼ਹਿਰ ਸਿਨਸਿਨਾਟੀ ਦੀ ਜ਼ੇਵੀਅਰ ਯੂਨੀਵਰਸਿਟੀ ਵਿਖੇ ਪੰਜਵਾਂ ਸਲਾਨਾ 'ਫੈਸਟੀਵਲ ਔਫ ਫੇਥਸ' (ਵਿਸ਼ਵ ਧਰਮ ਸੰਮੇਲਨ) ਦਾ ਆਯੋਜਨ ਕੀਤਾ ਗਿਆ। 'ਇਕੁਏਸ਼ਨ' ਸੰਸਥਾ ਵਲੋਂ ਕਰਵਾਏ ਜਾਂਦੇ ਇਸ ਸੰਮੇਲਨ ਵਿਚ 13 ਪ੍ਰਮੁੱਖ ਵਿਸ਼ਵ ਧਰਮਾ ਦੇ ਲੋਕ ਅਤੇ 30 ਤੋਂ ਵੱਧ ਧਾਰਮਿਕ ਸੰਸਥਾਵਾਂ ਇਕ ਵਾਰ ਫਿਰ ਇਕਜੁੱਟ ਹੋਈਆਂ ਅਤੇ ਵੱਖ-ਵੱਖ ਧਰਮਾਂ, ਸਭਿਆਚਾਰਾਂ ਬਾਰੇ ਸਿੱਖਿਆ ਦੇਣ ਅਤੇ ਲੈਣ ਲਈ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋਏ।

ਸਿਨਸਿਨਾਟੀ ਅਤੇ ਨੇੜਲੇ ਸ਼ਹਿਰ ਡੇਟਨ ਦੇ ਸਿੱਖਾਂ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ। ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਗੁਰਦੁਆਰਾ ਸਾਹਿਬ ਦੀ ਸੰਗਤ ਵਲੋਂ ਵੱਖ-ਵੱਖ ਧਰਮਾਂ ਦੇ ਆਏ ਹੋਏ ਹਜਾਰਾਂ ਮਹਿਮਾਨਾਂ ਲਈ ਲੰਗਰ ਦੀ ਵੀ ਸੇਵਾ ਕੀਤੀ ਗਈ। ਮਹਿਮਾਨਾਂ ਨੂੰ ਸਿੱਖ ਧਰਮ ਵਿਚ ਲੰਗਰ ਅਤੇ ਸੇਵਾ ਦੀ ਮਹੱਤਤਾ ਬਾਰੇ ਜਾਣ ਕੇ ਬਹੁਤ ਖੁਸ਼ੀ ਹੋਈ ਤੇ ਉਨਾਂ ਨੇ ਸਿੱਖਾਂ ਦਾ ਧੰਨਵਾਦ ਕੀਤਾ।

ਗੁਰੂ ਨਾਨਕ ਸੋਸਾਇਟੀ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਅਮਰੀਕ ਸਿੰਘ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਦਾ ਕੀਰਤਨ ਗਾਇਨ ਕੀਤਾ। ਸਿੱਖ ਪ੍ਰਦਰਸ਼ਨੀ ਵਿਚ ਪੁਸਤਕਾਂ ਤੋਂ ਇਲਾਵਾ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਪੰਜ ਕਕਾਰ ਰੱਖੇ ਗਏ। ਆਉਣ ਵਾਲੇ ਮਹਿਮਾਨਾਂ ਨੂੰ ਸਿੱਖ ਧਰਮ ਸੰਬੰਧੀ ਕਿਤਾਬਚੇ ਵੰਡੇ ਗਏ। ਆਏ ਹੋਏ ਮਹਿਮਾਨਾਂ ਦੇ ਦਸਤਾਰਾਂ ਸਜਾਈਆਂ ਗਈਆਂ। ਦਸਤਾਰ ਸਜਾ ਕੇ ਬੱਚੇ, ਵੱਡੇ, ਬਜ਼ੁਰਗ ਬਹੁਤ ਹੀ ਉਤਸ਼ਾਹਿਤ ਹੁੰਦੇ, ਤਸਵੀਰਾਂ ਲੈਂਦੇ ਅਤੇ ਮਾਣ ਨਾਲ ਸੰਮੇਲਨ ਵਿਚ ਘੁੰਮਦੇ ਰਹੇ।

ਪ੍ਰਬੰਧਕਾਂ ਵਲੋਂ ਸੰਮੇਲਨ ਦੇ ਸਹਿ-ਚੇਅਰ ਜੈਪਾਲ ਸਿੰਘ, ਜਿਨਾਂ ਦਾ ਮਈ ਮਹੀਨੇ ਕੈਂਸਰ ਦੀ ਬਿਮਾਰੀ ਕਾਰਨ 41 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ ਸੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸੰਮੇਲਨ ਦੇ ਕਾਰਜਕਾਰੀ ਡਾਇਰੈਕਟਰ ਚਿੱਪ ਹੈਰੋਡ ਨੇ ਕਿਹਾ ਕਿ ਭਾਗ ਲੈਣ ਵਾਲੀਆਂ ਸੰਸਥਾਵਾਂ ਵਿੱਚੋਂ ਸਭ ਤੋਂ ਪ੍ਰਮੁੱਖ ਸਾਡਾ ਸਥਾਨਕ ਸਿੱਖ ਭਾਈਚਾਰਾ ਹੈ, ਜਿਸ ਨੇ ਬੜੇ ਉਤਸ਼ਾਹ ਨਾਲ ਇਸ ਸੰਮੇਲਨ ਨੂੰ ਕਾਮਯਾਬ ਕਰਨ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ। ਇਸ ਦਾ ਕਾਰਨ ਸਾਡੇ ਸੰਸਥਾਪਕਾਂ ਵਿੱਚੋਂ ਇੱਕ ਜੈਪਾਲ ਸਿੰਘ ਹੈ, ਜਿਸਨੇ ਇਸ ਸਲਾਨਾ ਸੰਮੇਲਨ ਨੂੰ ਸ਼ੁਰੂ ਕਰਨ ਵਿੱਚ ਆਪਣਾ ਬਹੁਤ ਵੱਡਾ ਹਿੱਸਾ ਪਾਇਆ। ਇਸ ਨਾਲ ਸਿਨਸਿਨਾਟੀ ਦੇ ਵੱਖ ਵੱਖ ਭਾਈਚਾਰਿਆਂ ਵਿੱਚ ਆਪਸੀ ਸਿੱਖਿਆ, ਸੰਬੰਧ, ਹਮਦਰਦੀ, ਸਮਝ ਅਤੇ ਪਿਆਰ ਪੈਦਾ ਹੋ ਰਿਹਾ ਹੈ। ਜੈਪਾਲ ਸਿੰਘ ਨੇ ਸਾਡੇ ਲਈ ਜੋ ਕੁੱਝ ਕੀਤਾ ਹੈ, ਉਸ ਲਈ ਅਸੀਂ ਹਮੇਸ਼ਾ ਉਸ ਦੇ ਰਿਣੀ ਰਹਾਂਗੇ।

ਸਵਰਗੀ ਜੈਪਾਲ ਸਿੰਘ ਦੀ ਪਤਨੀ ਅਸੀਸ ਕੌਰ ਨੇ ਆਏ ਹੋਏ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੈਪਾਲ ਨੇ ਹਮੇਸ਼ਾ ਵੱਖ ਵੱਖ ਧਰਮਾਂ, ਭਾਈਚਾਰਿਆਂ ਵਿਚ ਆਪਸੀ ਸੰਬੰਧ, ਪਿਆਰ ਤੇ ਸਮਝ ਵਧਾਉਣ ਦੀ ਕੋਸ਼ਿਸ਼ ਕੀਤੀ। ਇਸ ਸੰਮੇਲਨ ਦੌਰਾਨ ਵਿਸਕਾਨਸਿਨ ਦੇ ਓਕਕਰੀਕ ਗੁਰਦੁਆਰਾ ਸਾਹਿਬ ਵਿਖੇ 10 ਸਾਲ ਪਹਿਲਾਂ ਇੱਕ ਗੋਰੇ ਕੱਟੜਪੰਥੀ ਸੰਗਠਨ ਦੇ ਬੰਦੂਕਧਾਰੀ ਵੱਲੋਂ ਮਾਰੇ ਗਏ 6 ਸਿੱਖਾਂ ਨੂੰ ਵੀ ਯਾਦ ਕੀਤਾ ਗਿਆ ਅਤੇ ਸ਼ਰਧਾਂਜਲੀ ਦਿੱਤੀ ਗਈ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਕਿਹਾ ਕਿ ਅੱਜ ਅਸੀਂ ਗੁਰੂ ਸਾਹਿਬ ਦਾ ਸੁਨੇਹਾ 'ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰਹਾਈ॥', ਇੱਥੇ ਆਏ ਹੋਏ ਵੱਖ-ਵੱਖ ਧਰਮਾਂ ਦੇ ਲੋਕਾਂ ਤੱਕ ਪਹੁੰਚਾਇਆ ਹੈ।

# ਫਰਜ਼ੀ ਦਸਤਾਵੇਜਾਂ ਕਾਰਨ ਕੈਨੇਡਾ, ਆਸਟ੍ਰੇਲੀਆ ਆਦਿ ਦੇਸ਼ਾਂ ਵਿਚ ਰੱਦ ਹੋ ਰਹੇ ਭਾਰਤੀਆਂ ਦੇ 'ਵੀਜ਼ੇ'

**ਦਿੱਲੀ/ਏ.ਟੀ.ਨਿਊਜ਼ :-** ਕੈਨੇਡਾ, ਆਸਟ੍ਰੇਲੀਆ ਜਿਹੇ ਦੇਸ਼ਾਂ ਵਿਚ ਕਰੀਅਰ ਬਣਾਉਣ ਦੀ ਇੱਛਾ ਰੱਖਣ ਵਾਲੇ ਭਾਰਤੀ ਵਿਦਿਆਰਥੀਆਂ ਨੂੰ ਕਈ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਇਨਾਂ ਵਿਚ ਪੰਜਾਬ ਤੋਂ ਸਟੱਡੀ ਬੇਸ 'ਤੇ ਵਿਦੇਸ਼ ਜਾਣ ਦੀ ਇੱਛਾ ਰੱਖਣ ਵਾਲੇ ਵਿਦਿਆਰਥੀਆਂ ਦੀਆਂ ਅਰਜ਼ੀਆਂ ਵੱਡੀ ਗਿਣਤੀ ਵਿਚ ਨਾਮਨਜ਼ੂਰ ਹੋ ਰਹੀਆਂ ਹਨ। ਇਸ ਦੇ ਪ੍ਰਮੁੱਖ ਕਾਰਨ ਫਰਜ਼ੀ ਬੈਂਕ ਸਟੇਟਮੈਂਟ, ਬਰਥ ਸਰਟੀਫਿਕੇਟ ਅਤੇ ਐਜੂਕੇਸ਼ਨ ਗੇਪ ਨੂੰ ਲੈ ਕੇ ਤਿਆਰ ਕੀਤੇ ਜਾਣ ਵਾਲੇ ਫਰਜ਼ੀ ਦਸਤਾਵੇਜ਼ ਹੋਣਾ ਹੈ ਅਤੇ ਨਾਲ ਹੀ ਅਧਿਕਾਰੀਆਂ ਇਸ ਸਬੰਧੀ ਸ਼ੱਕ ਹੋਣਾ ਹੈ।

2020-21 ਵਿਚ ਆਸਟ੍ਰੇਲੀਆ ਦੇ ਡਿਪਾਰਟਮੈਂਟ ਆਫ ਹੋਮ ਅਫੇਅਰਜ਼ ਨੇ ਪੰਜਾਬ, ਹਰਿਆਣਾ ਨਾਲ ਸਬੰਧਤ 600 ਤੋਂ ਵੱਧ ਅਜਿਹੇ ਮਾਮਲੇ ਫੜੇ, ਜਿਨਾਂ ਵਿਚ ਆਸਟ੍ਰੇਲੀਆ ਦਾ ਐਜੂਕੇਸ਼ਨ ਵੀਜ਼ਾ ਹਾਸਲ ਕਰਨ ਲਈ ਫਰਜ਼ੀ ਦਸਤਾਵੇਜ਼ ਲਗਾਏ ਗਏ ਸਨ। ਉੱਥੇ ਕੈਨੇਡੀਅਨ ਹਾਈ ਕਮਿਸ਼ਨ ਵੱਲੋਂ ਇਕ ਸਾਲ ਵਿਚ ਫੜੇ ਅਜਿਹੇ ਮਾਮਲਿਆਂ ਦਾ ਅੰਕੜਾ 2500 ਤੋਂ ਵਧੇਰੇ ਹੈ। ਅਜਿਹੇ ਹੀ ਮਾਮਲੇ ਨਿਊਜ਼ੀਲੈਂਡ, ਯੂ.ਕੇ., ਅਮਰੀਕੀ ਅੰਬੈਸੀਆਂ ਵੱਲੋਂ ਵੀ ਫੜੇ ਜਾ ਚੁੱਕੇ ਹਨ। ਕੈਨੇਡਾ ਦੇ ਵੀਜ਼ਾ ਰੱਦ ਹੋਣ ਦੀ ਦਰ 41 ਫੀਸਦੀ ਪਹੁੰਚ ਗਈ ਹੈ। ਕੋਵਿਡ ਤੋਂ ਪਹਿਲਾਂ ਇਹ ਦਰ 15 ਫੀਸਦ ਸੀ। ਕਈ ਮਾਹਿਰਾਂ ਮੁਤਾਬਕ ਅਜਿਹਾ ਹੋਣ ਕਰ ਕੇ ਕੋਵਿਡ ਕਾਰਨ 2 ਸਾਲ ਤੋਂ ਐਪਲੀਕੇਸ਼ਨ ਪੈਂਡਿੰਗ ਹੋਣਾ ਵੀ ਹੈ। ਸਿਟੀਜਨਸ਼ਿਪ ਐਂਡ ਇਮੀਗ੍ਰੇਸ਼ਨ 'ਤੇ ਸਟੈਂਡਿੰਗ ਕਮੇਟੀ ਦੀ ਨਵੀਂ ਰਿਪੋਰਟ ਮੁਤਾਬਕ 20 21 ਵਿਚ ਸਟੱਡੀ ਵੀਜ਼ਾ ਲਈ 225,402 ਅਰਜੀਆਂ ਪ੍ਰੋਸੈੱਸ ਕੀਤੀਆਂ ਗਈਆਂ ਅਤੇ ਉਨਾਂ ਵਿੱਚੋਂ 91,439 ਖਾਰਿਜ ਕਰ ਦਿੱਤੀਆਂ ਗਈਆਂ ਮਤਲਬ ਕਰੀਬ 41 ਫੀਸਦੀ ਅਰਜ਼ੀਆਂ ਖਾਰਿਜ ਕਰ ਦਿੱਤੀਆਂ ਗਈਆਂ।

### ਵੀਜ਼ਾ ਨਾਮਨਜ਼ੂਰ ਹੋਣ ਦੇ ਕਾਰਨ

ਕਈ ਮਾਮਲਿਆਂ ਵਿਚ ਵੀਜ਼ਾ ਅਫਸਰ ਨੂੰ ਸ਼ੱਕ ਹੋ ਜਾਂਦਾ ਹੈ ਕਿ ਵਿਦਿਆਰਥੀ ਸਟੱਡੀ ਦੇ ਬਹਾਨੇ ਇਮੀਗ੍ਰੇਸ਼ਨ ਲਈ ਜਾ ਰਿਹਾ ਹੈ। ਭਾਰਤ ਵਿਚ ਕਾਮਰਸ, ਨਾਨ-ਮੈਡੀਕਲ ਆਦਿ ਦੇ ਵਿਦਿਆਰਥੀ ਵੀ ਕੈਨੇਡਾ ਵਿਚ ਵੀਜ਼ਾ ਲਈ ਕੇਅਰ ਗਿਵਰਸ, ਡਿਪਲੋਮਾ ਇਨ ਸੈਲੂਨ ਮੈਨੇਜਮੈਂਟ, ਫੂਡ ਕ੍ਰਾਫਟ ਆਦਿ ਆਸਾਨ ਕੋਰਸਾਂ ਲਈ ਅਰਜ਼ੀ ਦਿੰਦੇ ਹਨ। ਇਸ ਨਾਲ ਵੀਜ਼ਾ ਅਫਸਰ ਨੂੰ ਜ਼ਿਆਦਾ ਸ਼ੱਕ ਹੋ ਜਾਂਦਾ ਹੈ ਅਤੇ ਸੰਤੁਸ਼ਟੀ ਵਾਲਾ ਜਵਾਬ ਨਾ ਮਿਲਣ 'ਤੇ ਵੀਜ਼ਾ ਨਹੀਂ ਦਿੱਤਾ ਜਾਂਦਾ।

### ਭਾਰਤੀਆਂ ਦੇ ਸਾਢੇ 9 ਲੱਖ ਲੋਕ ਵੀਜ਼ਾ ਲਈ ਕਤਾਰ ਵਿਚ

ਭਾਰਤ ਤੋਂ 96,378 ਲੋਕਾਂ ਦੇ ਪਰਮਾਨੈਂਟ ਰੈਜੀਡੈਂਸੀ ਅਰਜ਼ੀਆਂ ਕੈਨੇਡਾ ਸਰਕਾਰ ਕੋਲ ਪ੍ਰੋਸੈਸਿੰਗ ਲਈ ਪਈਆਂ ਹਨ। 4,30,286 ਦੀਆਂ ਅਸਥਾਈ ਰੈਜੀਡੈਂਸ ਵੀਜ਼ਾ ਅਰਜ਼ੀਆਂ ਹਨ। ਇਸ ਦੇ ਇਲਾਵਾ ਵੱਖ-ਵੱਖ ਕੈਟੇਗਰੀ ਦੇ ਕੁੱਲ ਮਿਲਾ ਕੇ 9,56,950 ਅਰਜ਼ੀਆਂ 31 ਮਾਰਚ 2022 ਤੱਕ ਕੈਨੇਡਾ ਸਰਕਾਰ ਕੋਲ ਪੈਂਡਿੰਗ ਪਈਆਂ ਹਨ। ਕੈਨੇਡਾ ਕੋਲ ਦੁਨੀਆ ਭਰ ਤੋਂ ਕੁੱਲ 25 ਲੱਖ ਅਰਜ਼ੀਆਂ ਪੈਂਡਿੰਗ ਹਨ।

ਕਈ ਵੀਜ਼ਾ ਏਜੰਟ ਵਿਦਿਆਰਥੀਆਂ ਤੋਂ ਤੈਅ ਫੀਸ ਲੈ ਕੇ ਬੈਂਕ ਸਟੇਟਮੈਂਟ ਬਣਵਾਉਣ ਦੀ ਗਾਰੰਟੀ ਦਿੰਦੇ ਹਨ। ਉਹ ਵਿਦਿਆਰਥੀਆਂ ਦੇ ਬੈਂਕ ਖਾਤੇ ਵਿਚ ਜ਼ਰੂਰੀ ਪੈਸੇ ਆਪਣੇ ਪੱਧਰ 'ਤੇ ਟਰਾਂਸਫਰ ਕਰਦੇ ਹਨ ਜਾਂ ਵਿਦਿਆਰਥੀ ਖੁਦ ਆਪਣੇ ਅਕਾਊਂਟ ਵਿਚ ਜਮਾਂ ਕਰਦੇ ਹਨ। ਕੁਝ ਹਫ਼ਤੇ ਫੰਡ ਰੱਖਣ ਦੇ ਬਾਅਦ ਸਟੇਟਮੈਂਟ ਲਈ ਜਾਂਦੀ ਹੈ। ਉਸ ਮਗਰੋਂ ਫੰਡ ਮੁੜ ਟਰਾਂਸਫਰ ਕਰ ਲਿਆ ਜਾਂਦਾ ਹੈ। ਅੰਬੈਸੀਆਂ ਦੀ ਜਾਂਚ ਵਿਚ ਸਾਰਾ ਮਾਮਲਾ ਸਾਹਮਣੇ ਆ ਗਿਆ।

ਇਕ ਵਾਰ ਪੜਾਈ ਛੱਡ ਦੇਣ ਮਗਰੋਂ ਮੁੜ ਅਰਜ਼ੀ ਦੇਣ ਦੇ ਵਿਚਕਾਰ ਆਏ ਅੰਤਰ ਨੂੰ ਲੈ ਕੇ ਫਰਜ਼ੀ ਸਰਟੀਫਿਕੇਟ ਤਿਆਰ ਕੀਤੇ ਜਾਂਦੇ ਹਨ। ਐਕਸਪੀਰੀਅੰਸ ਸਰਟੀਫਿਕੇਟ ਵੀ ਫਰਜ਼ੀ ਪਾਏ ਗਏ ਹਨ। ਉੱਥੇ ਜਨਮ ਸਰਟੀਫਿਕੇਟ ਤੋਂ ਲੈ ਕੇ ਪਾਸਪੋਰਟ ਬਣਵਾਉਣ ਵਿਚ ਵੀ ਗੜਬੜੀਆਂ ਫੜੀਆਂ ਗਈਆਂ ਹਨ।

**ਕੈਨੇਡਾ ਜਾਣ ਵਾਲੇ ਭਾਰਤੀ ਵਿਦਿਆਰਥੀ**

| | |
|---|---|
| 2019 ਵਿਚ | 1,32,620 |
| 2020 ਵਿਚ | 43,624 |
| 2021 ਵਿਚ | 1,02,688 |
| 2022 (20 ਜੂਨ ਤੱਕ) | 60,258 |

59 ਫੀਸਦੀ ਪੋਸਟ ਕੋਵਿਡ ਵੀਜ਼ਾ ਮਿਲਣ ਦਰ ਅਤੇ 85 ਫੀਸਦੀ ਪ੍ਰੀ-ਕੋਵਿਡ ਵੀਜ਼ਾ ਮਿਲਣ ਦੀ ਦਰ ਰਹੀ। ਕੈਨੇਡਾ ਨੇ ਬੀਤੇ ਸਾਲ ਵਿਚ ਭਾਰਤ ਦੇ 41 ਫੀਸਦੀ, ਆਸਟ੍ਰੇਲੀਆ ਦੇ 38 ਫੀਸਦੀ, ਚੀਨ ਦੇ 17 ਫੀਸਦੀ, ਅਮਰੀਕਾ ਦੇ 13 ਫੀਸਦੀ, ਯੂ.ਕੇ. ਦੇ 11 ਫੀਸਦੀ ਵਿਦਿਆਰਥੀਆਂ ਦੀਆਂ ਵੀਜ਼ਾ ਅਰਜ਼ੀਆਂ ਖਾਰਿਜ ਕਰ ਦਿੱਤੀਆਂ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਮੁੱਖ ਮੰਤਰੀ ਭਗਵੰਤ ਮਾਨ ਨੇ ਫਿਲਮ 'ਲਾਲ ਸਿੰਘ ਚੱਢਾ' ਵੇਖੀ

## ਆਮਿਰ ਖਾਨ ਨੂੰ ਦਿੱਤੀ ਵਧਾਈ ਕਿ ਆਪਸੀ ਭਾਈਚਾਰਕ ਸਾਂਝ ਕਾਇਮ ਰੱਖਣ ਦਾ ਸੁਨੇਹਾ ਦਿੰਦੀ ਏ ਫਿਲਮ

**ਜਲੰਧਰ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬਾਲੀਵੁੱਡ ਅਦਾਕਾਰ ਆਮਿਰ ਖਾਨ ਦੀ ਫਿਲਮ ਲਾਲ ਸਿੰਘ ਚੱਢਾ ਵੇਖੀ। ਇਹ ਜਾਣਕਾਰੀ ਉਨਾਂ ਨੇ ਇਕ ਟਵੀਟ ਰਾਹੀਂ ਦਿੱਤੀ ਹੈ। ਉਨਾਂ ਨੇ ਟਵੀਟ ਵਿਚ ਲਿਖਿਆ- ਅੱਜ 'ਲਾਲ ਸਿੰਘ ਚੱਢਾ' ਫਿਲਮ ਦੇਖਣ ਦਾ ਮੌਕਾ ਮਿਲਿਆ ਆਪਸੀ ਭਾਈਚਾਰਕ ਸਾਂਝ ਕਾਇਮ ਰੱਖਣ ਅਤੇ ਨਫ਼ਰਤਾਂ ਦੇ ਬੀਜ ਕੋਮਲ ਦਿਲਾਂ ਵਿਚ ਨਾ ਉੱਗਣ ਦੇਣ ਦਾ ਸੁਨੇਹਾ ਦਿੰਦੀ ਫਿਲਮ ਆਮਿਰ ਖਾਨ ਅਤੇ ਉਨਾਂ ਦੀ ਟੀਮ ਨੂੰ ਵਧਾਈ।

ਜ਼ਿਕਰਯੋਗ ਹੈ ਕਿ ਕੁਝ ਫਿਰਕੂ ਹਿੰਦੂ ਜਥੇਬੰਦੀਆਂ ਵੱਲੋਂ ਆਮਿਰ ਖਾਨ ਦੀ ਇਸ ਫਿਲਮ ਦਾ ਵਿਰੋਧ ਕੀਤਾ ਜਾ ਰਿਹਾ ਹੈ। ਕਈ ਥਾਂ ਸਿਨੇਮਾ ਘਰਾਂ ਵਿਚ ਇਸ ਫਿਲਮ ਦੇ ਚੱਲਣ ਦਾ ਵਿਰੋਧ ਵੀ ਕੀਤਾ ਗਿਆ ਗਿਆ ਸੀ। ਇਸ ਕਾਰਨ ਸਿਨੇਮਾ ਘਰਾਂ ਅੱਗੇ ਮੌਕੇ ਉਤੇ ਪੁਲਿਸ ਤਾਇਨਾਤ ਕਰਨੀ ਪਈ ਸੀ।

ਫਿਲਮ ਬਾਰੇ ਹਰੇਕ ਦੀ ਪਸੰਦ ਨਾਪਸੰਦ ਵੱਖਰੀ ਹੋ ਸਕਦੀ ਹੈ।ਜੇ ਕੁੱਝ ਲੋਕਾਂ ਨੂੰ ਇਹ ਫਿਲਮ ਨਹੀਂ ਪਸੰਦ ਆਈ ਤਾਂ ਕੋਈ ਇਤਰਾਜ਼ ਵਾਲੀ ਗੱਲ ਨਹੀਂ। ਜਿਨਾਂ ਨੂੰ ਇਸ ਕਰਕੇ ਪਸੰਦ ਆ ਗਈ ਹੈ ਕਿ ਇਸ ਦਾ ਨਾਇਕ ਪਾਤਰ ਇੱਕ ਸਿੱਖ ਹੈ, ਉਨਾਂ ਦੀ ਸੋਚ ਦਾ ਵੀ ਸਤਿਕਾਰ ਕਰਨਾ ਬਣਦਾ ਹੈ ਪਰ ਇਹ ਫਿਲਮ ਅਜਿਹੇ ਤੱਥਾਂ ਤੋਂ ਕਿਤੇ ਜ਼ਿਆਦਾ ਵੱਡੀ ਹੈ। ਆਮਿਰ ਖਾਨ ਪਹਿਲਾਂ ਵੀ ਧਾਰਮਿਕ, ਸਮਾਜਿਕ ਮੁੱਦਿਆਂ ਨਾਲ ਮਾਨਵੀ ਇਮੋਸ਼ਨਜ਼ ਜੋੜ ਕੇ 'ਪੀ ਕੇ' ਵਰਗੀ ਫਿਲਮ ਬਣਾ ਚੁੱਕਾ ਹੈ ਪਰ ਇਸ ਫਿਲਮ ਵਿੱਚ ਇੱਕ ਵਾਧਾ ਇਹ ਹੈ ਕਿ ਉਹ ਵਿਸ਼ੇ ਦੇ ਮਨੋਵਿਗਿਆਨਕ ਅਤੇ ਦਾਰਸ਼ਨਿਕ ਅਧਾਰ ਵੀ ਫਰੋਲਦਾ ਹੈ। ਇੱਕ ਅਰਧ-ਬੁੱਧੀ ਬੱਚਾ ਜਿਸ ਨੂੰ ਉਸ ਦੀ ਬਾਲ ਪ੍ਰੇਮਿਕਾ ਨੇ ਇੱਕੋ ਹੀ ਗੱਲ ਸਿਖਾਈ ਹੈ, ਜਦੋਂ ਵੀ ਜੀਵਨ 'ਤੇ ਮੁਸੀਬਤ ਪਵੇ, ਭੱਜ ਲਵੀਂ. ਉਹ ਸਾਰੀ ਉਮਰ ਭੱਜਦਾ ਹੈ ਕਿ ਉਸ ਲਈ ਉਸ ਦਾ ਜੀਵਨ ਹੀ ਇੱਕ ਮੁਸੀਬਤ ਹੈ।ਵਿਅੰਗ ਇਸ ਗੱਲ ਵਿੱਚ ਹੈ ਕਿ ਉਹ ਆਪਣੀ ਮਾਂ ਅਤੇ ਪ੍ਰੇਮਿਕਾ ਦੇ ਚਲੇ ਜਾਣ ਬਾਅਦ ਨਿਰਾਸ਼ਾ ਵਿੱਚ ਭੱਜ ਰਿਹਾ ਹੈ ਪਰ ਲੋਕ ਉਸ ਦੇ ਪਿੱਛੇ ਇਸ ਲਈ ਭੱਜ ਰਹੇ ਹਨ ਕਿ ਸ਼ਾਇਦ ਉਸ ਦੌੜ ਵਿਚੋਂ ਉਨਾਂ ਨੂੰ ਜੀਵਨ ਦੇ ਵੱਡੇ ਅਰਥ ਲੱਭ ਜਾਣ। ਸਾਡੇ ਡੇਰਿਆਂ ਵਾਲੇ ਸਾਧ ਵੀ ਤਾਂ ਇਹੀ ਹਨ, ਲਾਲ ਦਾ ਸਿੱਖ ਹੋਣਾ ਇਨਾਂ ਅਰਥਾਂ ਵਿੱਚ ਪ੍ਰਸੰਗਿਕ ਹੈ ਕਿ ਇੱਕ ਹੀ ਕੌਮੀਅਤ ਹੈ ਜਿਸ ਨੇ ਸੰਘਰਸ਼ ਅਤੇ ਟੁੱਟ-ਭੱਜ ਦੇ ਸਭ ਤੋਂ ਵੱਡੇ ਅਨੁਭਵ ਕੀਤੇ ਹਨ ਤੇ ਉਨਾਂ ਵਿਚੋਂ ਸਿਆਸਤ ਪ੍ਰਤੀ ਇੱਕ ਵਿਸ਼ੇਸ਼ ਦਾਰਸ਼ਨਿਕ ਸੋਚ ਵਿਕਸਿਤ ਕੀਤੀ ਹੈ। ਘੱਲੂਘਾਰਾ ਜੂਨ 84, ਦਿੱਲੀ ਸਿੱਖ ਕਤਲੇਆਮ, ਬਾਬਰੀ ਮਸਜਿਦ, ਅੰਨਾ ਅੰਦੋਲਨ ਅਤੇ ਮੋਨਿਕਾ ਬੇਦੀ ਤੋਂ ਪ੍ਰੇਰਿਤ ਨਾਇਕਾ ਦਾ ਕਿਰਦਾਰ ਸਭ ਪੰਜਾਬੀ ਜੀਵਨ ਨਾਲ ਜੁੜੇ ਉਹ ਮੁੱਦੇ ਹਨ, ਜਿਹੜੇ ਸਾਡੀ ਪੰਜਾਬੀਆਂ ਦੀ ਸਿਆਸੀ ਸੋਚ ਨੂੰ ਪਰਿਭਾਸ਼ਿਤ ਕਰਦੇ ਹਨ। ਤੁਸੀਂ ਇਸ ਫਿਲਮ ਨੂੰ ਬਿਨਾ ਕਿਸੇ ਜ਼ੋਖਮ ਹਿੰਦੀ ਵਿੱਚ ਬਣੀ ਪੰਜਾਬੀ ਫਿਲਮ ਕਹਿ ਸਕਦੇ ਹੋ। ਆਮਿਰ ਨੇ ਲਾਲ ਸਿੰਘ ਚੱਢਾ ਦੀ ਐਕਟਿੰਗ ਨਹੀਂ ਕੀਤੀ, ਇਹ ਕਿਰਦਾਰ ਸਿਰਜਿਆ ਹੈ। ਸਿਰਫ਼ ਦਾੜੀ ਵਧਾ ਲੈਣਾ ਉਸ ਦੀ ਪ੍ਰਾਪਤੀ ਨਹੀਂ, ਇੱਕ ਆਮ ਸਿੱਖ ਵਰਗੀ ਬੌਡੀ ਲਿੰਗੋ, ਖਾਸ ਕਰਕੇ ਤੱਕਣੀ ਉਸਦੀ ਅਸਲੀ ਪ੍ਰਾਪਤੀ ਹੈ। ਹਾਲਾਂਕਿ ਕਲਾਈਮੈਕਸ ਉੱਤੇ ਉਸ ਦਾ ਮੜੀ ਨਾਲ ਗੱਲਾਂ ਕਰਨਾ ਕਮਾਲ ਦਾ ਦ੍ਰਿਸ਼ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਤੇ ਸਿੰਘ ਸਭਾ ਮਿਲਪੀਟਸ ਵੱਲੋਂ ਕੀਤੇ MOU ਅਧੀਨ ਪਹਿਲੇ ਕੋਰਸਾਂ ਦੀ ਸ਼ੁਰੂਆਤ

**ਚੰਡੀਗੜ/ਏ.ਟੀ.ਨਿਊਜ਼** :- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਫਤਿਹਗੜ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਤੇ ਸਿੰਘ ਸਭਾ ਮਿਲਪੀਟਸ ਵੱਲੋਂ ਕੀਤੇ MOU ਅਧੀਨ ਪਹਿਲੇ ਕੋਰਸਾਂ ਦੀ ਸ਼ੁਰੂਆਤ ਕੀਤੀ ਗਈ ਹੈ। ਥੋੜੇ ਸਮੇਂ ਵਿਚ ਹੋਣ ਵਾਲੇ ਇਨਾਂ ਮਾਨਤਾ ਭਰਪੂਰ ਸਰਟੀਫਿਕੇਟ ਕੋਰਸਾਂ ਨੂੰ ਕਰ ਕੇ ਵਿਦਿਆਰਥੀ ਦੇਸ਼ ਵਿਦੇਸ਼ ਦੀ ਨੌਕਰੀ ਲਈ ਪ੍ਰਪੱਕ ਹੋ ਜਾਂਦਾ ਹੈ। ਸਰਟੀਫਿਕੇਟ ਕੋਰਸ ਜਿਨਾਂ ਵਿਚ ਪ੍ਰਮੁੱਖ ਡਿਜੀਟਲ ਮਾਰਕੀਟਿੰਗ ਅਤੇ ਡਾਟਾ ਐਨਾਲਿਟਿਕਸ ਹਨ ਤੇ ਇਨਾਂ ਕੋਰਸਾਂ ਦੀ ਮਿਆਦ 6 ਮਹੀਨਿਆਂ ਦੀ ਹੈ। ਇਨਾਂ ਕੋਰਸਾਂ ਤੋਂ ਬਾਅਦ ਨੌਕਰੀ ਯਕੀਨੀ ਬਣ ਸਕਦੀ ਹੈ ਕਿਉਂਕਿ ਸੰਸਾਰ ਭਰ ਵਿਚ ਡਿਜੀਟਲ ਮਾਰਕੀਟਿੰਗ ਅਤੇ ਡਾਟਾ ਐਨਾਲਿਟਿਕਸ ਹੁਨਰ (Skil) ਦੀ ਮੰਗ ਵਧੇਰੇ ਹੈ ਤੇ ਇਸ ਖੇਤਰ ਵਿੱਚ ਲੱਖਾਂ ਨੌਕਰੀਆਂ ਇਸ ਸਮੇਂ ਹੈ ਤੇ ਆਉਣ ਵਾਲੇ ਸਮੇਂ ਵਿੱਚ ਹੋਰ ਨੌਕਰੀਆਂ ਆਉਣ ਦੀ ਵਧੇਰੇ




ਸੰਭਾਵਨਾ ਹੈ।

ਇਨਾਂ ਕੋਰਸਾਂ ਦੀ ਪੜਾਈ ਆਫਲਾਈਨ ਯੂਨੀਵਰਸਿਟੀ ਵਿੱਚ ਹੀ ਕਰਵਾਈ ਜਾਵੇਗੀ ਪਰ ਇਸ ਦੇ ਨਾਲ ਹੀ ਜੂਮ ਮੀਟਿੰਗ ਦੇ ਜ਼ਰੀਏ ਅਮਰੀਕਾ ਤੋਂ ਵਿਸ਼ੇਸ਼ ਐਕਸਪਰਟ ਵਿਦਿਆਰਥੀਆਂ ਨੂੰ ਨਵੀਆਂ ਤਕਨੀਕਾਂ ਦਾ ਗਿਆਨ ਵੀ ਦੇਣਗੇ। ਇਸ ਦੇ ਨਾਲ ਜਦੋਂ ਬੱਚਿਆਂ ਨੂੰ ਤਕਨੀਕੀ ਸਿੱਖਿਆ ਦਿੱਤੀ ਜਾਵੇਗੀ ਤਦ ਕੋਰਸ ਦੇ ਅਖੀਰਲੇ 2 ਮਹੀਨੇ ਵਿੱਚ ਬੱਚਿਆਂ ਨੂੰ ਇੰਗਲਿਸ਼ (softskil) ਤੇ ਇੰਟਰਵਿਊ ਦੀ ਤਿਆਰੀ ਵੀ ਕਰਵਾਈ ਜਾਵੇ ਗੀ। ਡਿਜੀਟਲ ਮਾਰਕੀਟਿੰਗ ਅਤੇ ਡਾਟਾ ਐਨਾਲਿਟਿਕਸ ਕੋਰਸਾਂ ਨੂੰ ਕਰਨ ਦੇ ਲਈ ਕੋਈ ਵੀ ਨਿਸ਼ਚਿਤ ਉਮਰ ਸੀਮਾ ਨਹੀਂ ਰੱਖੀ ਗਈ ਹੈ।

ਇਹ ਪ੍ਰੋਗਰਾਮ ਅਮਰੀਕਾ ਦੇ ਸਾਈਬਰ ਸਕਿਉਰਿਟੀ ਦੇ ਮਾਹਿਰ ਭਾਈ ਜਸਵੀਰ ਸਿੰਘ ਗਿੱਲ ਦੀ ਕੰਪਨੀ ਦੀ ਦੇਖ-ਰੇਖ ਹੇਠ ਚੱਲਣਗੇ ਅਤੇ ਇਸ ਕੰਪਨੀ ਦੇ ਭਾਈ ਨਵਜੋਤ ਸਿੰਘ ਇਸਦੇ ਕੋ-ਆਰਡੀਨੇਟਰ ਹੋਣਗੇ।

### ਮਾਮਲਾ ਹਾਈਕੋਰਟ 'ਚ ਸਿੱਖ ਜੱਜਾਂ ਦੀ ਨਿਯੁਕਤੀ ਨਾ ਕਰਨ ਦਾ

## ਪ੍ਰਧਾਨ ਮੰਤਰੀ ਦਖ਼ਲ ਦੇ ਕੇ ਮਸਲਾ ਹੱਲ ਕਰਨ-ਸੁਖਬੀਰ ਨੇ ਮਾਮਲਾ ਉਠਾਇਆ



**ਚੰਡੀਗੜ/ਏ.ਟੀ.ਨਿਊਜ਼** :- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਵਕੀਲਾਂ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਐਡੀਸ਼ਨਲ ਜੱਜਾਂ ਵਜੋਂ ਨਿਯੁਕਤ ਕਰਨ ਸਮੇਂ ਸਿੱਖਾਂ ਨੂੰ ਸੂਚੀ ਵਿਚੋਂ ਬਾਹਰ ਰੱਖਣ ਦੇ ਮਾਮਲੇ ਵਿਚ ਦਖ਼ਲ ਦੇਣ ਅਤੇ ਸਿੱਖ ਕੌਮ ਦੀਆਂ ਭਾਵਨਾਵਾਂ ਅਨੁਸਾਰ ਮਸਲਾ ਹੱਲ ਕਰਵਾਉਣ। ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਉਨਾਂ ਨੂੰ ਭਰੋਸਾ ਹੈ ਕਿ ਤੁਹਾਨੂੰ ਇਸ ਗੱਲ 'ਤੇ ਚਿੰਤਾ ਹੋਵੇਗੀ ਕਿ ਸਿੱਖ ਕੌਮ ਦਾ ਇਕ ਵੀ ਮੈਂਬਰ ਉਨਾਂ 11 ਵਕੀਲਾਂ ਦੀ ਸੂਚੀ ਵਿਚ ਨਹੀਂ ਹੈ ਜਿਨਾਂ ਦੀ ਨਿਯੁਕਤੀ ਲਈ ਕੇਂਦਰ ਸਰਕਾਰ ਨੇ ਨੋਟੀਫ਼ਿਕੇਸ਼ਨ ਜਾਰੀ ਕੀਤਾ ਹੈ। ਉਨਾਂ ਕਿਹਾ ਕਿ ਇਸ ਨਾਲ ਉਸ ਵੇਲੇ ਬਹੁਤ ਨਿਰਾਸ਼ਾ ਹੋਈ ਹੈ ਜਦੋਂ ਸੁਪਰੀਮ ਕੋਰਟ ਵਿਚ ਵੀ ਇਕ ਵੀ ਸਿੱਖ ਜੱਜ ਨਹੀਂ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਸਿੱਖਾਂ ਤੇ ਹੋਰ ਪੰਜਾਬੀ ਨਾਮੀ ਵਕੀਲਾਂ ਦੀ ਕੋਈ ਘਾਟ ਨਹੀਂ ਹੈ ਜਿਨਾਂ ਸਮਾਜ ਵਾਸਤੇ ਵਿਲੱਖਣ ਸੇਵਾਵਾਂ ਦਿੱਤੀਆਂ ਹਨ।

### ਮਾਮਲਾ ਮਨੁੱਖੀ ਹੱਕਾਂ ਦੇ ਘਾਣ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ

## ਅਮਰੀਕਾ 'ਚ ਸੀਤਾਰਾਮਨ ਸਣੇ 11 ਭਾਰਤੀਆਂ ਖ਼ਿਲਾ.ਫ ਪਟੀਸ਼ਨ

**ਨਵੀਂ ਦਿੱਲੀ/ਏ.ਟੀ.ਨਿਊਜ਼**:- ਭਾਰਤੀ ਮੂਲ ਦੇ ਅਮਰੀਕੀ ਅਤੇ ਦੇਵਾਸ ਕੰਪਨੀ ਦੇ ਬਾਨੀ ਰਾਮਚੰਦਰਨ ਵਿਸ਼ਵਨਾਥਨ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਸਮੇਤ 11 ਭਾਰਤੀਆਂ ਖ਼ਿਲਾ.ਫ ਭ੍ਰਿਸ਼ਟਾਚਾਰ ਤੇ ਮਨੁੱਖੀ ਹੱਕਾਂ ਦੇ ਘਾਣ ਦੇ ਦੋਸ਼ ਲਾਉਂਦਿਆਂ ਆਰਥਿਕ ਤੇ ਵੀਜ਼ਾ ਪਾਬੰਦੀਆਂ ਲਗਾਉਣ ਦੀ ਮੰਗ ਕੀਤੀ ਹੈ। ਉਸ ਨੇ ਇਸ ਸਬੰਧ ਵਿਚ ਗਲੋਬਲ ਮੈਗਨਿਟਸਕੀ ਹਿਊਮਨ ਰਾਈਟਸ ਅਕਾਊਂਟਬਿਲਿਟੀ ਐਕਟ ਤਹਿਤ ਅਮਰੀਕੀ ਵਿਦੇਸ਼ ਵਿਭਾਗ ਵਿਚ ਪਟੀਸ਼ਨ ਦਾਖ਼ਲ ਕੀਤੀ ਹੈ। ਇਹ ਪਟੀਸ਼ਨ ਭਾਰਤ ਸਰਕਾਰ ਅਤੇ ਦੇਵਾਸ ਵਿਚਕਾਰ ਚੱਲ ਰਹੀ ਜੰਗ ਦਾ ਹਿੱਸਾ ਹੈ ਜਿਸ ਤਹਿਤ ਸਮਝੌਤਾ ਕਰਾਉਣ ਲਈ ਇਕ ਅਰਬ ਡਾਲਰ ਦੀ ਮੰਗ ਕੀਤੀ ਗਈ ਹੈ। ਸੀਤਾਰਾਮਨ ਤੋਂ ਇਲਾਵਾ ਐਂਟਰਿਕਸ ਦੇ ਸੀਈਓ ਰਾਕੇਸ਼ ਸ਼ਸ਼ੀਭੂਸ਼ਨ, ਸੁਪਰੀਮ ਕੋਰਟ ਦੇ ਦੋ ਜੱਜਾਂ, ਆਸ਼ੀਸ਼ ਪਾਰਿਕ (ਸੀਬੀਆਈ), ਸੰਜੇ ਕੁਮਾਰ ਮਿਸ਼ਰਾ, ਆਰ ਰਾਜੇਸ਼ ਅਤੇ ਏ ਸਦੀਕ ਮੁਹੰਮਦ ਨਾਇਜਨਾਰ (ਸਾਰੇ ਈਡੀ ਅਧਿਕਾਰੀ) ਖ਼ਿਲਾ.ਫ ਵੀ ਪਟੀਸ਼ਨ ਦਾਖ਼ਲ ਕੀਤੀ ਗਈ ਹੈ। ਐਕਟ ਅਮਰੀਕੀ ਸਰਕਾਰ ਨੂੰ ਉਨਾਂ ਵਿਦੇਸ਼ੀ ਸਰਕਾਰੀ ਅਧਿਕਾਰੀਆਂ ਅਤੇ ਆਗੂਆਂ ਖ਼ਿਲਾ.ਫ ਪਾਬੰਦੀ ਲਗਾਉਣ ਦਾ ਅਧਿਕਾਰ ਦਿੰਦਾ ਹੈ ਜੋ ਗੰਭੀਰ ਮਨੁੱਖੀ ਹੱਕਾਂ ਦੀ ਉਲੰਘਣਾ ਕਰਦੇ ਹਨ। ਅਜਿਹੇ ਆਗੂਆਂ ਦੇ ਅਸਾਸੇ ਜ਼ਬਤ ਕਰਨ ਦੇ ਨਾਲ ਉਨਾਂ ਦੇ ਅਮਰੀਕਾ 'ਚ ਦਾਖ਼ਲੇ 'ਤੇ ਪਾਬੰਦੀ ਲਗ ਸਕਦੀ ਹੈ। ਵਿੱਤ ਮੰਤਰੀ ਸੀਤਾਰਾਮਨ ਨੇ ਭਾਵੇਂ ਇਸ ਕਾਰੇ ਲਈ ਪਿਛਲੀ ਕਾਂਗਰਸ ਸਰਕਾਰ 'ਤੇ ਦੋਸ਼ ਮੜ੍ਹਿਆ ਹੈ ਅਤੇ ਕਿਹਾ ਕਿ ਕੇਂਦਰ ਕੌਮਾਂਤਰੀ ਸਾਲਸੀ ਫ਼ੈਸਲੇ ਨੂੰ ਸੁਪਰੀਮ ਕੋਰਟ ਦੇ ਫ਼ੈਸਲੇ ਦੇ ਆਧਾਰ 'ਤੇ ਚੁਣੌਤੀ ਦੇਵੇਗਾ ਜਿਸ ਨੇ ਕੌਮੀ ਕੰਪਨੀ ਲਾਅ ਟ੍ਰਿਬਿਊਨਲ ਦੇ ਹੁਕਮਾਂ ਨੂੰ ਬਹਾਲ ਰਖਦਿਆਂ ਪ੍ਰਮੋਟਰਾਂ ਨੂੰ ਕੰਪਨੀ ਸਮੇਟ ਲੈਣ ਲਈ ਆਖਿਆ ਸੀ ਕਿਉਂਕਿ ਐਂਟਰਿਕਸ ਨਾਲ ਸਮਝੌਤੇ 'ਚ ਘਪਲਾ ਹੋਇਆ ਸੀ। ਯੂਪੀਏ ਸਰਕਾਰ ਵੱਲੋਂ ਦੇਵਾਸ ਅਤੇ ਇਸਰੋ ਦੀ ਕੰਪਨੀ ਐਂਟਰਿਕਸ ਵਿਚਕਾਰ ਹੋਏ ਸੌਦੇ ਨੂੰ ਰੱਦ ਕਰਨ ਮਗਰੋਂ ਨਿਵੇਸ਼ਕਾਂ ਨੇ ਕੌਮਾਂਤਰੀ ਸਾਲਸ 'ਚ ਤਿੰਨ ਕੇਸ ਕੀਤੇ ਸਨ।

ਬਾਕੀ ਸਫ਼ਾ 31 'ਤੇ

## ਜਿਹਾਦੀਆਂ ਨੇ ਪੰਡਤ ਭਾਈਚਾਰੇ ਨਾਲ ਸੰਬੰਧਿਤ 2 ਭਰਾਵਾਂ 'ਤੇ ਗੋਲੀਆਂ ਚਲਾਈਆਂ

**ਸ੍ਰੀਨਗਰ/ਏ.ਟੀ.ਨਿਊਜ਼** :- ਦੱਖਣੀ ਕਸ਼ਮੀਰ ਦੇ ਜ਼ਿਲਾ ਸ਼ੌਪੀਆ ਵਿਚ ਅੱਤਵਾਦੀਆਂ ਨੇ ਘੱਟ ਗਿਣਤੀ ਪੰਡਤ ਭਾਈਚਾਰੇ ਨਾਲ ਸੰਬੰਧਿਤ 2 ਭਰਾਵਾਂ 'ਤੇ ਨਜ਼ਦੀਕ ਤੋਂ ਗੋਲੀਆਂ ਚਲਾਈਆਂ, ਜਿਸ ਵਿਚ ਇਕ ਭਰਾ ਦੀ ਮੌਕੇ 'ਤੇ ਮੌਤ ਹੋ ਗਈ, ਜਦਕਿ ਦੂਜਾ ਗੰਭੀਰ ਜ਼ਖ਼ਮੀ ਹੋ ਗਿਆ। ਇਸ ਤੋਂ ਪਹਿਲਾਂ ਸੋਮਵਾਰ ਬਡਗਾਮ ਦੇ ਚੌਡਰਾ ਖੇਤਰ ਦੇ ਗੋਪਾਲ ਪੋਰਾ ਪਿੰਡ ਵਿਚ ਅਜਿਹੇ ਹਮਲੇ ਵਿਚ ਕ੍ਰਿਸ਼ਨ ਕੁਮਾਰ (20) ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਸੀ ।ਪੁਲਿਸ ਮੁਤਾਬਿਕ ਸ਼ੌਪੀਆ ਦੇ ਚੋਟੀਪੋਰਾ ਪਿੰਡ ਵਿਚ ਮੇਵਾ ਬਾਗ ਵਿਚ ਕੰਮ ਕਰ ਰਹੇ 2 ਸਕੇ ਭਰਾਵਾਂ 'ਤੇ ਜਿਹਾਦੀਆਂ ਨੇ ਨਜ਼ਦੀਕ ਤੋਂ ਗੋਲੀਆਂ ਚਲਾਈਆਂ। ਜਿਸ ਵਿਚ ਸੁਨੀਲ ਕੁਮਾਰ ਮੌਕੇ 'ਤੇ ਦਮ ਤੋੜ ਗਿਆ, ਜਦਕਿ ਉਸ ਦਾ ਭਰਾ ਪਿੰਟੂ ਨਾਥ ਗੰਭੀਰ ਜ਼ਖ਼ਮੀ ਹੋ ਗਿਆ । ਉਪ ਰਾਜਪਾਲ ਮਨੋਜ ਸਿਨਹਾ ਨੇ ਫੌਜੀ ਹਸਪਤਾਲ 'ਚ ਜਾ ਕੇ ਜ਼ਖ਼ਮੀ ਪਿੰਟੂ ਦਾ ਹਾਲ-ਚਾਲ ਪੁੱਛਿਆ ਅਤੇ ਹਰ ਤਰਾਂ ਦੇ ਇਲਾਜ ਦੇਣ ਦੇ ਨਿਰਦੇਸ਼ ਦਿੱਤੇ।

# ਐੱਸਆਈ ਦੀ ਬੋਲੈਰੋ ਵਿਚ ਆਈਈਡੀ ਫਿੱਟ ਕਰ ਕੇ ਦੋਸ਼ੀ .ਫਰਾਰ

## ✪ ਪੁਲਿਸ ਨੇ ਡਿਫਿਊਜ਼ ਕੀਤਾ ਬੰਬ ✪ ਸਬ ਇੰਸਪੈਕਟਰ (ਐੱਸਆਈ) ਦਿਲਬਾ.ਗ ਸਿੰਘ ਖਾੜਕੂਆਂ ਦੀ ਹਿਟ ਲਿਸਟ ਵਿਚ

**ਅੰਮ੍ਰਿਤਸਰ** : ਸੀਆਈਏ ਸਟਾਫ ਦੇ ਸਬ ਇੰਸਪੈਕਟਰ (ਐੱਸਆਈ) ਦਿਲਬਾ.ਗ ਸਿੰਘ ਦੀ ਬੋਲੈਰੋ ਗੱਡੀ ਵਿਚ ਬੀਤੇ ਸੋਮਵਾਰ-ਮੰਗਲਵਾਰ ਦੀ ਰਾਤ ਕਰੀਬ ਦੋ ਵਜੇ ਦੇ ਕਰੀਬ ਦੋ ਨਕਾਬਪੋਸ਼ ਅਪਰਾਧੀ ਆਈਈਡੀ ਫਿੱਟ ਕਰ ਕੇ ਫ਼ਰਾਰ ਹੋ ਗਏ। ਦੋਵੇਂ ਇਕ ਬਾਈਕ 'ਤੇ ਸਵਾਰ ਹੋ ਕੇ ਆਏ ਸਨ। ਹਾਲਾਂਕਿ ਪਤਾ ਲੱਗਣ 'ਤੇ ਬੰਬ ਨਕਾਰਾ ਕਰਨ ਵਾਲੇ ਦਸਤੇ ਨੇ ਆਈਈਡੀ ਨੂੰ ਸੁਰੱਖਿਅਤ ਸਥਾਨ 'ਤੇ ਲਿਜਾ ਕੇ ਇਸ ਨੂੰ ਡਿਫਿਊਜ਼ ਕਰ ਦਿੱਤਾ। ਤੇ ਵੱਡਾ ਹਾਦਸਾ ਟਲ ਗਿਆ। ਪੂਰੀ ਘਟਨਾ ਨੇੜੇ: ਹੀ ਲੱਗੇ ਇਕ ਸੀਸੀਟੀਵੀ ਕੈਮਰੇ 'ਚ ਰਿਕਾਰਡ ਹੋ ਗਈ ਤੇ ਫੁਟੇਜ ਦੇ ਆਧਾਰ 'ਤੇ ਪੁਲਿਸ ਅਪਰਾਧੀਆਂ ਦੀ ਪਛਾਣ ਕਰ ਰਹੀ ਹੈ। ਪੰਜਾਬ ਪੁਲਿਸ ਦੇ ਸੀਆਈਏ ਸਟਾਫ ਦੇ ਸਬ-ਇੰਸਪੈਕਟਰ ਦਿਲਬਾ.ਗ ਸਿੰਘ ਅੰਮ੍ਰਿਤਸਰ ਦੇ ਰਣਜੀਤ ਐਵੇਨਿਊ ਸੀ-ਬਲਾਕ ਵਿਚ ਰਹਿੰਦੇ ਹਨ। ਮੰਗਲਵਾਰ ਸਵੇਰੇ ਮੰਗਾ ਤੇ ਉਸ ਦਾ ਸਾਥੀ ਉਨਾਂ ਦੀ ਕਾਰ ਸਾਫ ਕਰਨ ਆਏ। ਸਫ਼ਾਈ ਕਰਦਿਆਂ ਉਨਾਂ ਕਾਰ ਦੇ ਪਿਛਲੇ ਪਹੀਏ ਹੇਠਾਂ ਡੱਬੇ ਵਰਗੀ ਚੀਜ਼ ਪਈ ਦੇਖੀ, ਜਿਸ ਵਿਚੋਂ ਕੁਝ ਤਾਰਾਂ ਬਾਹਰ ਨਿਕਲੀਆਂ ਹੋਈਆਂ ਸਨ। ਉਨਾਂ ਇਸ ਦੀ ਸੂਚਨਾ ਦਿਲਬਾਗ ਸਿੰਘ ਨੂੰ ਦਿੱਤੀ। ਦਿਲਬਾਗ ਸਿੰਘ ਨੇ ਦੇਖਿਆ ਤਾਂ ਉਹ ਸਮਝ ਗਏ ਕਿ ਗੱਡੀ ਵਿਚ ਆਈਈਡੀ ਫਿੱਟ ਕੀਤੀ ਗਈ ਹੈ। ਉਨਾਂ ਇਸ ਦੀ ਜਾਣਕਾਰੀ ਫ਼ੌਰੀ ਤੌਰ 'ਤੇ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਦਿੱਤੀ।

ਪੁਲਿਸ ਟੀਮ ਨਾਲ ਮੌਕੇ 'ਤੇ ਪੁੱਜੇ ਡੀਸੀਪੀ ਮੁਖਵਿੰਦਰ ਸਿੰਘ ਨੇ ਕਿਹਾ ਕਿ ਆਈਈਡੀ ਡਿਫਿਊਜ਼ ਕਰ ਦਿੱਤੀ ਗਈ ਹੈ। ਸੀਸੀਟੀਵੀ ਕੈਮਰੇ ਵਿਚ ਦੋ ਨਕਾਬਪੋਸ਼ ਨੌਜਵਾਨ ਆਉਂਦੇ ਦਿਖਾਈ ਦਿੱਤੇ ਹਨ ਤੇ ਉਨਾਂ ਦੀ ਪਛਾਣ ਲਈ ਜਾਂਚ ਕਰਵਾਈ ਜਾ ਰਹੀ ਹੈ। ਥਾਣਾ ਰਣਜੀਤ ਐਵੇਨਿਊ ਵਿਚ ਬੇਪਛਾਣ ਨੌਜਵਾਨਾਂ ਖ਼ਿਲਾ.ਫ ਕੇਸ ਦਰਜ ਕਰ ਲਿਆ ਗਿਆ ਹੈ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਬੰਬ 15-16 ਅਗਸਤ ਦੀ ਦਰਮਿਆਨੀ ਰਾਤ ਨੂੰ ਲਗਾਇਆ ਗਿਆ ਜਦੋਂ ਸ਼ਹਿਰ ਦੇ ਚੱਪੇ-ਚੱਪੇ ਵਿਚ ਪੁਲਿਸ ਤਾਇਨਾਤ ਸੀ। ਇਸ ਦੇ ਬਾਵਜੂਦ ਸਮਾਜ ਵਿਰੋਧੀ ਅਨਸਰ ਕਾਰਵਾਈ ਨੂੰ ਅੰਜਾਮ ਦੇ ਗਏ।

**ਦਿਲਬਾਗ ਸਿੰਘ ਨੂੰ ਮਿਲ ਰਹੀਆਂ ਸਨ ਧਮਕੀਆਂ**

ਸੀਆਈਏ ਸਟਾਫ ਵਿਚ ਤਾਇਨਾਤ ਸਬ-ਇੰਸਪੈਕਟਰ ਦਿਲਬਾਗ ਸਿੰਘ ਪੰਜਾਬ ਸੰਤਾਪ ਦੇ ਦੌਰ ਵਿਚ ਪੁਲਿਸ 'ਵਿਚ ਭਰਤੀ ਹੋਏ ਸਨ। ਉਹ ਸਾਬਕਾ ਡੀਜੀਪੀ ਸੁਮੇਧ ਸੈਣੀ ਨਾਲ ਵੀ ਕੰਮ ਕਰ ਚੁੱਕੇ ਹਨ। ਉਨਾਂ ਨੇ ਆਪਣੀ ਡਿਊਟੀ ਦੌਰਾਨ ਕਈ ਖਾੜਕੂਆਂ ਨੂੰ ਫੜੀ.ਆ ਸੀ। ਦਿਲਬਾਗ ਸਿੰਘ ਦੱਸਦੇ ਹਨ ਕਿ ਉਨਾਂ ਨੂੰ ਪਿਛਲੇ ਕੁਝ ਸਮੇਂ ਤੋਂ ਧਮਕੀਆਂ ਮਿਲਦੀਆਂ ਰਹਿੰਦੀਆਂ ਸਨ। ਕੁਝ ਦਿਨ ਪਹਿਲਾਂ ਵੀ ਉਸ ਨੂੰ ਖਾਲਿਸਤਾਨੀ ਸੰਗਠਨ ਵੱਲੋਂ ਧਮਕੀ ਦਿੱਤੀ ਗਈ ਸੀ। ਉਨਾਂ ਇਸ ਬਾਰੇ ਆਪਣੇ ਉੱਚ ਅਧਿਕਾਰੀਆਂ ਨੂੰ ਵੀ ਜਾਣਕਾਰੀ ਦੇ ਦਿੱਤੀ ਸੀ।

# ਜਾਤੀ ਵਿਤਕਰੇ ਕਾਰਨ ਜ਼ੁਲਮ, ਦਲਿਤ ਬੱਚੇ ਦੀ ਮੌਤ

## ਅਧਿਆਪਕ ਨੇ ਆਪਣੇ ਘੜੇ ਵਿਚੋਂ ਪਾਣੀ ਪੀਣ ਕਾਰਨ ਕੀਤੀ ਸੀ ਕੁੱਟਮਾਰ- ਮਾਪਿਆਂ ਨੇ ਲਗਾਇਆ ਇਲਜ਼ਾਮ

**ਜਾਲੌਰ/ਏ.ਟੀ.ਨਿਊਜ਼** :- ਰਾਜਸਥਾਨ ਦੇ ਜਾਲੌਰ ਜ਼ਿਲ੍ਹੇ ਵਿੱਚ 9 ਸਾਲ ਦੇ ਇੱਕ ਦਲਿਤ ਬੱਚੇ ਦੀ ਮੌਤ ਤੋਂ ਬਾਅਦ ਪਰਿਵਾਰ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਪ੍ਰਸ਼ਾਸਨ ਦੇ ਨਾਲ ਮ੍ਰਿਤਕ ਵਿਦਿਆਰਥੀ ਦੇ ਪਰਿਵਾਰ ਦਾ ਸਮਝੌਤਾ ਹੋ ਗਿਆ ਹੈ। ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ ਪੰਜਾਹ ਲੱਖ ਮੁਆਵਜ਼ੇ ਤੋਂ ਬਾਅਦ ਸਹਿਮਤੀ ਬਣੀ ਹੈ। ਇਸ ਨਾਲ ਸਰਕਾਰ ਵੱਲੋਂ ਆਖਿਆ ਗਿਆ ਹੈ ਕਿ ਮ੍ਰਿਤਕ ਵਿਦਿਆਰਥੀ ਦੇ ਸਕੂਲ ਦੀ ਮਾਨਤਾ ਰੱਦ ਕੀਤੀ ਜਾਵੇਗੀ। ਇਸ ਤੋਂ ਬਾਅਦ ਮ੍ਰਿਤਕ ਵਿਦਿਆਰਥੀ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ ਹੈ।

ਪਰਿਵਾਰ ਦੇ ਗੰਭੀਰ ਇਲਜ਼ਾਮ

ਦਰਅਸਲ ਇਲਜ਼ਾਮ ਹਨ ਕਿ ਦਲਿਤ ਬੱਚੇ ਇੰਦਰ ਕੁਮਾਰ ਮੇਘਵਾਲ ਦੀ ਮੌਤ ਇੱਕ ਨਿੱਜੀ ਸਕੂਲ ਦੇ ਅਧਿਆਪਕ ਵੱਲੋਂ ਬੱਚੇ ਨਾਲ ਹੋਈ ਕੁੱਟਮਾਰ ਤੋਂ ਬਾਅਦ ਹੋਈ ਹੈ।ਇਸ ਕੁੱਟਮਾਰ ਦਾ ਕਥਿਤ ਕਾਰਨ ਬੱਚੇ ਵੱਲੋਂ ਅਧਿਆਪਕ ਦੇ ਲਈ ਰੱਖੇ ਗਏ ਘੜੇ ਵਿੱਚੋਂ ਪਾਣੀ ਪੀਣਾ ਦੱਸਿਆ ਗਿਆ ਹੈ।ਬੱਚੇ ਦੀ ਕੁੱਟਮਾਰ ਤੋਂ ਬਾਅਦ ਪਰਿਵਾਰ ਵੱਲੋਂ ਬੱਚੇ ਦਾ ਵੱਖ-ਵੱਖ ਹਸਪਤਾਲਾਂ ਵਿੱਚ ਤਕਰੀਬਨ 23 ਦਿਨ ਇਲਾਜ ਕਰਵਾਇਆ ਗਿਆ। ਜਿਸ ਤੋਂ ਬਾਅਦ ਸ਼ਨੀਵਾਰ 13 ਅਗਸਤ ਨੂੰ ਬੱਚੇ ਦੀ ਅਹਿਮਦਾਬਾਦ ਦੇ ਇੱਕ ਹਸਪਤਾਲ ਵਿਚ ਮੌਤ ਹੋ ਗਈ। ਜਿਸ ਅਧਿਆਪਕ ਉੱਪਰ ਇਹ ਇਲਜ਼ਾਮ ਲੱਗੇ ਹਨ, ਉਸ ਦੀ ਗ੍ਰਿਫ਼ਤਾਰੀ ਹੋ ਚੁੱਕੀ ਹੈ। ਹਾਲਾਂਕਿ ਸਥਾਨਕ ਪੁਲਿਸ ਪ੍ਰਸ਼ਾਸਨ ਮੁਤਾਬਕ ਹੁਣ ਤੱਕ ਘੜੇ ਵਿੱਚੋਂ ਪਾਣੀ ਪੀਣ ਅਤੇ ਉਸ ਕਾਰਨ ਹੋਈ ਕੁੱਟਮਾਰ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ।

**ਕੀ ਹੈ ਸਾਰਾ ਮਾਮਲਾ**

ਰਾਜਸਥਾਨ ਦੇ ਜਾਲੌਰ ਵਿਧਾਨ ਸਭਾ ਦੇ ਸਾਇਲਾ ਤਹਿਸੀਲ ਦੇ ਸਾਲਾਨਾ ਪਿੰਡ ਵਿੱਚ ਸਰਸਵਤੀ ਸਕੂਲ ਹੈ। ਇਸ ਨਿੱਜੀ ਸਕੂਲ ਦੀ ਤੀਜੀ ਜਮਾਤ ਵਿੱਚ ਹੀ 9 ਸਾਲ ਦਾ ਦਲਿਤ ਬੱਚਾ ਇੰਦਰ ਕੁਮਾਰ ਮੇਘਵਾਲ ਵਿਦਿਆਰਥੀ ਸੀ।ਇਹ ਇਲਜ਼ਾਮ ਹਨ ਕਿ ਸਕੂਲ ਦੇ ਸੰਚਾਲਕ ਅਤੇ ਅਧਿਆਪਕ ਛੈਲ ਸਿੰਘ ਨੇ 20 ਜੁਲਾਈ ਨੂੰ ਬੱਚੇ ਦੀ ਕੁੱਟਮਾਰ ਕੀਤੀ ਸੀ। ਇਸ ਕੁੱਟਮਾਰ ਤੋਂ ਬਾਅਦ ਬੱਚੇ ਦੇ ਕੰਨ ਅਤੇ ਅੱਖ ਵਿੱਚ ਸੱਟ ਵੱਜੀ।ਪੁਲਿਸ ਨੂੰ ਦਿੱਤੀ ਗਈ ਲਿਖਤੀ ਸ਼ਿਕਾਇਤ ਵਿੱਚ ਪਰਿਵਾਰ ਨੇ ਲਿਖਿਆ ਹੈ, 'ਰੋਜ਼ ਵਾਂਗ 20 ਜੁਲਾਈ ਨੂੰ ਵੀ ਸਾਡਾ ਬੱਚਾ ਸਕੂਲ ਗਿਆ ਸੀ। ਤਕਰੀਬਨ 11 ਵਜੇ ਜਦੋਂ ਉਸ ਨੂੰ ਪਿਆਸ ਲੱਗੀ ਤਾਂ ਉਸ ਨੇ ਘੜੇ ਵਿੱਚੋਂ ਪਾਣੀ ਪੀ ਲਿਆ।ਉਹ ਅਣਜਾਣ ਸੀ ਅਤੇ ਉਸ ਨੂੰ ਨਹੀਂ ਪਤਾ ਸੀ ਕਿ ਇਹ ਘੜਾ ਉੱਚੀ ਜਾਤੀ ਦੇ ਮਾਸਟਰ ਛੈਲ ਸਿੰਘ ਵਾਸਤੇ ਰੱਖਿਆ ਹੋਇਆ ਸੀ। ਛੈਲ ਸਿੰਘ ਨੇ ਬੱਚੇ ਨੂੰ ਕਿਹਾ ਕਿ ਨੀਵੀਂ ਜਾਤੀ ਦਾ ਹੋ ਕੇ ਸਾਡੇ ਘੜੇ ਵਿੱਚੋਂ ਪਾਣੀ ਕਿਉਂ ਪੀਤਾ ਅਤੇ ਫਿਰ ਉਸ ਨੂੰ ਕੁੱਟਿਆ। ਇਸ ਕੁੱਟਮਾਰ ਤੋਂ ਬਾਅਦ ਉਸ ਦੇ ਖੱਬੇ ਕੰਨ ਅਤੇ ਅੱਖ ਤੇ ਸੱਟ ਵੱਜੀ।' ਇਸ ਕੁੱਟਮਾਰ ਤੋਂ ਬਾਅਦ ਪਰਿਵਾਰ ਨੇ 23 ਦਿਨਾਂ ਤੱਕ ਬੱਚੇ ਨੂੰ ਵੱਖ-ਵੱਖ ਜਗ੍ਹਾ 'ਤੇ ਇਲਾਜ ਲਈ ਭਰਤੀ ਕਰਵਾਇਆ ਪਰ ਉਸ ਦੀ ਹਾਲਤ ਵਿੱਚ ਸੁਧਾਰ ਨਹੀਂ ਹੋਇਆ। ਇਸ ਬਾਅਦ ਵਿਦਿਆਰਥੀ ਨੂੰ ਉਦੈਪੁਰ ਦੇ ਹਸਪਤਾਲ ਤੋਂ ਅਹਿਮਦਾਬਾਦ ਭੇਜਿਆ ਗਿਆ। ਉਥੇ ਦੋ ਦਿਨ ਭਰਤੀ ਰਹਿਣ ਤੋਂ ਬਾਅਦ ਬੱਚੇ ਨੇ 13 ਅਗਸਤ ਨੂੰ ਦਮ ਤੋੜ ਦਿੱਤਾ। ਮ੍ਰਿਤਕ ਬੱਚਾ ਪਰਿਵਾਰ ਵਿੱਚ ਸਭ ਤੋਂ ਛੋਟਾ ਸੀ। 13 ਅਗਸਤ ਨੂੰ ਪੀੜਿਤ ਪਰਿਵਾਰ ਨੇ ਸਾਇਲਾ ਪੁਲਿਸ ਥਾਣੇ ਵਿੱਚ ਅਧਿਆਪਕ ਛੈਲ ਸਿੰਘ ਖਿਲਾਫ਼ ਸ਼ਿਕਾਇਤ ਕੀਤੀ। ਮ੍ਰਿਤਕ ਬੱਚੇ ਦੇ ਚਾਚਾ ਕਿਸ਼ੋਰ ਕੁਮਾਰ ਮੇਘਵਾਲ ਦੀ ਸ਼ਿਕਾਇਤ ਤੋਂ ਬਾਅਦ ਅਧਿਆਪਕ ਦੇ ਖ਼ਿਲਾਫ਼ ਗੰਭੀਰ ਧਾਰਾਵਾਂ ਲਗਾ ਕੇ ਐੱਫਆਈਆਰ ਦਰਜ ਕੀਤੀ ਗਈ ਹੈ। ਜਲੌਰ ਦੇ



ਐੱਸਪੀ ਹਰਸ਼ਵਰਧਨ ਅਗਰਵਾਲ ਨੇ ਦੱਸਿਆ, 'ਘੜੇ ਵਾਲੀ ਗੱਲ ਦੀ ਫਿਲਹਾਲ ਪੁਸ਼ਟੀ ਨਹੀਂ ਹੋਈ ਹੈ। ਮੈਂ ਸਕੂਲ ਗਿਆ ਸੀ ਅਤੇ ਉਥੇ ਕਲਾਸ ਦੇ ਬਾਹਰ ਵੱਡਾ ਟੈਂਕ ਲੱਗਿਆ ਹੋਇਆ ਹੈ।'

ਪਾਣੀ ਪੀਣ ਲਈ ਟੂਟੀਆਂ ਵੀ ਲੱਗੀਆਂ ਹਨ ਅਤੇ ਇਹ ਸਕੂਲ ਅੱਠਵੀਂ ਤੱਕ ਹੈ। ਮੈਂ ਸਕੂਲ ਦੇ ਬੱਚਿਆਂ ਤੋਂ ਵੀ ਪੁੱਛਿਆ ਪਰ ਉਨ੍ਹਾਂ ਨੇ ਕਿਹਾ ਕਿ ਘੜਾ ਨਹੀਂ ਹੈ। ਇਹ ਮਾਮਲਾ ਜਾਂਚ ਦਾ ਵਿਸ਼ਾ ਹੈ। ਅਸੀਂ ਇਸ ਦੀ ਜਾਂਚ ਕਰ ਰਹੇ ਹਾਂ। 'ਐੱਫਆਈਆਰ ਦਰਜ ਹੋਣ ਤੋਂ ਬਾਅਦ ਮੁਲਜ਼ਮ ਅਧਿਆਪਕ ਛੈਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ। ਐੱਸਪੀ ਹਰਸ਼ ਵਰਧਨ ਨੇ ਦੱਸਿਆ, 'ਛੈਲ ਸਿੰਘ ਨੇ ਹੁਣ ਤੱਕ ਦੀ ਪੁੱਛਗਿੱਛ ਵਿੱਚ ਪੁਲਿਸ ਨੂੰ ਦੱਸਿਆ ਹੈ ਕਿ ਬੱਚਾ ਕਲਾਸ ਵਿੱਚ ਸ਼ਰਾਰਤ ਕਰ ਰਿਹਾ ਸੀ। ਇਸ ਤੋਂ ਬਾਅਦ ਥੱਪੜ ਮਾਰਿਆ ਗਿਆ। ਛੈਲ ਸਿੰਘ ਵੱਲੋਂ ਪਾਣੀ ਪੀਣ ਦੇ ਕਾਰਨ ਤੋਂ ਇਨਕਾਰ ਕੀਤਾ ਗਿਆ ਹੈ।'

ਥੱਪੜ ਤੋਂ ਬਾਅਦ ਬੱਚੇ ਦੀ ਹਾਲਤ ਗੰਭੀਰ ਕਿਵੇਂ ਹੋਈ ਇਸ ਸਵਾਲ ਦੇ ਜਵਾਬ ਵਿਚ ਉਨ੍ਹਾਂ ਨੇ ਆਖਿਆ ਕਿ ਫਿਲਹਾਲ ਬੱਚੇ ਦੀ ਪੋਸਟਮਾਰਟਮ ਰਿਪੋਰਟ ਨਹੀਂ ਆਈ ਹੈ, ਰਿਪੋਰਟ ਆਉਣ ਤੋਂ ਬਾਅਦ ਹੀ ਮੌਤ ਦੇ ਕਾਰਨ ਦਾ ਪਤਾ ਲੱਗੇਗਾ।

ਬੱਚੇ ਦੀ ਮੌਤ ਬਾਅਦ ਜ਼ਿਲ੍ਹੇ ਵਿਚ ਪੁਲਿਸ ਅਲਰਟ ਹੈ। ਜਗ੍ਹਾ ਜਗ੍ਹਾ ਤੇ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ ਅਤੇ 13 ਅਗਸਤ ਰਾਤ ਅੱਠ ਵਜੇ ਤੋਂ ਬਾਅਦ ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ। ਸਮਾਜਿਕ ਸੰਗਠਨਾਂ ਨੇ ਇਸ ਘਟਨਾ ਦਾ ਵਿਰੋਧ ਕਰ ਰਹੇ ਹਨ।

**ਘਟਨਾ ਤੋਂ ਬਾਅਦ ਰਾਜਨੀਤੀ**

ਬਹੁਜਨ ਸਮਾਜ ਪਾਰਟੀ ਰਾਜਸਥਾਨ ਵਲੋਂ ਇਸ ਘਟਨਾ ਦੇ ਵਿਰੋਧ ਵਿੱਚ ਜ਼ਿਲਿਆਂ ਦੇ ਡੀਸੀਜ਼ ਨੂੰ ਮੈਮੋਰੰਡਮ ਦਿੱਤੇ ਜਾ ਰਹੇ ਹਨ। ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਵੀ ਇਸ ਘਟਨਾ ਤੇ ਦੁੱਖ ਜਤਾਇਆ ਹੈ। ਮੁੱਖ ਮੰਤਰੀ ਵੱਲੋਂ ਪੀੜਤ ਪਰਿਵਾਰ ਨੂੰ ਪੰਜ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਵੀ ਕੀਤਾ ਗਿਆ ਹੈ।ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਇਸ ਘਟਨਾ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਨੇ ਆਖਿਆ ਕਿ ਰਾਜਸਥਾਨ ਸਰਕਾਰ ਦਲਿਤਾਂ ਆਦਿਵਾਸੀਆਂ ਦੀ ਇੱਜ਼ਤ ਆਬਰੂ ਸੁਰੱਖਿਅਤ ਰੱਖਣ ਵਿੱਚ ਨਾਕਾਮ ਹੈ।

ਰਾਜਸਥਾਨ ਭਾਜਪਾ ਮੁਖੀ ਸਤੀਸ਼ ਪੂਨੀਆ ਨੇ ਆਖਿਆ ਹੈ, 'ਰਾਜਸਥਾਨ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਦਲਿਤਾਂ ਖਿਲਾਫ ਅੱਤਿਆਚਾਰ ਦੀਆਂ ਘਟਨਾਵਾਂ ਨਾਲ ਜੂਝ ਰਿਹਾ ਹੈ। ਰਾਜਸਥਾਨ ਦੇ ਗ੍ਰਹਿ ਮੰਤਰੀ ਰਾਜਿੰਦਰ ਸਿੰਘ ਯਾਦਵ ਨੇ ਵੀ ਬਿਆਨ ਕਰਕੇ ਇਸ ਘਟਨਾ ਤੇ ਦੁੱਖ ਜ਼ਾਹਿਰ ਕੀਤਾ ਹੈ। ਉਨ੍ਹਾਂ ਨੇ ਕਿਹਾ, 'ਮਨੁੱਖਤਾ ਦੇ ਨਾਮ ਤੇ ਕਲੰਕ ਇਸ ਅਧਿਆਪਕ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਈ ਜਾਵੇਗੀ।'

# ਪੰਜਾਬ ਪੁਲਿਸ ਵਲੋਂ ਨਸ਼ਿਆਂ ਵਿਰੁੱਧ ਜੰਗ ਛੇੜਨ ਦਾ ਦਾਅਵਾ

## ਇੰਸਪੈਕਟਰ ਜਨਰਲ ਆਫ ਪੁਲਿਸ ਅਨੁਸਾਰ 1980 ਅਤੇ 1990 ਦੇ ਦਹਾਕੇ ਤੋਂ ਫਰਾਰ ਭਗੌੜਿਆਂ ਨੂੰ ਕੀਤਾ ਕਾਬੂ

**ਚੰਡੀਗੜ੍ਹ/ਏ.ਟੀ.ਨਿਊਜ਼** :- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਐਨ.ਡੀ.ਪੀ.ਐਸ ਐਕਟ ਦੇ ਕੇਸਾਂ ਵਿੱਚ ਭਗੌੜੇ ਅਪਰਾਧੀਆਂ ਨੂੰ ਗ੍ਰਿਫਤਾਰ ਕਰਨ ਲਈ ਸ਼ੁਰੂ ਕੀਤੀ ਗਈ ਵਿਸ਼ੇਸ਼ ਮੁਹਿੰਮ 7ਵੇਂ ਹਫ਼ਤੇ ਵਿੱਚ ਦਾਖਲ ਹੋਣ ਨਾਲ ਇਸ ਮੁਹਿੰਮ ਤਹਿਤ ਪੰਜਾਬ ਪੁਲਿਸ ਵੱਲੋਂ ਪਿਛਲੇ ਹਫ਼ਤੇ ਦੌਰਾਨ ਅਜਿਹੇ 45 ਭਗੌੜਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਸ ਨਾਲ ਭਗੌੜਿਆਂ ਦੀਆਂ ਹਫ਼ਤਾਵਾਰੀ ਗ੍ਰਿਫ਼ਤਾਰੀਆਂ ਵਿੱਚ ਕਾਫ਼ੀ ਵਾਧਾ ਹੋਇਆ ਹੈ। ਦੱਸਣਯੋਗ ਹੈ ਕਿ 5 ਜੁਲਾਈ, 2022 ਤੋਂ ਹੁਣ ਤੱਕ ਐਨ.ਡੀ.ਪੀ.ਐਸ ਐਕਟ ਦੇ ਕੇਸਾਂ ਵਿੱਚ ਕੁੱਲ 186 ਭਗੌੜੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨਾਂ ਵਿੱਚੋਂ 46 ਅਪਰਾਧੀ ਸੂਬੇ ਤੋਂ ਬਾਹਰੋਂ ਕਾਬੂ ਕੀਤੇ ਗਏ ਹਨ।

ਇਸ ਸਬੰਧੀ ਹੋਰ ਵੇਰਵੇ ਦਿੰਦਿਆਂ ਇੰਸਪੈਕਟਰ ਜਨਰਲ ਆਫ ਪੁਲਿਸ (ਆਈਜੀਪੀ) ਹੈੱਡਕੁਆਰਟਰ ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਐਨਡੀਪੀਐਸ ਐਕਟ ਤਹਿਤ ਉਨ੍ਹਾਂ ਭਗੌੜਿਆਂ ਨੂੰ ਵੀ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ, ਜੋ 1980 ਅਤੇ 1990 ਦੇ ਦਹਾਕੇ ਤੋਂ ਗ੍ਰਿਫਤਾਰੀ ਤੋਂ ਬਚ ਰਹੇ ਸਨ।

ਉਨ੍ਹਾਂ ਉਦਾਹਰਣਾਂ ਦਿੰਦਿਆਂ ਦੱਸਿਆ ਕਿ ਗੁਰਦੀਪ ਸਿੰਘ ਉਰਫ਼ ਕਾਕੂ ਵਾਸੀ ਕੋਟਲਾ ਹੁਸ਼ਿਆਰਪੁਰ, ਜਿਸ ਨੂੰ ਨਵੰਬਰ 1985 ਵਿੱਚ ਭਗੌੜਾ ਐਲਾਨਿਆ ਗਿਆ ਸੀ, ਨੂੰ ਲੁਧਿਆਣਾ ਕਮਿਸ਼ਨਰੇਟ ਪੁਲਿਸ ਨੇ, 1988 ਤੋਂ ਭਗੌੜੇ ਅਮਰਜੀਤ ਸਿੰਘ ਨੂੰ ਫਤਹਿਗੜ੍ਹ ਸਾਹਿਬ ਪੁਲਿਸ ਨੇ ਅਤੇ 1989 ਵਿੱਚ ਭਗੌੜਾ ਐਲਾਨੇ ਗਏ ਮਹਿੰਦਰ ਸਿੰਘ ਵਾਸੀ ਡਬਲਖੇੜੀ, ਹਰਿਆਣਾ ਨੂੰ ਸੰਗਰੂਰ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸੇ ਤਰਾਂ, 1990 ਦੇ ਦਹਾਕੇ ਤੋਂ ਫਰਾਰ ਘੱਟੋ-ਘੱਟ ਤਿੰਨ ਭਗੌੜਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਨਸ਼ਿਆਂ ਬਾਰੇ ਹਫਤਾਵਾਰੀ ਅਪਡੇਟ ਦਿੰਦਿਆਂ ਆਈਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਸੂਬੇ ਭਰ ਵਿੱਚ ਪਿਛਲੇ ਹਫ਼ਤੇ ਦੌਰਾਨ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟਾਂਸਿਜ਼ (ਐਨਡੀਪੀਐਸ) ਐਕਟ ਤਹਿਤ 251 ਐਫਆਈਆਰਜ਼, ਜਿਨ੍ਹਾਂ ਵਿੱਚ 22 ਵਪਾਰਕ ਮਾਮਲੇ ਵੀ ਸ਼ਾਮਲ ਹਨ ਦਰਜ ਕਰਕੇ 335 ਨਸ਼ਾ ਤਸਕਰਾਂ/ਸਪਲਾਇਅਰਾਂ ਨੂੰ ਗ੍ਰਿਫਤਾਰ ਕੀਤਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਸੂਬੇ ਭਰ ਵਿੱਚ ਸੰਵੇਦਨਸ਼ੀਲ ਰਸਤਿਆਂ 'ਤੇ ਨਾਕੇ ਲਗਾਉਣ ਦੇ ਨਾਲ-ਨਾਲ ਨਸ਼ਾ ਪ੍ਰਭਾਵਿਤ ਖੇਤਰਾਂ ਵਿੱਚ ਘੇਰਾਬੰਦੀ ਕਰਕੇ 9.76 ਕਿਲੋ ਹੈਰੋਇਨ, 8.68 ਕਿਲੋ ਅਫੀਮ, 11.56 ਕਿਲੋ ਗਾਂਜਾ, 9 ਕੁਇੰਟਲ ਭੁੱਕੀ, 40 ਹਜ਼ਾਰ ਗੋਲੀਆਂ/ਕੈਪਸੂਲ/ ਟੀਕੇ/ਫਾਰਮਾ ਓਪੀਓਡਜ਼ ਦੀਆਂ ਸ਼ੀਸ਼ੀਆਂ ਬਰਾਮਦ ਕਰਨ ਤੋਂ ਇਲਾਵਾ 40.50 ਲੱਖ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ।

ਆਈਜੀਪੀ ਸੁਖਚੈਨ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਪੁਲਿਸ ਨਸ਼ਾ ਤਸਕਰਾਂ/ਸਪਲਾਇਰਾਂ 'ਤੇ ਸ਼ਿਕੰਜਾ ਕੱਸਣ ਦੇ ਨਾਲ-ਨਾਲ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਹਰ ਸੰਭਵ ਯਤਨ ਕਰ ਰਹੀ ਹੈ ਅਤੇ ਪਹਿਲਾਂ ਹੀ ਨਸ਼ਿਆਂ ਦੇ ਸ਼ਿਕਾਰ ਹੋ ਚੁੱਕੇ ਨੌਜਵਾਨਾਂ ਦੇ ਮੁੜ ਵਸੇਬੇ ਲਈ ਵੀ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਾਰੇ ਸੀ.ਪੀਜ਼./ਐਸ.ਐਸ.ਪੀਜ਼ ਵੱਲੋਂ ਆਪੋ-ਆਪਣੇ ਜ਼ਿਲਿਆਂ ਵਿੱਚ ਨਸ਼ਿਆਂ ਵਿਰੁੱਧ ਜਨਤਕ ਮੀਟਿੰਗਾਂ, ਨਸ਼ਾ ਪ੍ਰਭਾਵਿਤ ਪਿੰਡਾਂ ਦਾ ਦੌਰਾ, ਸੈਮੀਨਾਰ, ਵਿਧਾਇਕਾਂ, ਸਰਪੰਚਾਂ ਅਤੇ ਕੌਂਸਲਰਾਂ ਨਾਲ ਸਾਂਝੀ ਮੀਟਿੰਗਾਂ ਕਰਨ ਤੋਂ ਇਲਾਵਾ ਗੈਰ-ਸਰਕਾਰੀ ਸੰਸਥਾਵਾਂ ਅਤੇ ਯੂਥ ਕਲੱਬਾਂ ਨੂੰ ਸ਼ਾਮਲ ਕਰਨ ਸਮੇਤ ਵੱਖ-ਵੱਖ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਸਕੇ। ਪੁਲਿਸ ਮੁਖੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਫੜੇ ਗਏ ਸਾਰੇ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕੀਤੀ ਜਾਵੇ ਤਾਂ ਜੋ ਉਨ੍ਹਾਂ ਤੋਂ ਨਜਾਇਜ਼ ਰਾਸ਼ੀ ਬਰਾਮਦ ਕੀਤੀ ਜਾ ਸਕੇ।

## ਗੁਜਰਾਤ ਦੀ ਡਰੱਗ ਫੈਕਟਰੀ ਵਿਚੋਂ 1000 ਕਰੋੜ ਦਾ ਨਸ਼ੀਲਾ ਪਦਾਰਥ ਜਬਤ

ਮੁੰਬਈ ਪੁਲਿਸ ਨੇ ਗੁਜਰਾਤ ਵਿਚ ਇਕ ਡਰੱਗ ਫੈਕਟਰੀ ਦਾ ਪਰਦਾਫਾਸ਼ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ 10 ਦਿਨਾਂ ਵਿਚ ਇਕ ਹੋਰ ਵੱਡੀ ਸਫਲਤਾ ਹਾਸਲ ਹੋਈ। ਮੁੰਬਈ ਪੁਲਿਸ ਨੇ ਦੱਖਣੀ ਗੁਜਰਾਤ ਦੇ ਅੰਕਲੇਸ਼ਵਰ ਵਿਚ ਇਕ ਡਰੱਗ ਫੈਕਟਰੀ ਦਾ ਪਰਦਾਫਾਸ਼ ਕਰਦੇ ਹੋਏ 1026 ਕਰੋੜ ਰੁਪਏ ਦਾ ਮੇਫੇਡਰੋਨ (ਨਸ਼ੀਲਾ ਪਦਾਰਥ) ਜ਼ਬਤ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਫੈਕਟਰੀ ਦਾ ਮਾਲਕ ਵੀ ਇਸ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਸ ਨੇ ਕਮਿਸਟਰੀ ਵਿਚ ਡਿਗਰੀ ਪ੍ਰਾਪਤ ਕੀਤੀ ਹੋਈ ਹੈ । ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਦੇ ਵਰਲੀ ਯੂਨਿਟ ਦੇ ਐਂਟੀ ਨਾਰਕੋਟਿਕਸ ਸੈਲ (ਏ.ਐਨ.ਸੀ.) ਨੇ 13 ਅਗਸਤ ਨੂੰ ਛਾਪੇਮਾਰੀ ਕਰਕੇ 513 ਕਿਲੋ ਮੇਫੇਡਰੋਨ ਜ਼ਬਤ ਕਰਦੇ ਹੋਏ ਫੈਕਟਰੀ ਮਾਲਕ ਗਿਰੀਰਾਜ ਦਿਕਸ਼ਿਤ ਨੂੰ ਫੜਿਆ, ਜਿਸ ਨੇ ਕਮਿਸਟਰੀ ਵਿਚ ਮਾਸਟਰ ਦੀ ਡਿਗਰੀ ਕੀਤੀ ਹੋਈ ਹੈ।ਇਸ ਤੋਂ ਪਹਿਲਾਂ 3 ਅਗਸਤ ਨੂੰ ਗੁਜਰਾਤ ਦੀ ਸਰਹੱਦ ਨਾਲ ਲੱਗਦੇ ਪਾਲਘਰ ਜ਼ਿਲੇ ਦੇ ਨਾਲਾਸੋਪਾਰਾ ਸ਼ਹਿਰ ਤੋਂ 1400 ਕਰੋੜ ਰੁਪਏ ਦੀ ਡਰੱਗ ਜ਼ਬਤ ਕੀਤੀ ਗਈ ਸੀ ਅਤੇ 6 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਤੋਂ ਕੀਤੀ ਪੁੱਛਗਿੱਛ ਤੋਂ ਬਾਅਦ ਪੁਲਿਸ ਨੇ ਦਿਕਸ਼ਿਤ ਦੀ ਫੈਕਟਰੀ ਵਿਚੋਂ ਡਰੱਗ ਬਰਾਮਦ ਕੀਤੀ।

## ਡਰੱਗ ਦੇ ਮਾਮਲੇ ਵਿਚ ਐਨ.ਆਈ.ਏ. ਨੇ ਰਾਮਪੁਰਾ ਫੂਲ ਦੇ ਚਾਹ ਵਪਾਰੀ ਨੂੰ ਲਿਆ ਹਿਰਾਸਤ ਵਿਚ

ਰਾਮਪੁਰਾ ਫੂਲ : ਅੰਤਰ-ਰਾਸ਼ਟਰੀ ਨਸ਼ਾ ਤਸਕਰੀ ਦੇ ਮਾਮਲੇ ਵਿਚ ਕੇਂਦਰੀ ਜਾਂਚ ਏਜੰਸੀ (ਐਨ.ਆਈ.ਏ) ਨੇ ਰਾਮਪੁਰਾ ਫੂਲ ਦੇ ਚਾਹ ਵਪਾਰੀ ਨੂੰ ਹਿਰਾਸਤ 'ਚ ਲਿਆ ਹੈ। ਮਾਮਲਾ ਗੁਜਰਾਤ ਦੀ ਮੁਦਰਾ ਬੰਦਰਗਾਹ ਤੋਂ ਫੜੀ 3 ਹਜ਼ਾਰ ਕਿਲੋਗ੍ਰਾਮ ਹੈਰੋਇਨ ਨਾਲ ਜੁੜਿਆ ਦੱਸਿਆ ਜਾ ਰਿਹਾ ਹੈ। ਐਨ.ਆਈ.ਏ ਵਲੋਂ ਰਾਮਪੁਰਾ ਫੂਲ ਵਿਚ ਬੀਤੇ ਦਿਨੀਂ ਦਿੱਤੀ ਦਸਤਕ ਨੇ ਖੁਫ਼ੀਆ ਏਜੰਸੀਆਂ ਸਮੇਤ ਲੋਕਾਂ ਨੂੰ ਹੈਰਾਨ ਕਰਕੇ ਰੱਖ ਦਿੱਤਾ ਹੈ ਕਿ ਚਾਹ ਦਾ ਵਪਾਰ ਕਰਨ ਵਾਲਾ ਅਸਫ਼ਲ ਵਪਾਰੀ ਨਸ਼ੇ ਦੇ ਐਡੇ ਵੱਡੇ ਕਾਰੋਬਾਰ ਨਾਲ ਜੁੜਿਆ ਹੋਇਆ ਹੈ। ਜਾਣਕਾਰੀ ਅਨੁਸਾਰ ਸਟੇਟ ਸਪੈਸ਼ਲ ਅਪਰੇਸ਼ਨ ਸੈੱਲ ਨੇ ਦਿੱਲੀ ਦੇ ਇਕ ਵਿਅਕਤੀ ਪੰਕਜ ਵੈਦ ਸਮੇਤ ਚਾਰ ਵਿਅਕਤੀਆਂ ਹਰਪਿੰਦਰ ਕੁਮਾਰ ਵਾਸੀ ਰਾਮਪੁਰਾ ਫੂਲ (ਬਠਿੰਡਾ), ਮਨਪ੍ਰੀਤ ਸਿੰਘ ਵਾਸੀ ਸੁਲਤਾਨਵਿੰਡ, ਸੁਰਿੰਦਰ ਸਿੰਘ ਵਾਸੀ ਤੇਗਾ ਸਿੰਘ ਵਾਲਾ (ਫ਼ਿਰੋਜ਼ਪੁਰ) ਸਮੇਤ ਅਣਪਛਾਤੇ ਵਿਅਕਤੀਆਂ ਖਿਲਾਫ਼ ਮੁਕੱਦਮਾ ਦਰਜ ਕੀਤਾ ਗਿਆ ਸੀ। ਇਕ ਸੀਨੀਅਰ ਅਧਿਕਾਰੀ ਦੇ ਦੱਸਣ ਅਨੁਸਾਰ ਕਾਬੂ ਕੀਤਾ ਗਿਆ ਹਰਪਿੰਦਰ ਕੁਮਾਰ ਵਾਸੀ ਰਾਮਪੁਰਾ ਫੂਲ ਨਸ਼ੇ ਦੀ ਖੇਪ ਨੂੰ ਮੰਜ਼ਿਲ 'ਤੇ ਪਹੁੰਚਾਉਂਦਾ ਸੀ। ਜਾਣਕਾਰੀ ਅਨੁਸਾਰ ਮੁਦਰਾ ਬੰਦਰਗਾਹ ਤੋਂ ਫੜੀ ਗਈ ਨਸ਼ੀਲੇ ਪ੍ਰਦਾਰਥਾਂ ਦੀ ਖੇਪ ਦੀ ਜਾਂਚ ਐਨ.ਆਈ.ਏ. ਦੁਆਰਾ ਕੀਤੀ ਜਾ ਰਹੀ ਹੈ ।ਡੀ. ਐਸ. ਪੀ. ਫੂਲ ਆਸਵੰਤ ਸਿੰਘ ਧਾਲੀਵਾਲ ਨਾਲ ਉਕਤ ਮਾਮਲੇ ਸੰਬੰਧੀ ਗੱਲ ਕੀਤੀ ਗਈ ਤਾਂ ਉਨ੍ਹਾਂ ਉਕਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਰਾਸ਼ਟਰੀ ਜਾਂਚ ਏਜੰਸੀ ਵਲੋਂ ਹਰਪਿੰਦਰ ਕੁਮਾਰ ਗਾਂਧੀਨਗਰ ਰਾਮਪੁਰਾ ਫੂਲ ਨੂੰ ਹਿਰਾਸਤ ਵਿਚ ਲਿਆ ਗਿਆ ਹੈ ।

# ਘਰ-ਘਰ ਤਿਰੰਗਾ ਮੋਦੀ ਮੁਹਿੰਮ ਦੌਰਾਨ ਪੰਜਾਬ ਵਿਚ ਝੁਲਾਏ ਗਏ ਖਾਲਸਾ ਜੀ ਦੇ ਨਿਸ਼ਾਨ ਸਾਹਿਬ

## ✪ ਦਲ ਖ਼ਾਲਸਾ, ਅਕਾਲੀ ਦਲ (ਅ) ਤੇ ਵਾਰਿਸ ਪੰਜਾਬ ਦੀ ਅਗਵਾਈ ਹੇਠ ਪੂਰੇ ਪੰਜਾਬ ਵਿਚ ਵਿਸ਼ਾਲ ਨਿਸ਼ਾਨ ਸਾਹਿਬ ਮਾਰਚ ਕੱਢੇ ✪ 1947 ਦੀ ਵੰਡ ਦਾ ਸਭ ਤੋਂ ਵੱਧ ਸੰਤਾਪ ਪੰਜਾਬ ਨੂੰ ਭੋਗਣਾ ਪਿਆ : ਕੰਵਰਪਾਲ ਸਿੰਘ ✪ ਇੰਦੌਰ ਦੇ ਗੁਰਦੁਆਰਾ ਇਮਲੀ ਸਾਹਿਬ ਵਿਖੇ ਤਿਰੰਗੇ ਲਹਿਰਾਉਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਤਾੜਨਾ

ਭਾਰਤ ਦੇ 75ਵੇਂ ਸੁਤੰਤਰਤਾ ਦਿਵਸ ਦੇ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 'ਹਰ ਘਰ ਤਿਰੰਗਾ' ਮੁਹਿੰਮ ਦੀ ਅਪੀਲ ਕੀਤੀ ਸੀ।ਪ੍ਰਧਾਨ ਮੰਤਰੀ ਵੱਲੋਂ ਆਖਿਆ ਗਿਆ ਸੀ ਕਿ 13-15 ਅਗਸਤ ਦੌਰਾਨ ਵਿੱਚ ਭਾਰਤ ਦੇ ਹਰ ਘਰ ਉੱਪਰ ਤਿਰੰਗਾ ਲਹਿਰਾਇਆ ਜਾਵੇ। ਪ੍ਰਧਾਨ ਮੰਤਰੀ ਦੀ ਅਪੀਲ ਦੇ ਉਲਟ 13 ਅਗਸਤ ਨੂੰ ਅੰਮ੍ਰਿਤਸਰ ਵਿਖੇ ਦਲ ਖ਼ਾਲਸਾ ਵੱਲੋਂ ਆਪਣੇ ਦਫ਼ਤਰ ਉਪਰ ਖ਼ਾਲਸਾਈ ਝੰਡਾ ਝੁਲਾਇਆ ਗਿਆ ਸੀ। ਵਾਰਸ ਪੰਜਾਬ ਦੇ ਜਥੇਬੰਦੀ ਨੇ ਪੰਜਾਬ ਵਿਚ ਵੱਖ-ਵੱਖ ਥਾਵਾਂ ਉਪਰ ਮਾਰਚ ਕੱਢੇ ਗਏ। ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਵੀ ਅਪੀਲ ਕੀਤੀ ਸੀ ਕਿ ਪੰਜਾਬ ਦੇ ਲੋਕ 14-15 ਅਗਸਤ ਨੂੰ ਆਪਣੇ ਘਰਾਂ ਉਪਰ ਨਿਸ਼ਾਨ ਸਾਹਿਬ ਝੁਲਾਉਣ। ਪੂਰੇ ਮੁਲਕ ਤੋਂ ਪੰਜਾਬ ਦਾ ਮਾਹੌਲ ਅਲੱਗ ਕਿਸਮ ਦਾ ਦਿਖ ਰਿਹਾ ਹੈ। ਸਿੱਖਾਂ ਦੇ ਘਰਾਂ ਵਿਚ ਖਾਲਸਈ ਨਿਸ਼ਾਨ ਸਾਹਿਬ ਝੁਲ ਰਹੇ ਹਨ। ਭਾਵੇਂ ਕਿ ਭਾਜਪਾ, ਕਾਂਗਰਸ ਅਤੇ ਆਮ ਆਦਮੀ ਪਾਰਟੀ ਨਾਲ ਸਬੰਧਤ ਲੋਕ ਤਿਰੰਗੇ ਝੰਡੇ ਵੀ ਘਰਾਂ ਅਤੇ ਦੁਕਾਨਾਂ ਉੱਤੇ ਲਗਾ ਰਹੇ



ਦਲ ਖ਼ਾਲਸਾ ਜਥੇਬੰਦੀ ਦੇ ਮੁੱਖ ਦਫ਼ਤਰ ਵਿਖੇ ਖ਼ਾਲਸਾਈ ਝੰਡੇ ਨੂੰ ਸਲਾਮੀ ਦਿੰਦੇ ਹੋਏ ਕੰਵਰਪਾਲ ਸਿੰਘ, ਪਰਮਜੀਤ ਸਿੰਘ ਟਾਂਡਾ ਤੇ ਹੋਰ ਨੌਜਵਾਨ। ਤਸਵੀਰ : [illegible]

ਹਨ, ਪਰ ਸਿੱਖ ਸੰਗਠਨਾਂ ਨਾਲ ਸਬੰਧਤ ਲੋਕ ਖਾਸਕਰ ਪਿੰਡਾਂ ਵਿਚ ਲੋਕ ਖਾਲਸਈ ਨਿਸ਼ਾਨ ਲਗਾਏ ਹਨ। ਦਲ ਖਾਲਸਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਕਈ ਹੋਰ ਸਿੱਖ ਜਥੇਬੰਦੀਆਂ ਖਾਲਸਾਈ ਨਿਸ਼ਾਨ ਝੁਲਾਉਣ ਲਈ ਬਕਾਇਦਾ ਮੁਹਿੰਮ ਵੀ ਚਲਾਈ ਸੀ। ਅੰਮ੍ਰਿਤਸਰ, ਬਠਿੰਡਾ, ਫਤਿਹਗੜ ਸਾਹਿਬ ਅਤੇ ਜਲੰਧਰ ਸਣੇ ਕਈ ਥਾਵਾਂ ਉੱਤੇ ਕੇਸਰੀ ਤੇ ਖਾਲਸਾਈ ਝੰਡੇ ਝੁਲਾਉਣ ਲਈ ਛੋਟੇ-ਛੋਟੇ ਸਮਾਗਮ ਵੀ ਕੀਤੇ ਗਏ ਹਨ।

ਅੰਮ੍ਰਿਤਸਰ ਵਿਖੇ ਦਲ ਖ਼ਾਲਸਾ ਪਾਰਟੀ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਅਤੇ ਕਿਸਾਨੀ ਅੰਦੋਲਨ ਦੌਰਾਨ ਲਾਲ ਕਿਲੇ 'ਤੇ ਖ਼ਾਲਸਾਈ ਝੰਡਾ ਝੁਲਾਉਣ ਵਾਲੇ ਜੁਗਰਾਜ ਸਿੰਘ ਵਾਂ ਨੇ ਪੰਜ ਨੌਜਵਾਨਾਂ ਗੁਰਨਾਮ ਸਿੰਘ, ਗੁਰਪ੍ਰੀਤ ਸਿੰਘ, ਪਰਮਜੀਤ ਸਿੰਘ, ਪ੍ਰਭਜੀਤ ਸਿੰਘ ਖਾਲਸਾ ਅਤੇ ਸਤਿੰਦਰਪਾਲ ਸਿੰਘ ਸਮੇਤ ਖ਼ਾਲਸਾਈ ਝੰਡਾ ਲਹਿਰਾਇਆ ਤੇ ਝੰਡੇ ਨੂੰ ਸ੍ਰੀ ਸਾਹਿਬਾਂ ਨਾਲ ਸਲਾਮੀ ਦਿੰਦਿਆਂ ਸ਼ਬਦ ਦਾ ਗਾਇਣ ਕੀਤਾ ਗਿਆ। ਦਲ ਖ਼ਾਲਸਾ ਦੇ ਸੀਨੀਅਰ ਆਗੂ ਕੰਵਰਪਾਲ ਸਿੰਘ, ਸਕੱਤਰ ਪਰਮਜੀਤ ਸਿੰਘ ਟਾਂਡਾ ਅਤੇ ਜਥੇਬੰਦਕ ਸਕੱਤਰ ਰਣਵੀਰ ਸਿੰਘ ਨੇ ਕਿਹਾ ਕਿ 14 ਅਗਸਤ 1947 ਨੂੰ ਮੁਸਲਮਾਨਾਂ ਨੂੰ ਪਾਕਿਸਤਾਨ ਮਿਲ ਗਿਆ ਅਤੇ 15 ਅਗਸਤ ਨੂੰ ਹਿੰਦੂਆਂ ਨੂੰ ਹਿੰਦੁਸਤਾਨ, ਪਰ ਸਿੱਖ ਇੱਕ ਗੁਲਾਮੀ ਤੋਂ ਬਾਅਦ ਦੂਸਰੀ ਗੁਲਾਮੀ ਵਿਚ ਫਸ ਗਏ ਅਤੇ ਉਦੋਂ ਤੋਂ ਹੀ ਆਪਣੇ ਰਾਜ-ਭਾਗ ਲਈ ਜੱਦੋ-ਜਹਿਦ ਕਰ ਰਹੇ ਹਨ। ਉਨਾਂ ਕਿਹਾ ਕਿ 1947 ਦੀ ਵੰਡ ਦਾ ਸਭ ਤੋਂ ਵੱਧ ਸੰਤਾਪ ਪੰਜਾਬ ਦੇ ਲੋਕਾਂ ਨੂੰ ਹੀ ਭੋਗਣਾ ਪਿਆ। ਉਨਾਂ ਕਿਹਾ ਕਿ ਦਲ ਖ਼ਾਲਸਾ ਵਲੋਂ ਅਕਾਲੀ ਦਲ ਅੰਮ੍ਰਿਤਸਰ ਦੇ ਸਹਿਯੋਗ ਨਾਲ 14 ਨੂੰ ਜਲੰਧਰ ਅਤੇ 15 ਅਗਸਤ ਨੂੰ ਮੋਗਾ ਵਿਖੇ ਪੰਜਾਬ ਦੀ ਪ੍ਰਭੁਸੱਤਾ ਲਈ ਮਾਰਚ ਕੱਢੇ ਜਾਣਗੇ।




ਜਲੰਧਰ 'ਚ ਵਿਸ਼ਾਲ ਮਾਰਚ ਦੀ ਅਗਵਾਈ ਕਰਦੇ ਹੋਏ ਹਰਪਾਲ ਸਿੰਘ ਚੀਮਾ, ਪਰਮਜੀਤ ਸਿੰਘ ਮੰਡ, ਪ੍ਰੋ: ਮਹਿੰਦਰਪਾਲ ਸਿੰਘ, ਜਸਕਰਨ ਸਿੰਘ ਕਾਹਨਸਿੰਘਵਾਲਾ, ਰਜਿੰਦਰ ਰਾਣਾ, ਜਗਜੀਤ ਸਿੰਘ ਗਾਬਾ ਤੇ ਹੋਰ। ਤਸਵੀਰ: ਜੀ. ਪੀ. ਸਿੰਘ

ਅੰਮ੍ਰਿਤਸਰ ਵਿਖੇ ਖ਼ਾਲਸਈ ਝੰਡਾ ਝੁਲਾਉਣ ਤੋਂ ਬਾਅਦ ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਬਿੱਟੂ ਨੇ ਆਖਿਆ, 'ਅਸੀਂ ਮੋਦੀ ਦੀ ਅਪੀਲ ਨੂੰ ਨਾਕਾਰਦੇ ਹਾਂ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਵੱਲੋਂ ਥਾਲੀਆਂ ਖੜਕਾਉਣ ਅਤੇ ਬੱਤੀਆਂ ਬੰਦ ਕਰਨ ਦੀ ਅਪੀਲ ਕੀਤੀ ਸੀ। ਅਸੀਂ ਉਸ ਨੂੰ ਵੀ ਨਕਾਰਿਆ ਸੀ ਅਤੇ ਅਸੀਂ ਇਸ ਨੂੰ ਵੀ ਨਕਾਰ ਰਹੇ ਹਾਂ। ਉਨਾਂ ਨੇ ਕਿਹਾ, 'ਸਾਡੀ ਵਫ਼ਾਦਾਰੀ ਸਿੱਖ



ਸਿਧਾਂਤਾਂ ਪ੍ਰਤੀ ਹੈ। ਭਾਰਤੀ ਰਾਸ਼ਟਰਵਾਦ ਤੋਂ ਆਪਣੇ ਆਪ ਨੂੰ ਵੱਖ ਰੱਖਦੇ ਹਾਂ। ਅਜ਼ਾਦੀ ਦੇ ਮੌਕੇ ਅਣਮਨੁੱਖੀ ਕਤਲੋ-ਗਾਰਦ ਹੋਈ ਸੀ। ਇਹ ਸਮਾਂ ਖ਼ੁਸ਼ੀਆਂ ਮਨਾਉਣ ਦਾ ਨਹੀਂ ਹੈ। ਨਾ ਸਿੱਖਾਂ ਨੂੰ 84, ਨਾ ਬਰਗਾੜੀ ਦਾ ਇਨਸਾਫ਼ ਮਿਲਿਆ ਹੈ।'

ਵੱਖ-ਵੱਖ ਸਿੱਖ ਜਥੇਬੰਦੀਆਂ ਤੇ ਹੋਰ ਘੱਟ ਗਿਣਤੀ ਸੰਗਠਨਾਂ ਵਲੋਂ ਕਾਨਫਰੰਸ ਤੋਂ ਬਾਅਦ ਗੁਰਦੁਆਰਾ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਨਗਰ ਤੋਂ ਕੇਂਦਰ ਸਰਕਾਰ ਦੀਆਂ ਨੀਤੀਆਂ ਖਿਲਾਫ ਵਿਸ਼ਾਲ ਮਾਰਚ ਕੱਢਿਆ ਗਿਆ।

ਬਾਕੀ ਸਫ਼ਾ 30 'ਤੇ

## ਨਿਸ਼ਾਨ ਸਾਹਿਬ ਦਾ ਇਤਿਹਾਸ



ਨਿਸ਼ਾਨ ਸਾਹਿਬ ਅਸਲ ਵਿੱਚ ਸਿੱਖ ਧਰਮ ਦੀ ਅਜ਼ਾਦਾਨਾ ਹਸਤੀ ਦਾ ਪ੍ਰਤੀਕ ਹੈ। ਇਹ ਧਾਰਮਿਕ ਚਿੰਨ ਹੈ ਅਤੇ ਹਰ ਗੁਰਦਆਰਾ ਸਾਹਿਬ ਜਾਂ ਸਿੱਖ ਇਤਿਹਾਸ ਨਾਲ ਜੁੜੀਆਂ ਥਾਵਾਂ ਉੱਤੇ ਸਥਾਪਿਤ ਹੁੰਦਾ ਹੈ।ਸਿੱਖ ਧਰਮ ਵਿੱਚ ਨਿਸ਼ਾਨ ਸਾਹਿਬ ਦੀ ਸਥਾਪਨਾ ਪਹਿਲੀ ਵਾਰ ਸਿਖ ਧਰਮ ਦੇ ਛੇਵੇਂ ਗੁਰੂ ਸਾਹਿਬ ਨੇ ਉਸ ਵੇਲੇ ਕੀਤੀ ਜਦੋਂ ਜਹਾਂਗੀਰ ਦੇ ਹੁਕਮ ਨਾਲ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਸ਼ਹਿਰ ਵਿੱਚ ਸ਼ਹੀਦ ਕੀਤਾ ਗਿਆ ਸੀ। ਸਿੱਖ ਰਵਾਇਤ ਅਨੁਸਾਰ ਪੰਜਵੇਂ ਗੁਰੂ ਨੇ ਬਾਲ ਹਰਗੋਬਿੰਦ ਨੂੰ ਸੁਨੇਹਾ ਭੇਜਿਆ, ਜਿਸ ਨੂੰ 'ਗੁਰੂ ਅਰਜਨ ਦੇਵ ਜੀ ਦੇ ਆਖ਼ਰੀ ਸੁਨੇਹੇ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।ਹੁਕਮ ਸੀ 'ਜਾਓ ਉਸ ਨੂੰ ਕਹੋ ਸ਼ਾਹੀ ਠਾਠ ਨਾਲ ਕਲਗੀ ਲਾਵੇ, ਫੌਜ ਰੱਖੇ ਅਤੇ ਤਖ਼ਤ ਉੱਤੇ ਬੈਠੋ ਤੇ ਨਿਸ਼ਾਨ ਸਥਾਪਤ ਕਰੇ।'

ਬਾਲ ਹਰਗੋਬਿੰਦ ਨੂੰ ਜਦੋਂ ਪਰੰਪਕ ਤਰੀਕੇ ਨਾਲ ਬਾਬਾ ਬੁੱਢਾ ਜੀ ਵਲੋਂ ਗੁਰਗੱਦੀ ਧਾਰਨ ਕਰਾਉਣ ਦੀ ਰੀਤ ਨਿਭਾਈ ਜਾਣ ਲਗੀ ਤਾਂ ਉਹ ਬੋਲੇ, 'ਇਹ ਸਾਰੀਆਂ ਵਸਤਾਂ ਤੋਸ਼ੇਖਾਨੇ ਵਿੱਚ ਰੱਖ ਦੇਵੋ, ਮੈਂ ਸ਼ਾਹੀ ਠਾਠ ਨਾਲ ਕਲਗੀ ਧਾਰਨ ਕਰ ਨਿਸ਼ਾਨ ਸਥਾਪਤ ਕਰਾਂਗਾ।ਤਖ਼ਤ 'ਤੇ ਬੈਠ ਫੌਜ ਰੱਖਾਂਗਾ।'

ਪਹਿਲੀ ਵਾਰ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਦਰਬਾਰ ਸਾਹਿਬ ਦੇ ਐਨ ਸਾਹਮਣੇ 12 ਫੁਟ ਉੱਚੇ ਥੜੇ ਦੀ ਸਥਾਪਨਾ ਕੀਤੀ (ਦਿੱਲੀ ਬਾਦਸ਼ਾਹਤ ਦਾ ਤਖ਼ਤ 11 ਫੁੱਟ ਸੀ ਅਤੇ ਇਸਤੋਂ ਉਚਾ ਤਖ਼ਤ ਹਿੰਦੁਸਤਾਨ ਵਿਚ ਬਣਾਉਣ ਦੀ ਸਜ਼ਾ ਸੀ) 12 ਫੁੱਟ ਉਚਾਈ ਰੱਖ ਹਕੂਮਤ ਨੂੰ ਚੁਣੌਤੀ ਦਿੱਤੀ ਗਈ ਸੀ। ਇਹ ਤਖ਼ਤ ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਦੁਆਰਾ ਬਣਾਇਆ ਗਿਆ ਸੀ। ਇਸ ਦਾ ਪਹਿਲਾ ਜਥੇਦਾਰ ਵੀ ਭਾਈ ਗੁਰਦਾਸ ਨੂੰ ਆਪ ਛੇਵੇਂ ਪਾਤਸ਼ਾਹ ਨੇ ਥਾਪਿਆ ਸੀ। ਇਸਦੇ ਐਨ ਸਾਹਮਣੇ ਦੋ ਨਿਸ਼ਾਨ ਥਾਪੇ ਗਏ। ਜਿਨਾਂ ਨੂੰ ਪੀਰੀ ਅਤੇ ਮੀਰੀ ਦੇ ਨਿਸ਼ਾਨ ਕਿਹਾ ਗਿਆ।ਪੀਰੀ ਦਾ ਨਿਸ਼ਾਨ ਅੱਜ ਵੀ ਸਵਾ ਫੁਟ ਉੱਚਾ ਹੈ ਮੀਰੀ ਤੋਂ।

ਗੁਰੂ ਪਾਤਸ਼ਾਹ ਵੇਲੇ ਇਸਦਾ ਰੰਗ ਪੀਲਾ ਸੀ ਪਰ 1699 ਵਿਚ ਖਾਲਸਾ ਸਿਰਜਨ ਤੋਂ ਬਾਅਦ ਨੀਲੇ ਸੁਰਮਈ ਨਿਸ਼ਾਨ ਦੀ ਵਰਤੋਂ ਵੀ ਕੀਤੀ ਜਾਣ ਲੱਗ ਪਈ।

## ਇੰਦੌਰ ਦੇ ਗੁਰਦੁਆਰਾ ਇਮਲੀ ਸਾਹਿਬ ਵਿਚ ਤਿਰੰਗਾ ਲਹਿਰਾਉਣ ਕਾਰਨ ਸਿੱਖ ਪੰਥ ਵਿਚ ਰੋਸ

### ਗੁਰਦੁਆਰੇ ਉਪਰ ਭਾਰਤੀ ਝੰਡੇ ਲਹਿਰਾਉਣ ਬਾਰੇ ਹਰਿਆਣਾ ਸਰਕਾਰ ਨੂੰ ਫੈਸਲਾ ਬਦਲਣਾ ਪਿਆ




ਅੰਮ੍ਰਿਤਸਰ: ਅਜ਼ਾਦੀ ਦੇ 75ਵੇਂ ਅੰਮ੍ਰਿਤ ਮਹੋਤਸਵ ਦੌਰਾਨ ਮੱਧ ਪ੍ਰਦੇਸ਼ ਦੇ ਇੰਦੌਰ ਦੇ ਗੁਰਦੁਆਰਾ ਸਾਹਿਬ ਵਿਚ ਤਿਰੰਗਾ ਲਹਿਰਾਉਣ ਨੂੰ ਲੈ ਕੇ ਵਿਵਾਦ ਖੜਾ ਹੋ ਗਿਆ। ਇਸ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਨੇ ਇਤਰਾਜ਼ ਪ੍ਰਗਟਾਇਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਵਿਖੇ ਸਿਰਫ਼ ਨਿਸ਼ਾਨ ਸਾਹਿਬ ਹੀ ਲਗਾਏ ਜਾ ਸਕਦੇ ਹਨ। ਉਨਾਂ ਇਸ ਮਾਮਲੇ ਨੂੰ ਸਿੱਖ ਮਰਿਆਦਾ ਦੇ ਖ਼ਿਲਾਫ਼ ਦੱਸਦੇ ਹੋਏ ਇਸ ਦੀ ਜਾਂਚ ਦੇ ਹੁਕਮ ਦਿੱਤੇ ਹਨ। ਪ੍ਰਧਾਨ ਐਡਵੋਕੇਟ ਧਾਮੀ ਨੇ ਦੱਸਿਆ ਕਿ ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਗੁਰਦੁਆਰਾ ਇਮਲੀ ਸਾਹਿਬ ਹੈ। ਸ਼੍ਰੋਮਣੀ ਕਮੇਟੀ ਨੂੰ ਇੰਟਰਨੈੱਟ ਮੀਡੀਆ ਰਾਹੀਂ ਇੱਕ ਤਸਵੀਰ ਮਿਲੀ, ਜਿਸ ਵਿੱਚ ਗੁਰਦੁਆਰਾ ਇਮਲੀ ਸਾਹਿਬ ਵਿਖੇ ਤਿਰੰਗਾ ਲਹਿਰਾਇਆ ਗਿਆ। ਉਨਾਂ ਇਸ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਸਿੱਖ ਰਹਿਤ ਮਰਿਆਦਾ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਸ ਇਤਿਹਾਸਕ ਗੁਰਦੁਆਰਾ ਸਾਹਿਬ ਵਿੱਚ ਸਿਰਫ਼ ਖਾਲਸੇ ਦਾ ਨਿਸ਼ਾਨ ਸਾਹਿਬ ਹੀ ਲਹਿਰਾਇਆ ਜਾ ਸਕਦਾ ਹੈ। ਗੁਰਦੁਆਰਾ ਪ੍ਰਬੰਧਕ ਜਾਂ ਪ੍ਰਸ਼ਾਸਨ, ਜਿਸ ਨੇ ਵੀ ਇਹ ਗਲਤੀ ਕੀਤੀ ਹੈ, ਉਹ ਇਸ ਘਟਨਾ ਲਈ ਜ਼ਿੰਮੇਵਾਰ ਹੈ। ਉਨਾਂ ਘਟਨਾ ਦੀ ਤੁਰੰਤ ਜਾਂਚ ਦੇ ਹੁਕਮ ਦਿੱਤੇ ਹਨ। ਉਨਾਂ ਕਿਹਾ ਕਿ ਇਸ ਜਾਂਚ ਵਿੱਚ ਜੋ ਵੀ ਦੋਸ਼ੀ ਪਾਇਆ ਗਿਆ, ਉਸ ਖ਼ਿਲਾਫ਼ ਅਗਲੀ ਕਾਰਵਾਈ ਕੀਤੀ ਜਾਵੇਗੀ।

ਇਸ ਤੋਂ ਪਹਿਲਾਂ ਹਰਿਆਣਾ ਸਰਕਾਰ ਨੇ ਸੂਬੇ ਦੇ ਗੁਰਦੁਆਰਿਆਂ 'ਤੇ ਤਿਰੰਗਾ ਲਹਿਰਾਉਣ ਦੀ ਗੱਲ ਕਹੀ ਸੀ। ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਕੀਤਾ ਅਤੇ ਹਰਿਆਣਾ ਸਰਕਾਰ ਨੂੰ ਆਪਣਾ ਫੈਸਲਾ ਬਦਲਣਾ ਪਿਆ।

## ਪੰਜਾਬ ਸਰਕਾਰ ਵਲੋਂ ਮੀਨਾਰ-ਏ-ਫ਼ਤਹਿ ਦਾ ਰਾਸ਼ਟਰੀਕਰਨ ਦੀ ਕੋਸ਼ਿਸ਼

### ਵਾਰਿਸ ਪੰਜਾਬ ਨੇ ਵਿਰੋਧ ਕਰਕੇ ਰੋਕਿਆ

**ਅੰਮ੍ਰਿਤਸਰ** : ਭਗਵੰਤ ਮਾਨ ਦੀ ਸਰਕਾਰ ਨੇ ਆਧੁਨਿਕ ਬਿਜਲਈ ਢੰਗ ਨਾਲ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਸਰਹਿੰਦ ਨੂੰ ਫਤਹਿ ਕਰਨ ਦੀ ਯਾਦ ਵਿਚ ਚੱਪੜਚਿੜੀ ਵਿਖੇ ਬਣੀ ਯਾਦਗਾਰ ਮੀਨਾਰ-ਏ-ਫਤਹਿ ਨੂੰ ਰੌਸ਼ਨੀਆਂ ਜਰੀਏ ਤਿਰੰਗਾ ਰੰਗ ਦਿਤਾ ਗਿਆ। ਵਾਰਿਸ ਪੰਜਾਬ ਦੇ ਸਿੰਘਾਂ ਨੇ ਇਸ ਦਾ ਪਰਦਾਫਾਸ਼ ਕਰਦਿਆਂ ਇਸ ਬਿਜਲੀ ਤਕਨੀਕ ਨੂੰ ਉਖਾੜ ਦਿਤਾ। ਪ੍ਰਸ਼ਾਸ਼ਨ ਵਲੋਂ ਭਰੋਸੇ ਦੇਣ ਬਾਅਦ ਸਿੱਖ ਨੌਜਵਾਨ ਮੀਨਾਰ ਤੋਂ ਵਾਪਸ ਪਰਤੇ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਸਮੇਂ ਦੇ ਜ਼ਾਲਮ ਹਾਕਮ ਨੂੰ ਉਸ ਵਲੋਂ ਕੀਤੇ ਜ਼ੁਲਮਾਂ ਦੀ ਸਜ਼ਾ ਦਿੰਦਿਆਂ ਸਰਹਿੰਦ ਫਤਹਿ ਕਰਕੇ ਖ਼ਾਲਸਈ ਨਿਸ਼ਾਨ ਝੁਲਾਇਆ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਇਸੇ ਯਾਦ ਵਿਚ ਬਣੀ ਯਾਦਗਾਰ ਨੂੰ ਰੌਸ਼ਨੀਆਂ ਨਾਲ ਤਿਰੰਗੇ ਦਾ ਰੂਪ ਦੇ ਕੇ ਸਿੱਖ ਜਜ਼ਬਾਤਾਂ ਨੂੰ ਠੇਸ ਪਹੁੰਚਾਈ ਹੈ। ਉਨਾਂ ਕਿਹਾ ਕਿ ਦੇਸ਼ ਦੀਆਂ ਮਾਨਤਾਵਾਂ ਦਾ ਸਤਿਕਾਰ ਹੈ, ਪਰ ਧਰਮ ਦੀਆਂ ਮਾਨਤਾਵਾਂ ਇਸ ਤੋਂ ਵੱਖਰੀਆਂ ਹਨ ਅਤੇ ਇਨਾਂ ਨੂੰ ਰਲ-ਗਡ ਨਹੀਂ ਕੀਤਾ ਜਾ ਸਕਦਾ। ਇਸੇ ਤਰਾਂ ਬੀਤੇ ਦਿਨੀਂ ਇਤਿਹਾਸਕ ਗੁਰਦੁਆਰਾ ਇਮਲੀ ਸਾਹਿਬ, ਇੰਦੌਰ ਵਿਖੇ ਤਿਰੰਗਾ ਲਗਾ ਕੇ ਸਿੱਖ ਜਜ਼ਬਾਤਾਂ ਨਾਲ ਖੇਡਿਆ ਗਿਆ। ਉਨਾਂ ਸਰਕਾਰਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਅਜਿਹੀਆਂ ਹਰਕਤਾਂ ਤੋਂ ਗੁਰੇਜ਼ ਕਰਨ।

# ਮੋਦੀ ਸਰਕਾਰ ਦੀ 'ਹਰ ਘਰ ਤਿਰੰਗਾ ਮੁਹਿੰਮ' ਨੂੰ ਲੈ ਕੇ ਕਾਂਗਰਸ ਨੇ ਆਰਐੱਸਐੱਸ 'ਤੇ ਉਠਾਏ ਸਵਾਲ

## ✪ ਭਾਰਤ ਸਰਕਾਰ ਦੇ ਮੰਤਰੀਆਂ ਅਤੇ ਭਾਜਪਾ ਦੇ ਨੇਤਾਵਾਂ ਨੇ ਆਪਣੀ ਸੋਸ਼ਲ ਮੀਡੀਆ 'ਤੇ ਪ੍ਰੋਫਾਈਲ ਤਸਵੀਰ ਵਿੱਚ ਤਿਰੰਗਾ ਲਗਾਇਆ ✪ ਪਰ ਆਰਐੱਸਐੱਸ ਨੇ ਆਪਣੇ ਅਧਿਕਾਰਤ ਪੇਜ ਜਾਂ ਆਰਐੱਸਐੱਸ ਦੇ ਮੋਹਰੀ ਲੋਕਾਂ ਨੇ ਭਗਵਾਂ

ਹੁਣ 'ਹਰ ਘਰ ਤਿਰੰਗਾ' ਮੋਦੀ ਮੁਹਿੰਮ ਨੂੰ ਲੈ ਕੇ ਕਾਂਗਰਸ ਨੇ ਭਾਜਪਾ ਨੂੰ ਕਟਹਿਰੇ ਵਿਚ ਖੜਾ ਕੀਤਾ ਹੈ। ਕਾਂਗਰਸ ਨੇ ਹਿੰਦੂਤਵਵਾਦੀ ਸੰਗਠਨ ਆਰਐੱਸਐੱਸ 'ਤੇ ਤਿਰੰਗਾ ਵਿਰੋਧੀ ਹੋਣ ਦਾ ਇਲਜ਼ਾਮ ਲਗਾਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ੁਦ ਵੀ ਆਰਐੱਸਐੱਸ ਸਵੈਮ-ਸੇਵਕ ਕਹਿ ਰਹੇ ਹਨ ਤੇ ਆਰਐੱਸਐੱਸ ਦੇ ਨਾਲ ਸਾਂਝ ਅਤੇ ਉਸ ਪ੍ਰਤੀ ਲਗਾਅ ਨੂੰ ਉਨਾਂ ਨੇ ਕਦੇ ਨਹੀਂ ਲੁਕਾਇਆ। ਆਰਐੱਸਐੱਸ 'ਤੇ ਨਿਸ਼ਾਨਾ ਸਾਧਦਿਆਂ ਹੋਇਆ ਰਾਹੁਲ ਗਾਂਧੀ ਨੇ ਇੱਕ ਟਵੀਟ ਵਿੱਚ ਕਿਹਾ, ਇਤਿਹਾਸ ਗਵਾਹ ਹੈ, 'ਹਰ ਘਰ ਤਿਰੰਗਾ' ਮੁਹਿੰਮ ਚਲਾਉਣ ਵਾਲੇ, ਉਸ ਦੇਸ਼ਧ੍ਰੋਹੀ ਸੰਗਠਨ ਤੋਂ ਨਿਕਲੇ ਹਨ, ਜਿਨਾਂ ਨੇ 52 ਸਾਲ ਤਿਰੰਗਾ ਨਹੀਂ ਲਹਿਰਾਇਆ। ਇਨਾਂ ਦੀ ਸਾਂਝ ਅੰਗਰੇਜ਼ਾਂ ਨਾਲ ਰਹੀ ਹੈ।'

ਦੂਜੇ ਪਾਸੇ ਆਰਐੱਸਐੱਸ ਦੇ ਪ੍ਰਚਾਰ ਮੁਖੀ ਸੁਨੀਲ ਅੰਬੇਡਕਰ ਨੇ ਇਨਾਂ ਸਾਰੇ ਇਲਜ਼ਾਮਾਂ ਨੂੰ ਖਾਰਜ ਕੀਤਾ ਹੈ ਅਤੇ ਕਿਹਾ ਹੈ ਕਿ ਆਰਐੱਸਐੱਸ ਤਿਰੰਗੇ ਦਾ ਸਨਮਾਨ ਕਰਦਾ ਹੈ।

ਭਾਰਤ ਸਰਕਾਰ ਦੇ ਮੰਤਰੀਆਂ ਅਤੇ ਭਾਜਪਾ ਦੇ ਨੇਤਾਵਾਂ ਨੇ ਤਾਂ ਆਪਣੀ ਪ੍ਰੋਫਾਈਲ ਪਿਕਚਰ ਵਿੱਚ ਤਿਰੰਗਾ ਲਗਾਇਆ ਹੈ ਪਰ ਆਰਐੱਸਐੱਸ ਨੇ ਆਪਣੇ ਅਧਿਕਾਰਤ ਪੇਜ ਜਾਂ ਆਰਐੱਸਐੱਸ ਨਾਲ ਜੁੜੇ ਹੋਏ ਮੋਹਰੀ ਲੋਕਾਂ ਨੇ ਸੋਸ਼ਲ ਮੀਡੀਆ 'ਤੇ ਪ੍ਰੋਫਾਈਲ ਤਸਵੀਰ ਵਿੱਚ ਤਿਰੰਗੇ ਦੀ ਵਰਤੋਂ ਨਹੀਂ ਕੀਤੀ ਹੈ। ਰਾਸ਼ਟਰੀ ਸਵੈਮ ਸੇਵਕ ਸੰਘ ਦਾ ਆਪਣਾ ਝੰਡਾ ਭਗਵਾਂ ਹੈ ਅਤੇ ਤਿਰੰਗੇ ਪ੍ਰਤੀ ਆਰਐੱਸਐੱਸ ਦੇ ਨਜ਼ਰੀਏ ਨੂੰ ਲੈ ਕੇ ਸਵਾਲ ਉੱਠਦੇ ਰਹੇ ਹਨ।

ਭਾਰਤੀ ਇਤਿਹਾਸਕਾਰ ਡਾਕਟਰ ਸ਼ਮਸ ਉਲ ਇਸਲਾਮ, ਜਿਨਾਂ ਨੇ ਦਿੱਲੀ ਯੂਨੀਵਰਸਿਟੀ ਵਿੱਚ ਵੀ ਪੜਾਇਆ ਹੈ, 'ਹਰ ਘਰ ਤਿਰੰਗਾ' ਮੁਹਿੰਮ 'ਤੇ ਭਾਜਪਾ ਅਤੇ ਆਰਐੱਸਐੱਸ ਦੀ ਆਲੋਚਨਾ ਕਰਦਿਆਂ ਹੋਇਆਂ ਕਿਹਾ ਕਿ ਆਰਐੱਸਐੱਸ ਨੇ ਕਦੇ ਵੀ ਤਿਰੰਗੇ ਨੂੰ ਸਵੀਕਾਰ ਨਹੀਂ ਕੀਤਾ ਹੈ। ਸ਼ਮਸ ਉਲ



ਇਸਲਾਮ ਕਹਿੰਦੇ ਹਨ, '1925 ਵਿੱਚ ਆਪਣੀ ਸਥਾਪਨਾ ਤੋਂ ਬਾਅਦ ਹੀ ਆਰਐੱਸਐੱਸ ਨੇ ਹਰ ਉਸ ਚੀਜ਼ ਨਾਲ ਨਫ਼ਰਤ ਕੀਤੀ ਹੈ ਜੋ ਬਰਤਾਨਵੀਂ ਹਕੂਮਤ ਖ਼ਿਲਾਫ਼ ਇੱਕਜੁਟ ਭਾਰਤੀ ਸੰਘਰਸ਼ ਦਾ ਪ੍ਰਤੀਕ ਰਹੀ ਹੈ। ਦਸੰਬਰ, 1929 ਵਿੱਚ ਕਾਂਗਰਸ ਨੇ ਆਪਣੇ ਲਾਹੌਰ ਸੈਸ਼ਨ ਵਿੱਚ ਪੂਰਨ ਰਾਜ ਦਾ ਨਾਅਰਾ ਦਿੱਤਾ ਸੀ ਅਤੇ ਲੋਕਾਂ ਨੂੰ ਹਰ ਸਾਲ 26 ਜਨਵਰੀ ਨੂੰ ਤਿਰੰਗਾ (ਉਸ ਵੇਲੇ ਉਸ ਵਿੱਚ ਅਸ਼ੋਕ ਚੱਕਰ ਦੀ ਥਾਂ ਚਰਖਾ ਹੁੰਦਾ ਸੀ) ਲਹਿਰਾ ਕੇ ਅਜ਼ਾਦੀ ਦਿਵਸ ਮਨਾਉਣ ਦਾ ਹੋਕਾ ਲਗਾਇਆ ਸੀ।'

'ਸਾਲ 1930 ਵਿੱਚ ਜਦੋਂ 26 ਜਨਵਰੀ ਆ ਰਹੀ ਸੀ ਉਦੋਂ ਤਤਕਾਲੀ ਸੰਘ ਚਾਲਕ ਹੈਡਗੇਵਾਰ ਨੇ ਸਾਰੇ ਸਵੈਮਸੇਵਕਾਂ ਨੂੰ ਰਾਸ਼ਟਰੀ ਝੰਡੇ ਵਜੋਂ ਭਗਵਾਂ ਝੰਡੇ ਦੀ ਪੂਜਾ ਕਰਨ ਦਾ ਆਦੇਸ਼ ਦਿੰਦਿਆਂ ਹੋਇਆ ਸਰਕੂਲਰ ਜਾਰੀ ਕੀਤਾ ਸੀ।ਸ਼ਮਸ ਉਲ ਇਸਲਾਮ ਕਹਿੰਦੇ ਹਨ, 'ਇਸ ਸਰਕੂਲਰ ਨੂੰ ਕਦੇ ਵੀ ਵਾਪਸ ਨਹੀਂ ਲਿਆ ਗਿਆ। ਆਰਐੱਸਐੱਸ ਦੇ ਸਭ ਤੋਂ ਪ੍ਰਮੁਖ ਵਿਚਾਰਕ ਐੱਮਐੱਸ ਗੋਲਵਲਕਰ ਨੇ 14 ਜੁਲਾਈ 1946 ਨੂੰ ਨਾਗਪੁਰ ਵਿੱਚ ਆਰਐੱਸਐੱਸ ਦੇ ਮੁੱਖ ਦਫ਼ਤਰ ਵਿੱਚ ਗੁਰੂ ਪੂਰਨਿਮਾ (ਪੂਰਨਮਾਸ਼ੀ) 'ਤੇ ਮੌਜੂਦ ਲੋਕਾਂ ਨੂੰ ਸੰਬੋਧਿਤ ਕਰਦਿਆਂ ਹੋਇਆ ਕਿਹਾ ਸੀ, ਭਗਵਾਂ ਝੰਡਾ ਭਾਰਤੀ ਸੰਸਕ੍ਰਿਤੀ ਦੀ ਅਗਵਾਈ ਕਰਦਾ ਹੈ। 'ਇਹ ਈਸ਼ਵਰ ਤਾਂ ਪ੍ਰਤੀਕ ਹਨ ਅਤੇ ਸਾਡਾ ਇਹ ਦ੍ਰਿੜ ਵਿਸ਼ਵਾਸ਼ ਹੈ ਕਿ ਇੱਕ ਦਿਨ ਪੂਰਾ ਰਾਸ਼ਟਰ ਇਸੇ ਝੰਡੇ ਨੂੰ ਨਮਨ ਕਰੇਗਾ।'

ਸ਼ਮਸ ਉਲ ਇਲਸਾਮ ਕਹਿੰਦੇ ਹਨ ਕਿ ਜਦੋਂ 15 ਅਗਸਤ 1947 ਤੋਂ ਇੱਕ ਦਿਨ ਪਹਿਲਾਂ ਦੀ ਸ਼ਾਮ ਜਦੋਂ ਲਾਲ ਕਿਲੇ 'ਤੇ ਤਿਰੰਗਾ ਲਹਿਰਾਉਣ ਦੀ ਤਿਆਰੀ ਹੋ ਰਹੀ ਸੀ ਅਤੇ ਪੂਰੇ ਦੇਸ਼ ਵਿੱਚ ਲੋਕ ਤਿਰੰਗਾ ਹੱਥ ਵਿੱਚ ਲੈ ਕੇ ਜਸ਼ਨ ਮਨਾ ਰਹੇ ਸਨ, ਉਦੋਂ ਵੀ ਆਰਐੱਸਐੱਸ ਨੇ ਤਿਰੰਗੇ ਦਾ ਵਿਰੋਧ ਕੀਤਾ ਸੀ।

ਸ਼ਮਸ ਇਸਲਾਮ ਕਹਿੰਦੇ ਹਨ, '14 ਅਗਸਤ, 1947 ਨੂੰ ਆਰਐੱਸਐੱਸ ਦੇ ਮੁੱਖ ਪੱਤਰ 'ਆਰਗਾਈਨਜ਼ਰ' ਵਿੱਚ ਪ੍ਰਕਾਸ਼ਿਤ ਇੱਕ ਸੰਪਾਦਕੀ ਵਿੱਚ ਕਿਹਾ ਗਿਆ ਸੀ ਜੋ ਲੋਕ ਕਿਸਮਤ ਨਾਲ ਸੱਤਾ ਵਿੱਚ ਆ ਗਏ ਹਨ, ਉਨਾਂ ਨੇ ਸਾਡੇ ਹੱਥਾਂ ਵਿੱਚ ਤਿਰੰਗਾ ਫੜਾ ਦਿੱਤਾ ਹੈ ਪਰ ਇਸ ਨੂੰ ਹਿੰਦੂ ਕਦੇ ਸਵੀਕਾਰ ਨਹੀਂ ਕਰੇਗਾ ਅਤੇ ਕਦੇ ਇਸ ਦਾ ਸਨਮਾਨ ਨਹੀਂ ਕਰੇਗਾ।'

ਸ਼ਮਸ ਉਲ ਇਸਲਾਮ ਸਵਾਲ ਕਰਦੇ ਹਨ, 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਹਰ ਘਰ ਤਿਰੰਗਾ ਮੁਹਿੰਮ ਚਲਾ ਰਹੇ ਹਨ। ਉਹ ਆਪ ਸੇਵਕ ਸੰਘ ਦੇ ਸਵੈਮ ਸੇਵਕ ਰਹੇ ਹਨ ਤਾਂ ਹੁਣ ਉਹ ਸੰਘ ਦੇ ਇਨਾਂ ਵਿਚਾਰਾਂ ਨੂੰ ਖਾਰਜ ਕਰਨਗੇ ਅਤੇ ਇਨਾਂ ਦੀ ਆਲੋਚਨਾ ਕਰਨਗੇ। ਕੀ ਉਹ ਆਰਐੱਸਐੱਸ ਦੇ ਮੁੱਖ ਵਿਚਾਰਕ ਗੋਲਵਲਕਰ ਦੀ ਪੁਸਤਕ 'ਵਿਚਾਰ ਨਵਨੀਤ' ਤੋਂ ਉਸ ਪਾਠ ਨੂੰ ਹਟਵਾਉਣਗੇ ਜਿਸ ਵਿੱਚ ਤਿਰੰਗੇ ਦੀ ਆਲੋਚਨਾ ਕੀਤੀ ਗਈ ਹੈ ?'

ਦੂਜੇ ਪਾਸੇ ਆਰਐੱਸਐੱਸ ਦੇ ਅਖਿਲ ਭਾਰਤੀ ਪ੍ਰਚਾਰ ਪ੍ਰਮੁੱਖ ਸੁਨੀਲ ਅੰਬੇਡਕਰ ਇਨਾਂ ਇਲਜ਼ਾਮਾਂ ਅਤੇ ਆਲੋਚਨਾਂ ਨੂੰ ਖਾਰਜ ਕਰਦੇ ਹਨ। ਸੁਨੀਲ ਅੰਬੇਡਕਰ ਨੇ ਕਿਹਾ, 'ਜਿਸ ਦਿਨ ਤੋਂ ਭਾਰਤ ਦੀ ਸੰਵਿਧਾਨ ਸਭਾ ਵਿੱਚ ਫ਼ੈਸਲਾ ਹੋਇਆ ਅਤੇ ਭਾਰਤ ਨੇ ਤਿਰੰਗੇ ਨੂੰ ਆਪਣੇ ਕੌਮੀ ਝੰਡੇ ਵਜੋਂ ਸਵੀਕਾਰ ਕੀਤਾ, ਇਸ ਦਿਨ ਸਿਰਫ਼ ਸੰਘ ਹੀ ਕੀ ਪੂਰੇ ਦੇਸ਼ ਲਈ ਤਿਰੰਗਾ ਕੌਮੀ ਝੰਡਾ ਹੋ ਗਿਆ ਸੀ।ਸੰਘ ਰਾਸ਼ਟਰ ਨਾਲ ਜੁੜੇ ਜਿੰਨੇ ਵੀ ਪ੍ਰਤੀਕ ਹਨ, ਭਾਵੇਂ ਉਹ ਕੌਮੀ ਝੰਡਾ ਹੋਵੇ ਜਾਂ ਰਾਸ਼ਟਰ ਗਾਣ ਹੋਵੇ, ਉਨਾਂ ਦਾ ਸਨਮਾਨ ਕਰਦਾ ਹੈ।'

ਦਿੱਲੀ ਯੂਨੀਵਰਸਿਟੀ ਦੇ ਅਧਿਆਪਕ ਅਤੇ ਆਰਐੱਸਐੱਸ ਸਮਰਥਕ ਪ੍ਰੋਫੈਸਰ ਅਵਨਿਜੇਸ਼ ਅਵਸਥੀ ਕਹਿੰਦੇ ਹਨ, 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰ ਘਰ ਤਿਰੰਗਾ ਮੁਹਿੰਮ ਦਾ ਹੋਕਾ ਦਿੱਤਾ ਹੈ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਘ ਦੇ ਸਵੈਮ ਸੇਵਕ ਹਨ। ਜੇਕਰ ਮੋਦੀ ਇਹ ਕਰ ਰਹੇ ਹਨ ਤਾਂ ਇਸ ਦਾ ਸਿੱਧਾ ਮਤਲਬ ਹੈ ਕਿ ਸੰਘ ਇਹ ਕਰ ਰਿਹਾ ਹੈ।'

ਕਾਂਗਰਸ ਦੀ ਆਲੋਚਨਾ ਨੂੰ ਖਾਰਜ ਕਰਦਿਆਂ ਹੋਇਆਂ ਅਵਨਿਜੇਸ਼ ਕਹਿੰਦੇ ਹਨ, 'ਕਾਂਗਰਸ ਨੂੰ ਨਰਿੰਦਰ ਮੋਦੀ ਸਵੈਮ ਸੇਵਕ ਸੰਘ ਦੇ ਵਰਕਰ ਨਜ਼ਰ ਆਉਂਦੇ ਹਨ,

**ਬਾਕੀ ਸਫ਼ਾ 31 'ਤੇ**

## ਦੇਸ਼ ਦੀ ਵੰਡ ਦੌਰਾਨ ਜਾਨਾਂ ਗੁਆਉਣ ਵਾਲਿਆਂ ਨੂੰ ਮੋਦੀ ਵਲੋਂ ਸ਼ਰਧਾਂਜਲੀ ਭੇਟ

### ਦੇਸ਼ ਦੀ ਵੰਡ 'ਤੇ ਵੀਡੀਓ ਜਾਰੀ ਕਰਕੇ ਭਾਜਪਾ ਨੇ ਨਹਿਰੂ ਨੂੰ ਠਹਿਰਾਇਆ ਜ਼ਿੰਮੇਵਾਰ

**ਨਵੀਂ ਦਿੱਲੀ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 1947 ਵਿਚ ਦੇਸ਼ ਦੀ ਵੰਡ ਦੌਰਾਨ ਜਾਨਾਂ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਇਤਿਹਾਸ ਦੇ ਉਸ ਦੁਖਦਾਈ ਦੌਰ ਦੇ ਪੀੜਤਾਂ ਦੇ ਸਬਰ ਅਤੇ ਸਹਿਣਸ਼ੀਲਤਾ ਦੀ ਸ਼ਲਾਘਾ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਸਾਲ ਐਲਾਨ ਕੀਤਾ ਸੀ ਕਿ ਲੋਕਾਂ ਦੇ ਸੰਘਰਸ਼ ਅਤੇ ਕੁਰਬਾਨੀ ਦੀ ਯਾਦ ਵਿੱਚ 14 ਅਗਸਤ ਨੂੰ 'ਵੰਡ ਯਾਦਗਾਰੀ ਦਿਵਸ' ਵਜੋਂ ਮਨਾਇਆ ਜਾਵੇਗਾ।

ਵੰਡ ਦੇ ਸੰਤਾਪ ਦੀ ਯਾਦਗਾਰ ਦਿਵਸ ਮੌਕੇ ਭਾਜਪਾ ਅਤੇ ਕਾਂਗਰਸ ਨੇ ਇਕ ਦੂਜੇ 'ਤੇ ਸ਼ਬਦੀ ਤੀਰ ਚਲਾਉਂਦਿਆਂ ਦੇਸ਼ ਦੀ ਵੰਡ ਲਈ ਇਕ-ਦੂਜੇ ਦੇ ਆਗੂਆਂ ਨੂੰ ਜ਼ਿੰਮੇਵਾਰ ਠਹਿਰਾਇਆ। ਜਿਥੇ ਭਾਜਪਾ ਨੇ ਇਕ ਵੀਡੀਓ ਜਾਰੀ ਕਰਕੇ ਭਾਰਤ ਦੀ ਵੰਡ ਲਈ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਜ਼ਿੰਮੇਵਾਰ ਠਹਿਰਾਇਆ, ਉਥੇ ਕਾਂਗਰਸ ਨੇ ਜਨਸੰਘ ਦੇ ਸੰਸਥਾਪਕ ਸਿਆਮਾ ਪ੍ਰਸਾਦ ਦੇ ਫ਼ੈਸਲਿਆਂ 'ਤੇ ਸਵਾਲ ਉਠਾਏ ।ਭਾਜਪਾ ਨੇ ਤਕਰੀਬਨ 7 ਮਿੰਟ ਦੇ ਇਸ ਵੀਡੀਓ ਵਿਚ ਵੰਡ ਦੇ ਲਈ ਸਿੱਧੇ ਤੌਰ 'ਤੇ ਕਾਂਗਰਸ, ਮੁਸਲਿਮ ਲੀਗ ਅਤੇ ਖੱਬੇਪੱਖੀ ਪਾਰਟੀਆਂ ਨੂੰ ਜ਼ਿੰਮੇਵਾਰ ਠਹਿਰਾਇਆ। ਵੀਡੀਓ ਵਿਚ ਉਚੇਚੇ ਤੌਰ 'ਤੇ ਨਹਿਰੂ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਗਿਆ ਕਿ ਮੁਹੰਮਦ ਅਲੀ ਜਿਨਾਹ ਦੀ ਅਗਵਾਈ ਵਾਲੀ ਮੁਸਲਿਮ ਲੀਗ ਦੀ ਪਾਕਿਸਤਾਨ ਬਣਾਉਣ ਦੀ ਮੰਗ ਅੱਗੇ ਨਹਿਰੂ ਦੇ ਝੁਕਣ ਕਾਰਨ ਹੀ ਦੇਸ਼ ਦੋਫਾੜ ਹੋਇਆ। ਕਾਂਗਰਸ ਨੇ ਵੀਡੀਓ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਦੇਸ਼ ਨੂੰ ਵੰਡਣ ਲਈ ਆਧੁਨਿਕ ਦੌਰ ਦੇ ਸਾਵਰਕਰ ਅਤੇ ਜਿਨਾਹ ਦੀਆਂ ਕੋਸ਼ਿਸ਼ਾਂ ਅੱਜ ਵੀ ਜਾਰੀ ਹਨ। ਕਾਂਗਰਸ ਦੇ ਮਹਾਂਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ 14 ਅਗਸਤ ਨੂੰ ਵੰਡ ਦੇ ਸੰਤਾਪ ਦੇ ਯਾਦਗਾਰ ਦਿਵਸ ਵਜੋਂ ਮਨਾਉਣ ਦੀ ਅਸਲ ਮਨਸ਼ਾ ਸਭ ਤੋਂ ਦਰਦਨਾਕ ਇਤਿਹਾਸਕ ਘਟਨਾਵਾਂ ਨੂੰ ਆਪਣੇ ਸਿਆਸੀ ਫ਼ਾਇਦੇ ਲਈ ਇਸਤੇਮਾਲ ਕਰਨਾ ਹੈ । ਜੈਰਾਮ ਰਮੇਸ਼ ਨੇ ਲੜੀਵਾਰ ਟਵੀਟਾਂ ਵਿਚ ਕਿਹਾ ਕਿ ਦੋ ਰਾਸ਼ਟਰ ਦਾ ਸਿਧਾਂਤ ਸਾਵਰਕਰ ਨੇ ਦਿੱਤਾ ਸੀ ਅਤੇ ਜਿਨਾਹ ਨੇ ਇਸ ਨੂੰ ਅੱਗੇ ਵਧਾਇਆ ਸੀ। ਰਮੇਸ਼ ਨੇ ਪਟੇਲ ਦੇ ਲਿਖੇ ਸ਼ਬਦਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਪਟੇਲ ਨੇ ਕਿਹਾ ਸੀ ਕਿ ਉਨਾਂ ਨੂੰ ਲਗਦਾ ਹੈ ਕਿ ਜੇਕਰ ਵੰਡ ਨੂੰ ਸਵੀਕਾਰ ਨਹੀਂ ਕੀਤਾ ਗਿਆ ਤਾਂ ਭਾਰਤ ਕਈ ਟੋਟਿਆਂ ਵਿਚ ਵੰਡਿਆ ਜਾਵੇਗਾ। ਕਾਂਗਰਸ ਨੇ ਭਾਜਪਾ 'ਤੇ ਨਫ਼ਰਤੀ ਮਾਹੌਲ ਸਿਰਜਣ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਵੰਡ ਦੀ ਤ੍ਰਾਸਦੀ ਦੀ ਦੁਰਵਰਤੋਂ ਨਫ਼ਰਤ ਦੀ ਭਾਵਨਾ ਨੂੰ ਭੜਕਾਉਣ ਲਈ ਨਹੀਂ ਹੋਣੀ ਚਾਹੀਦੀ ਹੈ। ਲੱਖਾਂ ਲੋਕ ਬੇਘਰ ਹੋਏ ਅਤੇ ਜਾਨਾਂ ਗਈਆਂ। ਉਨਾਂ ਦੇ ਬਲੀਦਾਨਾਂ ਨੂੰ ਭੁਲਾਇਆ ਜਾਂ ਅਪਮਾਨਿਤ ਨਹੀਂ ਕੀਤਾ ਜਾਣਾ ਚਾਹੀਦਾ।

## ਮਾਮਲਾ ਤੀਆਂ ਦੇ ਮੇਲੇ ਦੌਰਾਨ ਜਾਤ-ਪਾਤ ਦੇ ਵਿਤਕਰੇ ਦਾ

# 'ਆਪ' ਆਗੂ ਸਣੇ ਪੰਜ ਖ਼ਿਲਾਫ਼ ਕੇਸ ਦਰਜ

**ਬਠਿੰਡਾ/ਏ.ਟੀ.ਨਿਊਜ਼ :-** ਤੀਆਂ ਦੇ ਤਿਉਹਾਰ ਦੇ ਸਬੰਧ ਵਿੱਚ ਰੱਖੇ ਗਏ ਇੱਕ ਸਮਾਗਮ ਦੌਰਾਨ ਦਲਿਤਾਂ ਲਈ ਕਥਿਤ ਤੌਰ 'ਤੇ ਲੰਗਰ ਦਾ ਵੱਖਰਾ ਪ੍ਰਬੰਧ ਕੀਤੇ ਜਾਣ ਮਗਰੋਂ ਇੱਕ ਨਵਾਂ 'ਵਿਵਾਦ' ਖੜਾ ਹੋ ਗਿਆ ਹੈ। ਇਹ ਸਮਾਗਮ 7 ਅਗਸਤ ਨੂੰ ਜ਼ਿਲਾ ਬਠਿੰਡਾ ਅਧੀਨ ਪੈਂਦੇ ਪਿੰਡ ਮਲੂਕਾ ਵਿਖੇ ਰੱਖਿਆ ਗਿਆ ਸੀ। ਦਲਿਤ ਬੀਬੀਆਂ ਨਾਲ 'ਜਾਤ-ਪਾਤ ਸਬੰਧੀ ਵਿਤਕਰੇ' ਦਾ ਮਾਮਲਾ ਸਾਹਮਣੇ ਆਉਣ 'ਤੇ ਥਾਣਾ ਦਿਆਲਪੁਰਾ ਵਿਚ 'ਆਪ' ਆਗੂ ਸਣੇ ਪੰਜ ਜਣਿਆਂ ਖ਼ਿਲਾਫ਼ ਐੱਸਸੀਐੱਸਟੀ ਐਕਟ ਤਹਿਤ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਇੱਕ ਔਰਤ ਵੀ ਸ਼ਾਮਲ ਹੈ। ਸੁਖਦੀਪ ਕੌਰ ਪਤਨੀ ਲਛਮਣ ਸਿੰਘ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਕਿ ਬੀਤੀ 7 ਅਗਸਤ ਨੂੰ ਰਘਵੀਰ ਸਿੰਘ ਵੱਲੋਂ ਕਰਵਾਏ ਤੀਆਂ ਦੇ ਪ੍ਰੋਗਰਾਮ ਵਿੱਚ ਉਹ ਵੀ ਸ਼ਾਮਲ ਹੋਈ ਸੀ, ਜਿਥੇ ਐੱਸਸੀ ਤੇ ਜਨਰਲ ਭਾਈਚਾਰਿਆਂ ਲਈ ਵੱਖ-ਵੱਖ ਟੈਂਟ ਲੱਗੇ ਹੋਏ ਸਨ। ਸੁਖਦੀਪ ਕੌਰ ਅਨੁਸਾਰ ਜਦੋਂ ਉਸ ਨੇ ਖਾਣਾ ਖਾਣ ਲਈ ਥਾਲ ਚੁੱਕਿਆ ਤਾਂ ਕੁਲਦੀਪ ਕੌਰ ਪਤਨੀ ਪਲਵਿੰਦਰ ਸਿੰਘ ਨੇ ਥਾਲ ਖੋਹ ਕੇ ਕਿਹਾ 'ਛੋਟੀਆਂ ਜਾਤਾਂ ਵਾਸਤੇ ਵੱਖਰਾ ਪ੍ਰਬੰਧ ਹੈ ਅਤੇ ਤੁਹਾਡਾ ਲੰਗਰ ਉੱਧਰ ਹੈ'। ਇਸ ਮੌਕੇ ਕੋਲ ਖੜੇ ਇੱਕ ਹੋਰ ਵਿਅਕਤੀ ਜਗਸੀਰ ਸਿੰਘ ਨੇ ਵੀ ਇਹੀ ਸ਼ਬਦ ਦੁਹਰਾਏ। ਜਿਵੇਂ ਹੀ ਇਸ ਅਨਾਊਂਸਮੈਂਟ ਦੀ ਵੀਡੀਓ ਸੋਸ਼ਲ ਮੀਡੀਆ ਉੱਪਰ ਵਾਇਰਲ ਹੋਈ ਤਾਂ ਵੱਖ-ਵੱਖ ਜਥੇਬੰਦੀਆਂ ਨੇ ਇਸ ਵਿਰੁੱਧ ਆਵਾਜ਼ ਚੁੱਕਣੀ ਸ਼ੁਰੂ ਕਰ ਦਿੱਤੀ। ਪਿੰਡ ਦੇ ਵਸਨੀਕ ਹਰਬੰਸ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਦੌਰਾਨ ਦਲਿਤ ਵਰਗ ਅਤੇ ਉੱਚ ਜਾਤੀਆਂ ਲਈ ਵੱਖੋ ਵੱਖਰੇ ਟੈਂਟ ਲਗਾਏ ਗਏ ਸਨ।

ਦਲਿਤ ਔਰਤ ਦੀ ਸ਼ਿਕਾਇਤ ਮਗਰੋਂ ਪੁਲਿਸ ਨੇ ਰਘਵੀਰ ਸਿੰਘ, ਜਗਸੀਰ ਸਿੰਘ, ਸਵਰਨਾ, 'ਆਪ' ਆਗੂ ਲੱਖਾ ਸਿੰਘ ਤੇ ਕੁਲਦੀਪ ਕੌਰ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਉਣ ਵਾਲੀ ਔਰਤ ਨੇ ਪੁਲਿਸ ਨੂੰ ਦਿੱਤੇ ਬਿਆਨ ਵਿੱਚ ਕਿਹਾ ਹੈ ਕਿ ਸਮਾਗਮ ਦੌਰਾਨ ਕਥਿਤ ਤੌਰ 'ਤੇ ਇਹ ਵੀ ਕਿਹਾ ਗਿਆ ਕਿ ਦਲਿਤ ਕੁੜੀਆਂ ਸਟੇਜ ਤੋਂ ਉਤਰ ਜਾਣ।

ਥਾਣਾ ਦਿਆਲਪੁਰਾ ਭਾਈਕਾ ਦੇ ਐੱਸਐੱਚਓ ਹਰਨੇਕ ਸਿੰਘ ਦਾ ਕਹਿਣਾ ਹੈ ਕਿ ਜਿਵੇਂ ਹੀ ਇਸ ਘਟਨਾ ਦੀ ਸ਼ਿਕਾਇਤ ਪੁਲਿਸ ਕੋਲ ਪੁੱਜੀ ਤਾਂ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੰਜ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ। ਯਾਦ ਰਹੇ ਕਿ ਇਸ ਘਟਨਾ ਦੇ ਵਾਪਰਨ ਤੋਂ ਤਿੰਨ ਦਿਨ ਬਾਅਦ 10 ਅਗਸਤ ਨੂੰ ਇਹ ਕੇਸ ਪੁਲਿਸ ਵੱਲੋਂ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਅਨੁਸਾਰ ਹਾਲੇ ਕੋਈ ਗ੍ਰਿਫ਼ਤਾਰੀ ਨਹੀਂ ਹੋਈ। ਦਲਿਤ ਮਹਾ-ਪੰਚਾਇਤ ਦੇ ਚੇਅਰਮੈਨ ਕਿਰਨਜੀਤ ਸਿੰਘ ਗਹਿਰੀ ਦੀ ਅਗਵਾਈ ਹੇਠ ਇੱਕ ਵਫ਼ਦ ਨੇ ਆਈਜੀ ਸ਼ਿਵ ਕੁਮਾਰ ਵਰਮਾ ਨੂੰ ਮਿਲ ਕੇ ਸ਼ਿਕਾਇਤ ਕੀਤੀ ਹੈ ਕਿ ਧਨਾਢ ਦੋਸ਼ੀਆਂ ਵੱਲੋਂ ਪੀੜਤਾਂ ਨੂੰ ਧਮਕਾਇਆ ਜਾ ਰਿਹਾ ਹੈ।



ਪਿੰਡ ਮਲੂਕਾ ਵਿੱਚ ਵੱਖ-ਵੱਖ ਲੋਕਾਂ ਨਾਲ ਗੱਲ ਕਰਨ ਤੋਂ ਬਾਅਦ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਈ ਕਿ ਪਿੰਡ ਵਿੱਚ ਵੱਖ-ਵੱਖ ਸਿਆਸੀ ਧੜਿਆਂ ਦਰਮਿਆਨ ਅਕਸਰ ਹੀ ਖਿੱਚੋਤਾਣ ਚੱਲਦੀ ਰਹਿੰਦੀ ਹੈ।ਪਿੰਡ ਦੇ ਵਸਨੀਕ ਬੀਰਾ ਸਿੰਘ ਦਾ ਕਹਿਣਾ ਹੈ ਕਿ ਇਸ ਸਿਆਸੀ ਧੜੇਬੰਦੀ ਦਾ ਸ਼ਿਕਾਰ ਕਥਿਤ ਤੌਰ 'ਤੇ ਗ਼ਰੀਬ ਲੋਕ ਹੀ ਹੁੰਦੇ ਰਹੇ ਹਨ। ਪੀੜਤ ਔਰਤ ਦੇ ਪਤੀ ਖੇਤ ਮਜ਼ਦੂਰ ਹਨ। ਜਦੋਂ ਉਨਾਂ ਤੋਂ ਇਸ ਘਟਨਾ ਸਬੰਧੀ ਪੁੱਛਿਆ ਗਿਆ ਤਾਂ ਉਨਾਂ ਸਾਫ ਸ਼ਬਦਾਂ ਵਿੱਚ ਕਿਹਾ, 'ਅਸੀਂ ਮਜ਼ਦੂਰੀ ਕਰਕੇ ਆਪਣਾ ਘਰ ਚਲਾਉਂਦੇ ਹਾਂ। ਅਜਿਹੇ ਹਾਲਾਤ ਵਿੱਚ ਅਸੀਂ ਕਿਸੇ ਵੀ ਤਰਾਂ ਦੇ ਵਿਵਾਦ ਵਿੱਚ ਨਹੀਂ ਪੈਣਾ ਚਾਹੁੰਦੇ।'

ਦੂਜੇ ਪਾਸੇ ਇਸ ਸਮਾਗਮ ਨੂੰ ਕਰਵਾਉਣ ਵਾਲੇ ਮੁੱਖ ਪ੍ਰਬੰਧਕ ਰਘਬੀਰ ਸਿੰਘ ਦੇ ਪੁੱਤਰ ਰਾਮ ਸਿੰਘ ਦਾ ਕਹਿਣਾ ਹੈ ਕਿ ਸਮਾਗਮ ਵਿੱਚ ਦੋ ਲੰਗਰ ਨਹੀਂ ਸਨ।ਅਸੀਂ ਆਪਣੇ ਰਿਸ਼ਤੇਦਾਰਾਂ ਲਈ ਇੱਕ ਵੱਖਰੇ ਲੰਗਰ ਦਾ ਪ੍ਰਬੰਧ ਕੀਤਾ ਸੀ ਜਿਸ ਵਿੱਚ ਸਿਰਫ ਪਰਿਵਾਰਕ ਮੈਂਬਰ ਹੀ ਹਾਜ਼ਰ ਸਨ। ਜਦੋਂ ਕਿ ਆਮ ਸੰਗਤ ਲਈ ਦੂਜੇ ਪਾਸੇ ਖੁੱਲਾ ਲੰਗਰ ਬਿਨਾਂ ਕਿਸੇ ਭੇਦਭਾਵ ਦੇ ਵਰਤਾਇਆ ਗਿਆ ਸੀ।ਉਨਾਂ ਕਿਹਾ, 'ਮੇਰੇ ਪਿਤਾ ਰਘਬੀਰ ਸਿੰਘ ਨੇ ਹਰ ਤਰਾਂ ਦੇ ਸਮਾਜ ਸੇਵੀ ਕੰਮਾਂ ਵਿੱਚ ਹਿੱਸਾ ਲਿਆ ਹੈ। ਅਸੀਂ ਬੜੇ ਚਾਵਾਂ ਨਾਲ ਇਹ ਸਮਾਗਮ ਕਰਵਾਇਆ ਸੀ। ਪਤਾ ਨਹੀਂ ਕਿਸ ਤਰਾਂ ਦੀ ਸਿਆਸਤ ਇਸ ਸਮਾਗਮ ਵਿੱਚ ਕੀਤੀ ਗਈ ਕਿ ਇਹ ਬਖੇੜਾ ਖੜਾ ਹੋ ਗਿਆ। ਰਾਮ ਸਿੰਘ ਨੇ ਇਸ ਗੱਲ ਦਾ ਖੁਲਾਸਾ ਕੀਤਾ ਕਿ ਪੀੜਤ ਔਰਤ ਨੇ ਇੱਕ ਹਲਫੀਆ ਬਿਆਨ ਰਾਹੀਂ ਸਾਰੀ ਸਥਿਤੀ ਸਾਫ਼ ਕਰ ਦਿੱਤੀ ਹੈ।

ਪੀੜਤ ਔਰਤ ਦਾ ਕਹਿਣਾ ਹੈ ਕਿ ਘਟਨਾ ਦੇ ਸਬੰਧ ਵਿੱਚ ਸਮਾਗਮ ਦੇ ਮੁੱਖ ਪ੍ਰਬੰਧਕ ਨੇ ਸਾਡੇ ਕੋਲੋਂ ਮੁਆਫ਼ੀ ਮੰਗ ਲਈ ਹੈ। ਪਿੰਡ ਵਿੱਚ ਸਾਲਾਂ ਤੋਂ ਭੈਣਾਂ-ਭਰਾਵਾਂ ਵਾਂਗ ਰਹਿੰਦੇ ਆ ਰਹੇ ਹਾਂ। ਮੈਨੂੰ ਲੱਗਦਾ ਹੈ ਕਿ ਗੱਲ ਜਲਦੀ ਹੀ ਨਿੱਬੜ ਜਾਵੇਗੀ।' ਪੁਲਿਸ ਅਧਿਕਾਰੀ ਨੇ ਕਿਹਾ ਕਿ ਉਹ ਇਸ ਗੱਲ ਤੋ ਜਾਣੂ ਨਹੀਂ ਹਨ ਕਿ ਦੋਵਾਂ ਧਿਰਾਂ ਦਰਮਿਆਨ ਕੋਈ ਸਮਝੌਤਾ ਹੋਇਆ ਹੈ ਜਾਂ ਨਹੀਂ।

# ਬਿਹਾਰ ਦਾ ਸਿਆਸੀ ਘਟਨਾਕ੍ਰਮ-ਭਾਜਪਾ ਲਈ ਚੈਲਿੰਜ

**ਅਭੈ ਕੁਮਾਰ ਦੂਬੇ**

ਪਿਛਲੇ ਸਾਲ ਸਰਦੀਆਂ ਵਿਚ ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ ਵਿਚ ਇਕ ਭਾਸ਼ਾ ਅਤੇ ਉਪਨਿਵੇਸ਼ਵਾਦ ਦੇ ਸੰਬੰਧਾਂ 'ਤੇ ਲੈਕਚਰ ਦੇਣ ਲਈ ਜਾਣ ਦਾ ਮੌਕਾ ਮਿਲਿਆ ਸੀ। ਉੱਥੇ ਮੇਰਾ ਸਵਾਗਤ ਕਰਨ ਲਈ ਰਾਜਨੀਤੀ ਸ਼ਾਸਤਰ ਦੇ ਸੀਨੀਅਰ ਅਧਿਆਪਕ ਆਏ ਅਤੇ ਉਨ੍ਹਾਂ ਦੀ ਹੀ ਕਾਰ ਵਿਚ ਬੈਠ ਕੇ ਮੈਂ ਯੂਨੀਵਰਸਿਟੀ ਦੇ ਮਹਿਮਾਨ ਘਰ ਗਿਆ। ਮੈਂ ਦੇਖਿਆ ਕਿ ਨਾ ਤਾਂ ਪ੍ਰੋਫ਼ੈਸਰ ਸਾਹਿਬ ਨੇ ਕੋਰੋਨਾ ਰੋਕੂ ਨਕਾਬ (ਮਾਸਕ) ਲਗਾਇਆ ਸੀ ਅਤੇ ਨਾ ਕੋਈ ਆਸ-ਪਾਸ ਨਜ਼ਰ ਮਾਰਨ 'ਤੇ ਕੋਈ ਨਕਾਬ ਲਗਾਈ ਦਿਸ ਰਿਹਾ ਸੀ। ਮੈਂ ਦਿੱਲੀ ਤੋਂ ਗਿਆ ਸੀ, ਜਿੱਥੇ ਮਾਸਕ ਨਾ ਪਾਉਣ 'ਤੇ ਜੁਰਮਾਨਾ ਲਗਾਉਣ ਦਾ ਨਿਯਮ ਲਾਗੂ ਸੀ। ਮੈਂ ਪੁੱਛਿਆ ਕਿ ਇੱਥੇ ਕੋਈ ਮਾਸਕ ਕਿਉਂ ਨਹੀਂ ਪਾਉਂਦਾ? ਜਵਾਬ ਵਿਚ ਕੁਝ-ਕੁਝ ਵਿਅੰਗਮਈ ਲਹਿਜੇ ਵਿਚ ਮੁਸਕਰਾਉਂਦੇ ਹੋਏ ਮੇਰੇ ਮੇਜ਼ਬਾਨ ਨੇ ਕਿਹਾ ਕਿ ਮੋਦੀ ਜੋ ਕਹਿੰਦੇ ਹਨ, ਪੰਜਾਬ ਵਿਚ ਅਸੀਂ ਲੋਕ ਉਸ ਦਾ ਉਲਟਾ ਕਰਦੇ ਹਾਂ। ਉਸ ਸਮੇਂ ਇਸ ਗੱਲ ਦਾ ਪੂਰਾ ਮਹੱਤਵ ਸਮਝ ਵਿਚ ਨਹੀਂ ਆਇਆ ਸੀ, ਪਰ ਜਦੋਂ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਤਾਂ ਪਤਾ ਲੱਗਾ ਕਿ ਉਕਤ ਕਹੀ ਗਈ ਗੱਲ ਕਿੰਨੀ ਸਟੀਕ ਸੀ। ਆਪਣੇ ਇਸ ਤਜਰਬੇ ਨੂੰ ਮੈਂ ਇੱਥੇ ਇਸ ਲਈ ਰੱਖ ਰਿਹਾ ਹਾਂ ਤਾਂ ਕਿ ਇਹੀ ਗੱਲ ਥੋੜ੍ਹੀ ਬਹੁਤ ਬਿਹਾਰ ਬਾਰੇ ਵੀ ਕਹੀ ਜਾ ਸਕਦੀ ਹੈ। ਸਮਾਜਿਕ ਅਤੇ ਧਾਰਮਿਕ ਨਜ਼ਰੀਏ ਨਾਲ ਦੇਖੀਏ ਤਾਂ ਬਿਹਾਰ ਪੰਜਾਬ ਤੋਂ ਬਿਲਕੁੱਲ ਵੱਖਰਾ ਹੈ। ਉੱਥੇ ਹਿੰਦੂ ਬਹੁਮਤ 'ਚ ਹਨ ਅਤੇ ਮੁਸਲਮਾਨਾਂ ਦੀਆਂ ਵੋਟਾਂ ਲਈ ਕੀਤੀ ਜਾਣ ਵਾਲੀ ਧਰਮ-ਨਿਰਪੱਖ ਰਾਜਨੀਤੀ ਦੇ ਖ਼ਿਲਾਫ਼ ਉਨ੍ਹਾਂ ਵਿਚਾਲੇ ਪ੍ਰਤੀਕਿਰਿਆ ਵੀ ਹੁੰਦੀ ਹੈ। ਭਾਰਤੀ ਜਨਤਾ ਪਾਰਟੀ ਗੱਠਜੋੜ ਰਾਜਨੀਤੀ ਜ਼ਰੀਏ ਉੱਥੇ ਪਿਛਲੇ ਡੇਢ ਦਹਾਕੇ ਤੋਂ ਦੋ ਸਾਲ ਛੱਡ ਕੇ ਸੱਤਾ 'ਚ ਵੀ ਰਹੀ ਹੈ (ਪੰਜਾਬ ਵਿਚ ਵੀ ਭਾਜਪਾ ਅਕਾਲੀਆਂ ਨਾਲ ਸੱਤਾ ਭੋਗਦੀ ਰਹੀ ਹੈ)। ਇਸ ਦੇ ਬਾਵਜੂਦ ਨਾ ਤਾਂ ਉਹ ਪੰਜਾਬ ਵਿਚ ਸ਼ਹਿਰੀ ਹਿੰਦੂਆਂ ਦੀ ਪਾਰਟੀ ਹੋਣ ਤੋਂ ਅੱਗੇ ਵਧ ਸਕੀ ਅਤੇ ਨਾ ਹੀ ਬਿਹਾਰ ਵਿਚ ਉਹ ਬ੍ਰਾਹਮਣ, ਰਾਜਪੂਤ, ਬਨੀਆ, ਭੂਮੀਹਾਰ ਅਤੇ ਕਾਇਸਥਾਂ ਤੋਂ ਅੱਗੇ ਨਿਕਲ ਸਕੀ। ਪੰਜਾਬ ਵਿਚ ਸਿੱਖਾਂ ਦਾ ਸਮਰਥਨ ਹਾਸਲ ਕਰਨ ਲਈ ਉਹ ਹਮੇਸ਼ਾ ਅਕਾਲੀਆਂ ਦੀ ਮੁਹਤਾਜ ਰਹੀ ਅਤੇ ਬਿਹਾਰ ਵਿਚ ਪਛੜੇ ਅਤੇ ਦਲਿਤਾਂ ਦੀਆਂ ਵੋਟਾਂ ਲਈ ਉਹ ਨਿਤੀਸ਼ ਕੁਮਾਰ ਦੀ ਮੁਹਤਾਜ ਬਣੀ ਰਹੀ। ਚਾਹੇ ਮੋਦੀ ਦਾ ਕਥਿਤ ਕ੍ਰਿਸ਼ਮਾ ਹੋਵੇ ਜਾਂ ਹਿੰਦੁਤਵ ਦੀ ਮੁਸਲਮਾਨ ਵਿਰੋਧੀ ਵਿਚਾਰਧਾਰਾ, ਬਿਹਾਰ ਅਤੇ ਪੰਜਾਬ 'ਚ ਭਾਜਪਾ ਸੁਤੰਤਰ ਤੌਰ 'ਤੇ ਦਬਦਬੇ ਵਾਲੀ ਪਾਰਟੀ ਬਣਨ ਵਿਚ ਲਗਾਤਾਰ ਨਾਕਾਮ ਰਹੀ ਹੈ। ਨਿਤੀਸ਼ ਕੁਮਾਰ ਵਲੋਂ ਭਾਜਪਾ ਛੱਡ ਕੇ ਰਾਸ਼ਟਰੀ ਜਨਤਾ ਦਲ ਦੇ ਨਾਲ ਮਿਲ ਕੇ ਸਰਕਾਰ ਬਣਾ ਲੈਣ ਦੀ ਘਟਨਾ ਇਸ ਲਈ ਬਿਹਾਰ ਵਿਚ 'ਰਾਜਨੀਤਕ ਗੇਮਚੇਂਜਰ' ਬਣ ਸਕਦੀ ਹੈ। ਵਿਧਾਨ ਸਭਾ ਵਿਚ ਤਾਂ ਸ਼ਰਤੀਆ, ਪਰ ਲੋਕ ਸਭਾ ਵਿਚ ਵੀ ਕਾਫ਼ੀ-ਕੁਝ ਬਦਲ ਸਕਦਾ ਹੈ।

ਭਾਜਪਾ ਦੇ ਸਮਰਥਕ ਦਲੀਲ ਦੇ ਰਹੇ ਹਨ ਕਿ ਮਹਾਂਗੱਠਜੋੜ ਦਾ ਸਮਾਜਿਕ ਗੱਠਜੋੜ ਭਾਵੇਂ ਹੀ ਦੇਖਣ ਵਿਚ ਤਾਕਤਵਰ ਲੱਗ ਰਿਹਾ ਹੋਵੇ, ਪਰ ਉਸ ਦਾ ਹਸ਼ਰ ਉਸੇ ਗੱਠਜੋੜ ਵਾਂਗ ਹੋਵੇਗਾ ਜਿਵੇਂ ਉੱਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦਾ ਹੋ ਚੁੱਕਾ ਹੈ। ਇਹ ਤਰਕ ਸਹੀ ਨਹੀਂ ਹੈ। ਬਿਹਾਰ ਉੱਤਰ ਪ੍ਰਦੇਸ਼ ਦੀ ਕਾਪੀ ਨਹੀਂ ਹੈ। ਜੇਕਰ ਅਜਿਹਾ ਹੁੰਦਾ ਤਾਂ ਉੱਤਰ ਪ੍ਰਦੇਸ਼ ਦੇ ਯਾਦਵਾਂ ਵਿਚ ਲਾਲੂ ਯਾਦਵ ਦੀ ਪੁੱਛ ਪ੍ਰਤੀਤ ਹੁੰਦੀ ਅਤੇ ਬਿਹਾਰ ਦੇ ਯਾਦਵਾਂ ਵਿਚ ਮੁਲਾਇਮ ਸਿੰਘ ਯਾਦਵ ਦੀ। ਰਾਮਵਿਲਾਸ ਪਾਸਵਾਨ ਉੱਤਰ ਪ੍ਰਦੇਸ਼ ਦੇ ਦਲਿਤਾਂ ਵਲੋਂ ਸਵੀਕਾਰ ਕਰ ਲਏ ਗਏ ਹੁੰਦੇ ਅਤੇ ਮਾਇਆਵਤੀ ਬਿਹਾਰ ਦੇ ਦਲਿਤਾਂ ਵਲੋਂ। ਅਸੀਂ ਜਾਣਦੇ ਹਾਂ ਕਿ ਅਜਿਹਾ ਨਹੀਂ ਹੋਇਆ। ਕੋਸ਼ਿਸ਼ਾਂ ਦੋਵਾਂ ਪਾਸਿਆਂ ਤੋਂ ਹੋਈਆਂ ਅਤੇ ਜੰਮ ਕੇ ਹੋਈਆਂ, ਪਰ ਬਿਹਾਰ ਅਤੇ ਉੱਤਰ ਪ੍ਰਦੇਸ਼ ਹਮੇਸ਼ਾ ਵੱਖੋ-ਵੱਖਰੇ ਸਾਬਤ ਹੋਏ। ਅਜਿਹਾ ਇਸ ਲਈ ਹੋਇਆ ਕਿ ਸਮਾਜਿਕ ਖਾਕੇ 'ਚ ਬਿਹਾਰ ਇਕ ਵੱਖਰਾ ਸੂਬਾ ਹੈ। ਉੱਤਰ ਪ੍ਰਦੇਸ਼ ਵਿਚ ਦੂਜੇ ਦਰਜੇ ਦੀਆਂ ਅਤੇ ਉੱਚੀਆਂ ਜਾਤੀਆਂ ਦੀ ਸੰਖਿਆਤਮਕ ਹਾਜ਼ਰੀ ਚੋਣਾਵੀ ਨਜ਼ਰੀਏ ਨਾਲ ਬਹੁਤ ਸ਼ਕਤੀਸ਼ਾਲੀ ਹੈ। ਬ੍ਰਾਹਮਣ, ਠਾਕੁਰ, ਵੈਸ਼, ਭੂਮਿਹਾਰ, ਕਾਇਸਥ ਅਤੇ ਜਾਟ ਮਿਲ ਕੇ ਤਕਰੀਬਨ ਪੈਂਤੀ ਤੋਂ ਚਾਲੀ ਫ਼ੀਸਦੀ ਵੋਟਾਂ ਦਾ ਨਿਰਮਾਣ ਕਰਦੇ ਹਨ। ਵੱਖ-ਵੱਖ ਰਾਜਨੀਤਕ ਕਾਰਨਾਂ ਨਾਲ ਇਹ ਵੱਡਾ ਵੋਟ ਮੰਡਲ ਸੰਗਠਿਤ ਹੋ ਕੇ ਭਾਜਪਾ ਦੀ ਰਾਜਨੀਤੀ ਦਾ ਕੇਂਦਰ ਬਣ ਜਾਂਦਾ ਹੈ। ਇਸ 40 ਫ਼ੀਸਦੀ ਨੂੰ 45 ਜਾਂ 50 ਫ਼ੀਸਦੀ ਤੱਕ ਪਹੁੰਚਾਉਣ ਲਈ ਭਾਜਪਾ ਨੂੰ ਥੋੜ੍ਹੀਆਂ ਕੁ ਪਛੜੀਆਂ ਅਤੇ ਦਲਿਤ ਵੋਟਾਂ ਦੀ ਜ਼ਰੂਰਤ ਹੀ ਪੈਂਦੀ ਹੈ। ਪਰ ਬਿਹਾਰ 'ਚ ਅਜਿਹਾ ਨਹੀਂ ਹੈ। ਉੱਥੇ ਇਸ ਤਰਾਂ ਦਾ ਵੋਟਰ ਮੰਡਲ ਸਿਰਫ਼ ਪੰਦਰਾਂ ਫ਼ੀਸਦੀ ਦਾ ਹੀ ਹੈ। ਜੇਕਰ ਬਹੁਤ ਉਦਾਰਤਾ ਨਾਲ ਹਿਸਾਬ ਲਗਾਇਆ ਜਾਵੇ ਤਾਂ ਵੀ ਇਸ ਨੂੰ ਵੀਹ ਫ਼ੀਸਦੀ ਤੱਕ ਨਹੀਂ ਪਹੁੰਚਾਇਆ ਜਾ ਸਕਦਾ। ਠੋਸ ਰੂਪ ਨਾਲ ਕਹੀਏ ਤਾਂ 80 ਫ਼ੀਸਦੀ ਵੋਟ ਅਜਿਹੇ ਹਨ ਜੋ ਭਾਜਪਾ ਦੇ ਸੁਭਾਵਿਕ ਵੋਟਰ ਨਹੀਂ ਹਨ। ਉਨ੍ਹਾਂ 'ਚੋਂ ਵੀ ਕੁਝ ਭਾਜਪਾ ਨੂੰ ਮਿਲ ਸਕਦੇ ਹਨ, ਪਰ ਇਸ ਦੀ ਕੋਈ ਗਾਰੰਟੀ ਨਹੀਂ ਹੈ। ਮੁਹਾਵਰੇ ਵਿਚ ਕਹੀਏ ਤਾਂ ਬਿਹਾਰ 'ਚ ਭਾਜਪਾ ਬ੍ਰਾਹਮਣ-ਬਨੀਆ ਜਾਂ ਬਾਬੂ ਸਾਹਿਬਾਂ ਦੀ ਪਾਰਟੀ ਹੀ ਹੈ। ਗ਼ਰੀਬ-ਗੁਰਬੇ ਦੀ ਨਹੀਂ। ਉਨ੍ਹਾਂ ਦੀ ਨੁਮਾਇੰਦਗੀ ਆਪਣੀਆਂ ਤਮਾਮ ਕਮੀਆਂ ਦੇ ਬਾਵਜੂਦ ਲਾਲੂ ਅਤੇ ਨਿਤੀਸ਼ ਹੀ ਕਰਦੇ ਹਨ।

ਅਜੇ ਕੱਲ ਹੀ ਇਕ ਟੀ.ਵੀ. ਚੈਨਲ ਵਲੋਂ ਰੱਖੀ ਬਹਿਸ ਦੌਰਾਨ ਸੁਸ਼ੀਲ ਮੋਦੀ ਦੇ ਨਾਲ ਚਰਚਾ ਹੋ ਰਹੀ ਸੀ। ਦਸ ਸਾਲ ਤੋਂ ਜ਼ਿਆਦਾ ਤੱਕ ਨਿਤੀਸ਼ ਦੇ ਨਾਲ ਉਪ ਮੁੱਖ ਮੰਤਰੀ ਰਹਿ ਚੁੱਕੇ ਸੁਸ਼ੀਲ ਮੋਦੀ ਨੇ ਦੋਸ਼ ਲਗਾਇਆ ਕਿ ਉਹ ਹਰ ਵਾਰ ਜਨਾਦੇਸ਼ ਦੇ ਨਾਲ ਗਦਾਰੀ ਕਰਦੇ ਹਨ। ਮੈਂ ਪਲਟ ਕੇ ਪੁੱਛਿਆ ਕਿ ਜਨਾਦੇਸ਼ ਦੇ ਨਾਲ ਗਦਾਰੀ ਕਰਨ ਵਾਲੇ ਇਸ ਨੇਤਾ ਨੂੰ ਤੁਸੀਂ ਲੋਕ ਵਾਰ-ਵਾਰ ਮੁੱਖ ਮੰਤਰੀ ਕਿਉਂ ਬਣਾਉਂਦੇ ਰਹੇ ਹੋ? ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਨਿਤੀਸ਼ ਨੂੰ ਸਿਰਫ਼ 45 ਸੀਟਾਂ ਹੀ ਮਿਲੀਆਂ ਸਨ। ਭਾਜਪਾ ਉਨ੍ਹਾਂ ਤੋਂ ਬਹੁਤ ਅੱਗੇ ਸੀ। ਨਿਤੀਸ਼ ਨੇ ਖ਼ੁਦ ਵੀ ਕਹਿ ਦਿੱਤਾ ਸੀ ਕਿ ਉਹ ਮੁੱਖ ਮੰਤਰੀ ਨਹੀਂ ਬਣਨਾ ਚਾਹੁੰਦੇ ਹਨ, ਪਰ ਨਰਿੰਦਰ ਮੋਦੀ ਨੇ ਖ਼ੁਦ ਫ਼ੋਨ ਕਰਕੇ ਉਨ੍ਹਾਂ ਨੂੰ ਅਪੀਲ ਕੀਤੀ ਅਤੇ ਉਦੋਂ ਉਨ੍ਹਾਂ ਨੇ ਸਹੁੰ ਚੁੱਕੀ। ਮੋਦੀ ਨੇ ਅਜਿਹਾ ਕਿਉਂ ਕੀਤਾ? ਕਿਉਂਕਿ ਪ੍ਰਧਾਨ ਮੰਤਰੀ ਨੂੰ ਪਤਾ ਸੀ ਕਿ ਲੋਕ ਸਭਾ ਚੋਣਾਂ 'ਚ ਅਤਿ ਪਛੜੇ ਅਤੇ ਦਲਿਤਾਂ-ਮਹਾਂਦਲਿਤਾਂ ਦੇ ਵੋਟਾਂ ਦੀ ਜ਼ਰੂਰਤ ਨਿਤੀਸ਼ ਤੋਂ ਬਿਨਾਂ ਪੂਰੀ ਨਹੀਂ ਹੋ ਸਕੇਗੀ। ਸੁਸ਼ੀਲ ਮੋਦੀ ਭਾਵੇਂ ਹੀ ਨਾ ਮੰਨਣ, ਪਰ ਨਰਿੰਦਰ ਮੋਦੀ ਨੂੰ ਪਤਾ ਸੀ ਕਿ ਭਾਜਪਾ ਦੀ ਬਿਹਾਰ ਦੇ ਵੋਟਰਾਂ 'ਚ ਅਸਲੀ ਹੈਸੀਅਤ ਕੀ ਹੈ। ਕਹਿਣਾ ਨਾ ਹੋਵੇਗਾ ਕਿ ਲੋਕ ਸਭਾ ਚੋਣਾਂ ਵਿਚ ਭਾਜਪਾ ਦੇ ਕੋਲ ਨਰਿੰਦਰ ਮੋਦੀ ਦੀ ਹਸਤੀ ਤਰੁੱਪ ਦੇ ਇੱਕੇ ਵਾਂਗ ਹੋਵੇਗੀ। ਹੋ ਸਕਦਾ ਹੈ ਕਿ ਅਤਿ ਪਛੜੇ ਅਤੇ ਦਲਿਤਾਂ ਦੇ ਕੁਝ ਵੋਟ ਉਨ੍ਹਾਂ ਦੇ ਪ੍ਰਭਾਵ 'ਚ ਭਾਜਪਾ ਦੇ ਕੋਲ ਚਲੇ ਜਾਣ। ਪਰ ਇਸ ਦੀ ਕੋਈ ਗਾਰੰਟੀ ਨਹੀਂ ਹੈ। ਮੋਦੀ ਨੇ ਆਪਣੀਆਂ ਦੋਵਾਂ ਲੋਕ ਸਭਾ ਚੋਣਾਂ ਵਿਚ ਗੱਠਜੋੜ ਦੀ ਮਿਲੀਜੁਲੀ ਤਾਕਤ ਦਾ ਸਾਹਮਣਾ ਨਹੀਂ ਕੀਤਾ। 2014 'ਚ ਨਿਤੀਸ਼ ਅਤੇ ਲਾਲੂ ਵੰਡੇ ਹੋਏ ਸਨ ਅਤੇ 2019 'ਚ ਨਿਤੀਸ਼ ਭਾਜਪਾ ਦੇ ਨਾਲ ਸਨ। ਇਸ ਵਾਰ ਨਰਿੰਦਰ ਮੋਦੀ ਨੂੰ ਪਹਿਲੀ ਵਾਰ ਪਛੜੇ, ਅਤਿ ਪਛੜੇ, ਦਲਿਤਾਂ ਅਤੇ ਮਹਾਂਦਲਿਤਾਂ ਦੀ ਮਿਲੀ-ਜੁਲੀ ਤਾਕਤ ਦਾ ਮੁਕਾਬਲਾ ਕਰਨਾ ਪਵੇਗਾ। ਇਹ ਲੜਾਈ ਭਾਜਪਾ ਨੂੰ ਭਾਰੀ ਪੈ ਸਕਦੀ ਹੈ।

ਪਰ ਇਕ ਸ਼ਰਤ ਹੈ। ਨਿਤੀਸ਼-ਤੇਜਸਵੀ ਨੂੰ ਅਗਲੇ ਡੇਢ ਸਾਲ ਤੱਕ ਸਰਕਾਰ ਇਸੇ ਤਰਾਂ ਚਲਾਉਣੀ ਪਵੇਗੀ ਕਿ ਮਹਾਂਗੱਠਜੋੜ ਅਤਿ-ਦਲਿਤਾਂ ਵਿਚ ਬਦਨਾਮ ਨਾ ਹੋ ਸਕੇ। ਇਹ ਦੋਵੇਂ ਨੇਤਾ ਦਬਦਬੇ ਵਾਲੇ ਭਾਈਚਾਰਿਆਂ 'ਚੋਂ ਆਉਂਦੇ ਹਨ। ਨਿਤੀਸ਼ ਕੁਰਮੀ ਭਾਈਚਾਰੇ ਦੇ ਪੁੱਤਰ ਹਨ ਅਤੇ ਤੇਜਸਵੀ ਯਾਦਵ ਭਾਈਚਾਰੇ ਦੇ। ਦੋਵਾਂ ਦੇ ਕੋਲ ਜ਼ਮੀਨਾਂ ਹਨ, ਲਾਠੀ ਹੈ। ਜੇਕਰ ਇਨ੍ਹਾਂ ਨੇ ਖ਼ਾਸਕਰ ਯਾਦਵਾਂ ਨੇ ਸੰਜਮ ਨਾ ਰੱਖਿਆ ਤਾਂ ਲੋਕ ਸਭਾ 'ਚ ਉੱਚੀਆਂ ਜਾਤੀਆਂ ਖ਼ਿਲਾਫ਼ ਕਮਜ਼ੋਰ ਕਹੀਆਂ ਜਾਣ ਵਾਲੀਆਂ ਜਾਤੀਆਂ ਇਕਜੁੱਟ ਹੋ ਸਕਦੀਆਂ ਹਨ। ਇਸ ਸ਼ਰਤ ਨੂੰ ਪੂਰਾ ਕਰਨਾ ਸੌਖਾ ਨਹੀਂ ਹੈ। ਪਰ ਦੋਵਾਂ ਨੇਤਾਵਾਂ ਨੇ ਇਕ-ਦੂਜੇ ਦਾ ਸਾਥ ਛੱਡਣ ਦਾ ਖ਼ਮਿਆਜ਼ਾ ਭੁਗਤ ਲਿਆ ਹੈ। ਨਿਤੀਸ਼ ਜਾਣਦੇ ਹਨ ਕਿ ਮੋਦੀ ਦੀ ਭਾਜਪਾ ਅਟਲ-ਅਡਵਾਨੀ ਵਾਲੀ ਭਾਜਪਾ ਨਹੀਂ ਹੈ। ਤੇਜਸਵੀ ਜਾਣਦੇ ਹਨ ਕਿ ਜੇਕਰ ਇਸ ਵਾਰ ਸੱਤਾ ਉਨ੍ਹਾਂ ਦੇ ਹੱਥ 'ਚੋਂ ਗਈ ਤਾਂ ਭਾਜਪਾ ਉਨ੍ਹਾਂ ਦੇ ਖ਼ਿਲਾਫ਼ ਦੋਸ਼ ਪੱਤਰ ਦਾਖ਼ਲ ਕਰਵਾ ਹੀ ਚੁੱਕੀ ਹੈ। ਪਿਤਾ ਪਹਿਲਾਂ ਤੋਂ ਹੀ ਜੇਲ 'ਚ ਹਨ ਅਤੇ ਜੇਕਰ ਤੇਜਸਵੀ ਨੂੰ ਵੀ ਸਲਾਖ਼ਾਂ ਪਿੱਛੇ ਜਾਣਾ ਪਿਆ ਤਾਂ ਉਨ੍ਹਾਂ ਦੀ ਪਾਰਟੀ ਪੂਰੀ ਤਰਾਂ ਨਾਲ ਬੇਸਹਾਰਾ ਹੋ ਜਾਵੇਗੀ। ਇਸ ਲਈ ਇਕ-ਦੂਜੇ ਦਾ ਸਾਥ ਛੱਡਣ ਤੋਂ ਪਹਿਲਾਂ ਇਹ ਦੋਵੇਂ ਨੇਤਾ ਸੈਂਕੜੇ ਵਾਰ ਸੋਚਣਗੇ।

# ਸਲਮਾਨ ਰਸ਼ਦੀ ਦੀ ਹਾਲਤ 'ਚ ਸੁਧਾਰ, ਵੈਂਟੀਲੇਟਰ ਹਟਾਇਆ

## ਸਟੇਜ 'ਤੇ ਭਾਸ਼ਣ ਦੇਣ ਲੱਗਿਆਂ ਹੋਇਆ ਸੀ ਹਮਲਾ, ਹਮਲਾਵਰ ਮੌਕੇ 'ਤੇ ਹੀ ਕੀਤਾ ਸੀ ਗ੍ਰਿਫ਼ਤਾਰ

ਰਸ਼ਦੀ ਰਚਿਤ ਕਿਤਾਬ 'ਦਿ ਸੈਤੇਨਿਕ ਵਰਸਿਜ਼' ਜੋ ਇਸਲਾਮ ਵਿਰੋਧੀ ਸੀ, ਕਾਰਨ ਮੁਸਲਮਾਨ ਨਾਰਾਜ਼ ਸਨ

ਨਿਊਯਾਰਕ/ਏ.ਟੀ.ਨਿਊਜ਼ :- ਉੱਘੇ ਅੰਗਰੇਜ਼ੀ ਲੇਖਕ ਸਲਮਾਨ ਰਸ਼ਦੀ 'ਤੇ ਬੀਤੇ ਦਿਨੀਂ ਉਸ ਸਮੇਂ ਜਾਨਲੇਵਾ ਹਮਲਾ ਕੀਤਾ ਗਿਆ ਸੀ ਜਦੋਂ ਉਹ ਪੱਛਮੀ ਨਿਊਯਾਰਕ ਵਿਚ ਭਾਸ਼ਣ ਦੇਣ ਜਾ ਰਹੇ ਸਨ। ਰਸ਼ਦੀ ਨੂੰ ਉਸ ਦੀਆਂ ਲਿਖਤਾਂ ਕਾਰਨ 1980ਵਿਆਂ ਵਿੱਚ ਇਰਾਨ ਤੋਂ ਮੌਤ ਦੀਆਂ ਧਮਕੀਆਂ ਮਿਲਦੀਆਂ ਰਹੀਆਂ ਸਨ। ਬੁੱਕਰ ਪੁਰਸਕਾਰ ਨਾਲ ਸਨਮਾਨਿਤ ਰਸ਼ਦੀ (75) ਪੱਛਮੀ ਨਿਊਯਾਰਕ ਦੀ ਸ਼ੁਤਾਕੁਵਾ ਇੰਸਟੀਚਿਊਟ ਵਿਚ ਇੱਕ ਪ੍ਰੋਗਰਾਮ ਦੌਰਾਨ ਆਪਣਾ ਭਾਸ਼ਣ ਸ਼ੁਰੂ ਕਰਨ ਹੀ ਵਾਲੇ ਸਨ ਕਿ ਉੱਥੇ ਮੌਜੂਦ ਇੱਕ ਵਿਅਕਤੀ ਮੰਚ 'ਤੇ ਚੜਿਆ ਤੇ ਉਸ ਨੇ ਰਸ਼ਦੀ ਨੂੰ ਮੁੱਕੇ ਮਾਰੇ ਅਤੇ ਚਾਕੂ ਨਾਲ ਹਮਲਾ ਕਰ ਦਿੱਤਾ। ਇਸ ਹਮਲੇ ਮਗਰੋਂ ਸਲਮਾਨ ਰਸ਼ਦੀ ਸਟੇਜ 'ਤੇ ਡਿੱਗ ਪਏ। ਹਮਲਾਵਰ ਨੂੰ ਮੌਕੇ 'ਤੇ ਕਾਬੂ ਕਰਕੇ ਹਿਰਾਸਤ ਵਿੱਚ ਲੈ ਲਿਆ ਗਿਆ ਸੀ।

ਇਸ ਘਟਨਾ ਤੋਂ ਬਾਅਦ ਰਸ਼ਦੀ ਨੂੰ ਹੈਲੀਕਾਪਟਰ ਰਾਹੀਂ ਅਗਲੇ ਇਲਾਜ ਲਈ ਸਥਾਨਕ ਹਸਪਤਾਲ ਲਿਜਾਇਆ ਗਿਆ ਹੈ। ਇਸ ਹਮਲੇ ਵਿਚ ਇੱਕ ਇੰਟਰਵਿਊ ਲੈਣ ਵਾਲਾ ਵੀ ਜ਼ਖ਼ਮੀ ਹੋਇਆ ਹੈ। ਹੁਣ ਸਲਮਾਨ ਰਸ਼ਦੀ ਨੂੰ ਵੈਂਟੀਲੇਟਰ ਲਾਹ ਲਿਆ ਗਿਆ ਹੈ ਤੇ ਉਨ੍ਹਾਂ ਦੀ ਹਾਲਤ ਵਿੱਚ ਸੁਧਾਰ ਹੋ ਰਿਹਾ ਹੈ। ਉਹ ਗੱਲਬਾਤ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਸਲਮਾਨ ਰਸ਼ਦੀ ਦੀ ਕਿਤਾਬ 'ਦਿ ਸੈਤੇਨਿਕ ਵਰਸਿਜ਼' 'ਤੇ 1988 ਵਿੱਚ ਇਰਾਨ ਵਿਚ ਪਾਬੰਦੀ ਲਗਾ ਦਿੱਤੀ ਗਈ ਸੀ ਕਿਉਂਕਿ ਮੁਸਲਮਾਨਾਂ ਨੇ ਇਸ ਕਿਤਾਬ ਨੂੰ ਧਰਮ ਵਿਰੋਧੀ ਕਰਾਰ ਦਿੱਤਾ ਸੀ। ਰਸ਼ਦੀ ਕਈ ਸਾਲ ਦੁਨੀਆਂ ਤੋਂ ਲੁਕ ਕੇ ਰਹੇ ਅਤੇ ਬਰਤਾਨਵੀ ਸਰਕਾਰ ਨੇ ਉਨ੍ਹਾਂ ਨੂੰ ਪੁਲਿਸ ਸੁਰੱਖਿਆ ਵੀ ਮੁਹੱਈਆ ਕਰਵਾਈ। ਇਸ ਕਾਰਨ ਇਰਾਨ ਅਤੇ ਯੂ.ਕੇ. ਦਰਮਿਆਨ ਕੂਟਨੀਤਕ ਰਿਸ਼ਤੇ ਵੀ ਟੁੱਟ ਗਏ। ਪੁਸਤਕ ਲਿਖਣ ਤੋਂ ਇੱਕ ਸਾਲ ਬਾਅਦ ਇਰਾਨ ਦੇ ਮਰਹੂਮ ਆਗੂ ਅਯਤੁੱਲਾ ਰੂਹੋਲਾ ਖੋਮੇਨੀ ਨੇ ਰਸ਼ਦੀ ਦੀ ਮੌਤ ਲਈ ਫਤਵਾ ਜਾਰੀ ਕਰਦਿਆਂ ਲਈ ਇਸ ਲਈ 30 ਲੱਖ ਡਾਲਰ ਦਾ ਇਨਾਮ ਰੱਖਿਆ ਸੀ। ਇਰਾਨ ਸਰਕਾਰ ਨੇ ਬੇਸ਼ੱਕ ਲੰਮਾ ਸਮਾਂ ਪਹਿਲਾਂ ਖੋਮੇਨੀ ਦੇ ਫਤਵੇ ਤੋਂ ਦੂਰੀ ਬਣਾ ਲਈ ਸੀ ਪਰ ਲੋਕਾਂ ਵਿੱਚ ਰਸ਼ਦੀ ਵਿਰੋਧੀ ਭਾਵਨਾਵਾਂ ਅਜੇ ਵੀ ਕਾਇਮ ਹਨ। ਸਾਲ 2012 ਵਿਚ ਇਰਾਨ ਦੀ ਇੱਕ ਧਾਰਮਿਕ ਫਾਊਂਡੇਸ਼ਨ ਨੇ ਰਸ਼ਦੀ ਦੀ ਮੌਤ ਲਈ ਇਨਾਮ ਵਿਚ ਵਾਧਾ



ਕਰ ਦਿੱਤਾ ਸੀ। ਇਸ ਸਾਲ ਰਸ਼ਦੀ ਨੇ ਉਸ ਫਤਵੇ ਬਾਰੇ ਕਿਤਾਬ ਪ੍ਰਕਾਸ਼ਤ ਕੀਤੀ ਸੀ।

ਰਸ਼ਦੀ ਦਾ ਜਨਮ 1947 ਭਾਰਤ ਪਾਕਿਸਤਾਨ ਦੀ ਵੰਡ ਤੋਂ ਦੋ ਮਹੀਨੇ ਪਹਿਲਾਂ ਬੰਬਈ ਵਿਖੇ ਹੋਇਆ ਸੀ। 14 ਸਾਲ ਦੀ ਉਮਰ ਵਿੱਚ ਉਹ ਇੰਗਲੈਂਡ ਚਲੇ ਗਏ ਅਤੇ ਬਾਅਦ ਵਿੱਚ ਉਨ੍ਹਾਂ ਨੇ ਕਿੰਗਜ਼ ਕਾਲਜ ਕੈਂਬਰਿਜ ਤੋਂ ਇਤਿਹਾਸ ਵਿੱਚ ਆਨਰਜ਼ ਡਿਗਰੀ ਹਾਸਿਲ ਕੀਤੀ। ਉੱਥੇ ਉਹ ਬ੍ਰਿਟਿਸ਼ ਨਾਗਰਿਕ ਬਣ ਗਏ ਅਤੇ ਇਸ ਬਾਅਦ ਮੁਸਲਿਮ ਵਿਚਾਰਧਾਰਾ ਤੋਂ ਦੂਰ ਹੋ ਗਏ।ਕੁਝ ਸਮੇਂ ਲਈ ਉਨ੍ਹਾਂ ਨੇ ਇੱਕ ਅਦਾਕਾਰ ਵਜੋਂ ਵੀ ਕੰਮ ਕੀਤਾ ਅਤੇ ਇਸ ਨਾਲ ਹੀ ਨਾਵਲ ਵੀ ਲਿਖਣੇ ਸ਼ੁਰੂ ਕੀਤੇ। ਉਨ੍ਹਾਂ ਦੀ ਪਹਿਲੀ ਕਿਤਾਬ ਗ੍ਰਾਇਮਸ ਬਹੁਤੀ ਸਫ਼ਲ ਨਹੀਂ ਸੀ ਪਰ ਆਲੋਚਕਾਂ ਮੁਤਾਬਕ ਉਨ੍ਹਾਂ ਵਿੱਚ ਵਧੀਆ ਲਿਖਣ ਦੀ ਕਾਬਲੀਅਤ ਮੌਜੂਦ ਸੀ। ਮਿਡਨਾਈਟਸ ਚਿਲਡਰਨ ਨਾਮ ਦੀ ਇਸ ਕਿਤਾਬ ਨੂੰ 1981 ਵਿੱਚ ਬੁੱਕਰ ਪੁਰਸਕਾਰ ਮਿਲਿਆ ਅਤੇ ਇਸ ਤੋਂ ਬਾਅਦ ਇਸ ਦੀਆਂ ਪੰਜ ਲੱਖ ਕਾਪੀਆਂ ਵਿਕੀਆਂ। ਇਹ ਨਾਵਲ ਭਾਰਤ ਬਾਰੇ ਸੀ ਅਤੇ ਇਸ ਤੋਂ ਬਾਅਦ ਉਨ੍ਹਾਂ ਦਾ ਤੀਜਾ ਨਾਵਲ ਛੇਮ 1983 ਵਿੱਚ ਪ੍ਰਕਾਸ਼ਿਤ ਹੋਇਆ। ਇਹ ਨਾਵਲ ਪਾਕਿਸਤਾਨ ਉਪਰ ਕੇਂਦਰਿਤ ਸੀ।

ਇਸ ਤੋਂ ਬਾਅਦ ਹੀ ਉਨ੍ਹਾਂ ਦਾ ਨਾਵਲ ਆਇਆ, 'ਜੈਗੁਅਰ ਸਮਾਈਲ' ਆਇਆ, ਜਿਸ ਵਿੱਚ ਉਨ੍ਹਾਂ ਦੇ ਨਿਕਾਰਾਗੁਆ ਦੇ ਸਫ਼ਰ ਬਾਰੇ ਜ਼ਿਕਰ ਸੀ। ਸਤੰਬਰ 1988 ਵਿੱਚ ਉਨ੍ਹਾਂ ਦੀ ਉਹ ਕਿਤਾਬ ਦਿ ਸੈਟੇਨਿਕ ਵਰਸਿਜ਼ ਪ੍ਰਕਾਸ਼ਿਤ ਹੋਈ, ਜਿਸ ਤੋਂ ਬਾਅਦ ਉਨ੍ਹਾਂ ਦੀ ਜ਼ਿੰਦਗੀ ਨੂੰ ਖ਼ਤਰਾ ਪੈਦਾ ਹੋ ਗਿਆ। ਮੁਸਲਮਾਨਾਂ ਵੱਲੋਂ ਇਸ ਪੁਸਤਕ ਨੂੰ ਧਰਮ ਵਿਰੋਧੀ ਕਰਾਰ ਦਿੰਦੇ ਹੋਏ ਇਸ ਖ਼ਿਲਾਫ਼ ਪ੍ਰਦਰਸ਼ਨ ਕੀਤੇ ਗਏ।

ਭਾਰਤ ਇਸ ਉੱਪਰ ਪਾਬੰਦੀ ਲਗਾਉਣ ਵਾਲਾ ਪਹਿਲਾ ਦੇਸ਼ ਸੀ। ਪਾਕਿਸਤਾਨ ਨੇ ਵੀ ਇਸ ਕਿਤਾਬ ਉਪਰ ਪਾਬੰਦੀ ਲਗਾਈ ਅਤੇ ਇਸ ਤੋਂ ਬਾਅਦ ਕਈ ਮੁਸਲਮਾਨ ਦੇਸ਼ਾਂ ਨੇ ਅਤੇ ਦੱਖਣੀ ਅਫ਼ਰੀਕਾ ਨੇ ਵੀ ਇਸ ਕਿਤਾਬ ਉੱਤੇ ਪਾਬੰਦੀ ਲਗਾ ਦਿੱਤੀ। ਦੁਨੀਆਂ ਦੇ ਕਈ ਹਿੱਸਿਆਂ ਵਿੱਚ ਇਸ ਨਾਵਲ ਦੀ ਸ਼ਲਾਘਾ ਵੀ ਹੋਈ ਸੀ ਅਤੇ ਇਸ ਨੂੰ ਵਾਈਟਬ੍ਰੈੱਡ ਪ੍ਰਾਈਜ਼ ਵੀ ਮਿਲਿਆ ਸੀ। ਇਸ ਕਿਤਾਬ ਦੇ ਪ੍ਰਕਾਸ਼ਿਤ ਹੋਣ ਤੋਂ ਦੋ ਮਹੀਨੇ ਬਾਅਦ ਸੜਕਾਂ 'ਤੇ ਵੀ ਇਸ ਦੇ ਖ਼ਿਲਾਫ਼ ਪ੍ਰਦਰਸ਼ਨ ਸ਼ੁਰੂ ਹੋ ਗਏ। ਮੁਸਲਮਾਨਾਂ ਨੇ ਇਸ ਨੂੰ ਇਸਲਾਮ ਦੀ ਬੇਇਜ਼ਤੀ ਦੱਸਿਆ। ਇਸ ਕਿਤਾਬ ਵਿੱਚ ਲਿਖੀਆਂ ਕਈ ਗੱਲਾਂ ਤੋਂ ਇਲਾਵਾ ਮੁਸਲਮਾਨ ਸਮਾਜ ਨੂੰ ਇਸ ਗੱਲ ਤੋਂ ਵੀ ਤਕਲੀਫ ਸੀ ਕਿ ਇਸ ਵਿੱਚ ਦੋ ਤਵਾਇਫ਼ਾਂ ਦਾ ਨਾਮ ਪੈਗੰਬਰ ਮੁਹੰਮਦ ਦੀਆਂ ਦੋ ਪਤਨੀਆਂ ਦੇ ਨਾਮ 'ਤੇ ਰੱਖਿਆ ਗਿਆ ਸੀ।ਇਸ ਕਿਤਾਬ ਦਾ ਸਿਰਲੇਖ ਵੀ ਉਨ੍ਹਾਂ ਦੇ ਆਇਤਾਂ ਉੱਪਰ ਸੀ, ਜਿਸ ਨੂੰ ਪੈਗੰਬਰ ਮੁਹੰਮਦ ਨੇ ਕੁਰਾਨ ਵਿੱਚ ਸ਼ਾਮਿਲ ਨਹੀਂ ਕੀਤਾ ਸੀ। ਮੰਨਿਆ ਜਾਂਦਾ ਹੈ ਕਿ ਇਹ 'ਸ਼ੈਤਾਨ' ਤੋਂ ਪ੍ਰਭਾਵਿਤ ਆਇਤਾਂ ਸਨ।

ਫ਼ਰਵਰੀ 1989 ਦੌਰਾਨ ਇਸ ਦੇ ਖ਼ਿਲਾਫ਼ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਵਿਚ ਕਈ ਲੋਕਾਂ ਦੀ ਮੌਤ ਹੋਈ ਸੀ। ਇਰਾਨ ਦੇ ਤਹਿਰਾਨ ਵਿਖੇ ਮੌਜੂਦ ਬ੍ਰਿਟਿਸ਼ ਸਫ਼ਾਰਤਖਾਨੇ ਉਪਰ ਪੱਥਰ ਮਾਰੇ ਗਏ ਅਤੇ ਸਲਮਾਨ ਰਸ਼ਦੀ ਉੱਪਰ ਇਨਾਮ ਵੀ ਰੱਖਿਆ। ਅਮਰੀਕਾ ਫਰਾਂਸ ਅਤੇ ਹੋਰ ਪੱਛਮੀ ਦੇਸ਼ਾਂ ਨੇ ਸਲਮਾਨ ਰਸ਼ਦੀ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਖਿਲਾਫ਼ ਵੀ ਆਵਾਜ਼ ਚੁੱਕੀ।ਸਲਮਾਨ ਰਸ਼ਦੀ ਇਸ ਸਮੇਂ ਆਪਣੀ ਪਤਨੀ ਦੇ ਨਾਲ ਕਿਸੇ ਅਣਜਾਣ ਥਾਂ 'ਤੇ ਚਲੇ ਗਏ ਸਨ ਅਤੇ ਪੁਲਿਸ ਵੱਲੋਂ ਉਨ੍ਹਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਗਈ ਸੀ। ਸਲਮਾਨ ਵੱਲੋਂ ਮੁਸਲਮਾਨਾਂ ਤੋਂ ਮੁਆਫ਼ੀ ਵੀ ਮੰਗੀ ਗਈ ਪਰ ਇਰਾਨ ਦੇ ਆਗੂ ਸਲਮਾਨ ਰਸ਼ਦੀ ਦੀ ਮੌਤ ਦੀ ਗੱਲ 'ਤੇ ਅੜੇ ਰਹੇ। ਇਸ ਕਿਤਾਬ ਨੂੰ ਪ੍ਰਕਾਸ਼ਿਤ ਕਰਨ ਵਾਲੇ ਵਾਈਕਿੰਗ ਪੈਂਗੁਇਨ ਦੇ ਲੰਡਨ ਦਫ਼ਤਰ ਉੱਪਰ ਵੀ ਹਮਲਾ ਹੋਇਆ ਅਤੇ ਇਸ ਨਾਲ ਹੀ ਨਿਊਯਾਰਕ ਦੇ ਦਫ਼ਤਰ ਵਿਖੇ ਵੀ ਧਮਕੀਆਂ ਦਿੱਤੀਆਂ ਗਈਆਂ।

ਇਸ ਤੋਂ ਬਾਅਦ ਰਸ਼ਦੀ ਨੇ ਹੋਰ ਕਈ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿਚ ਹਾਰੂਨ ਐਂਡ ਸੀ ਔਫ ਸਟੋਰੇਜ਼(1990), ਇਮਜੀਨਾਰੀ ਹੋਮਲੈਂਡ (1991), ਈਸਟ ਵੈਸਟ (1994), ਮੂਰਜ਼ ਲਾਸਟ ਸਾਈ (1995), ਫਿਊਰੀ (2001)। ਇਸ ਤੋਂ ਇਲਾਵਾ ਪਿਛਲੇ ਦੋ ਦਹਾਕਿਆਂ ਵਿੱਚ ਰਸ਼ਦੀ ਨੇ ਹੋਰ ਵੀ ਕਈ ਕਿਤਾਬਾਂ ਲਿਖੀਆਂ ਹਨ।

ਸਲਮਾਨ ਰਸ਼ਦੀ ਨੇ ਚਾਰ ਵਾਰ ਵਿਆਹ ਕਰਵਾਇਆ ਹੈ ਦਿਨਾਂ ਦੇ ਦੋ ਬੱਚੇ ਹਨ। ਉਹ ਇਸ ਸਮੇਂ ਅਮਰੀਕਾ ਵਿੱਚ ਰਹਿੰਦੇ ਹਨ ਅਤੇ 2007 ਵਿੱਚ ਉਨ੍ਹਾਂ ਨੂੰ ਨਾਈਟਹੁੱਡ ਦੀ ਉਪਾਧੀ ਵੀ ਦਿੱਤੀ ਗਈ ਸੀ। 2012 ਵਿੱਚ ਉਨ੍ਹਾਂ ਨੇ ਜੋਸਫ ਐਂਟੋਨ ਨਾਮ ਦੀ ਕਿਤਾਬ ਪ੍ਰਕਾਸ਼ਤ ਕੀਤੀ ਸੀ ਜੋ ਸੈਟੇਨਿਕ ਵਰਸਿਜ਼ ਤੋਂ ਬਾਅਦ ਸ਼ੁਰੂ ਹੋਏ ਵਿਵਾਦਾਂ ਅਤੇ ਉਨ੍ਹਾਂ ਦੀ ਜ਼ਿੰਦਗੀ 'ਚ ਆਏ ਬਦਲਾਅ ਬਾਰੇ ਸੀ।

### ਸਲਮਾਨ ਰਸ਼ਦੀ ਦੀ ਸਮਰਥਕ ਹੈਰੀ ਪੋਟਰ ਦੀ ਲੇਖਿਕਾ ਨੂੰ ਕਤਲ ਕਰਨ ਦੀ ਧਮਕੀ ਮਿਲੀ

**ਚੰਡੀਗੜ੍ਹ** : 'ਹੈਰੀ ਪੋਟਰ' ਲੇਖਕ ਜੇਕੇ ਰੌਲਿੰਗ ਨੂੰ ਸਲਮਾਨ ਰਸ਼ਦੀ 'ਤੇ ਹਮਲੇ ਦੀ ਨਿੰਦਾ ਕਰਨ ਵਾਲੇ ਟਵੀਟ ਲਈ ਜਾਨ ਤੋਂ ਮਾਰਨ ਦੀ ਧਮਕੀ ਮਿਲੀ ਹੈ। ਰੌਲਿੰਗ ਨੇ ਟਵਿੱਟਰ 'ਤੇ ਧਮਕੀ ਸੁਨੇਹੇ ਦਾ ਸਕ੍ਰੀਨਸ਼ੌਟਸ ਸਾਂਝਾ ਕੀਤਾ ਹੈ। ਰੌਲਿੰਗ ਨੇ ਰਸ਼ਦੀ ਨੂੰ ਛੁਰਾ ਮਾਰਨ ਦੀ ਘਟਨਾ 'ਤੇ ਟਵੀਟ ਦੇ ਨਾਲ ਪ੍ਰਤੀਕਿਰਿਆ ਦਿੱਤੀ ਸੀ ਅਤੇ ਕਿਹਾ ਸੀ ਕਿ ਉਹ ਬਹੁਤ ਮਾਯੂਸ ਹੈ ਤੇ ਉਮੀਦ ਹੈ ਕਿ ਨਾਵਲਕਾਰ ਠੀਕ ਹੋ ਜਾਵੇਗਾ। ਜਵਾਬ ਵਿੱਚ ਇੱਕ ਯੂਜਰਜ਼ ਨੇ ਲਿਖਿਆ, 'ਚਿੰਤਾ ਨਾ ਕਰ ਅਗਲਾ ਨੰਬਰ ਤੇਰਾ ਹੈ।'

# ਕੀ ਨਿਤਿਸ਼ 'ਭਟਕਦਾ ਦਾਨਿਸ਼ਵਰ ਸਿਆਸਤਦਾਨ' ਹੈ ?

## ✪ ਉਸ ਦੀ ਰਾਜਨੀਤਿਕ ਪਲਟੀ ਦਾ ਕੀ ਰਾਜ਼ ਹੈ ? ✪ ਅਮੀਰੀ ਨੂੰ ਨਫਰਤ ਕਰਦੈ ਪਰ ਹਰ ਹਾਲਤ ਵਿੱਚ ਸੱਤਾ ਵਿੱਚ ਰਹਿਣਾ ਸ਼ੌਕ ਹੈ ✪ 2024 ਵਿੱਚ ਮੋਦੀ ਨਾਲ ਟੱਕਰ ਲਊ ?



**ਕਰਮਜੀਤ ਸਿੰਘ ਚੰਡੀਗੜ੍ਹ**
**ਮੋ. 99150-91063**

ਚਲੋ, ਅੱਜ ਪੰਜਾਬ ਦੀਆਂ ਹੱਦਾਂ ਨੂੰ ਪਾਰ ਕਰਕੇ ਬੁੱਧ ਧਰਮ ਤੇ ਜੈਨ ਧਰਮ ਦੀ ਸਰ ਜ਼ਮੀਨ ਨਾਲ ਜੁੜੇ 2600ਸਾਲ ਪੁਰਾਣੇ ਸ਼ਹਿਰ ਪਾਟਲੀਪੁੱਤਰ (ਪਟਨਾ) ਇਲਾਕੇ ਦੀ ਸੈਰ ਕਰਦੇ ਹਾਂ, ਜਿੱਥੇ ਕੁਰਮੀ ਭਾਈਚਾਰੇ ਨਾਲ ਜੁੜੇ ਬਿਹਾਰੀ ਭਈਏ ਨਿਤਿਸ਼ ਕੁਮਾਰ ਦਾ ਕਸੀਦਾ ਪੜਨ ਨੂੰ ਚਿੱਤ ਕਰ ਆਇਆ ਹੈ। ਦਸ਼ਮੇਸ਼ ਪਿਤਾ ਦਾ ਪ੍ਰਕਾਸ਼ ਵੀ ਇਸੇ ਧਰਤੀ 'ਤੇ ਹੋਇਆ।

ਕਹਿੰਦੇ ਹਨ ਕਿ ਬੁੱਧ ਜੀ ਨੇ ਇਸ ਸ਼ਹਿਰ ਦੇ ਸ਼ਾਨਦਾਰ ਭਵਿੱਖ ਦੀ ਵੀ ਭਵਿੱਖਬਾਣੀ ਕੀਤੀ ਅਤੇ ਤਬਾਹੀ ਦੀ ਵੀ। ਸੰਸਾਰ ਦੀ ਸਭ ਤੋਂ ਪੁਰਾਣੀ ਯੂਨੀਵਰਸਿਟੀ ਵੀ ਇਸੇ ਸ਼ਹਿਰ ਵਿਚ ਸੀ ਜਿਥੇ 10 ਹਜ਼ਾਰ ਵਿਦਿਆਰਥੀ ਸਨ ਅਤੇ ਪੜਾਉਣ ਵਾਲੇ ਇਕ ਹਜ਼ਾਰ ਅਧਿਆਪਕ-ਅੱਜ ਦੇ ਮੁਹਾਵਰੇ ਵਿੱਚ ਪ੍ਰੋਫੈਸਰ।

ਉਸ ਦੀ ਇਤਿਹਾਸਕ (ਗ਼ੈਰ ਇਤਿਹਾਸਕ ?) ਪਲਟੀ ਨਾਲ ਕਿਸੇ ਰਾਜਸੀ ਖੇਮੇ ਵਿਚ ਹੈਰਾਨੀ ਤੇ ਖ਼ੁਸ਼ੀਆਂ ਦੀਆਂ ਰੌਣਕਾਂ ਹਨਅਤੇ ਕਿਸੇ ਰਾਜਸੀ ਖੇਮੇ ਵਿੱਚ ਸੱਥਰ ਵਿਛਿਆ ਹੋਇਆ ਹੈ। ਉਸ ਦੀ ਉਲਟਬਾਜ਼ੀ ਨੂੰ ਮੌਕਾਪ੍ਰਸਤ ਕਹੋ, ਚੱਲਿਆ ਕਾਰਤੂਸ ਕਹੋ, ਵਿਸ਼ਵਾਸਘਾਤੀ ਅਤੇ ਅਕ੍ਰਿਤਘਣ ਕਹੋ, ਪਰ ਇਹ ਫ਼ੈਸਲੇ ਉਸ ਦੀ ਸ਼ਖ਼ਸੀਅਤ ਨਾਲ ਇਨਸਾਫ਼ ਨਹੀਂ ਕਰਦੇ। ਇਹ ਹਲਕੇ ਸ਼ਬਦ ਹਨ। ਕੁਝ ਤਾਂ ਹੈ ਉਸ ਬੰਦੇ ਵਿਚ ਜਿਸ ਨਾਲ ਭਾਰਤ ਦੀ ਰਾਜਨੀਤੀ ਵਿੱਚ ਭੂਚਾਲ ਆ ਗਿਆ ਹੈ।

ਇਕ ਵੱਡੇ ਪੱਤਰਕਾਰ ਨੇ ਉਸ ਦੇ ਰਾਜਨੀਤਕ ਸਫ਼ਰ ਨੂੰ ਤਨਜ਼ੀਆ ਲਹਿਜੇ ਵਿੱਚ ਕਿਹਾ ਕਿ ਉਸ ਨੇ 9 ਜ਼ਿੰਦਗੀਆਂ ਜੀਵੀਆਂ ਹਨ ਅਰਥਾਤ ਉਸ ਨੇ ਨੌਂ ਵਾਰ ਪਲਟੀਆਂ ਮਾਰੀਆਂ ਹਨ।ਸਮਕਾਲੀ ਦੌਰ ਦੇ ਉੱਘੇ ਇਤਿਹਾਸਕਾਰ ਰਾਮਚੰਦਰ ਗੁਹਾ ਨੇ ਕਿਸੇ ਸਮੇਂ ਉਸ ਦੀ ਚੜਤ ਦੇ ਦੌਰ ਵਿੱਚ ਉਸ ਨੂੰ ਭਾਰਤ ਦਾ ਓਬਾਮਾ ਕਿਹਾ ਸੀ ਅਤੇ ਸਮਝਿਆ ਜਾ ਰਿਹਾ ਸੀ ਕਿ ਉਹ ਕਿਸੇ ਸਮੇਂ ਭਾਰਤ ਦੇ ਪ੍ਰਧਾਨ ਮੰਤਰੀ



ਵੀ ਬਣ ਸਕਦੇ ਹਨ।ਪਰ ਜਿਵੇਂ ਉਹ ਤੁਰ ਫਿਰ ਕੇ 'ਸਾਰੇ ਮੇਲਿਆਂ' ਦਾ ਆਨੰਦ ਮਾਣਦੇ ਰਹੇ ਤਾਂ ਇਹ ਮਹਿਸੂਸ ਕੀਤਾ ਗਿਆ ਕਿ ਉਹ ਇਹੋ ਜਿਹਾ ਦਾਨਸ਼ਵਰ ਸਿਆਸਤਦਾਨ ਹੈ ਜਿਸ ਦੀ ਜ਼ਿੰਦਗੀ ਵਿੱਚ ਭਟਕਣਾ ਹੀ ਭਟਕਣਾ ਹੈ।ਉਹ ਬਾਗੀ ਤਾਂ ਹੈ ਪਰ ਕੋਲਿਨ ਵਿਲਸਨ ਦੇ ਮੁਹਾਵਰੇ ਵਿੱਚ ਆਊਟਸਾਈਡਰ ਵੀ ਹੈ, ਅਜਨਬੀ ਵੀ ਹੈ ਅਤੇ ਬੇਗਾਨਗੀ ਦਾ ਦੁੱਖ ਵੀ ਭੋਗ ਰਿਹਾ ਹੈ।

ਰਤਾ ਕੁ ਉਸ ਦੀ ਜ਼ਿੰਦਗੀ, ਉਸ ਦੇ ਸ਼ੌਕ ਉਸ ਦੀ ਪੜਾਈ ਲਿਖਾਈ ਬਾਰੇ ਵੀ ਜਾਣਕਾਰੀ ਦੇਈਏ ਕਿਉਂਕਿ ਇਹ ਚੀਜ਼ਾਂ ਸ਼ਖ਼ਸੀਅਤ ਦੀ ਚੜਾਈ-ਲੁਹਾਈ ਵਿੱਚ ਵੱਡਾ ਰੋਲ ਅਦਾ ਕਰਦੀਆਂ ਹਨ। 71 ਸਾਲਾਂ ਦੇ ਨਿਤਿਸ਼ ਨੇ ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕੀਤੀ ਹੈ। ਵੈਸੇ ਉਸ ਦਾ ਤਾਜ਼ਾ ਤਾਜ਼ਾ ਰਾਜਨੀਤਕ ਦੁਸ਼ਮਣ ਨਰਿੰਦਰ ਮੋਦੀ ਵੀ 71ਸਾਲ ਦਾ ਹੀ ਹੈ, ਜਦਕਿ ਲਾਲੂ ਯਾਦਵ ਤਿੰਨ ਸਾਲ ਉਸ ਨਾਲੋਂ ਵੱਡਾ ਹੈ।

ਉਹ ਪਿੰਡ ਦਾ ਰਹਿਣ ਵਾਲਾ ਹੈ ਤੇ ਕਿਸਾਨ ਦਾ ਪੁੱਤਰ ਹੈ। ਕੁਰਮੀ ਬਰਾਦਰੀ ਦਾ ਹੈ ਜੋ ਪੱਛੜੀਆਂ ਸ਼੍ਰੇਣੀਆਂ ਵਿੱਚ ਸਭ ਤੋਂ ਅਮੀਰ ਜਾਤੀ ਹੈ। ਪਰ ਕੁਰਮੀ ਭਾਈਚਾਰਾ ਉਸ ਨੂੰ ਆਪਣਾ ਨਹੀਂ ਸਮਝਦਾ ਕਿਉਂਕਿ ਨਿਤਿਸ਼ ਹੋਰ ਵੀ ਬਹੁਤ ਕੁੱਝ ਹੈ। ਧਰਮ ਨਿਰਪੱਖ ਹੈ, ਤਰਕਸ਼ੀਲ ਹੈ, ਭਾਰਤੀ ਜਨਤਾ ਪਾਰਟੀ ਦਾ ਹੈ ਅਤੇ ਉਸ ਦਾ ਨਹੀਂ ਵੀ ਹੈ। ਕਈ ਬੇੜੀਆਂ ਦਾ ਸਫਲ ਸਵਾਰ ਹੈ। ਨਾ ਸ਼ਰਾਬ ਪੀਂਦਾ ਹੈ ਨਾ ਸਿਗਰਟ। ਚਾਹ ਦਾ ਸ਼ੌਕੀਨ ਹੈ ਅਤੇ ਬਟਰ ਮਸਾਲਾ ਡੋਸਾ ਵਧੇਰੇ ਪਸੰਦ ਕਰਦਾ ਹੈ।

ਜਦੋਂ ਅਮਿਤ ਸ਼ਾਹ ਐਲਾਨ ਕਰਦਾ ਹੈ ਕਿ ਭਾਰਤ ਦਾ ਇਤਿਹਾਸ ਮੁੜ ਲਿਖਿਆ ਜਾਵੇਗਾ ਤਾਂ ਉਹ ਉਸ ਦੇ ਉਲਟ ਐਲਾਨ ਕਰਦਾ ਹੈ ਕਿ ਇਤਿਹਾਸ ਬਦਲਿਆ ਨਹੀਂ ਜਾ ਸਕਦਾ। ਇਹ ਐਲਾਨ ਉਸ ਸਮੇਂ ਕਰਦਾ ਹੈ ਜਦੋਂ ਅਜੇ ਭਾਜਪਾ ਨਾਲੋਂ ਟੁੱਟੀ ਨਹੀਂ ਸੀ।

ਫ਼ਿਲਮਾਂ ਵੇਖਣ ਤੇ ਕਿਤਾਬਾਂ ਪੜਨ ਦਾ ਵੀ ਸ਼ੌਕੀਨ ਹੈ। ਪਰ ਆਮਿਰ ਖ਼ਾਨ ਉਸ ਦਾ ਸਭ ਤੋਂ ਪਿਆਰਾ ਐਕਟਰ ਹੈ ਤੇ ਉਸ ਦੀ ਫ਼ਿਲਮ 'ਪੀ ਕੇ' ਉਸ ਦੀ ਸਭ ਤੋਂ ਵੱਡੀ ਪਸੰਦ ਹੈ। ਭਾਜਪਾ ਵਿਚ ਹੁੰਦਾ ਹੋਇਆ ਵੀ ਆਰਟੀਕਲ ਤਿੰਨ ਸੌ ਸੱਤਰ ਜਾਰੀ ਰੱਖਣ ਦੇ ਹੱਕ ਵਿਚ ਸੀ। ਅਮੀਰੀ ਨੂੰ ਨਫ਼ਰਤ ਕਰਦਾ ਹੈ ਪਰ ਸੱਤਾ ਵਿੱਚ ਬਣੇ ਰਹਿਣਾ ਉਸ ਦਾ ਸ਼ੌਕ ਹੈ। ਉੱਨੀ ਸੌ ਸੱਤਰ ਵਿੱਚ ਪਟਨਾ ਯੂਨੀਵਰਸਿਟੀ ਵਿੱਚ ਵਿਦਿਆਰਥੀ ਹੜਤਾਲ ਦੌਰਾਨ ਉਸ ਦੀ ਚੜਤ ਹੋਈ। ਜਾਰਜ ਫਰਨਾਂਡੇਜ਼ ਉਸ ਦਾ ਯਾਰ ਸੀ ਜਦਕਿ ਮਨੋਹਰ ਲੋਹੀਆ ਉਸ ਦਾ ਰਾਜਸੀ ਗੁਰੂ ।ਜਿੱਤਾਂ ਦੇ ਨਾਲ ਨਾਲ ਉਸ ਨੂੰ ਹਾਰ ਵੀ ਨਸੀਬ ਹੋਈ ਅਤੇ ਹਰਾਉਣ ਵਾਲਾ ਕੁਰਮੀ ਬਰਾਦਰੀ ਦਾ ਹੀ ਇਕ ਬਦਮਾਸ਼ ਸਿਆਸਤਦਾਨ ਤੇ ਬਾਹੂਬਲੀ ਸੀ।

ਬਿਹਾਰ ਵਿੱਚ ਸ਼ਰਾਬ ਉੱਤੇ ਪਾਬੰਦੀ ਵੀ ਉਸੇ ਨੇ ਲਾਈ ਪਰ ਜਦੋਂ ਕੋਰੋਨਾ ਕਰਕੇ ਸਾਰਾ ਮੁਲਕ ਬੰਦ ਹੋ ਗਿਆ ਤਾਂ ਹੋਰਨਾਂ ਰਾਜਾਂ ਤੋਂ ਪਰਤਣ ਵਾਲੇ ਆਪਣੇ 30 ਲੱਖ ਪਰਵਾਸੀ ਭਰਾਵਾਂ ਲਈ ਉਸ ਨੇ ਡੱਕਾ ਭੰਨ ਕੇ ਦੂਹਰਾ ਨਹੀਂ ਕੀਤਾ। ਨਿਤੀਸ਼ ਆਪਣੇ ਜ਼ਾਤੀ ਸ਼ੌਕਾਂ ਨੂੰ ਸਿਆਸਤ ਵਿੱਚ ਨਹੀਂ ਆਉਣ ਦਿੰਦਾ। ਰਾਜ ਪ੍ਰਬੰਧ ਦੀ ਬਰੀਕ ਸਮਝ ਰੱਖਦਾ ਹੈ। ਬਿਹਾਰ ਵਿੱਚ ਜੰਗਲ ਰਾਜ ਨੂੰ ਕਾਨੂੰਨ ਦੇ ਰਾਜ ਵਿਚ ਬਦਲਣਾ ਉਸਦੀ ਪ੍ਰਾਪਤੀ ਹੈ।

ਲਾਲੂ ਯਾਦਵ ਨਾਲ ਦੋਸਤੀ ਵੀ ਰਹੀ ਤੇ ਦੁਸ਼ਮਣੀ ਵੀ। ਕਹਿੰਦੇ ਹਨ ਕਿ ਉਸ ਨੂੰ ਖ਼ਬਰ ਮਿਲੀ ਕਿ ਲਾਲੂ ਯਾਦਵ ਨੇ ਸਵੀਮਿੰਗ ਟੈਂਕ ਵਿਚ ਚੋਰੀ ਦਾ ਧਨ ਦੱਬਿਆ ਹੋਇਆ ਹੈ।ਪਰ ਕੁਝ ਵੀ ਉਥੋਂ ਨਹੀਂ ਸੀ ਨਿਕਲਿਆ ਅਤੇ ਇਹ ਅਫ਼ਵਾਹ ਹੀ ਸੀ।ਉਸ ਉਤੇ ਕਰੀਬ ਦਸ ਕਿਤਾਬਾਂ ਲਿਖੀਆਂ ਗਈਆਂ ਹਨ। ਇਕ ਕਿਤਾਬ ਦੇ ਲੇਖਕ ਦਾ ਦਾਅਵਾ ਸੀ ਕਿ ਇਕ ਸਮੇਂ ਉਸ ਨੇ ਕਿਸੇ ਤਾਂਤਰਿਕ ਦੀ ਵੀ ਸਲਾਹ ਲਈ। ਰੱਬ ਜਾਣਦਾ ਹੈ ਕਿ ਇਹ ਸੱਚ ਹੈ ਜਾਂ ਝੂਠ।

ਨਿਤਿਸ਼ ਦੇ ਤਾਜ਼ਾ ਬਿਆਨ ਨੇ ਭਾਰਤੀ ਜਨਤਾ ਪਾਰਟੀ ਦੇ ਹਾਕਮ ਹਲਕਿਆਂ ਵਿੱਚ ਤਰਥੱਲੀ ਮਚਾ ਦਿੱਤੀ ਹੈ। ਜਿਸ ਵਿੱਚ ਨਿਤਿਸ਼ ਨੇ ਭਵਿੱਖਬਾਣੀ ਕੀਤੀ ਸੀ ਕਿ 2014 ਵਾਲਾ ਬੰਦਾ 2024 ਵਿੱਚ ਨਹੀਂ ਰਹੇਗਾ।ਦੂਜੇ ਸ਼ਬਦਾਂ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਨਿਤੀਸ਼ ਤੇ ਮੋਦੀ ਆਹਮੋ ਸਾਹਮਣੇ ਹੋਣਗੇ।ਇਕ ਗਲ ਤਾਂ ਸਚ ਹੈ ਕਿ ਉਸ ਦੀ ਪਲਟੀ ਨਾਲ ਮੋਦੀ ਹੱਥੋਂ ਤੰਗ ਆਈਆਂ ਛੋਟੀਆਂ ਪਾਰਟੀਆਂ, ਇਲਾਕਾਈ ਪਾਰਟੀਆਂ ਅਤੇ ਰੁਲਦੇ ਖੁਲਦੇ ਉਦਾਰਵਾਦੀਆਂ ਅਤੇ ਸਮਾਜਵਾਦੀਆਂ ਨੂੰ ਆਕਸੀਜਨ ਮਿਲੀ ਹੈ।

ਆਖਰੀ ਪਰ ਬਹੁਤ ਹੀ ਮਹੱਤਵਪੂਰਨ ਖਬਰ : ਕੀ ਹੁਣ ਕਿਸੇ ਦਿਨ ਈ ਡੀ ਵਾਲੇ ਨਿਤਿਸ਼ ਦੇ ਘਰ ਵੀ ਗੇੜਾ ਮਾਰਨਗੇ ?

---

# ਸ਼ਰੇਆਮ ਕਾਤਲਾਂ ਦੇ ਹੱਕ 'ਚ ਖੜੀ ਅਖੌਤੀ ਨਿਆਂਪਾਲਿਕਾ

**ਗੁਰਪ੍ਰੀਤ ਚੋਗਾਵਾਂ**

ਪਿਛਲੇ ਦਿਨੀਂ ਭਾਰਤ ਦੀ ਸਰਵਉੱਚ ਅਦਾਲਤ ਨੇ ਨਾਗਾਲੈਂਡ ਵਿੱਚ 14 ਮਜ਼ਦੂਰਾਂ ਨੂੰ ਗੋਲ਼ੀਆਂ ਨਾਲ਼ ਭੁੰਨ ਦੇਣ ਵਾਲ਼ੇ 30 ਦੋਸ਼ੀ ਫੌਜੀ ਅਧਿਕਾਰੀਆਂ ਉੱਤੇ ਦਰਜ ਮਾਮਲੇ ਨੂੰ ਰੱਦ ਕਰਕੇ ਇਨਾਂ ਉੱਤੇ ਕੋਈ ਵੀ ਕਾਰਵਾਈ ਕਰਨ 'ਤੇ ਰੋਕ ਲਗਾ ਦਿੱਤੀ ਹੈ। ਪਿਛਲੇ ਸਾਲ 4 ਦਸੰਬਰ ਵਾਲ਼ੇ ਦਿਨ, ਨਾਗਾਲੈਂਡ ਦੇ ਮੋਨ ਜ਼ਿਲੇ ਵਿੱਚ ਭਾਰਤੀ ਫੌਜ ਨੇ ਕੰਮ ਤੋਂ ਪਰਤਦੇ ਮਜ਼ਦੂਰਾਂ ਉੱਤੇ ਬਿਨਾਂ ਕਿਸੇ ਕਾਰਨ ਗੋਲ਼ੀਆਂ ਚਲਾ ਦਿੱਤੀਆਂ ਜਿਸ ਕਾਰਨ 6 ਮਜ਼ਦੂਰਾਂ ਦੀ ਮੌਤ ਹੋ ਗਈ ਸੀ। ਇਸ ਖਿਲਾਫ ਰੋਸ ਮੁਜ਼ਾਹਰਾ ਕਰਦੇ ਲੋਕਾਂ 'ਤੇ ਵੀ ਗੋਲ਼ੀ ਚਲਾਈ ਗਈ, ਜਿਸ ਵਿੱਚ ਸੱਤ ਲੋਕ ਹੋਰ ਮਾਰੇ ਗਏ। ਨਾਗਾਲੈਂਡ ਦੇ ਜਿਸ ਜ਼ਿਲੇ ਵਿੱਚ ਇਹ ਕਾਰਵਾਈ ਹੋਈ ਉੱਥੇ ਭਾਰਤੀ ਹਕੂਮਤ ਨੇ ਕਾਲ਼ਾ ਕਾਨੂੰਨ 'ਅਫਸਪਾ' ਲਾਗੂ ਕੀਤਾ ਹੋਇਆ ਹੈ। ਇਸ ਘਟਨਾ ਤੋਂ ਬਾਅਦ ਸਮੁੱਚੇ ਨਾਗਾਲੈਂਡ ਦੇ ਲੋਕ ਸੜਕਾਂ 'ਤੇ ਉੱਤਰ ਆਏ ਸਨ। ਪੂਰੇ ਦੇਸ਼ ਵਿੱਚ ਜਮਹੂਰੀ ਹੱਕਾਂ ਪ੍ਰਤੀ ਸੁਚੇਤ ਲੋਕਾਂ ਅਤੇ ਬੁੱਧੀਜੀਵੀਆਂ ਨੇ ਵੀ ਇਸ ਘਟਨਾ ਦਾ ਤਿੱਖਾ ਵਿਰੋਧ ਕੀਤਾ ਸੀ। ਅਫਸਪਾ ਨੂੰ ਹਟਾਉਣ ਦੀ ਮੰਗ ਜ਼ੋਰ ਫੜ ਗਈ ਸੀ। ਲੋਕਾਂ ਦੇ ਗੁੱਸੇ ਤੋਂ ਡਰ ਕੇ ਹੀ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਸਦ ਵਿੱਚ ਇਸ ਕਾਰਵਾਈ ਨੂੰ 'ਅਣਜਾਣੇ' ਵਿੱਚ ਹੋਈ ਗਲਤੀ ਕਹਿ ਕੇ ਗੋਂਗਲੂਆਂ ਤੋਂ ਮਿੱਟੀ ਝਾੜ ਦਿੱਤੀ ਸੀ ਅਤੇ ਨਾਗਾਲੈਂਡ ਦੇ ਮੁੱਖ ਮੰਤਰੀ ਨੇ ਵੀ ਦੋਸ਼ੀਆਂ ਉੱਤੇ ਸਖਤ ਕਾਰਵਾਈ ਕਰਨ ਦੇ ਦਾਅਵੇ ਕੀਤੇ। ਪਰ ਇਸ ਤੋਂ ਬਾਅਦ ਉਹੀ ਹੋਇਆ ਜੋ ਭਾਰਤੀ ਨਿਆਂ ਪ੍ਰਣਾਲੀ ਵਿੱਚ ਆਮ ਤੌਰ 'ਤੇ ਹੁੰਦਾ ਹੈ। 'ਜਾਂਚ' ਕਰਨ ਲਈ ਇੱਕ ਵਿਸ਼ੇਸ਼ ਟੀਮ ਦਾ ਗਠਨ ਕੀਤਾ ਗਿਆ। ਫੌਜ ਨੇ ਵੀ ਆਪਣੀ ਵੱਖਰੀ ਜਾਂਚ ਕਮੇਟੀ ਨੂੰ ਇਹ ਮਾਮਲਾ ਸੌਂਪ ਦਿੱਤਾ। ਨਾਗਾਲੈਂਡ ਦੀ ਪੁਲਿਸ ਨੇ 30 ਫੌਜੀ ਅਧਿਕਾਰੀਆਂ ਵਿਰੁੱਧ ਮਾਮਲਾ ਦਰਜ ਕਰ ਲਿਆ ਸੀ।

ਦੋਸ਼ੀ ਫੌਜੀ ਅਧਿਕਾਰੀਆਂ ਵਿੱਚੋਂ ਕੁੱਝ ਦੀਆਂ ਪਤਨੀਆਂ ਨੇ ਸਰਵਉੱਚ ਅਦਾਲਤ ਵਿੱਚ ਪੁਲਸ ਵੱਲੋਂ ਦਰਜ ਮਾਮਲੇ ਨੂੰ ਰੱਦ ਕਰਨ ਲਈ ਇੱਕ ਪਟੀਸ਼ਨ ਦਰਜ ਕੀਤੀ ਜਿਸ ਵਿੱਚ ਇਹ ਕਿਹਾ ਗਿਆ ਕਿ ਇਹ ਅਧਿਕਾਰੀ ਤਾਂ ਸਿਰਫ਼ ਆਪਣੀ 'ਡਿਊਟੀ' ਕਰ ਰਹੇ ਸਨ। ਇਸ ਮਾਮਲੇ 'ਤੇ ਸੁਣਵਾਈ ਕਰਦਿਆਂ 19 ਜੁਲਾਈ ਨੂੰ ਸਰਵਉੱਚ ਅਦਾਲਤ ਨੇ 30 ਦੋਸ਼ੀ ਅਧਿਕਾਰੀਆਂ ਉੱਤੇ ਕਾਰਵਾਈ ਕਰਨ ਤੋਂ ਇਹ ਕਹਿ ਕੇ ਰੋਕ ਲਗਾ ਦਿੱਤੀ ਹੈ ਕਿ ਅਫਸਪਾ ਕਾਨੂੰਨ ਦੀ ਧਾਰਾ 6 ਅਧੀਨ ਕਿਸੇ ਵੀ ਫੌਜੀ ਅਧਿਕਾਰੀ 'ਤੇ ਕਾਰਵਾਈ ਕਰਨ ਲਈ ਪਹਿਲਾਂ ਕੇਂਦਰ ਸਰਕਾਰ ਅਤੇ ਫੌਜ ਤੋਂ ਆਗਿਆ ਲੈਣੀ ਲਾਜ਼ਮੀ ਹੁੰਦੀ ਹੈ ਜੋ ਇਸ ਮਾਮਲੇ ਵਿੱਚ ਨਹੀਂ ਲਈ ਗਈ।

ਭਾਰਤੀ ਅਦਾਲਤਾਂ ਜਿੱਥੇ ਇਨਸਾਫ਼ ਦੀ ਉਮੀਦ ਵਿੱਚ ਭਟਕਦੇ ਲੋਕਾਂ ਦੀਆਂ ਉਮਰਾਂ ਲੰਘ ਜਾਂਦੀਆਂ ਹਨ ਉੱਥੇ ਦੋਸ਼ੀਆਂ ਦੇ ਹੱਕ ਵਿੱਚ ਇੰਨੀ ਜਲਦੀ ਕੋਈ ਫੈਸਲਾ ਦੇਣ ਦੀ ਕਾਹਲ ਇਹਨਾਂ ਦੇ ਅਸਲ ਲੋਕ ਵਿਰੋਧੀ ਚਰਿੱਤਰ ਨੂੰ ਦਿਖਾਉਂਦੀ ਹੈ। ਭਾਰਤੀ ਹਥਿਆਰਬੰਦ ਤਾਕਤਾਂ ਵੱਲੋਂ ਕੀਤੇ ਜਾਂਦੇ ਗੁਨਾਹਾਂ ਉੱਤੇ ਪਰਦਾ ਪਾਉਣ ਦਾ ਕੰਮ ਇਨਾਂ ਅਦਾਲਤਾਂ ਨੇ ਕੋਈ ਪਹਿਲੀ ਵਾਰ ਨਹੀਂ ਕੀਤਾ ਹੈ। ਭਾਰਤ ਵਿੱਚ ਉੱਤਰ-ਪੂਰਬ ਤੋਂ ਬਿਨਾਂ ਕਸ਼ਮੀਰ, ਪੰਜਾਬ ਵਿੱਚ ਵੀ ਅਫਸਪਾ ਕਾਨੂੰਨ ਤਹਿਤ ਹਜ਼ਾਰਾਂ-ਲੱਖਾਂ ਲੋਕਾਂ ਉੱਤੇ ਪੁਲਿਸ ਅਤੇ ਫੌਜ ਵੱਲੋਂ ਕੀਤੇ ਜ਼ਬਰ ਦੇ ਕਈ ਕਿੱਸੇ ਹਨ। 1960 ਵਿੱਚ ਹੀ ਨਾਗਾਲੈਂਡ ਦੇ ਮਤੀਖਰੂ ਪਿੰਡ ਵਿੱਚ ਭਾਰਤੀ ਫੌਜ ਨੇ 9 ਲੋਕਾਂ ਨੂੰ ਬੇਹੱਦ ਅਣਮਨੁੱਖੀ ਤਸ਼ੱਦਦ ਕਰਨ ਤੋਂ ਬਾਅਦ ਮਾਰ ਦਿੱਤਾ ਅਤੇ ਪੂਰੇ ਪਿੰਡ ਨੂੰ ਸਾੜ ਦਿੱਤਾ। ਮਰਨ ਤੋਂ ਪਹਿਲਾਂ ਇਨਾਂ ਬੇਕਸੂਰ ਲੋਕਾਂ ਉੱਤੇ ਉੱਬਲਦਾ ਪਾਣੀ ਪਾਇਆ ਗਿਆ। ਇਸ ਕਾਰਵਾਈ ਲਈ ਕਿਸੇ ਵੀਂ ਫੌਜੀ ਅਧਿਕਾਰੀ ਉੱਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਸਾਰੀ ਨਿਆਂ ਪ੍ਰਣਾਲੀ ਕੁੰਭਕਰਨ ਦੀ ਨੀਂਦ ਸੁੱਤੀ ਰਹੀ। ਅੱਜ ਵੀ ਨਾਗਾਲੈਂਡ ਵਿੱਚ ਇਸ ਦਿਨ ਨੂੰ ਕਾਲ਼ੇ ਦਿਨ ਵਜੋਂ ਮਨਾਇਆ ਜਾਂਦਾ ਹੈ। 1994 ਵਿੱਚ ਹੀ ਮੋਕੋਸ਼ਾਂਗ ਸ਼ਹਿਰ ਵਿੱਚ ਫੌਜ ਵੱਲੋਂ 7 ਲੋਕਾਂ ਨੂੰ ਗੋਲ਼ੀ ਮਾਰ ਕੇ ਮਾਰ ਦਿੱਤਾ ਗਿਆ। ਇਸ ਤੋਂ ਬਿਨਾਂ ਲੋਕਾਂ ਦੇ ਘਰ, ਦੁਕਾਨਾਂ ਸਾੜੀਆਂ ਗਈਆਂ, ਔਰਤਾਂ ਨਾਲ਼ ਸਮੂਹਿਕ ਬਲਾਤਕਾਰ ਹੋਏ। ਇਸ ਮਾਮਲੇ ਵਿੱਚ ਵੀ ਕਿਸੇ ਤਰਾਂ ਦੀ ਕੋਈ ਕਾਰਵਾਈ ਨਹੀਂ ਕੀਤੀ ਗਈ। ਫੌਜ ਵੱਲੋਂ ਇਵੇਂ ਦੀਆਂ ਕਾਰਵਾਈਆਂ ਲੋਕਾਂ ਦੇ ਮਨ ਵਿੱਚ ਦਹਿਸ਼ਤ ਭਰਨ ਲਈ ਕੀਤੀਆਂ ਜਾਂਦੀਆਂ ਹਨ ਅਤੇ ਇਹ ਪੂਰੀ ਤਰਾਂ ਯੋਜਨਾਬੱਧ ਤਰੀਕੇ ਨਾਲ਼ ਹੁੰਦੀਆਂ ਹਨ। ਅਸਲ 'ਚ ਨਾਗਾਲੈਂਡ ਮੁੱਢ ਤੋਂ ਹੀ ਭਾਰਤ ਦਾ ਹਿੱਸਾ ਬਣਾਏ ਜਾਣ ਦੇ ਖਿਲਾਫ ਹੈ



ਤੇ ਉੱਥੇ ਲੰਬੇ ਸਮੇਂ ਤੋਂ ਵੱਖਰਾ ਨਾਗਾਲੈਂਡ ਬਣਾਉਣ ਦੀ ਮੰਗ ਉੱਪਰ ਲਹਿਰ ਚੱਲ ਰਹੀ ਹੈ। ਭਾਰਤੀ ਹਕੂਮਤ ਜ਼ਬਰ ਰਾਹੀਂ ਇਸ ਮੰਗ ਨੂੰ ਕੁਚਲਣਾ ਚਾਹੁੰਦੀ ਹੈ। ਇਸ ਲਈ ਨਾਗਾਲੈਂਡ ਵਿੱਚ 1958 ਤੋਂ ਹੀ ਅਫਸਪਾ ਲਾਗੂ ਹੈ। ਇਹ ਕਨੂੰਨ ਫੌਜ ਨੂੰ ਕਿਸੇ ਵੀ ਵਿਅਕਤੀ ਉੱਪਰ ਸਿਰਫ਼ ਸ਼ੱਕ ਦੇ ਆਧਾਰ 'ਤੇ ਹੀ ਗੋਲ਼ੀ ਚਲਾਉਣ, ਨਜ਼ਰਬੰਦ ਕਰਨ, ਤਲਾਸ਼ੀ ਲੈਣ ਦੀ ਖੁੱਲ ਦਿੰਦਾ ਹੈ। ਇਸ ਕਨੂੰਨ ਦੀ ਧਾਰਾ 6 ਮੁਤਾਬਕ ਜੇਕਰ ਕੋਈ ਫੌਜੀ ਅਧਿਕਾਰੀ ਕਿਸੇ ਕਿਸਮ ਦੀ ਕੋਈ ਵਧੀਕੀ ਕਰਦਾ ਹੈ ਤਾਂ ਵੀ ਉਸ ਉੱਤੇ ਕੋਈ ਵੀ ਕਾਰਵਾਈ ਤੋਂ ਪਹਿਲਾਂ ਫੌਜ ਅਤੇ ਕੇਂਦਰ ਸਰਕਾਰ ਦੀ ਆਗਿਆ ਲਾਜ਼ਮੀ ਹੈ। ਹੁਣ ਜਿਸ ਕੇਂਦਰ ਸਰਕਾਰ ਨੇ ਫੌਜ ਨੂੰ ਆਪਣੇ ਹੱਕਾਂ ਲਈ ਸੰਘਰਸ਼ ਕਰਦੇ ਲੋਕਾਂ ਉੱਤੇ ਜ਼ਬਰ ਢਾਹੁਣ ਦੀ ਪੂਰੀ ਖੁੱਲ ਦਿੱਤੀ ਹੋਈ ਹੈ, ਖੁਦ ਉਹੀ ਆਪਣੇ ਅਧਿਕਾਰੀਆਂ ਉੱਤੇ ਕਾਰਵਾਈ ਕਿਉਂ ਕਰੇਗੀ ?

ਭਾਰਤੀ ਅਦਾਲਤਾਂ ਦੀ ਸਾਖ ਇੱਥੋਂ ਦੀ ਆਮ ਕਿਰਤੀ ਲੋਕਾਈ ਦੇ ਮਨ ਵਿੱਚ ਪਹਿਲਾਂ ਹੀ ਕੋਈ ਖਾਸ ਚੰਗੀ ਨਹੀਂ ਸੀ। ਫਿਰ ਵੀ ਕੁੱਝ ਉਦਾਰਵਾਦੀ ਚਿੰਤਕ ਇਸ ਅਖੌਤੀ ਨਿਆਂ ਪ੍ਰਣਾਲੀ ਨੂੰ ਸੱਚਮੁੱਚ ਹੀ ਇਨਸਾਫ਼ ਦਾ ਮੰਦਰ ਸਮਝਦੇ ਸਨ। ਪਿਛਲੇ ਕੁੱਝ ਸਮੇਂ ਵਿੱਚ ਖਾਸ ਤੌਰ 'ਤੇ ਨਰਿੰਦਰ ਮੋਦੀ ਦੀ ਅਗਵਾਈ ਵਾਲ਼ੀ ਭਾਜਪਾ ਸਰਕਾਰ ਦੇ ਭਾਰਤ ਦੀ ਰਾਜਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਅਦਾਲਤਾਂ ਦੀ ਬਚੀ-ਖੁਚੀ ਸਾਖ ਵੀ ਖਤਮ ਹੋ ਗਈ ਅਤੇ ਹੁਣ ਇਹ ਸਿੱਧੇ ਰੂਪ ਵਿੱਚ ਹਾਕਮਾਂ ਦੇ ਏਜੰਡੇ ਉੱਤੇ ਪਹਿਰਾ ਦੇ ਰਹੀਆਂ ਹਨ। ਇਸੇ ਹੀ ਸੁਪਰੀਮ ਕੋਰਟ ਨੇ ਗੁਜਰਾਤ ਕਤਲੇਆਮ ਵਿੱਚ ਸ਼ਾਮਲ ਬਾਬੂ ਬਜਰੰਗੀ ਵਰਗੇ ਕਾਤਲ ਨੂੰ 2019 ਵਿੱਚ ਜਮਾਨਤ ਉੱਤੇ ਰਿਹਾ ਕਰ ਦਿੱਤਾ ਸੀ। ਇਹ ਉਹੀ ਬਾਬੂ ਬਜਰੰਗੀ ਸੀ ਜੋ ਸ਼ਰੇਆਮ ਗੁਜਰਾਤ ਕਤਲੇਆਮ ਦੌਰਾਨ ਇੱਕ ਗਰਭਵਤੀ ਔਰਤ ਦਾ ਢਿੱਡ ਚੀਰ ਕੇ ਉਸਦਾ ਬੱਚਾ ਤ੍ਰਿਸ਼ੂਲ 'ਤੇ ਟੰਗਣ ਵਰਗੇ ਅਣਮਨੁੱਖੀ ਕਾਰੇ ਨੂੰ ਖੁੱਲੇਆਮ ਕਬੂਲ ਰਿਹਾ ਸੀ। ਹੋਰ ਕਿੰਨੇ ਹੀ ਦਹਿਸ਼ਤਗਰਦਾਂ, ਸਾਧਵੀ ਪ੍ਰਗਿਆ ਵਰਗੇ ਦੋਸ਼ੀਆਂ ਨੂੰ ਵੀ ਬਰੀ ਕਰ ਚੁੱਕਾ ਹੈ ਫਿਰ ਇਸ ਤੋਂ ਕਿਸੇ ਇਨਸਾਫ਼ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ। ਉਲਟਾ ਸਰਵਉੱਚ ਅਦਾਲਤ ਨੇ ਤੀਸਤਾ ਸੀਤਲਵਾੜ ਜਿਹੇ ਲੋਕਾਂ ਦੇ ਜਮਹੂਰੀ ਹੱਕਾਂ ਲਈ ਲੜਨ ਵਾਲ਼ੇ ਕਾਰਕੁਨਾਂ ਜੋ ਗੁਜਰਾਤ ਵਿੱਚ ਹੋਏ ਕਤਲੇਆਮ ਦੇ ਵਿਰੁੱਧ ਆਵਾਜ਼ ਉਠ ਰਹੇ ਸਨ, ਉਨਾਂ 'ਤੇ ਹੀ ਝੂਠੇ ਇਲਜ਼ਾਮ ਲਗਾ ਦਿੱਤੇ। ਇਸ ਤੋਂ ਬਿਨਾਂ 1984 ਵਿੱਚ ਦਿੱਲੀ ਵਿੱਚ ਹੋਏ ਸਿੱਖਾਂ ਦੇ ਕਤਲੇਆਮ ਦੇ ਮਾਮਲੇ ਵੀ 38 ਸਾਲ ਤੋਂ ਲਟਕ ਰਹੇ ਹਨ। ਪੀੜਿਤ ਸਾਲਾਂ ਤੋਂ ਅਦਾਲਤਾਂ ਦੇ ਚੱਕਰ ਲਗਾ ਕੇ ਖੱਜਲ਼ ਹੋ ਰਹੇ ਹਨ ਅਤੇ ਦੋਸ਼ੀ ਖੁੱਲੇਆਮ ਬਾਹਰ ਘੁੰਮ ਰਹੇ ਹਨ ਅਤੇ ਕੁੱਝ ਤਾਂ ਚੋਣਾਂ ਵੀ ਲੜ ਰਹੇ ਹਨ। ਪੰਜਾਬ ਵਿੱਚ ਹਜ਼ਾਰਾਂ ਝੂਠੇ ਮੁਕਾਬਲੇ ਬਣਾਉਣ ਵਾਲ਼ੇ ਦੋਸ਼ੀ ਪੁਲਸ ਮੁਲਾਜ਼ਮਾਂ ਨੂੰ ਵੀ ਇਹਨਾਂ ਅਦਾਲਤਾਂ ਨੇ ਕੋਈ ਸਜ਼ਾ ਨਹੀਂ ਦਿੱਤੀ। ਜੰਮੂ ਅਤੇ ਕਸ਼ਮੀਰ ਵਿੱਚ 80ਵਿਆਂ ਤੋਂ ਲੈਕੇ ਹੁਣ ਤੱਕ ਭਾਰਤੀ ਰਾਜ ਦਾ ਜ਼ੁਲਮ ਲਗਾਤਾਰ ਜਾਰੀ ਹੈ। ਹਜ਼ਾਰਾਂ ਲੋਕਾਂ ਨੂੰ ਤਸ਼ੱਦਦ, ਝੂਠੇ ਮੁਕਾਬਲੇ ਬਣਾ ਕੇ ਮਾਰਿਆ ਗਿਆ। ਕੁੱਝ ਛੋਟਾਂ ਤੋਂ ਬਿਨਾਂ ਬਹੁਤੇ ਪੁਲਿਸ ਅਤੇ ਫੌਜੀ ਅਧਿਕਾਰੀਆਂ ਨੂੰ ਇਹ ਨਿਆਂ ਪ੍ਰਣਾਲੀ ਕੋਈ ਸਜ਼ਾ ਨਹੀਂ ਦੇ ਸਕੀ।

ਇੱਕ ਜਮਾਤੀ ਸਮਾਜ ਵਿੱਚ ਨਿਆਂ ਪ੍ਰਣਾਲੀ ਕਦੀ ਵੀ ਨਿਰਪੱਖ ਨਹੀਂ ਹੋ ਸਕਦੀ।

ਬਾਕੀ ਸਫ਼ਾ 30 'ਤੇ

# ਅਜ਼ਾਦੀ ਤੋਂ ਬਾਅਦ, ਸੂਬਿਆਂ ਦੇ ਹੱਕ ਛਾਂਗੀ ਜਾ ਰਹੀ ਹੈ ਕੇਂਦਰ ਸਰਕਾਰ



ਗੁਰਮੀਤ ਸਿੰਘ ਪਲਾਹੀ
9815802070

ਹਾਕਮਾਂ ਵਲੋਂ ਸੂਬਿਆਂ ਦੇ ਹੱਕਾਂ ਦੇ ਪਰ ਕੁਤਰਨ ਦੀ ਵੱਡੀ ਮਿਸਾਲ ਹੁਣੇ ਜਿਹੇ ਕੇਂਦਰ ਸਰਕਾਰ ਵਲੋਂ ਬਿਜਲੀ ਬਿੱਲ-2022 ਲੋਕ ਸਭਾ 'ਚ ਪੇਸ਼ ਕਰਨ ਦੀ ਹੈ, ਜਿਸਨੂੰ ਲੋਕ ਸਭਾ ਦੀ ਲਗਭਗ ਸਮੁੱਚੀ ਵਿਰੋਧੀ ਧਿਰ ਵਲੋਂ ਕੀਤੇ ਵਿਰੋਧ ਕਾਰਨ ਲੋਕ ਸਭਾ ਕਮੇਟੀ ਨੂੰ ਭੇਜਕੇ ਆਪਣੀ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਭਾਰਤ ਵਿੱਚ ਬਿਜਲੀ ਦੀ ਟਰਾਂਸਮਿਸ਼ਨ ਅਤੇ ਵੰਡ ਸਬੰਧੀ ਮੌਜੂਦਾ ਸਮੇਂ ਸਾਲ 2003 ਦਾ ਐਕਟ ਲਾਗੂ ਹੈ। ਸੂਬਿਆਂ ਵਿਚਕਾਰ ਹੋਣ ਵਾਲਾ ਅਦਾਨ-ਪ੍ਰਦਾਨ ਵੀ ਇਸੇ ਐਕਟ ਤਹਿਤ ਹੁੰਦਾ ਹੈ। ਮੋਦੀ ਸਰਕਾਰ ਨੇ 2020 ਵਿਚ ਐਕਟ ਵਿੱਚ ਸੋਧ ਕੀਤੀ ਅਤੇ 2022 'ਚ ਪਾਰਲੀਮੈਂਟ ਵਿਚ ਪੇਸ਼ ਕੀਤਾ। ਚਿੰਤਕਾਂ ਦਾ ਕਹਿਣਾ ਹੈ ਕਿ ਇਹ ਬਿੱਲ ਸੂਬਿਆਂ ਦੇ ਹੱਕਾਂ 'ਤੇ ਸਿੱਧਾ ਹਮਲਾ ਹੈ। ਸਰਕਾਰ ਕੇਂਦਰੀਕਰਨ ਨੂੰ ਮਜ਼ਬੂਤ ਕਰਨਾ ਚਾਹੁੰਦੀ ਹੈ।

'ਬਿਜਲੀ' ਸੰਵਿਧਾਨ ਅਨੁਸਾਰ ਕੇਂਦਰ ਅਤੇ ਰਾਜਾਂ ਦੀ ਸਾਂਝੀ ਸੂਚੀ ਵਿੱਚ ਆਉਂਦੀ ਹੈ। ਇਸ ਲਈ ਇਹ ਦੇਸ਼ ਦੇ ਫੈਡਰਲ ਢਾਂਚੇ ਦੇ ਵਿਰੁੱਧ ਹੀ ਨਹੀਂ, ਸੰਵਿਧਾਨ ਵਿਰੁੱਧ ਵੀ ਹੈ। ਵਿਰੋਧੀ ਧਿਰਾਂ ਖ਼ਾਸ ਕਰਕੇ ਖੱਬੇਪੱਖੀ ਪਾਰਟੀਆਂ ਦਾ ਕਹਿਣਾ ਹੈ ਕਿ ਵਿਰਕੂ ਮੋਦੀ ਸਰਕਾਰ ਕਾਰਪੋਰੇਟ ਸੈਕਟਰ ਦੀ ਧੁਤੂ ਬਣੀ ਅਤੇ ਦੇਸ਼ ਦਾ ਹਰ ਮਹੱਤਵਪੂਰਨ ਉਦਯੋਗ ਕਾਰਪੋਰੇਟ ਪੂੰਜੀਵਾਦੀ ਨੂੰ ਦੇ ਰਹੀ ਹੈ।

ਪੰਜਾਬ ਲਈ ਤਾਂ ਬਿਜਲੀ ਦੀ ਮਹੱਤਤਾ ਇਸ ਕਰਕੇ ਵੀ ਹੈ ਕਿ ਪੰਜਾਬ ਖੇਤੀ ਮੁਖੀ ਹੈ। ਇਸ ਦੇ ਆਰਥਿਕਤਾ ਹੁਲਾਰੇ ਵਾਸਤੇ ਬਿਜਲੀ ਮਹੱਤਵਪੂਰਨ ਹੈ। ਪੰਜਾਬ ਦੀਆਂ ਛੋਟੀਆਂ ਸਨੱਅਤਾਂ ਵੀ ਖੇਤੀ ਦੇ ਨਾਲ-ਨਾਲ ਬਿਜਲੀ ਦੀ ਸਬਸਿਡੀ ਬਿਨਾਂ ਨਹੀਂ ਚੱਲ ਸਕਦੀਆਂ। ਖੇਤੀ ਉਦਯੋਗ ਲਈ ਤਾਂ ਦੁਨੀਆ ਭਰ ਵਿੱਚ ਇਹੋ ਜਿਹੇ ਵਿਕਸਤ ਦੇਸ਼ ਵੀ ਹਨ ਜੋ 100 ਫ਼ੀਸਦੀ ਤੱਕ ਸਬਸਿਡੀਆਂ ਦੇਂਦੇ ਹਨ। ਬਿਜਲੀ ਬਿੱਲ-2022 ਰਾਹੀਂ ਬਿਜਲੀ ਉਦਯੋਗ ਨਿੱਜੀ ਕੰਪਨੀਆਂ ਰਾਹੀਂ ਪੂੰਜੀਵਾਦੀਆਂ ਨੂੰ ਸੌਂਪਣਾ ਪੰਜਾਬ ਅਤੇ ਦੇਸ਼ ਦੀ ਆਰਥਿਕਤਾ ਨੂੰ ਬਰਬਾਦ ਕਰਨ ਦੇ ਤੁਲ ਹੈ। ਸੰਯੁਕਤ ਕਿਸਾਨ ਮੋਰਚਾ ਵਲੋਂ ਇਹ ਖ਼ਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਤਿੰਨੇ ਖੇਤੀ ਕਾਨੂੰਨ ਰੱਦ ਕਰਨ ਸਮੇਂ ਕੇਂਦਰ ਸਰਕਾਰ ਨੇ ਸੰਯੁਕਤ ਕਿਸਾਨ ਮੋਰਚੇ ਨਾਲ ਅਹਿਦ ਕੀਤਾ ਸੀ ਕਿ ਬਿਜਲੀ ਬਿੱਲ-2022 ਪਾਰਲੀਮੈਂਟ 'ਚ ਲਿਆਉਣ ਤੋਂ ਪਹਿਲਾਂ ਉਹਨਾ ਨਾਲ ਸਲਾਹ ਮਸ਼ਵਰਾ ਕੇਂਦਰ ਵਲੋਂ ਕੀਤਾ ਜਾਏਗਾ। ਪਰ ਇਹ ਬਿੱਲ ਪੇਸ਼ ਕਰਕੇ ਕੇਂਦਰ ਨੇ ਕਿਸਾਨਾਂ ਨਾਲ ਵਿਸ਼ਵਾਸ਼ਘਾਤ ਕੀਤਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਪੰਜਾਬ ਵਿੱਚ ਬਿਜਲੀ ਦੀ ਪੈਦਾਵਾਰ ਅਤੇ ਵੰਡ ਜੋ ਪਹਿਲਾਂ ਪੰਜਾਬ ਕੋਲ ਸੀ, ਕੇਂਦਰ ਇਸਨੂੰ ਆਪਣੇ ਹੱਥਾਂ ਵਿੱਚ ਲੈ ਰਿਹਾ ਹੈ। ਕਿਸਾਨ ਨੇਤਾਵਾਂ ਦਾ ਇਹ ਵੀ ਕਹਿਣਾ ਹੈ ਕਿ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਬਿਜਲੀ ਦੀ ਪੈਦਾਵਾਰ ਅਤੇ ਬਿਜਲੀ ਦੀ ਵੰਡ ਦੇ ਕੇ ਕਿਸਾਨਾਂ ਅਤੇ ਪੰਜਾਬ ਦੇ ਲੋਕਾਂ ਨੂੰ ਮਿਲਦੀਆਂ ਸਬਸਿਡੀਆਂ ਉਤੇ ਛਾਪੇ ਮਾਰੇਗੀ। ਬਿਲਕੁਲ ਉਵੇਂ ਹੀ ਜਿਵੇਂ ਘਰੇਲੂ ਗੈਸ ਸਿਲੰਡਰਾਂ 'ਤੇ ਸਬਸਿਡੀ ਲਗਭਗ ਬੰਦ ਹੀ ਕਰ ਦਿੱਤੀ ਗਈ ਹੈ।

ਪੰਜਾਬ ਵਿੱਚ ਸੂਬੇ ਦੇ ਕਿਸਾਨਾਂ ਨੂੰ ਖੇਤੀ ਟਿਊਬਵੈਲਾਂ ਲਈ ਬਿਜਲੀ ਮੁਫ਼ਤ ਦਿੱਤੀ ਜਾ ਰਹੀ ਹੈ ਅਤੇ ਇਸੇ ਤਰਾਂ ਕੁਝ ਘਰੇਲੂ ਖਪਤਾਕਾਰਾਂ ਨੂੰ ਵੀ ਮੁਫ਼ਤ ਬਿਜਲੀ ਮਿਲਦੀ ਹੈ। ਜੇਕਰ ਕੇਂਦਰ ਸਰਕਾਰ ਆਪਣੀ ਮਨਮਰਜ਼ੀ ਦਾ ਬਿੱਲ ਮੁਲਕ ਵਿੱਚ ਲਾਗੂ ਕਰ ਦਿੰਦੀ ਹੈ ਤਾਂ ਕਿਸਾਨਾਂ ਦੇ ਨਾਲ-ਨਾਲ ਹੋਰ ਵਰਗਾਂ ਨੂੰ ਵੀ ਵੱਡਾ ਨੁਕਸਾਨ ਹੋਵੇਗਾ।

ਇਸੇ ਤਰਾਂ ਸੂਬਿਆਂ ਦੇ ਹੱਕ ਉਤੇ ਉਸ ਵੇਲੇ ਵੱਡਾ ਛਾਪਾ ਕੇਂਦਰੀ ਹਾਕਮਾਂ ਨੇ ਮਾਰਿਆ ਜਦੋਂ ਤਿੰਨ ਖੇਤੀ ਕਾਨੂੰਨ ਭਾਰਤੀ ਪਾਰਲੀਮੈਂਟ ਵਿੱਚ ਪਾਸ ਕਰਾ ਦਿੱਤੇ ਗਏ। ਇਹ ਕਾਨੂੰਨ ਕਾਰਪੋਰੇਟਾਂ ਨੂੰ ਫਾਇਦਾ ਦੇਣ ਵਾਲੇ ਸਨ, ਜਿਸਦਾ ਵੱਡਾ ਵਿਰੋਧ ਹੋਇਆ ਅਤੇ ਇਹ ਕਾਨੂੰਨ ਕੇਂਦਰੀ ਹਾਕਮਾਂ ਨੂੰ ਰੱਦ ਕਰਨੇ ਪਏ।

ਖੇਤਬਾੜੀ ਨੂੰ ਭਾਰਤੀ ਸੰਵਿਧਾਨ ਅਨੁਸਾਰ ਰਾਜ ਸੂਚੀ ਦੇ ਦੂਜੇ ਅਧਿਆਏ ਵਿੱਚ 14ਵੀਂ ਪਾਇਦਾਨ ਵਜੋਂ ਦਰਜ਼ ਕੀਤਾ ਸੀ, 'ਖੇਤੀਬਾੜੀ, ਖੇਤੀਬਾੜੀ ਸਿੱਖਿਆ ਤੇ ਖੋਜ, ਪੌਦਿਆਂ ਦੀਆਂ ਬਿਮਾਰੀਆਂ ਤੇ ਕੀਟਾਂ ਤੋਂ ਬਚਾਅ ਅਤੇ ਰੋਕਥਾਮ', ਇਸੇ ਕਰਕੇ ਖੇਤੀਬਾੜੀ, ਪਾਰਲੀਮੈਂਟ ਜਾਂ ਕੇਂਦਰ ਸਰਕਾਰ ਨੂੰ ਸੌਂਪਣ ਦੀ ਥਾਂ ਸੂਬਿਆਂ ਨੂੰ ਸੌਂਪੀ ਗਈ।

ਕੇਂਦਰ ਸਰਕਾਰ ਦੀ ਸੂਬਿਆਂ ਪ੍ਰਤੀ ਧੱਕੇਸ਼ਾਹੀ, ਸੰਘਵਾਦ ਬਹੁਵਾਦ ਅਤੇ ਕੇਂਦਰ ਵਲੋਂ ਸੂਬਿਆਂ ਦੇ ਅਧਿਕਾਰਾਂ ਦੇ ਹਨਨ ਨੂੰ ਸਮੇਂ-ਸਮੇਂ ਪੰਜਾਬ, ਕੇਰਲਾ, ਜੰਮੂ ਕਸ਼ਮੀਰ, ਤਾਮਿਲਨਾਡੂ, ਪੱਛਮੀ ਬੰਗਾਲ ਨੇ ਚੈਲਿੰਜ ਕੀਤਾ। ਇਹ ਰਾਜ ਹਮੇਸ਼ਾ ਰਾਜਾਂ ਨੂੰ ਵੱਧ ਅਧਿਕਾਰ ਦੇਣ ਦਾ ਪੈਂਤੜਾ ਲੈਂਦੇ ਰਹੇ। ਪੰਜਾਬ ਦਾ ਅਨੰਦਪੁਰ ਸਾਹਿਬ ਦਾ ਮਤਾ, ਫੈਡਰਲ ਪਹਿਲੂਆਂ ਨੂੰ ਦਰਸਾਉਣ ਲਈ ਕੇਂਦਰੀ ਰਾਸ਼ਟਰਵਾਦ ਵਿਰੁੱਧ ਇੱਕ ਦਸਤਾਵੇਜ਼ ਹੈ, ਜੋ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਬਾਤ ਪਾਉਂਦਾ ਹੈ।

16 ਜਨਵਰੀ 2020 ਨੂੰ ਕੇਰਲਾ ਨੇ ਸੀਏਏ (ਸਿਟੀਜ਼ਨਸਿਪ ਅਮੈਂਡਮੈਂਟ ਐਕਟ) ਨੂੰ ਸੁਪਰੀਮ ਕੋਰਟ ਵਿੱਚ ਸੰਵਿਧਾਨ ਦੀ ਧਾਰਾ 131 ਦੇ ਤਹਿਤ ਚੈਲਿੰਜ ਕੀਤਾ। ਸੂਬੇ ਦਾ ਵਿਚਾਰ ਹੈ ਕਿ ਸੀ.ਏ.ਏ. ਲਾਗੂ ਕਰਨਾ ਸੂਬੇ ਦੇ ਹੱਕਾਂ ਅਤੇ ਤਾਕਤਾਂ ਵਿਚ ਸਿੱਧਾ ਦਖ਼ਲ ਹੈ। ਛੱਤੀਸਗੜ੍ਹ ਵਲੋਂ 131 ਧਾਰਾ ਦੇ ਤਹਿਤ (ਐਨ.ਆਈ.ਏ.) ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਐਕਟ ਨੂੰ ਧਾਰਾ 131 ਤਹਿਤ ਇਸ ਵਜ੍ਹਾ ਕਰਕੇ ਸੁਪਰੀਮ ਅਦਾਲਤ ਵਿੱਚ ਚੈਲਿੰਜ ਕੀਤਾ ਕਿ ਰਾਜ ਸਰਕਾਰ ਦੇ ਅਮਨ ਕਾਨੂੰਨ ਦੀ ਸਥਿਤੀ ਨੂੰ ਲਾਗੂ ਕਰਨ ਦੇ ਹੱਕ ਵਿੱਚ, ਐਨ.ਆਈ.ਏ. ਦਖ਼ਲਅੰਦਾਜ਼ੀ ਕਿਉਂ ਕਰਦੀ ਹੈ?

ਕੇਂਦਰ ਵਿਚ ਤਾਕਤਵਰ ਮੋਦੀ ਸਰਕਾਰ, ਜਿਸ 'ਚ ਪਾਰਲੀਮੈਂਟ ਵਿੱਚ ਵੱਡਾ ਬਹੁਮਤ ਹੈ, 2014 ਤੋਂ ਹੀ, ਜਦੋਂ ਤੋਂ ਉਹ ਤਾਕਤ ਵਿੱਚ ਆਈ ਹੈ, ਸੂਬਿਆਂ ਦੇ ਅਧਿਕਾਰਾਂ ਨੂੰ ਛਾਂਗੀ ਜਾ ਰਹੀ ਹੈ। ਜੀ.ਐਸ.ਟੀ., 15ਵਾਂ ਵਿੱਤ ਕਮਿਸ਼ਨ, ਰਾਸ਼ਟਰੀ ਸਿੱਖਿਆ ਨੀਤੀ ਤਹਿਤ ਭਾਸ਼ਾਈ ਵੰਡ, ਭੂਮੀ ਅਧਿਗ੍ਰਹਿਣ ਅਤੇ ਆਲ ਇੰਡੀਆ ਜੁਡੀਸ਼ਲ ਸਰਵਿਸਜ਼ ਲਾਗੂ ਕਰਨ ਲਈ ਯਤਨ, ਤਕੜੇ ਕੇਂਦਰ ਅਤੇ ਵਿਰੋਧ ਧਿਰਾਂ ਵਲੋਂ ਰਾਜ ਕਰਨ ਵਾਲੇ ਸੂਬਿਆਂ 'ਚ ਆਪਸੀ ਟਕਰਾਅ ਪੈਦਾ ਕਰ ਰਹੇ ਹਨ। ਇਸ ਟਕਰਾਅ ਨੂੰ ਘਟਾਉਣ ਜਾਂ ਖ਼ਤਮ ਕਰਨ ਲਈ ਭਾਜਪਾ ਸਰਕਾਰ ਵਲੋਂ ਆਪਣੇ ਵਿਰੋਧੀ ਸਰਕਾਰਾਂ ਨੂੰ ਸਾਮ, ਦਾਮ, ਦੰਡ ਦੀ ਵਰਤੋਂ ਕਰਨ ਦਾ ਰਾਹ ਫੜਿਆ ਹੈ ਤਾਂ ਕਿ ਕੇਂਦਰੀਕਰਨ ਦੀ ਨੀਤੀ ਨੂੰ ਬੱਲ ਮਿਲੇ ਅਤੇ ਰਾਜਾਂ ਦੀਆਂ ਸ਼ਕਤੀਆਂ ਖੋਹਕੇ ਉਨਾਂ ਨੂੰ ਸ਼ਹਿਰਾਂ ਦੀਆਂ 'ਮਿਊਂਸਪਲ ਕਮੇਟੀਆਂ' ਹੀ ਬਣਾ ਦਿੱਤਾ ਜਾਵੇ ਜਿਹੜੀਆਂ ਕਿ ਵਿੱਤੀ, ਪ੍ਰਸ਼ਾਸ਼ਕੀ ਕੰਮਾਂ ਲਈ ਸੂਬਾ ਸਰਕਾਰ 'ਤੇ ਹੀ ਨਿਰਭਰ ਹੁੰਦੀਆਂ ਹਨ। ਜਿਵੇਂ ਪਹਿਲਾਂ ਮੱਧ ਪ੍ਰਦੇਸ਼ ਵਿੱਚ ਵਿਧਾਇਕਾਂ ਨੂੰ ਤੋੜਕੇ ਕਾਂਗਰਸ ਸਰਕਾਰ ਨੂੰ ਚਲਦਾ ਕੀਤਾ ਗਿਆ। ਉਸੇ ਤਰਾ ਆਪਣੀ ਘੋਰ ਵਿਰੋਧੀ ਮਹ;ਰਾਸ਼ਟਰ ਦੀ ਹਾਕਮ ਧਿਰ ਸ਼ਿਵ ਸੈਨਾ ਦੀ ਸਰਕਾਰ ਤੋੜੀ ਗਈ ਅਤੇ ਆਪਣੀ ਕੱਠ-ਪੁਤਲੀ ਸਰਕਾਰ ਬਣਾ ਲਈ ਗਈ, ਜਿਸ ਨੂੰ ਭਾਜਪਾ ਨੇ ਸਹਿਯੋਗ ਦਿੱਤਾ ਹੈ। ਵਿਰੋਧੀਆਂ ਦਾ ਸਫ਼ਾਇਆ ਕਰਨ ਲਈ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਠਿੱਠ ਕਰਨ ਲਈ ਸੀ.ਬੀ.ਆਈ., ਆਈ.ਬੀ. ਦੀ ਸਹਾਇਤਾ ਲਈ ਗਈ ਭਾਵੇਂ ਸਫ਼ਲਤਾ ਹੱਥ ਨਹੀਂ ਆਈ। ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਆਪਣਾ ਵਿਰੋਧੀ ਸਮਝਕੇ ਕੰਮ ਹੀ ਨਹੀਂ ਕਰਨ ਦਿੱਤਾ ਜਾ ਰਿਹਾ।

ਅਸਲ ਵਿੱਚ ਭਾਜਪਾ ਦਾ ਇਹ ਨਾਹਰਾ ਪਹਿਲਾਂ ਦੇਸ਼ ਨੂੰ ਕਾਂਗਰਸ ਮੁਕਤ ਕਰਨ ਦਾ ਸੀ ਅਤੇ ਫਿਰ ਭਾਰਤ ਨੂੰ ਵਿਰੋਧੀ ਧਿਰਾਂ ਤੋਂ ਮੁਕਤ ਕਰਨ ਦਾ ਹੈ। ਇਸੇ ਕਰਕੇ ਸਰਕਾਰਾਂ ਤੋੜੀਆਂ ਜਾ ਰਹੀਆਂ ਹਨ, ਇਸੇ ਕਰਕੇ ਰਾਜ ਸਰਕਾਰਾਂ ਦੇ ਹੱਕ ਖੋਹੇ ਜਾਂ ਖ਼ਤਮ ਕੀਤੇ ਜਾ ਰਹੇ ਹਨ, ਇਸੇ ਕਰਕੇ ਆਪਣੇ ਵਿਰੋਧੀਆਂ ਉਤੇ ਦੇਸ਼ਧ੍ਰੋਹ ਦੇ ਮੁਕੱਦਮੇ ਚਲਾਏ ਜਾ ਰਹੇ ਹਨ। ਇਥੋਂ ਤੱਕ ਕੇ ਸੂਬਿਆਂ ਦੀਆਂ ਵਿਰੋਧੀ ਧਿਰਾਂ ਦੀਆਂ ਸਰਕਾਰਾਂ ਨੂੰ ਲੋੜੀਂਦੇ ਫੰਡ ਦੇਣ ਤੋਂ ਆਨਾ-ਕਾਨੀ ਕੀਤੀ ਜਾ ਰਹੀ ਹੈ, ਜਦਕਿ ਭਾਜਪਾ ਸਾਸ਼ਤ ਪ੍ਰਦੇਸ਼ਾਂ ਨੂੰ ਫੰਡਾਂ ਦੇ ਖੁਲ੍ਹੇ ਗੱਫੇ ਮਿਲ ਰਹੇ ਹਨ। ਕੇਂਦਰੀ ਹਾਕਮਾਂ ਦੀ ਇਹ ਸਿਆਸੀ ਪਹੁੰਚ ਕੇਂਦਰ ਅਤੇ ਸੂਬਿਆਂ ਵਿਚਕਾਰ ਤ੍ਰੇੜਾਂ ਹੀ ਨਹੀਂ ਸਗੋਂ ਖਾਈਆਂ ਪੈਦਾ ਕਰ ਰਹੀ ਹੈ। ਇਹੋ ਹੀ ਵਜਹ ਹੈ ਕਿ ਖੇਤਰੀ ਪਾਰਟੀਆਂ ਅੱਗੇ ਆ ਰਹੀਆਂ ਹਨ ਅਤੇ ਸੂਬਿਆਂ ਵਿਚ ਤਾਕਤ ਪ੍ਰਾਪਤ ਕਰਕੇ, ਰਾਜਾਂ ਦੇ ਵੱਧ ਅਧਿਕਾਰਾਂ ਦੀ ਪ੍ਰਾਪਤੀ ਲਈ ਕਾਨੂੰਨੀ, ਸਿਆਸੀ ਲੜਾਈ ਲੜਨ ਲਈ ਮਜ਼ਬੂਰ ਹੋ ਰਹੀਆਂ ਹਨ।

ਇਹ ਵੀ ਸੱਚ ਹੈ ਕਿ ਕਾਂਗਰਸ ਨੇ ਕੇਂਦਰ ਨੂੰ ਮਜ਼ਬੂਤ ਕਰਨ ਲਈ ਪਹਿਲ ਕੀਤੀ ਅਤੇ ਵਿਰੋਧੀਆਂ ਦੀਆਂ ਸਰਕਾਰਾਂ ਨੂੰ ਤੋੜਿਆ। ਇਸੇ ਰਵਾਇਤ ਨੂੰ ਕਾਇਮ ਰੱਖਦਿਆਂ ਭਾਜਪਾ, ਕਾਂਗਰਸ ਦੀਆਂ ਲੀਹਾਂ ਉਤੇ ਹੀ ਨਹੀਂ ਤੁਰ ਰਹੀ ਸਗੋਂ ਤਬਾਹੀ ਦੀ ਹੱਦ ਤੱਕ ਸੂਬਿਆਂ ਦੇ ਹੱਕ ਖੋਹਣ ਲਈ ਤਰਲੋਮੱਛੀ ਹੋ ਰਹੀ ਹੈ।

ਆਜ਼ਾਦੀ ਤੋਂ ਬਾਅਦ ਕੇਂਦਰ ਅਤੇ ਸੂਬਿਆਂ ਦੇ ਆਪਸੀ ਸਬੰਧਾਂ ਨੂੰ ਘੋਖਣ ਲਈ ਇਸ ਸਮੇਂ ਨੂੰ ਪੰਜ ਪੜਾਵਾਂ ਵਿੱਚ ਵੇਖਿਆ ਜਾ ਸਕਦਾ ਹੈ। ਪਹਿਲਾ ਪੜਾਅ 1950 ਤੋਂ 1967 ਤੱਕ ਦਾ ਸੀ, ਜਦੋਂ ਕੇਂਦਰ ਦਾ ਦੇਸ਼ ਉਤੇ ਏਕਾ ਅਧਿਕਾਰ ਸੀ। ਪਲਾਨਿੰਗ ਕਮਿਸ਼ਨ ਨੈਸ਼ਨਲ ਵਿਕਾਸ ਕੌਂਸਲ (ਐਨ.ਡੀ.ਸੀ.) ਰਾਹੀਂ ਕੇਂਦਰ ਨੇ ਦੇਸ਼ ਵਿੱਚ ਆਰਥਿਕ ਅਤੇ ਸਿਆਸੀ ਪੱਧਰ ਤੇ ਚੰਮ ਦੀਆਂ ਚਲਾਈਆਂ। ਕੇਰਲ 'ਚ 1959 ਵਿਚ ਕਮਿਊਨਿਸਟਾਂ ਦੀ ਸਰਕਾਰ ਨੂੰ ਧਾਰਾ 356 ਦੀ ਦੁਰਵਰਤੋਂ ਕਰਦਿਆਂ ਭੰਗ ਕਰ ਦਿੱਤਾ ਗਿਆ। ਇਹ ਪੜਾਅ ਮੁਢਲੇ ਤੌਰ 'ਤੇ ਕਾਂਗਰਸ ਦੇ ਰਾਜ ਵਜੋਂ ਵੇਖਿਆ ਜਾ ਸਕਦਾ ਹੈ, ਜਿਸ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਦਾ ਰਾਜ ਵੀ ਸ਼ਾਮਲ ਸੀ।

ਦੂਜੇ ਪੜਾਅ ਵਿੱਚ 1967 ਤੋਂ 1977 ਤੱਕ ਦਾ ਹੈ, ਜਦੋਂ ਕਾਂਗਰਸ ਕਮਜ਼ੋਰ ਹੋਈ, ਇੰਦਰਾ ਗਾਂਧੀ ਵਲੋਂ ਸੰਵਿਧਾਨ ਵਿਚ 42ਵੀਂ ਸੋਧ ਕੀਤੀ ਗਈ। ਅਤੇ ਰਾਜਾਂ ਦੇ ਅਧਿਕਾਰ ਖੋਹਕੇ ਕੇਂਦਰ ਨੂੰ ਮਜ਼ਬੂਤ ਕੀਤਾ। ਕਾਂਗਰਸ ਨੇ ਵਿਰੋਧੀ ਸਰਕਾਰਾਂ ਤੋੜਕੇ ਆਪਣੇ ਖੇਮੇ 'ਚ ਲਿਆਂਦੀਆਂ ਅਤੇ ਰਾਜਾਂ ਵਿਚ ਤਾਕਤ ਹਥਿਆਈ। 1967 ਤੋਂ 1971 ਤੱਕ ਕੇਂਦਰ ਤੇ ਰਾਜਾਂ ਵਿਚਕਾਰ ਖਿੱਚੋਤਾਣ ਸ਼ਿਖ਼ਰਾਂ ਤੇ ਰਹੀ। ਐਮਰਜੈਂਸੀ 1957-77 ਦੌਰਾਨ ਕੇਂਦਰ ਸੂਬਾ ਸਰਕਾਰਾਂ ਦੇ ਸਬੰਧ ਹੋਰ ਵਿਗੜੇ।

ਤੀਜੇ ਪੜਾਅ ਵਿੱਚ ਜੋ 1977-89 ਤੱਕ ਦਾ ਸੀ, ਜਨਤਾ ਪਾਰਟੀ ਪਹਿਲੀ ਵੇਰ ਕੇਂਦਰ ਵਿੱਚ ਤਾਕਤ ਵਿੱਚ ਆਈ। ਆਸ ਸੀ ਕਿ ਇਹ ਸਰਕਾਰ ਰਾਜਾਂ ਨੂੰ ਵੱਧ ਅਧਿਕਾਰ ਦੇ ਕੇ ਦੇਸ਼ ਨੂੰ ਵਿਕੇਂਦਰੀਕਰਨ ਦੇ ਰਸਤੇ ਤੇ ਤੋਰੇਗੀ। ਪਰ ਸਰਕਾਰ ਨੇ ਪਹਿਲਾ ਕੰਮ 9 ਰਾਜਾਂ ਦੀਆਂ ਕਾਂਗਰਸ ਸਰਕਾਰ ਤੋੜਕੇ ਕੀਤਾ। ਧਾਰਾ 357 (ਏ) ਦੀ ਵਰਤੋਂ ਕਰਦਿਆਂ 44ਵੀਂ ਸੋਧ ਸੰਵਿਧਾਨ ਵਿੱਚ ਕੀਤੀ, ਜਿਸ ਅਧੀਨ ਕੇਂਦਰ ਨੂੰ ਰਾਜਾਂ ਵਿੱਚ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਕੇਂਦਰੀ ਬਲਾਂ ਦੀ ਵਰਤੋਂ ਦੀ ਪ੍ਰਵਾਨਗੀ ਦਿੱਤੀ। ਇਸੇ ਦੌਰਾਨ ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕਰਨਾਟਕਾਂ, ਪੱਛਮੀ ਬੰਗਾਲ 'ਚ ਇਲਾਕਾਈ ਪਾਰਟੀਆਂ ਹਾਕਮ ਧਿਰ ਬਣੀਆਂ ਜਿਹਨਾ ਨੇ ਵੱਧ ਅਧਿਕਾਰ ਅਤੇ ਖ਼ੁਦਮੁਖ਼ਤਾਰੀ ਮੰਗੀ। ਸ਼੍ਰੋਮਣੀ ਅਕਾਲੀ ਦਲ ਨੇ ਵੀ ਇਸ ਵਾਸਤੇ ਆਪਣੀ ਹਮਾਇਤ ਦਿੱਤੀ। ਚਾਰ ਦੱਖਣੀ ਰਾਜਾਂ ਨੇ ਸਾਂਝਾ ਰਿਜ਼ਨਲ ਕੌਂਸਲ ਦੀ ਸਥਾਪਨਾ ਕਰਕੇ ਖ਼ੁਦਮੁਖ਼ਤਾਰੀ ਮੰਗਣ ਕਾਰਨ ਸਰਕਾਰੀਆ ਕਮਿਸ਼ਨ ਬਣਿਆ ਜਿਸ ਵਲੋਂ ਕੇਂਦਰ- ਰਾਜ ਸਬੰਧਾਂ ਨੂੰ ਘੋਖਿਆ ਗਿਆ। 1989 ਵਿਚ ਮੁੜ ਕਾਂਗਰਸ ਦੀ ਹਾਰ ਕਾਰਨ, ਕਾਂਗਰਸ ਨੂੰ ਇਲਾਕਾਈ ਪਾਰਟੀਆਂ ਨਾਲ ਸਾਂਝ ਪਾਉਣੀ ਪਈ ਅਤੇ ਕੇਂਦਰ-ਰਾਜ ਸਬੰਧਾਂ ਦਾ ਮੁਲਾਂਕਣ ਕਰਨ ਲਈ ਰਾਹ ਪੱਧਰਾ ਹੋਇਆ।

ਚੌਥੇ ਪੜਾਅ ਵਿੱਚ 1989 ਤੋਂ 2104 ਤੱਕ ਦੇ ਦੌਰ 'ਚ ਸਰਕਾਰਾਂ ਬਦਲੀਆਂ, ਕਦੇ ਭਾਜਪਾਈ ਪ੍ਰਧਾਨ ਮੰਤਰੀ ਬਣੇ, ਕਦੇ ਕਾਂਗਰਸ ਆਈ, ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬਣੇ। ਕਦੇ ਭਾਜਪਾ ਆਈ। ਕਦੇ ਦੇਵਗੌੜਾ, ਕਦੇ ਆਈ.ਕੇ. ਗੁਜਰਾਲ ਨੂੰ ਵੀ ਰਾਜ ਕਰਨ ਦਾ ਮੌਕਾ ਮਿਲਿਆ। ਇਸ ਦੌਰਾਨ ਕੇਂਦਰ-ਸੂਬਾ ਸਰਕਾਰਾਂ ਦੇ ਸਬੰਧ ਕਦੇ ਤਲਖ਼ੀ ਵਾਲੇ ਅਤੇ ਕਦੇ ਸੁਖਾਵੇਂ ਦੇਖਣ ਨੂੰ ਮਿਲੇ ਪਰ ਬਹੁਤਾ ਕਰਕੇ ਆਪਸ 'ਚ ਕਈ ਮਾਮਲਿਆਂ ਉਤੇ ਆਪਸੀ ਵਿਰੋਧ ਵੇਖਣ ਨੂੰ ਮਿਲਿਆ।

2014 ਤੋਂ ਹੁਣ ਤੱਕ ਦਾ ਸਮਾਂ ਪੰਜਵਾਂ ਪੜਾਅ ਹੈ, ਜਦੋਂ ਭਾਜਪਾ ਕੇਂਦਰ ਵਿੱਚ ਭਾਰੀ ਬਹੁਮਤ ਨਾਲ ਦੋ ਵੇਰ ਜਿੱਤ ਪ੍ਰਾਪਤ ਕਰਕੇ ਸਾਹਮਣੇ ਆਈ ਹੈ, ਦੇਸ਼ ਵਿਚ ਕੇਂਦਰ-ਸੂਬਾ ਸਬੰਧਾਂ 'ਚ ਵੱਡਾ ਵਿਗਾੜ ਆਇਆ ਹੈ। ਇਸ ਦੌਰ ਨੂੰ ਕੇਂਦਰ ਰਾਜ ਸਬੰਧਾਂ ਦਾ ਕਾਲਾ ਦੌਰ ਕਰਕੇ ਜਾਣਿਆ ਜਾਂਦਾ ਹੈ।

ਮੋਦੀ ਸਰਕਾਰਾਂ ਵਲੋਂ ਸਿਆਸੀ ਚਾਲਾਂ ਤਹਿਤ ਚੁਣੀਆਂ ਸਰਕਾਰਾਂ ਤੋੜਕੇ ਰਾਸ਼ਟਰਪਤੀ ਰਾਜ ਲਗਾਕੇ ਕੇਂਦਰ ਅਤੇ ਸੂਬਾ ਸਰਕਾਰਾਂ ਵਿੱਚ ਵੱਡੀਆਂ ਵਿੱਥਾਂ ਪਾਈਆਂ ਹਨ। ਇਹ ਅਸਲ 'ਚ ਸੰਘੀ ਢਾਂਚੇ ਦੇ ਮੁਢਲੇ ਸਿਧਾਂਤ ਅਤੇ ਨਿਯਮਾਂ ਦੀ ਤਾਕਤ ਹਥਿਆਉਣ ਲਈ ਭਰਪੂਰ ਉਲੰਘਣਾ ਹੈ। ਸਵਾਲ ਪੈਦਾ ਇਹ ਹੁੰਦਾ ਹੈ ਕਿ ਬਾਕੀ ਸਫ਼ਾ 30 'ਤੇ

# ਮੰਕੀਪਾਕਸ ਤੇ ਲੰਪੀ ਸਕਿਨ ਦਾ ਕਹਿਰ



ਸੰਜੀਵ ਸਿੰਘ ਸੈਣੀ, ਮੋਹਾਲੀ
ਮੋ. 7888966168

ਅਜੇ ਕੋਰੋਨਾ ਮਹਾਂਮਾਰੀ ਦਾ ਕਹਿਰ ਘੱਟ ਨਹੀਂ ਸੀ ਹੋਇਆ ਕਿ, ਇਨਸਾਨਾਂ ਵਿੱਚ ਮੰਕੀਪੌਕਸ ਤੇ ਗਾਵਾਂ ਵਿੱਚ ਲੰਪੀ ਸਕਿੰਨ ਨੇ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਮਾਹਿਰਾਂ ਮੁਤਾਬਕ ਮੰਕੀਪੌਕਸ ਦੀ ਨਿਸ਼ਾਨੀਆਂ ਚੇਚਕ ਨਾਲ ਮਿਲਦੀਆਂ-ਜੁਲਦੀਆਂ ਹਨ। ਸਰੀਰ ਤੇ ਵੱਡੇ ਵੱਡੇ ਫੋੜੇ ਹੋ ਜਾਂਦੇ ਹਨ, ਫਿਰ ਉਨਾਂ ਚੋਂ ਪਾਣੀ ਸਿੰਮਣਾ ਸ਼ੁਰੂ ਹੋ ਜਾਂਦਾ ਹੈ। ਬੁਖ਼ਾਰ ਵੀ ਆਉਣਾ ਸ਼ੁਰੂ ਹੋ ਜਾਂਦਾ ਹੈ। ਕਹਿਣ ਦਾ ਭਾਵ ਹੈ ਕਿ ਪੂਰੇ ਸਰੀਰ ਵਿੱਚ ਦਰਦ ਸ਼ੁਰੂ ਹੋ ਜਾਂਦੀ ਹੈ। ਸਾਹ ਲੈਣ ਵਿੱਚ ਦਿੱਕਤ ਆਉਂਦੀ ਹੈ। ਹਾਲ ਹੀ ਵਿੱਚ ਵਿਸ਼ਵ ਸਿਹਤ ਸੰਗਠਨ ਨੇ ਮੰਕੀਪੌਕਸ ਵਾਇਰਸ ਨੂੰ ਐਮਰਜੈਂਸੀ ਐਲਾਨਿਆ ਹੈ। ਮਾਹਿਰ ਮੁਤਾਬਕ ਮੰਕੀਪੌਕਸ ਦੀ ਲਾਗ ਘੱਟ ਫੈਲਦੀ ਹੈ। ਮੌਤ ਹੋਣ ਦਾ ਖ਼ਦਸ਼ਾ ਵੀ ਘੱਟ ਹੈ। ਬੱਚੇ, ਬਜ਼ੁਰਗਾਂ ਨੂੰ ਇਹਤਿਆਤ ਰੱਖਣ ਦੀ ਲੋੜ ਹੈ। ਜੇਕਰ ਕੋਈ ਵੀ ਇਨਸਾਨ ਲਾਗ ਨਾਲ ਪ੍ਰਭਾਵਿਤ ਹੁੰਦਾ ਹੈ ਤਾਂ ਉਸਨੂੰ ਤੁਰੰਤ ਹਸਪਤਾਲ ਜਾ ਕੇ ਟੈਸਟ ਕਰਵਾ ਲੈਣਾ ਚਾਹੀਦਾ ਹੈ। ਦੋ ਗਜ਼ ਦੀ ਦੂਰੀ, ਮਾਸਕ ਪਾਉਣਾ ਲਾਜ਼ਮੀ ਹੈ। ਕੁਝ ਵੀ ਖਾਣ ਤੋਂ ਪਹਿਲਾਂ ਚੰਗੀ ਤਰਾਂ ਹੱਥ ਧੋਵੋ। ਜੇ ਅਸੀਂ ਸਫ਼ਰ ਕਰ ਰਹੇ ਹਾਂ ਤਾਂ ਹੱਥਾਂ ਨੂੰ ਚੰਗੀ ਤਰਾਂ ਸੈਨੇਟਾਈਜ਼ ਕਰੋ।ਹਰ ਰੋਜ਼ ਕਰੋਨਾ ਲਾਗ ਕਾਰਨ ਕਈ ਹਜ਼ਾਰਾਂ ਵਿੱਚ ਕੇਸ ਆ ਰਹੇ ਹਨ। ਮੌਤਾਂ ਦਾ ਅੰਕੜਾ ਵੀ ਲਗਾਤਾਰ ਜਾਰੀ ਹੈ। ਜੋ ਮਾਹਿਰਾਂ ਦੇ ਦਿਸ਼ਾ-ਨਿਰਦੇਸ਼ ਹਨ ਸਾਨੂੰ ਉਨਾਂ ਨੂੰ ਪਾਲਣ ਕਰਨਾ ਚਾਹੀਦਾ ਹੈ। ਹੁਣ ਗਾਵਾਂ ਵਿਚ ਵੀ ਨਾਮੁਰਾਦ ਬਿਮਾਰੀ ਪਾਈ ਜਾ ਰਹੀ ਹੈ। ਗਾਵਾਂ ਵਿੱਚ ਫੈਲ ਰਹੀ ਲੰਪੀ ਸਕਿਨ ਰਾਜਸਥਾਨ ਤੋਂ ਸ਼ੁਰੂ ਹੋ ਕੇ ਦੇਸ਼ ਦੇ ਕਈ ਸੂਬਿਆਂ ਵਿੱਚ ਪੈਰ ਪਸਾਰ ਰਹੀ ਹੈ। ਪੰਜਾਬ ਵਿਚ ਤਾਂ ਬਹੁਤ ਜ਼ਿਆਦਾ ਕਹਿਰ ਹੈ। ਪਸ਼ੂ ਪਾਲਕਾਂ ਵਿੱਚ ਬਹੁਤ ਨਿਰਾਸ਼ਾ ਹੈ। ਡੇਅਰੀ ਪਸ਼ੂ ਪਾਲਕਾਂ ਨੇ ਆਪਣੇ ਹੱਥ ਖੜੇ ਕਰ ਦਿੱਤੇ ਹਨ। ਪੰਜਾਬ ਦਾ ਅਜਿਹਾ ਕੋਈ ਕਸਬਾ ਨਹੀਂ ਬਚਿਆ ਹੋਣਾ, ਜਿੱਥੇ ਗਾਵਾਂ ਤੇ ਇਸ ਬਿਮਾਰੀ ਦੀ ਮਾਰ ਨਾ ਪੈ ਰਹੀ ਹੋਵੇ। ਪਸ਼ੂ ਪਾਲਕਾਂ ਨੂੰ ਆਰਥਿਕ ਨੁਕਸਾਨ ਵੱਡੇ ਪੱਧਰ ਤੇ ਹੋ ਰਿਹਾ ਹੈ। ਪਸ਼ੂ ਪਾਲਕ ਆਪਣੀ ਗਾਂਵਾਂ ਤੇ ਡੇਅਰੀ ਫਾਰਮਾਂ ਦੀ ਰੱਖਿਆ ਲਈ ਮਹਿੰਗੇ ਇਲਾਜ ਕਰਵਾ ਰਹੇ ਹਨ। ਮੈਡੀਕਲ ਸਟੋਰ ਚੰਗੀ ਤਰਾਂ ਪਸ਼ੂ ਪਾਲਕਾਂ ਦੀ ਲੁੱਟ-ਖਸੁੱਟ ਕਰ ਰਹੇ ਹਨ। ਬਹੁਤ ਬਹੁਤ ਮਹਿੰਗੀ ਦਵਾਈਆਂ ਵੇਚ ਰਹੇ ਹਨ। ਸਰਕਾਰਾਂ ਨੂੰ ਪੁਖਤਾ ਪ੍ਰਬੰਧ ਕਰਨੇ ਚਾਹੀਦੇ ਹਨ। ਜੇ ਕਿਸੇ ਡੇਅਰੀ ਫਾਰਮ ਤੇ ਕੋਈ ਗਾਂ ਪ੍ਰਭਾਵਿਤ ਹੋ ਰਹੀ ਹੈ ਤਾਂ ਉਸ ਨੂੰ ਹੋਰਨਾਂ ਤੋਂ ਵੱਖ ਕਰ ਦੇਣਾ ਚਾਹੀਦਾ ਹੈ। ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਬਲਾਕ ਪੱਧਰ 'ਤੇ ਵੈਟਰਨਰੀ ਡਾਕਟਰਾਂ ਦੀ ਟੀਮਾਂ ਦਾ ਗਠਨ ਕਰਨਾ ਚਾਹੀਦਾ ਹੈ। ਤਾਜ਼ਾ ਰਿਪੋਰਟ ਮੁਤਾਬਕ ਪੰਜਾਬ ਦੇ ਮੁਕਤਸਰ ਜ਼ਿਲੇ ਵਿੱਚ ਸਭ ਤੋਂ ਵੱਧ ਮਾਰ ਪੈ ਰਹੀ ਹੈ। ਹੋਰ ਤਾਂ ਹੋਰ ਹੱਡਾਰੋੜੀ ਤੱਕ ਪਸ਼ੂਆਂ ਨੂੰ ਸੁੱਟਣ ਤੇ ਉਥੇ ਦਫ਼ਨਾਉਣ ਵਿੱਚ ਪਸ਼ੂ ਪਾਲਕਾਂ ਨੂੰ ਬਹੁਤ ਮਹਿੰਗਾ ਪੈ ਰਿਹਾ ਹੈ। ਪੰਜਾਬ ਸਰਕਾਰ ਮੁਤਾਬਿਕ ਪਸ਼ੂ ਪਾਲਣ ਮਹਿਕਮੇ ਵੱਲੋਂ ਹੁਣ ਤੱਕ 2 ਲੱਖ ਤੋਂ ਵੱਧ ਦਵਾਈ ਦੀਆਂ ਖੁਰਾਕਾਂ ਦਾ ਪ੍ਰਬੰਧ ਕੀਤਾ ਹੈ। ਸੂਬਾ ਸਰਕਾਰ ਤੇ ਕੇਂਦਰ ਸਰਕਾਰਾਂ ਨੂੰ ਵਿਸ਼ੇਸ਼ ਕਦਮ ਚੁੱਕਣ ਦੀ ਲੋੜ ਹੈ ਤਾਂ ਜੋ ਲੰਪੀ ਸਕਿਨ ਤੇ ਮੰਕੀ ਪਾਕਸ ਦੇ ਕਹਿਰ ਨੂੰ ਘਟਾਇਆ ਜਾ ਸਕੇ। ਕਿਉਂਕਿ ਸਿਹਤ ਹੀ ਦੇਸ਼ ਦੀ ਬਹੁਤ ਵੱਡੀ ਦੌਲਤ ਹੈ।

ਅੰਮ੍ਰਿਤਸਰ ਟਾਈਮਜ਼
AMRITSAR TIMES

17 ਅਗਸਤ 2022 ਤੋਂ 23 ਅਗਸਤ 2022

# ਬਿਜਲੀ (ਸੋਧ) ਬਿੱਲ

ਸਾਲ 2020 ਵਿਚ ਜਦੋਂ ਕਿਰਸਾਨੀ ਸੰਘਰਸ਼ ਸ਼ੁਰੂ ਹੋਇਆ ਤਾਂ ਭਾਵੇਂ ਮੁੱਖ ਮਸਲਾ ਤਿੰਨ ਖੇਤੀ ਕਾਨੂੰਨਾਂ ਦਾ ਸੀ ਪਰ ਇਸ ਨਾਲ ਕਿਰਸਾਨ ਧਿਰਾਂ ਇਕ ਹੋਰ ਬਿੱਲ ਦਾ ਵਿਰੋਧ ਕਰ ਰਹੀਆਂ ਸਨ ਜਿਸ ਦਾ ਨਾਂ ਬਿਜਲੀ (ਸੋਧ) ਬਿੱਲ ਹੈ। ਕੇਂਦਰ ਦੀ ਮੋਦੀ ਸਰਕਾਰ ਇਸ ਬਿੱਲ ਰਾਹੀਂ ਬਿਜਲੀ ਵਿਤਰਣ ਦਾ ਖੇਤਰ ਨਿੱਜੀ ਕੰਪਨੀਆਂ ਲਈ ਖੋਲਣਾ ਚਾਹੁੰਦੀ ਹੈ ਜਿਸ ਦਾ ਅਸਰ ਮੌਜੂਦਾ ਸਮੇਂ ਸੂਬਾ ਸਰਕਾਰ ਵੱਲੋਂ ਬਿਜਲੀ ਵਿਤਰਣ ਲਈ ਬਣਾਏ ਗਏ ਸਰਕਾਰੀ ਬੋਰਡਾਂ/ਕਾਰਪੋਰੇਸ਼ਨਾਂ ਉੱਤੇ ਪਵੇਗਾ। ਕੇਂਦਰ ਦਾ ਤਰਕ ਹੈ ਕਿ ਜਦੋਂ ਇਕ ਤੋਂ ਵੱਧ ਵਿਤਰਕ ਬਿਜਲੀ ਸੇਵਾਵਾਂ ਦੇਣਗੇ ਤਾਂ ਮੋਬਾਇਲ ਸੇਵਾਵਾਂ ਵਾਂਗ ਬਿਜਲੀ ਵੰਡ ਵਿਚ ਵੀ ਖਪਤਕਾਰਾਂ ਕੋਲ ਚੋਣ ਦਾ ਵਿਕਲਪ ਹੋਵੇਗਾ ਤੇ ਉਹਨਾਂ ਨੂੰ ਸੇਵਾਵਾਂ ਦੇਣ ਵਾਲਿਆਂ ਵਿਚ ਮੁਕਾਬਲੇਬਾਜੀ ਦਾ ਲਾਭ ਮਿਲ ਸਕੇਗਾ। ਕਿਰਸਾਨੀ ਸੰਘਰਸ਼ ਵੇਲੇ ਇਹ ਬਿਲ ਸਰਕਾਰ ਵਲੋਂ ਹਾਲੀ ਪੇਸ਼ ਕੀਤਾ ਜਾਣਾ ਸੀ। ਸਰਕਾਰ ਨੇ ਕਿਰਸਾਨੀ ਸੰਘਰਸ਼ ਕਰਕੇ ਇਸ ਬਿੱਲ ਨੂੰ ਉਸ ਵਕਤ ਪਿੱਛੇ ਪਾ ਦਿੱਤਾ ਸੀ।

**ਬਿਜਲੀ ਸੋਧ ਬਿੱਲ ਦੀ ਮੌਜੂਦਾ ਸਥਿਤੀ ਤੇ ਵਿਰੋਧੀ ਧਿਰ ਵੱਲੋਂ ਬਿੱਲ ਦਾ ਵਿਰੋਧ :**

ਬਿਜਲੀ (ਸੋਧ) ਬਿੱਲ ਹੁਣ ਸੰਸਦ ਦੀ ਊਰਜਾ ਸਥਾਈ ਕਮੇਟੀ ਕੋਲ ਵਿਚਾਰ ਲਈ ਭੇਜਿਆ ਗਿਆ ਹੈ। ਵਿਰੋਧੀ ਧਿਰ ਦੀਆਂ ਪਾਰਟੀਆਂ ਇਸ ਬਿੱਲ ਦੇ ਖਿਲਾਫ ਇੱਕਜੁੱਟ ਹੋ ਕੇ ਡਟਣ ਦੀ ਤਿਆਰੀ ਕਰ ਰਹੀਆਂ ਹਨ। ਸੰਸਦ ਦੀ ਊਰਜਾ ਸਥਾਈ ਕਮੇਟੀ ਵਿੱਚ ਵਿਰੋਧੀ ਧਿਰ ਦੇ ਮੈਂਬਰ ਇਹ ਨੁਕਤਾ ਉਭਾਰਨ ਦੀ ਕੋਸ਼ਿਸ਼ ਵਿਚ ਹਨ ਕਿ 'ਫੈਡਰਲਇਜ਼ਮ ਵਿਰੋਧੀ ਅਤੇ ਸੰਵਿਧਾਨ ਵਿਰੋਧੀ' ਇਹ ਬਿਜਲੀ (ਸੋਧ) ਬਿੱਲ ਸੰਸਦ ਵਿਚ ਵਿਚਾਰੇ ਜਾਣ ਯੋਗ ਨਹੀਂ ਹੈ। ਵਿਰੋਧੀ ਧਿਰ ਵਿਚੋਂ ਕੁਝ ਹਿੱਸਿਆਂ ਦੀ ਇਹ ਕੋਸ਼ਿਸ਼ ਹੈ ਕਿ ਗੈਰ-ਭਾਜਪਾ ਸੂਬਾ ਸਰਕਾਰਾਂ ਨੂੰ ਬਿੱਲ ਦੇ ਵਿਰੁੱਧ ਇੱਕਜੁੱਟ ਕਰਨ ਲਈ ਸਾਂਝੀ ਰਣਨੀਤੀ ਬਣਾਉਣ ਵਾਰੇ ਵਿਚਾਰ-ਵਟਾਂਦਰਾ ਹੋਵੇ। ਸਥਾਈ ਕਮੇਟੀ ਵਿੱਚ ਵੀ ਵਿਰੋਧੀ ਧਿਰ ਸਾਂਝੇ ਤੌਰ 'ਤੇ ਬਿੱਲ ਦਾ ਵਿਰੋਧ ਕਰਨ ਲਈ ਯਤਨਸ਼ੀਲ ਹੈ। ਇਸ ਕਮੇਟੀ ਦੀ ਅਗਵਾਈ ਜਨਤਾ ਦਲ (ਯੂ) ਦੇ ਰਾਸ਼ਟਰੀ ਪ੍ਰਧਾਨ ਰਾਜੀਵ ਰੰਜਨ ਸਿੰਘ ਉਰਫ ਲੱਲਨ ਸਿੰਘ ਕੋਲ ਹੈ। ਵਿਰੋਧੀ-ਸ਼ਾਸਿਤ ਰਾਜਾਂ ਵੱਲੋਂ ਸੋਧਾਂ ਦੀ ਸੰਵਿਧਾਨਕ ਵੈਧਤਾ ਨੂੰ ਸੁਪਰੀਮ ਕੋਰਟ ਅਤੇ ਸੰਸਦ ਦੀ ਸਥਾਈ ਕਮੇਟੀ ਦੋਵਾਂ ਵਿੱਚ ਚੁਣੌਤੀ ਦੇਣ ਦੀ ਸੰਭਾਵਨਾ ਹੈ।

**ਕੇਰਲ ਸਰਕਾਰ ਵੱਲੋਂ ਬਿੱਲ ਦੇ ਵਿਰੋਧ ਵਿਚ ਕੀਤੇ ਜਾ ਰਹੇ ਯਤਨ :**

ਕੇਰਲ ਦੀ ਸੂਬਾ ਸਰਕਾਰ ਇਸ ਮਾਮਲੇ ਵਿਚ ਪਹਿਲਕਦਮੀ ਕਰ ਰਹੀ ਹੈ। ਕੇਰਲ ਦੇ ਬਿਜਲੀ ਮੰਤਰੀ ਕੇ ਕ੍ਰਿਸ਼ਨਨਕੁਟੀ ਨੇ ਕਿਹਾ ਹੈ ਕਿ ਕੇਰਲ ਸਰਕਾਰ ਵੱਲੋਂ ਬਿਜਲੀ (ਸੋਧ) ਬਿੱਲ ਦੇ ਖਿਲਾਫ ਕੇਂਦਰ ਨੂੰ ਭੇਜਣ ਲਈ ਇਕ ਵਿਸਤਾਰਤ ਚਿੱਠੀ ਤਿਆਰ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਕੇਰਲ ਅਸੈਂਬਲੀ ਨੇ ਸਾਲ 2021 ਵਿੱਚ ਕੇਂਦਰ ਵੱਲੋਂ ਭੇਜੇ ਗਏ ਬਿੱਲ ਦੇ ਖਰੜੇ ਦੇ ਵਿਰੋਧ ਵਿਚ ਇੱਕ ਮਤਾ ਵੀ ਪਾਸ ਕੀਤਾ ਸੀ। ਕੇਰਲ ਦੇ ਬਿਜਲੀ ਮੰਤਰੀ ਦਾ ਕਹਿਣਾ ਹੈ ਕਿ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ ਇਹ ਬਿੱਲ ਸੂਬਿਆਂ ਦੇ ਅਧਿਕਾਰ-ਖੇਤਰ ਦੀ ਉਲੰਘਣਾ ਕਰਦਾ ਹੈ। ਮੰਤਰੀ ਕ੍ਰਿਸ਼ਨਨਕੁਟੀ ਨੇ ਕਿਹਾ ਕਿ 'ਅਸੀਂ ਇਸ ਬਿੱਲ ਦੀ ਧਾਰਾ-ਦਰ-ਧਾਰਾ ਅਲੋਚਨਾਤਮਕ ਪੜਚੋਲ ਤਿਆਰ ਕਰ ਰਹੇ ਹਾਂ। ਇਸ ਨੂੰ ਕੇਂਦਰੀ ਬਿਜਲੀ ਮੰਤਰਾਲੇ ਅਤੇ ਸਾਰੇ ਸੂਬਿਆਂ ਨੂੰ ਭੇਜਿਆ ਜਾਵੇਗਾ। ਅਸੀਂ ਬਿੱਲ ਦੇ ਵਿਰੋਧ ਵਾਸਤੇ ਸਾਂਝੀ ਰਣਨੀਤੀ ਤਿਆਰ ਕਰਨ ਲਈ ਹਮ-ਖਿਆਲੀ ਸੂਬਾ ਸਰਕਾਰਾਂ ਨਾਲ ਵਿਚਾਰ ਵਟਾਂਦਰਾ ਕਰਾਂਗੇ'।

**ਬਿੱਲ ਖਿਲਾਫ ਵਿਰੋਧੀ ਧਿਰ ਦੇ ਕੀ-ਕੀ ਇਤਰਾਜ ਹਨ ?**

ਊਰਜਾ ਸਥਾਈ ਕਮੇਟੀ ਵਿੱਚ ਵਿਰੋਧੀ ਧਿਰ ਦੇ ਇੱਕ ਮੈਂਬਰ ਨੇ ਕਿਹਾ ਕਿ ਕੇਂਦਰ ਨੇ 'ਬਹੁਤ ਹੀ ਧੋਖੇ ਨਾਲ' ਸੋਧਾਂ ਰਾਹੀਂ ਬਿਜਲੀ ਦੀ ਪੈਦਾਵਾਰ ਅਤੇ ਵੰਡ 'ਤੇ ਕਬਜ਼ਾ ਕਰ ਲਿਆ ਹੈ। ਇਸ ਮੈਂਬਰ ਨੇ ਕਿਹਾ ਹੈ ਕਿ : 'ਤਜਵੀਜੀ ਸੋਧਾਂ ਦੇ ਅਨੁਸਾਰ ਸੂਬਾ ਸਰਕਾਰਾਂ ਕੇਂਦਰ ਦੇ ਨਿਰਦੇਸ਼ਾਂ 'ਤੇ ਕਾਰਵਾਈ ਕਰਨ ਲਈ ਪਾਬੰਦ ਹੋਣਗੀਆਂ। ਇਹ ਸੋਧਾਂ ਨਾਲ ਇਹ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸੂਬਾ ਸਰਕਾਰਾਂ ਕੇਂਦਰ ਦਾ ਹੁਕਮ ਮੰਨਣਾ ਦੀਆਂ ਪਾਬੰਦ ਹੋਣਗੀਆਂ। ਇਸ ਲਈ ਇਹਨਾਂ ਸੋਧਾਂ ਨਾਲ ਇੰਡੀਆ ਦੇ ਫੈਡਰਲ ਢਾਂਚੇ 'ਤੇ ਗੰਭੀਰ ਪ੍ਰਭਾਵ ਪਵੇਗਾ'। ਮੈਂਬਰ ਨੇ ਅੱਗੇ ਕਿਹਾ ਕਿ 'ਇਸ ਕਾਨੂੰਨ ਵਿੱਚ ਇੱਕ ਬੁਨਿਆਦੀ ਸਮੱਸਿਆ ਹੈ ਕਿਉਂਕਿ ਇਹ 'ਸੰਵਿਧਾਨ ਵਿਰੋਧੀ' ਹੈ। ਅਸੀਂ ਮੰਗ ਕੀਤੀ ਹੈ ਕਿ ਸਾਰੇ ਰਾਜਾਂ ਸਮੇਤ ਸਾਰੇ ਹਿੱਸੇਦਾਰਾਂ ਵਿਚਕਾਰ ਵਿਆਪਕ ਸਲਾਹ-ਮਸ਼ਵਰੇ ਦੀ ਲੋੜ ਹੈ ਅਤੇ ਜਦੋਂ ਤੱਕ ਅਜਿਹਾ ਨਹੀਂ ਹੁੰਦਾ ਬਿੱਲ ਨੂੰ ਲਾਗੂ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ।' ਸੀਪੀਆਈ (ਐਮ) ਦੇ ਸੰਸਦ ਮੈਂਬਰ ਅਤੇ ਕੇਰਲ ਰਾਜ ਬਿਜਲੀ ਬੋਰਡ ਦੇ ਸਾਬਕਾ ਡਾਇਰੈਕਟਰ ਡਾ. ਵੀ ਸਿਵਦਾਸਨ ਨੇ ਕਿਹਾ ਕਿ ਰਿਹ ਬਿੱਲ ਬਿਜਲੀ ਵਿਤਰਣ ਕੰਪਨੀਆਂ ਦੇ ਨਾਲ-ਨਾਲ ਸੂਬਿਆਂ ਦੇ ਬਿਜਲੀ ਰੈਗੂਲੇਟਰੀ ਕਮਿਸ਼ਨਾਂ ਦੇ ਲਗਭਗ ਸਾਰੇ ਕਾਰਜਾਂ ਨੂੰ ਕੇਂਦਰਿਤ ਕਰਨਾ ਚਾਹੁੰਦਾ ਹੈ ਅਤੇ ਬਿਜਲੀ ਸਪਲਾਈ ਉਦਯੋਗ ਅਤੇ ਸੰਵਿਧਾਨ ਦੇ ਫੈਡਰਲ ਢਾਂਚੇ ਦੇ ਚਰਿੱਤਰ ਨੂੰ ਬਦਲਦਾ ਹੈ।

**ਬਿੱਲ ਵਿਚ ਖਪਤਕਾਰਾਂ ਦੀ ਚੋਣ ਉੱਤੇ ਡਾ. ਵੀ ਸਿਵਦਾਸਨ ਦੇ ਸਵਾਲ ?**

ਡਾ. ਵੀ ਸਿਵਦਾਸਨ ਨੇ ਕੀ ਕਿਹਾ ਕਿ ਬਿੱਲ ਵਿਚ ਖਪਤਕਾਰਾਂ ਦੀ ਚੋਣ ਉੱਤੇ ਦਿੱਤਾ ਗਿਆ ਜ਼ੋਰ ਬੇਲੋੜਾ ਅਤੇ ਗੁਮਰਾਹਕੁਨ ਹੈ। ਉਹਨਾਂ ਇਸ ਨੂੰ ਹੋਰ ਖੋਲਦਿਆਂ ਅੱਗੇ ਕਿਹਾ ਕਿ ਬਿੱਲ ਵਿੱਚ 'ਖਪਤਕਾਰਾਂ ਦੀ ਚੋਣ' 'ਤੇ ਜ਼ੋਰ ਬਹੁਤ ਜ਼ਿਆਦਾ ਗੁੰਮਰਾਹਕੁੰਨ ਹੈ ਕਿਉਂਕਿ ਦੇਸ਼ ਵਿੱਚ ਅਜਿਹੇ ਖਪਤਕਾਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਜੋ 'ਸੇਵਾ ਕਰਨ ਦੀ ਕੀਮਤ' ਦਾ ਭੁਗਤਾਨ ਨਹੀਂ ਕਰਦੇ ਹਨ। ਡਾ. ਸਿਵਦਾਸਨ ਨੇ ਸਵਾਲ ਕੀਤਾ ਕਿ 'ਉਦਾਹਰਣ ਵਜੋਂ, ਲਗਭਗ 82% ਘਰੇਲੂ ਖਪਤਕਾਰ ਸੇਵਾ ਕਰਨ ਦੀ ਲਾਗਤ ਦਾ ਭੁਗਤਾਨ ਨਹੀਂ ਕਰਦੇ ਹਨ ਅਤੇ ਲਗਭਗ ਸਾਰੇ ਖੇਤੀਬਾੜੀ ਖਪਤਕਾਰ ਸੇਵਾ ਲਈ ਲਾਗਤ ਦਾ ਭੁਗਤਾਨ ਨਹੀਂ ਕਰਦੇ ਹਨ। ਅਜਿਹੇ ਬਾਜ਼ਾਰ ਵਿੱਚ ਮੁਨਾਫ਼ੇ ਦੇ ਨਿੱਜੀਕਰਨ ਅਤੇ ਘਾਟੇ ਦੇ ਕੌਮੀਕਰਨ ਤੋਂ ਬਿਨਾਂ ਮੁਕਾਬਲਾ ਕਿਵੇਂ ਸ਼ੁਰੂ ਕੀਤਾ ਜਾ ਸਕਦਾ ਹੈ ?' ਉਨਾਂ ਕਿਹਾ ਕਿ 'ਮੋਬਾਈਲ ਫੋਨ ਅਤੇ ਬਿਜਲੀ ਵੰਡ ਦੀ ਕੋਈ ਤੁਲਨਾ ਨਹੀਂ ਹੋ ਸਕਦੀ। ਮੋਬਾਈਲ ਇੱਕ ਵਾਇਰਲੈੱਸ ਸਿਸਟਮ ਹੈ, ਅਤੇ ਬਿਜਲੀ ਵੰਡ ਇੱਕ ਵਾਇਰਡ ਸਿਸਟਮ ਹੈ। ਮੋਬਾਈਲ ਫੋਨਾਂ ਦੇ ਮਾਮਲੇ ਵਿੱਚ ਸਾਰੇ ਖਪਤਕਾਰ ਬਿਜਲੀ ਦੀ ਵੰਡ ਦੇ ਉਲਟ ਸੇਵਾ ਕਰਨ ਲਈ ਖਰਚ ਅਦਾ ਕਰਦੇ ਹਨ।'

ਇੱਕ ਹੋਰ ਨਵਾਂ ਕਾਨੂੰਨ ਬਣਨ ਤੋਂ ਰੋਕਣ ਲਈ ਇਸ ਮਾਮਲੇ ਸਬੰਧੀ ਵਿਰੋਧੀ ਧਿਰਾਂ ਦੀ ਏਕਤਾ, ਇਮਾਨਦਾਰੀ, ਤਿਆਗ ਅਤੇ ਗੰਭੀਰਤਾ 'ਤੇ ਹੀ ਸਾਰੀ ਗੱਲ ਖੜ੍ਹੇਗੀ।

# ਭਾਰਤ 'ਚ ਆਰਥਿਕ ਤੇ ਜਮਹੂਰੀਅਤ ਦਾ ਸੰਕਟ ਦਾ ਮਸਲਾ



**ਡਾ. ਸੁੱਚਾ ਸਿੰਘ ਗਿੱਲ**

ਭਾਰਤ ਦੀ ਆਰਥਿਕਤਾ ਕੋਵਿਡ ਦੀ ਮਾਰ ਵਿਚੋਂ ਉੱਭਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦੀ ਵਿਕਾਸ ਦਰ ਉਸ ਪੱਧਰ 'ਤੇ ਨਹੀਂ ਪਹੁੰਚ ਰਹੀ, ਜਿਸ ਨਾਲ ਆਰਥਿਕਤਾ ਕੋਵਿਡ ਤੋਂ ਪਹਿਲਾਂ ਵਾਲੇ ਮੁਕਾਮ ਤੱਕ ਪਹੁੰਚ ਸਕੇ। ਭਾਵੇਂ ਸਰਕਾਰ ਇਸ ਦੇ ਉੱਪਰ ਜਾਣ ਦਾ ਦਾਅਵਾ ਕਰ ਰਹੀ ਹੈ ਪਰ ਵਧ ਰਹੀਆਂ ਕੀਮਤਾਂ ਭਾਵ ਮੁਦਰਾ ਸਫ਼ੀਤੀ ਨੇ ਇਸ ਨੂੰ ਘੇਰ ਲਿਆ ਹੈ। ਇਸ ਦੇ ਕੁਝ ਕਾਰਨ ਅੰਦਰੂਨੀ ਅਤੇ ਕੁਝ ਕੌਮਾਂਤਰੀ ਹਨ। ਕੌਮਾਂਤਰੀ ਏਜੰਸੀਆਂ ਵਲੋਂ ਇਹ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਇਸ ਵਿੱਤੀ ਸਾਲ (2021-22) ਵਿਚ ਆਰਥਿਕਤਾ 6.2 ਫ਼ੀਸਦੀ ਸਾਲਾਨਾ ਦੀ ਦਰ ਨਾਲ ਵਿਕਾਸ ਕਰ ਸਕਦੀ ਹੈ। ਥੋਕ ਕੀਮਤਾਂ ਵਧਣ ਦੀ ਦਰ ਇਸ ਸਮੇਂ 7 ਫ਼ੀਸਦੀ ਤੋਂ ਵੱਧ ਹੈ। ਰੁਪਏ ਦਾ ਮੁੱਲ ਡਾਲਰ ਦੇ ਮੁਕਾਬਲੇ ਲਗਾਤਾਰ ਡਿਗਦਾ ਜਾ ਰਿਹਾ ਹੈ। ਇਸ ਦਾ ਮੁੱਲ ਡਾਲਰ ਦੇ ਮੁਕਾਬਲੇ 7 ਫ਼ੀਸਦੀ ਤੋਂ ਵੱਧ ਇਕ ਸਾਲ ਵਿਚ ਡਿਗ ਪਿਆ ਹੈ। ਇਕ ਸਾਲ ਪਹਿਲਾਂ 75 ਰੁਪਏ ਦਾ ਇੱਕ ਡਾਲਰ ਮਿਲ ਜਾਂਦਾ ਸੀ ਪਰ ਹੁਣ ਇਕ ਡਾਲਰ 80 ਰੁਪਏ ਤੋਂ ਵੱਧ ਦਾ ਹੋ ਗਿਆ ਹੈ। ਆਮ ਖਪਤ ਦੀਆਂ ਵਸਤਾਂ ਰਸੋਈ ਗੈਸ, ਡੀਜ਼ਲ, ਪੈਟਰੋਲ, ਦਾਲਾਂ, ਤੇਲ ਆਦਿ ਦੀਆਂ ਕੀਮਤਾਂ ਵਧਣ ਕਾਰਨ ਆਮ ਵਿਅਕਤੀ ਦਾ ਜਿਊਣਾ ਮੁਸ਼ਕਿਲ ਹੋ ਗਿਆ ਹੈ। ਇਨਾਂ ਵਸਤਾਂ 'ਤੇ ਜੀ. ਐਸ. ਟੀ. ਲਗਾਉਣ ਨਾਲ ਲੋਕਾਂ ਦੀਆਂ ਮੁਸ਼ਕਿਲਾਂ ਵਿਚ ਹੋਰ ਵਾਧਾ ਹੋਇਆ ਹੈ। ਦੇਸ਼ ਵਿਚ ਬੇਰੁਜ਼ਗਾਰੀ ਦੀ ਦਰ ਨੇ ਪਿਛਲੇ 45 ਸਾਲਾਂ ਦਾ ਰਿਕਾਰਡ ਤਾਂ 2017-18 ਵਿਚ ਹੀ ਤੋੜ ਦਿੱਤਾ ਸੀ ਜਦੋਂ ਇਹ ਦਰ 6.5 ਫ਼ੀਸਦੀ ਦਰਜ ਕੀਤੀ ਗਈ ਸੀ। ਕੋਵਿਡ ਸਮੇਂ 2020-21 ਦੌਰਾਨ ਇਸ ਦੀ ਦਰ 22-23 ਫ਼ੀਸਦੀ ਤੱਕ ਪਹੁੰਚ ਗਈ ਸੀ। ਸਰਕਾਰੀ ਅਨੁਮਾਨ ਅਨੁਸਾਰ ਫ਼ਰਵਰੀ 2022 ਵਿਚ ਦੇਸ਼ 'ਚ ਬੇਰੁਜ਼ਗਾਰੀ ਦੀ ਦਰ 8 ਫ਼ੀਸਦੀ ਤੋਂ ਵੱਧ ਹੋ ਗਈ ਸੀ। ਇਸ ਬੇਰੁਜ਼ਗਾਰੀ ਦੇ ਦੌਰ ਵਿਚ ਲੱਖਾਂ ਦੀ ਗਿਣਤੀ ਵਿਚ ਕੇਂਦਰ ਅਤੇ ਸੂਬਿਆਂ ਵਿਚ ਸਰਕਾਰੀ ਨੌਕਰੀਆਂ ਖ਼ਾਲੀ ਰੱਖੀਆਂ ਗਈਆਂ ਹਨ। ਨੌਜਵਾਨ ਰੁਜ਼ਗਾਰ ਦੀ ਭਾਲ ਵਿਚ ਦਰ-ਦਰ ਠੋਕਰਾਂ ਖਾ ਰਹੇ ਹਨ। ਲੱਖਾਂ ਦੀ ਗਿਣਤੀ ਵਿਚ ਨੌਜਵਾਨ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਦੇਸ਼ ਦੀ 68.8 ਫ਼ੀਸਦੀ ਆਬਾਦੀ ਕੋਲ ਰਹਿਣ ਵਾਸਤੇ ਰੋਜ਼ਾਨਾ ਦੋ ਡਾਲਰ ਪ੍ਰਤੀ ਵਿਅਕਤੀ ਖਰਚਣ ਲਈ ਵੀ ਸਾਧਨ ਨਹੀਂ ਹਨ। ਪਿਛਲੇ ਸਾਲ ਦੇ ਕੋਵਿਡ ਸੰਕਟ ਕਾਰਨ ਗ਼ਰੀਬਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਦੂਜੇ ਪਾਸੇ ਦੇਸ਼ ਵਿਚ ਕਰੋੜਪਤੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਆਰਥਿਕ ਨਾਬਰਾਬਰੀ ਤੇਜ਼ੀ ਨਾਲ ਵਧ ਰਹੀ ਹੈ। ਵਧ ਰਹੀ ਆਮਦਨ ਦਾ ਫਾਇਦਾ ਥੋੜੇ ਅਮੀਰ ਲੋਕਾਂ ਨੂੰ ਹੀ ਹੋ ਰਿਹਾ ਹੈ। ਇਕ ਅਨੁਮਾਨ ਅਨੁਸਾਰ ਹਰ ਸਾਲ ਵਧ ਰਹੀ ਆਮਦਨ ਦਾ 73 ਫ਼ੀਸਦੀ ਹਿੱਸਾ 10 ਫ਼ੀਸਦੀ ਉੱਚ ਵਰਗ ਦੀਆਂ ਜੇਬਾਂ ਵਿਚ ਚਲਾ ਜਾਂਦਾ ਹੈ। ਇਸ ਵਕਤ ਦੇਸ਼ ਦੀ ਕੁੱਲ ਆਮਦਨ ਦਾ 40 ਫ਼ੀਸਦੀ ਹਿੱਸਾ ਕਾਰਪੋਰੇਟ ਘਰਾਣਿਆਂ ਦੇ ਕਬਜ਼ੇ ਵਿਚ ਚਲਾ ਗਿਆ ਹੈ। ਹੇਠਲੇ 20 ਫ਼ੀਸਦੀ ਲੋਕਾਂ ਕੋਲ ਵਿਕਾਸ ਦਾ ਨਾਮਾਤਰ ਹਿੱਸਾ ਪਹੁੰਚਦਾ ਹੈ। ਇਸ ਕਾਰਨ ਆਬਾਦੀ ਦਾ ਵੱਡਾ ਹਿੱਸਾ ਗ਼ਰੀਬੀ ਅਤੇ ਲਾਚਾਰੀ ਦੀ ਜ਼ਿੰਦਗੀ ਜੀਅ ਰਿਹਾ ਹੈ। ਇਹ ਵਰਤਾਰਾ ਦੇਸ਼ ਦੇ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਦੇ ਵਿਰੁੱਧ ਹੈ। ਇਨਾਂ ਸਿਧਾਂਤਾਂ ਮੁਤਾਬਿਕ ਇਹ ਆਸ ਕੀਤੀ ਜਾਂਦੀ ਹੈ ਕਿ ਦੇਸ਼ ਦਾ ਆਰਥਿਕ ਢਾਂਚਾ ਇਸ ਤਰਾਂ ਕੰਮ ਕਰੇਗਾ, ਜਿਸ ਨਾਲ ਆਰਥਿਕ ਨਾਬਰਾਬਰੀ ਵਿਚ ਵਾਧਾ ਨਾ ਹੋਵੇ ਅਤੇ ਆਰਥਿਕ ਤਾਕਤ ਦਾ ਥੋੜੇ ਹੱਥਾਂ ਵਿਚ ਕੇਂਦਰੀਕਰਨ ਨਾ ਹੋਵੇ। ਪਰ 1990-91 ਤੋਂ ਬਾਅਦ ਦੇਸ਼ ਵਿਚ ਅਮੀਰਾਂ ਅਤੇ ਗ਼ਰੀਬਾਂ ਵਿਚ ਪਾੜਾ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਪਾੜੇ ਨੂੰ ਸਰਕਾਰ ਸੋਚੀ-ਸਮਝੀ ਨੀਤੀ ਅਨੁਸਾਰ ਵਧਾ ਰਹੀ ਹੈ। ਦੇਸ਼ ਦੀ ਸਿਆਸਤ ਦੇਸ਼ ਦੇ ਸੰਵਿਧਾਨ ਦੇ ਉਲਟ ਆਣ ਖੜੀ ਹੋ ਗਈ ਹੈ। ਦੇਸ਼ ਦਾ ਸੰਵਿਧਾਨ ਦੇਸ਼ ਨੂੰ ਜਮਹੂਰੀ, ਧਰਮ-ਨਿਰਪੱਖ ਅਤੇ ਸਮਾਜਵਾਦੀ ਗਣਤੰਤਰ ਬਣਾਉਣ ਲਈ ਵਚਨਬੱਧ ਹੈ। ਇਸ ਦਾ ਢਾਂਚਾ ਸੂਬਿਆਂ ਦੀ ਖ਼ੁਦਮੁਖ਼ਤਿਆਰੀ ਉੱਪਰ ਉਸਰਿਆ ਹੋਇਆ ਹੈ। ਇਸ ਦੇ ਬੁਨਿਆਦੀ ਸਿਧਾਂਤ ਵਿਅਕਤੀਆਂ ਦੇ ਬੁਨਿਆਦੀ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ ਦੀ ਲੋੜ 'ਤੇ ਜ਼ੋਰ ਦਿੰਦੇ ਹਨ। ਇਸ ਨੂੰ ਚਲਾਉਣ ਵਾਸਤੇ ਲੋਕਾਂ ਵਲੋਂ ਚੁਣੇ ਹੋਏ ਨੁਮਾਇੰਦੇ ਦੇਸ਼ ਅਤੇ ਸੂਬਿਆਂ ਵਿਚ ਮੰਤਰੀ ਮੰਡਲ ਬਣਾਉਂਦੇ ਹਨ। ਕਾਰਜਕਾਰਨੀ, ਵਿਧਾਨਪਾਲਿਕਾ ਅਤੇ ਨਿਆਂਪਾਲਿਕਾ ਦੇ ਕਾਰਜਾਂ ਨੂੰ ਵੱਖਰੇ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਖ਼ੁਦਮੁਖ਼ਤਿਆਰ ਮੀਡੀਆ ਨੂੰ ਨਿਰਪੱਖ ਜਾਣਕਾਰੀ ਅਤੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਟਿੱਪਣੀਆਂ ਦੇਣ ਅਤੇ ਵਿਆਖਿਆ ਲਈ ਖੁੱਲ ਦਿੱਤੀ ਗਈ ਹੈ। ਇਸ ਕਰਕੇ ਇਸ ਨੂੰ ਚੌਥੀ ਮਿਲਖ ਦਾ ਦਰਜਾ ਵੀ ਦਿੱਤਾ ਜਾਂਦਾ ਹੈ। ਦੇਸ਼ ਦੀ ਜਮਹੂਰੀਅਤ ਬਹੁ ਪਾਰਟੀ ਸਿਸਟਮ 'ਤੇ ਆਧਾਰਿਤ ਹੈ। ਇਸ ਕਰਕੇ ਹਾਕਮ ਪਾਰਟੀ ਦੇ ਨਾਲ ਵਿਰੋਧੀ ਪਾਰਟੀਆਂ ਦਾ ਦੇਸ਼ ਵਿਚ ਅਹਿਮ ਰੋਲ ਹੈ। ਇਹ ਸਿਸਟਮ ਵਿਚਾਰਾਂ ਦੀ ਭਿੰਨਤਾ ਅਤੇ ਵੱਖਰੇ ਵਿਚਾਰ ਰੱਖਣ ਦੀ ਖੁੱਲ ਦਿੰਦਾ ਹੈ। ਹਾਕਮ ਪਾਰਟੀ/ਜਮਾਤ ਨਾਲ ਅਸਹਿਮਤੀ ਦਾ ਅਧਿਕਾਰ ਜਮਹੂਰੀਅਤ ਨੂੰ ਸਿਰਜਣਾਤਮਿਕ ਬਣਾ ਦਿੰਦਾ ਹੈ। ਵੱਖਰੇ ਵਿਚਾਰਾਂ ਦੀ ਬਹਿਸ ਨਵੇਂ ਵਿਚਾਰਾਂ ਅਤੇ ਨਵੀਆਂ ਕਿਰਿਆਵਾਂ ਨੂੰ ਜਨਮ ਦਿੰਦੀ ਹੈ। ਇਸ ਨਾਲ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਬਲ ਮਿਲਦਾ ਹੈ। ਇਹ ਦੇਸ਼ ਵਿਚ ਭਾਸ਼ਾਈ ਅਤੇ ਸੱਭਿਆਚਾਰਕ ਭਿੰਨਤਾ ਨੂੰ ਮਾਨਤਾ ਦਿੰਦਾ ਹੈ ਅਤੇ ਇਨਾਂ ਦੇ ਮਿਲਾਪ ਨਾਲ ਸੱਭਿਆਚਾਰਕ ਵਿਰਸੇ ਨੂੰ ਸੰਭਾਲਦੇ ਹੋਏ ਵਿਕਾਸ ਦੀਆਂ ਸੰਭਾਵਨਾਵਾਂ ਪੈਦਾ ਕਰਦਾ ਹੈ। ਮੌਜੂਦਾ ਸੰਵਿਧਾਨ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਸਿਰਜੇ ਲੰਮੇ ਸਮੇਂ ਦੇ ਬਿਰਤਾਂਤ ਵਿਚੋਂ ਪੈਦਾ ਹੋਇਆ ਅਤੇ ਆਜ਼ਾਦੀ ਤੋਂ ਬਾਅਦ ਸੰਵਿਧਾਨ ਘੜਨੀ ਅਸੰਬਲੀ ਵਿਚ ਲੰਮੀਆਂ ਬਹਿਸਾਂ ਤੋਂ ਬਾਅਦ ਲਿਖਤੀ ਰੂਪ ਵਿਚ ਪੈਦਾ ਹੋਇਆ, ਜਿਸ ਨੂੰ 26 ਜਨਵਰੀ 1950 ਨੂੰ ਲਾਗੂ ਕਰ ਦਿੱਤਾ ਗਿਆ ਸੀ।ਪਿਛਲੇ ਕੁਝ ਸਾਲਾਂ ਤੋਂ ਦੇਸ਼ ਦੀ ਸਿਆਸਤ ਵਿਚ ਕੁਝ ਐਸੇ ਰੁਝਾਨ ਪੈਦਾ ਹੋ ਗਏ ਹਨ ਜਿਨਾਂ ਦਾ ਖਾਸਾ ਜਮਹੂਰੀਅਤ ਵਿਰੋਧੀ ਹੈ। ਇਸ ਸੰਬੰਧੀ 1975-77 ਦੀ ਐਮਰਜੈਂਸੀ ਨੇ ਦੇਸ਼ ਦੇ ਲੋਕਾਂ ਦੇ ਜਮਹੂਰੀ ਹੱਕ ਮਨਸੂਖ ਕਰਕੇ ਇਕ ਵੱਡਾ ਝਟਕਾ ਦਿੱਤਾ ਸੀ। ਦੇਸ਼ ਇਸ ਸੰਕਟ ਵਿਚੋਂ 1977 ਦੀਆਂ ਚੋਣਾਂ ਸਮੇਂ ਕਾਂਗਰਸ ਪਾਰਟੀ ਨੂੰ ਕਰਾਰੀ ਹਾਰ ਦੇ ਕੇ ਬਾਹਰ ਨਿਕਲ ਗਿਆ ਸੀ। ਪਰ ਹੁਣ ਜਮਹੂਰੀਅਤ ਨੂੰ ਉਖਾੜਨ ਵਾਸਤੇ ਨਵੀਆਂ ਚੁਣੌਤੀਆਂ ਪੈਦਾ ਹੋ ਗਈਆਂ ਹਨ। ਇਨਾਂ ਚਣੌਤੀਆਂ ਨੇ ਸਿਆਸਤ ਵਿਚ ਐਸੇ ਰੁਝਾਨ ਪੈਦਾ ਕੀਤੇ ਹਨ, ਜਿਨਾਂ ਨਾਲ ਜਮਹੂਰੀਅਤ ਨੂੰ ਲੰਮੇ ਸਮੇਂ ਲਈ ਖ਼ਤਰੇ ਪੈਦਾ ਹੋ ਗਏ ਹਨ। ਜਮਹੂਰੀਅਤ ਦੇ ਧਰਮ-ਨਿਰਪੱਖ ਖਾਸੇ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਧਰਮ ਦੇ ਆਧਾਰ 'ਤੇ ਹਿੰਦੂਤਵ ਦੀ ਵਿਚਾਰਧਾਰਾ ਦਾ ਪ੍ਰਚਾਰ ਹਾਕਮ ਬੀ. ਜੇ. ਪੀ. ਦੇ ਕਾਰਕੁਨਾਂ ਵਲੋਂ ਸ਼ਰੇਆਮ ਕੀਤਾ ਜਾ ਰਿਹਾ ਹੈ। ਸੰਵਿਧਾਨ ਦੀ ਧਾਰਾ 370 ਨੂੰ ਖ਼ਤਮ ਕਰਨਾ ਅਤੇ ਸਿਟੀਜ਼ਨ ਅਮੈਂਡਮੈਂਟ ਐਕਟ ਨੂੰ ਪਾਸ ਕਰਨ ਪਿੱਛੇ ਵੀ ਮਕਸਦ ਕੇਵਲ ਮੁਸਲਮਾਨਾਂ ਖਿਲਾਫ਼ ਮਹੌਲ ਪੈਦਾ ਕਰਨਾ ਹੈ। ਇਸ ਪ੍ਰਚਾਰ ਵਿਚ ਮੁਸਲਮਾਨ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨਾਂ ਦੇ ਘਰਾਂ 'ਤੇ ਬੁਲਡੋਜ਼ਰਾਂ ਨੂੰ ਚੜਾਇਆ ਜਾ ਰਿਹਾ ਹੈ। ਭਾਜਪਾ ਦੀਆਂ ਸੂਬਾ ਸਰਕਾਰਾਂ ਇਸ ਕਾਰਜ ਵਿਚ ਭਾਈਵਾਲ ਬਣ ਗਈਆਂ ਹਨ। ਮੁਸਲਿਮ ਭਾਈਚਾਰੇ ਨੂੰ ਦੋ ਨੰਬਰ ਦੇ ਸ਼ਹਿਰੀ ਬਣਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਈਸਾਈ ਭਾਈਚਾਰੇ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਨਾਲ ਦੂਜੀਆਂ ਘੱਟ ਗਿਣਤੀਆਂ ਵਿਚ ਵੀ ਸਹਿਮ ਪਾਇਆ ਜਾ ਰਿਹਾ ਹੈ। ਇਸ ਨਾਲ ਦੇਸ਼ ਦੇ ਕਈ ਸੂਬਿਆਂ ਵਿਚ ਫਿਰਕੂ ਕਸ਼ਮਕਸ਼ ਪੈਦਾ ਹੋ ਗਈ ਹੈ। ਇਸ ਦੇ ਨਾਲ ਹੀ ਸੂਬਿਆਂ ਦੇ ਅਧਿਕਾਰਾਂ ਉੱਪਰ ਛਾਪੇ ਮਾਰੇ ਜਾ ਰਹੇ ਹਨ। ਪਹਿਲਾਂ 2020 ਵਿਚ ਤਿੰਨ ਖੇਤੀ ਕਾਨੂੰਨ ਪਾਸ ਕੀਤੇ ਗਏ ਸਨ ਜਿਨਾਂ ਨੂੰ ਲੰਮੇ ਕਿਸਾਨ ਅੰਦੋਲਨ ਤੋਂ ਬਾਅਦ ਵਾਪਸ ਲਿਆ ਗਿਆ ਸੀ। ਹੁਣ ਬਿਜਲੀ ਸੋਧ ਬਿੱਲ ਪਾਰਲੀਮੈਂਟ ਵਿਚ ਸੂਬਿਆਂ ਦੀਆਂ ਸਰਕਾਰਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਗ਼ੈਰ ਪੇਸ਼ ਕੀਤਾ ਗਿਆ ਹੈ। ਜੀ. ਐੱਸ. ਟੀ. ਲਾਗੂ ਕਰਨ ਨਾਲ ਸੂਬਿਆਂ ਦੀ ਖ਼ੁਦਮੁਖ਼ਤਿਆਰੀ ਨੂੰ ਡੂੰਘੀ ਠੇਸ ਪਹੁੰਚੀ ਹੈ। ਇਸ ਸਾਰੇ ਕਾਸੇ ਦੇ ਉੱਪਰ ਸਰਕਾਰ ਦਾ ਵਿਰੋਧੀਆਂ ਪ੍ਰਤੀ ਵਰਤਾਰਾ ਵਿਤਕਰੇ ਅਤੇ ਬਦਲਾਖੋਰੀ ਵਾਲਾ ਹੈ। ਵਿਰੋਧੀ ਪਾਰਟੀਆਂ ਦੀਆਂ ਸੂਬਾ ਸਰਕਾਰਾਂ ਨੂੰ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਨਾਲ ਡੇਗਿਆ ਜਾ ਰਿਹਾ ਹੈ। ਇਹ ਪਹਿਲਾਂ ਗੋਆ ਅਤੇ ਕਰਨਾਟਕ ਵਿਚ ਕੀਤਾ ਗਿਆ, ਜਿਸ ਨੂੰ ਮੱਧ ਪ੍ਰਦੇਸ਼ ਵਿਚ ਦੁਹਰਾਇਆ ਗਿਆ ਸੀ ਅਤੇ ਹੁਣ ਮਹਾਰਾਸ਼ਟਰ ਵਿਚ ਲਾਗੂ ਕੀਤਾ ਗਿਆ ਹੈ। ਭਾਜਪਾ ਦੇਸ਼ ਵਿਚ ਵਿਰੋਧੀ ਪਾਰਟੀਆਂ-ਰਹਿਤ ਸਿਆਸੀ ਸਿਸਟਮ ਬਣਾਉਣਾ ਚਾਹੁੰਦੀ ਹੈ। ਵਿਰੋਧੀ ਪਾਰਟੀਆਂ-ਰਹਿਤ ਜਮਹੂਰੀਅਤ ਇਕ ਜਮਹੂਰੀਅਤ ਨਹੀਂ ਕਿਆਸੀ ਜਾ ਸਕਦੀ। ਭਿੰਨ-ਭਿੰਨ ਵਿਚਾਰਾਂ ਵਾਲੇ ਕਾਰਕੁਨਾਂ ਨੂੰ ਜੇਲਾਂ ਵਿਚ ਬੰਦ ਕੀਤਾ ਜਾ ਰਿਹਾ ਹੈ। ਉਨਾਂ ਉੱਪਰ ਗ਼ੈਰ-ਕਾਨੂੰਨੀ ਕਾਰਵਾਈਆਂ ਰੋਕੂ ਐਕਟ (T1P1) ਦੀਆਂ ਸਖ਼ਤ ਧਾਰਾਵਾਂ ਲਗਾ ਕੇ ਜ਼ਮਾਨਤਾਂ ਵੀ ਨਹੀਂ ਹੋਣ ਦਿੱਤੀਆਂ ਜਾ ਰਹੀਆਂ ਹਨ। ਇਹ ਵਰਤਾਰਾ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਨਾਗਰਿਕਤਾ ਸੋਧ ਕਾਨੂੰਨ ਵਿਰੋਧੀ ਅੰਦੋਲਨਕਾਰੀਆਂ ਲਈ ਅਪਣਾਇਆ ਗਿਆ ਹੈ। ਵਿਰੋਧੀ ਪਾਰਟੀਆਂ ਦੇ ਆਗੂਆਂ ਅਤੇ ਵਿਧਾਇਕਾਂ ਖਿਲਾਫ਼ ਇਨਕਮ ਟੈਕਸ ਦੇ ਇਨਫੋਸਮੈਂਟ ਡਾਇਰੈਕਟੋਰੇਟ, ਸੀ. ਬੀ. ਆਈ. ਅਤੇ ਹੋਰ ਕੇਂਦਰੀ ਏਜੰਸੀਆਂ ਨੂੰ ਵਰਤ ਕੇ ਦਲਬਦਲੀ ਕਰਵਾਈ ਜਾ ਰਹੀ ਹੈ। ਉੱਚ ਅਦਾਲਤਾਂ ਦੇ ਜੱਜਾਂ ਨੂੰ ਸੇਵਾ-ਮੁਕਤੀ ਤੋਂ ਬਾਅਦ ਨੌਕਰੀਆਂ ਦੇਣ ਦਾ ਲਾਲਚ ਦੇ ਕੇ ਅਤੇ ਜਾਂਚ ਏਜੰਸੀਆਂ ਦੀ ਵਰਤੋਂ ਕਰਕੇ ਸਰਕਾਰ ਪੱਖੀ ਕਰ ਲਿਆ ਗਿਆ ਹੈ। ਮੀਡੀਆ ਦੇ ਵੱਡੇ ਹਿੱਸੇ ਨੂੰ ਵੀ ਸਰਕਾਰ ਨੇ ਡਰਾ ਕੇ ਅਤੇ ਲਾਲਚ ਦੇ ਕੇ ਆਪਣੇ ਨਾਲ ਰਲਾ ਲਿਆ ਹੈ। ਇਸ ਨਾਲ ਜਮਹੂਰੀਅਤ ਵਾਸਤੇ ਅਤੇ ਖ਼ਾਸ ਕਰਕੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਅਤੇ ਸ਼ਹਿਰੀ ਆਜ਼ਾਦੀਆਂ ਨੂੰ ਖ਼ਤਰਾ ਪੈਦਾ ਹੋ ਗਿਆ। ਦੂਸਰਾ ਸਰਕਾਰ ਦਾ ਸਾਰਾ ਧਿਆਨ ਸੱਤਾ ਹਾਸਲ ਕਰਨ ਅਤੇ ਵਿਰੋਧੀਆਂ ਨੂੰ ਡਰਾਉਣ ਵੱਲ ਲੱਗਿਆ ਹੋਇਆ ਹੈ। ਇਸ ਕਰਕੇ ਵਧ ਰਹੀ ਬੇਰੁਜ਼ਗਾਰੀ, ਕੀਮਤਾਂ ਵਿਚ ਅਥਾਹ ਵਾਧਾ, ਆਰਥਿਕ-ਸਮਾਜਿਕ ਵਧ ਰਿਹਾ ਪਾੜਾ, ਵਧ ਰਹੀ ਗ਼ਰੀਬੀ, ਰੁਪਏ ਦੀ ਵਿਦੇਸ਼ੀ ਮੁਦਰਾ ਦੇ ਮੁਕਾਬਲੇ ਗਿਰਾਵਟ, ਗੁਆਂਢੀ ਦੇਸ਼ਾਂ ਨਾਲ ਵਿਗੜਦੇ ਸੰਬੰਧਾਂ ਆਦਿ ਨੂੰ ਸੁਲਝਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਸਰਕਾਰੀ ਸੰਪਤੀ ਨੂੰ ਕਾਰਪੋਰੇਟ ਘਰਾਣਿਆਂ ਨੂੰ ਸਸਤੇ ਭਾਅ 'ਤੇ ਵੇਚਿਆ ਜਾ ਰਿਹਾ ਹੈ, ਜਿਸ ਨਾਲ ਦੇਸ਼ ਵਿਚ ਨਾ-ਬਰਾਬਰੀ ਵਧਾਈ ਜਾ ਰਹੀ ਹੈ। ਸਰਕਾਰੀ ਬੈਂਕਾਂ ਵਲੋਂ ਕਾਰਪੋਰੇਟ ਘਰਾਣਿਆਂ ਨੂੰ ਦਿੱਤੇ ਕਰਜ਼ੇ ਮੁਆਫ਼ ਕੀਤੇ ਜਾ ਰਹੇ ਹਨ। ਦੂਜੇ ਪਾਸੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਇਹ ਸਹੂਲਤ ਬਿਲਕੁਲ ਨਹੀਂ ਦਿੱਤੀ ਜਾ ਰਹੀ। ਉਹ ਖ਼ੁਦਕੁਸ਼ੀਆਂ ਦਾ ਸ਼ਿਕਾਰ ਹੋ ਰਹੇ ਹਨ।

ਬਾਕੀ ਸਫ਼ਾ 30 'ਤੇ

# ਵੰਡ ਨਾ ਹੁੰਦੀ ਤਾਂ ਪੰਜਾਬ ਦੁਨੀਆ ਦਾ ਵਿਕਸਿਤ ਖਿੱਤਾ ਹੁੰਦਾ

**ਡਾਕਟਰ ਰਣਜੀਤ ਸਿੰਘ ਘੁੰਮਣ**

ਭਾਰਤ-ਪਾਕਿਸਤਾਨ ਦੀ ਬਰਤਾਨਵੀ ਸਾਮਰਾਜ ਤੋਂ ਅਜ਼ਾਦੀ ਅਤੇ ਦੇਸ਼ ਦੀ ਵੰਡ ਇਕੋ ਸਮੇਂ ਵਾਪਰੀਆਂ ਦੋ ਅਜਿਹੀਆਂ ਘਟਨਾਵਾਂ ਹਨ, ਜਿਨਾਂ ਵਿਚ ਅਜ਼ਾਦੀ ਦੀ ਖ਼ੁਸ਼ੀ ਅਤੇ ਵੰਡ ਦਾ ਦੁਖਾਂਤ ਇਕੋ ਸਮੇਂ ਵਾਪਰੇ। ਭਾਵੇਂ ਇਨਾਂ ਘਟਨਾਵਾਂ ਨੂੰ ਵਾਪਰਿਆਂ ਹੁਣ 75 ਸਾਲ ਬੀਤ ਗਏ ਹਨ ਪਰ ਵੰਡ ਦੇ ਜ਼ਖ਼ਮ ਅਜੇ ਵੀ ਅੱਲੇ ਹਨ ਅਤੇ ਦੁਖਾਂਤ ਅਜੇ ਵੀ ਤਾਜ਼ਾ ਹੈ। ਵੰਡ ਦੀ ਜ਼ਿੰਮੇਵਾਰੀ ਲਈ ਉਸ ਵੇਲੇ ਦੀ ਬਰਤਾਨਵੀ ਹਕੂਮਤ, ਧਰਮ-ਆਧਾਰਿਤ ਸੰਪਰਦਾਇਕ/ਕੱਟੜਪੰਥੀ ਸੰਗਠਨ (ਖ਼ਾਸ ਕਰਕੇ ਹਿੰਦੂ-ਮਹਾਂਸਭਾ ਅਤੇ ਮੁਸਲਿਮ ਲੀਗ) ਅਤੇ ਉਸ ਵੇਲੇ ਦੀਆਂ ਰਾਜਨੀਤਕ ਪਾਰਟੀਆਂ ਸਿਰ ਜਾਂਦੀ ਹੈ। ਪਰ ਵੰਡ ਵਿਚ ਜਾਨੀ ਅਤੇ ਮਾਲੀ ਨੁਕਸਾਨ ਦੀ ਜ਼ਿੰਮੇਵਾਰੀ ਸਾਰੇ ਧਰਮਾਂ/ਮਜ਼ਹਬਾਂ ਦੇ ਲੋਕਾਂ ਸਿਰ ਜਾਂਦੀ ਹੈ। ਸਾਰੇ ਵਰਗਾਂ ਅਤੇ ਧਰਮਾਂ ਦੇ ਲੋਕਾਂ ਨੂੰ ਅਣ-ਮਨੁੱਖੀ ਕਤਲੋ-ਗਾਰਤ ਅਤੇ ਹੈਵਾਨੀਅਤ ਨੂੰ ਝੱਲਣਾ ਪਿਆ।

ਪਿਛਲੇ 75 ਸਾਲਾਂ ਦੌਰਾਨ ਵੀ ਭਾਰਤ-ਪਾਕਿਸਤਾਨ ਬਾਰਡਰ (ਪਾਕਿਸਤਾਨ ਦੀ 553 ਕਿਲੋਮੀਟਰ ਸਰਹੱਦ ਪੰਜਾਬ ਨਾਲ ਲਗਦੀ ਹੈ) ਕਦੀ ਵੀ ਸ਼ਾਂਤਮਈ ਨਹੀਂ ਰਿਹਾ। ਭਾਰਤ ਪਾਕਿਸਤਾਨ ਵਿਚਾਲੇ ਸਾਢੇ ਤਿੰਨ ਜੰਗਾਂ ਵਿਚੋਂ ਦੋ ਵੱਡੀਆਂ ਜੰਗਾਂ ਦੌਰਾਨ ਪੰਜਾਬ ਹੀ ਮੁੱਖ ਤੌਰ 'ਤੇ ਲੜਾਈ ਦਾ ਮੈਦਾਨ ਸੀ। ਵੰਡ ਦੌਰਾਨ ਅਤੇ ਵੰਡ ਤੋਂ ਬਾਅਦ ਵੀ ਦੋਵਾਂ ਪੰਜਾਬਾਂ (ਪੂਰਬੀ ਅਤੇ ਪੱਛਮੀ ਪੰਜਾਬ) ਨੇ ਹੀ ਮੁੱਖ ਤੌਰ 'ਤੇ ਦੁਖਾਂਤ ਭੁਗਤਿਆ ਅਤੇ ਭੁਗਤ ਰਹੇ ਹਨ। ਵੰਡ ਏਨੀ ਕਠੋਰ ਸੀ ਕਿ ਇਸ ਨੇ ਨਾ ਕੇਵਲ ਘਰਾਂ ਅਤੇ ਪਰਿਵਾਰਾਂ ਨੂੰ ਹੀ ਵੰਡਿਆ ਬਲਕਿ ਦਰਿਆਵਾਂ, ਨਦੀਆਂ, ਪਹਾੜਾਂ ਦੇ ਨਾਲ-ਨਾਲ ਆਵਾਜਾਈ ਨਾਲ ਸੰਬੰਧਿਤ ਰੇਲਾਂ, ਸੜਕਾਂ ਅਤੇ ਸਮੁੱਚੇ ਆਰਥਿਕ ਢਾਂਚੇ ਨੂੰ ਵੀ ਵੰਡ ਦਿੱਤਾ। ਲੋਕਾਂ ਨੂੰ ਪੁਸ਼ਤੈਨੀ ਘਰ ਅਤੇ ਕਾਰੋਬਾਰ ਅਚਾਨਕ ਹੀ ਮਜਬੂਰਨ ਛੱਡਣੇ ਪਏ। ਕਈ ਪੀੜੀਆਂ ਤੱਕ ਵਸਦੇ-ਰਸਦੇ ਇਹ ਲੋਕ (ਜਿਨਾਂ ਨੂੰ ਮਜਬੂਰਨ ਹਿਜਰਤ ਕਰਨੀ ਪਈ) ਪਨਾਹਗੀਰ (ਪਨਾਹੀ) ਅਖਵਾਉਂਦੇ ਰਹੇ ਅਤੇ ਦੂਜੇ ਦਰਜੇ ਦੇ ਸ਼ਹਿਰੀ ਬਣ ਕੇ ਰਹਿੰਦੇ ਰਹੇ।

ਜ਼ਰਾ ਸੋਚੋ ਜੇ ਮੁਲਕ ਅਤੇ ਪੰਜਾਬ ਦੀ ਵੰਡ ਨਾ ਹੁੰਦੀ ਤਾਂ ਲਾਹੌਰ ਅਤੇ ਅੰਮ੍ਰਿਤਸਰ ਕਿੰਨਾ ਜ਼ਿਆਦਾ ਵਿਕਸਿਤ (ਸੱਭਿਆਚਾਰਕ ਅਤੇ ਆਰਥਿਕ ਤੌਰ 'ਤੇ) ਹੁੰਦੇ। ਪਰ ਵੰਡ ਇਕ ਮੰਦਭਾਗੀ ਇਤਿਹਾਸਿਕ ਸਚਾਈ ਹੈ ਅਤੇ ਪਾਕਿਸਤਾਨ ਅਤੇ ਭਾਰਤ ਦੋ ਆਜ਼ਾਦ ਮੁਲਕ ਹਨ। ਪਰ ਦੁਖਾਂਤ ਇਹ ਹੈ ਕਿ ਅੱਜ ਵੀ ਦੋਵੇਂ ਦੇਸ਼ ਚੰਗੇ ਗੁਆਢੀਆਂ ਵਾਂਗ ਨਹੀਂ ਰਹਿ ਰਹੇ। ਜਿਸ ਕਰਕੇ ਹਰ ਵੇਲੇ ਅਸ਼ਾਂਤੀ ਅਤੇ ਤਣਾਅ ਦਾ ਮਾਹੌਲ ਬਣਿਆ ਰਹਿੰਦਾ ਹੈ। ਇਸ ਦੇ ਫਲਸਰੂਪ ਅੰਤਰਰਾਸ਼ਟਰੀ ਸਰਹੱਦ ਦੇ ਦੋਵੇਂ ਪਾਸੇ ਆਰਥਿਕ ਤਰੱਕੀ ਉੱਪਰ ਬਹੁਤ ਹੀ ਮਾੜਾ ਪ੍ਰਭਾਵ ਪੈ ਰਿਹਾ ਹੈ। ਸਰਹੱਦ ਦੇ ਦੋਵੇਂ ਪਾਸੇ ਲੋਕਾਂ ਨੂੰ ਆਪਣੀਆਂ ਆਰਥਿਕ ਸਰਗਰਮੀਆਂ ਕਰਨੀਆਂ ਮੁਸ਼ਕਿਲ ਹੋ ਰਹੀਆਂ ਹਨ। ਸਰਕਾਰਾਂ ਵੀ ਸਰਹੱਦੀ ਇਲਾਕਿਆਂ ਵਿਚ ਵਸਦੇ ਲੋਕਾਂ ਦੀ ਬਣਦੀ ਸਾਰ ਨਹੀਂ ਲੈ ਰਹੀਆਂ। ਇਸ ਦੇ ਫਲਸਰੂਪ ਸਮਾਜਿਕ (ਸਿੱਖਿਆ ਅਤੇ ਸਿਹਤ ਸਹੂਲਤਾਂ) ਅਤੇ ਆਰਥਿਕ ਬੁਨਿਆਦੀ ਢਾਂਚਾ ਬਹੁਤ ਹੀ ਘੱਟ ਵਿਕਸਿਤ ਹੋਇਆ ਹੈ। ਨਤੀਜੇ ਵਜੋਂ ਇਨਾਂ ਖਿੱਤਿਆਂ ਵਿਚ ਰਹਿਣ ਵਾਲੇ ਲੋਕ ਆਰਥਿਕ ਪੱਖੋਂ ਬਹੁਤ ਪਛੜ ਗਏ ਹਨ। ਸੋ, ਭਾਵੇਂ ਉਜੜ-ਪੁਜੜ ਕੇ ਆਏ ਬਹੁਤੇ ਲੋਕ ਆਪਣੀ ਹਿੰਮਤ, ਸਿਰੜ ਅਤੇ ਮਿਹਨਤ ਸਦਕਾ ਆਰਥਿਕ ਪੱਖੋਂ ਸਥਿਰ ਹੋ ਗਏ ਹਨ ਪਰ ਸਰਹੱਦ ਦੇ ਆਸ-ਪਾਸ ਵਸਦੇ ਲੋਕਾਂ ਦੀ ਹਾਲਤ ਅੱਜ ਵੀ ਤਰਸਯੋਗ ਹੈ।

ਦੇਸ਼ ਦੀ ਵੰਡ ਕਾਰਨ ਦੋਵਾਂ ਦੇਸ਼ਾਂ ਵਿਚ ਹੋ ਰਹੇ ਵਪਾਰ ਅਤੇ ਵਪਾਰਕ ਸੰਬੰਧਾਂ ਉੱਪਰ ਵੀ ਬਹੁਤ ਹੀ ਮਾੜਾ ਅਸਰ ਪਿਆ। ਜ਼ਿਕਰਯੋਗ ਹੈ ਕਿ ਦੋਵਾਂ ਪੰਜਾਬਾਂ ਵਿਚਕਾਰ ਵੰਡ ਵੇਲੇ ਵਪਾਰ ਦੀ ਖ਼ਾਸ ਮਹੱਤਤਾ ਸੀ, ਕਿਉਂਕਿ ਦੋਵੇਂ ਖਿੱਤੇ (ਪੱਛਮੀ ਅਤੇ ਪੂਰਬੀ ਪੰਜਾਬ) ਆਰਥਿਕ ਅਤੇ ਵਪਾਰਕ ਪੱਖੋਂ ਇਕ ਦੂਜੇ ਦੇ ਪੂਰਕ ਸਨ ਅਤੇ ਸਾਂਝੇ ਪੰਜਾਬ ਦਾ ਆਰਥਿਕ ਵਿਕਾਸ ਵੀ ਇਸੇ ਆਧਾਰ 'ਤੇ ਕੀਤਾ ਗਿਆ ਸੀ। ਵੰਡ ਤੋਂ ਅਗਲੇ ਸਾਲ (1948-49) ਦੌਰਾਨ ਪਾਕਿਸਤਾਨ ਦੀਆਂ ਕੁੱਲ ਦਰਾਮਦਾਂ ਅਤੇ ਬਰਾਮਦਾਂ ਵਿਚ ਭਾਰਤ ਦਾ ਕ੍ਰਮਵਾਰ 51 ਪ੍ਰਤੀਸ਼ਤ ਅਤੇ 24 ਪ੍ਰਤੀਸ਼ਤ ਹਿੱਸਾ ਸੀ। ਇਸ ਵਿਚੋਂ ਅੱਧ ਤੋਂ ਵੀ ਜ਼ਿਆਦਾ ਵਪਾਰ ਵਾਹਗਾ ਬਾਰਡਰ ਦੇ ਰਸਤੇ ਹੋ ਰਿਹਾ ਸੀ ਜਿਸ ਦਾ ਪੰਜਾਬ ਨੂੰ ਬਹੁਤ ਫਾਇਦਾ ਸੀ ਬਾਅਦ ਵਾਲੇ ਸਾਲਾਂ ਵਿਚ ਆਪਸੀ ਵਪਾਰ ਬਹੁਤ ਘੱਟ ਗਿਆ। ਸਾਲ 1965 ਦੀ ਲੜਾਈ ਤੋਂ ਬਾਅਦ ਦੋਵਾਂ ਮੁਲਕਾਂ ਵਿਚਕਾਰ 9 ਸਾਲਾਂ ਤੱਕ ਵਪਾਰ ਬਿਲਕੁਲ ਬੰਦ ਰਿਹਾ। ਪੰਜਾਬ ਨੂੰ ਇਸ ਦਾ ਬਹੁਤ ਵੱਡਾ ਆਰਥਿਕ ਖਮਿਆਜ਼ਾ (ਪਾਕਿਸਤਾਨ ਪੰਜਾਬ ਨੂੰ ਵੀ) ਭੁਗਤਣਾ ਪਿਆ। ਵਰਨਣਯੋਗ ਹੈ ਕਿ ਦੋਵੇਂ ਪੰਜਾਬ ਸਮੁੰਦਰੀ ਬੰਦਰਗਾਹਾਂ ਤੋਂ ਬਹੁਤ ਦੂਰ ਹਨ ਅਤੇ ਉਸ ਰਸਤੇ ਸਾਮਾਨ ਦੀ ਢੋਆ-ਢੁਆਈ ਉੱਪਰ ਲਾਗਤ (ਸਮੇਂ ਅਤੇ ਵਿੱਤ ਦੀ) ਬਹੁਤ ਵਧ ਜਾਂਦੀ ਹੈ। ਵਰਨਣਯੋਗ ਹੈ ਕਿ 1965 ਤੋਂ 1974 ਦੇ 9 ਸਾਲਾਂ ਦੀ ਵਪਾਰ-ਬੰਦੀ ਦੌਰਾਨ ਵੀ ਭਾਰਤੀ ਅਤੇ ਪਾਕਿਸਤਾਨੀ ਵਸਤਾਂ ਦਾ ਵਪਾਰ ਮੱਧ ਏਸ਼ੀਆ ਰਾਹੀਂ ਹੁੰਦਾ ਰਿਹਾ ਪਰ ਇਸ ਵਿਚ ਬਹੁਤਾ ਫ਼ਾਇਦਾ ਬੰਦਰਗਾਹਾਂ ਦੇ ਨੇੜਲੇ ਸੂਬਿਆਂ ਨੂੰ ਹੋਇਆ ਪਰ ਦੋਹਾਂ ਪੰਜਾਬਾਂ ਦੇ ਵਪਾਰ ਨੂੰ ਬਹੁਤ ਵੱਡਾ ਧੱਕਾ ਲੱਗਿਆ।

ਸਾਲ 1965 ਦੀ ਭਾਰਤ-ਪਾਕਿਸਤਾਨ ਲੜਾਈ ਤੋਂ ਬਾਅਦ ਪੰਜਾਬ ਵਿਚ ਉਦਯੋਗਿਕ ਇਕਾਈਆਂ ਨੇ ਵੀ ਹਿਜਰਤ ਕਰਨੀ ਸ਼ੁਰੂ ਕਰ ਦਿੱਤੀ। ਬਟਾਲੇ ਦੇ ਲੋਹਾ-ਉਦਯੋਗ ਨੂੰ ਖਾਸ ਧੱਕਾ ਲੱਗਾ। ਬਟਾਲੇ ਦੀ ਇਕ ਬਹੁਤ ਵੱਡੀ ਉਦਯੋਗਿਕ ਇਕਾਈ (ਬੀਕੋ) ਫ਼ਰੀਦਾਬਾਦ (ਹੁਣ ਹਰਿਆਣਾ) ਵਿਖੇ ਚਲੀ ਗਈ। ਸਾਲ 1971 ਦੀ ਲੜਾਈ ਨੇ ਪੰਜਾਬ ਦੇ ਉਦਯੋਗਾਂ ਨੂੰ (ਖ਼ਾਸ ਕਰਕੇ ਅੰਮ੍ਰਿਤਸਰ ਅਤੇ ਬਟਾਲੇ ਨੂੰ) ਹੋਰ ਵੀ ਧੱਕਾ ਪਹੁੰਚਾਇਆ। ਫਲਸਰੂਪ ਪੰਜਾਬ ਦੀ ਉਦਯੋਗਿਕ ਅਤੇ ਆਰਥਿਕ ਉੱਨਤੀ ਨੂੰ ਬਹੁਤ ਵੱਡਾ ਨੁਕਸਾਨ ਹੋ ਗਿਆ। ਕੇਂਦਰ ਸਰਕਾਰ ਦੁਆਰਾ ਪੰਜਾਬ ਦੇ ਗੁਆਂਢੀ ਰਾਜਾਂ (ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਨੂੰ) ਵਿਸ਼ੇਸ਼ ਸਹੂਲਤਾਂ ਨੇ ਵੀ ਪੰਜਾਬ ਦੇ ਉਦਯੋਗਿਕ ਖੇਤਰ ਨੂੰ ਬਹੁਤ ਨੁਕਸਾਨ ਪਹੁੰਚਾਇਆ। ਦੇਸ਼ ਦੀ ਵੰਡ ਦਾ ਅਸਰ ਵਾਹਗਾ ਬਾਰਡਰ ਤੋਂ ਹੋ ਰਹੇ ਵਪਾਰ ਉਪਰ ਸ਼ੁਰੂ ਤੋਂ ਹੀ ਮਾੜਾ ਪੈ ਰਿਹਾ ਹੈ। ਤਰਾਸਦੀ ਹੈ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਇਸ ਮੁੱਦੇ ਨੂੰ ਕਦੀ ਵੀ ਸ਼ਿੱਦਤ ਨਾਲ ਨਹੀਂ ਉਭਾਰਿਆ। ਕੇਂਦਰ ਦੀਆਂ ਸਰਕਾਰਾਂ ਨੇ ਵੀ ਇਸ ਸਿਲਸਿਲੇ ਵਿਚ ਪੰਜਾਬ ਨਾਲ ਸੁਹਿਰਦਤਾ ਵਾਲਾ ਵਰਤਾਰਾ ਨਹੀਂ ਕੀਤਾ। ਦੱਸਣਾ ਉਚਿਤ ਹੋਵੇਗਾ ਕਿ ਅੰਤਰਰਾਸ਼ਟਰੀ ਵਪਾਰ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਹੁੰਦਾ ਹੈ। ਪਾਕਿਸਤਾਨ ਦੀ ਕੇਂਦਰ ਸਰਕਾਰ ਅਤੇ ਉਧਰਲੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਵੀ ਵਾਹਗਾ ਬਾਰਡਰ ਰਾਹੀਂ ਵਪਾਰ ਦੀ ਮਹੱਤਤਾ ਨੂੰ ਵਿਕਸਿਤ ਕਰਨ ਲਈ ਸੰਜੀਦਾ ਯਤਨ ਨਹੀਂ ਕੀਤੇ। ਲਗਦਾ ਇੰਝ ਹੈ ਕਿ ਬੰਬਈ-ਕਰਾਚੀ ਉਦਯੋਗਿਕ ਅਤੇ ਵਪਾਰ-ਸੰਗਠਨ ਸਿਆਸੀ ਪਾਰਟੀਆਂ ਅਤੇ ਸਰਕਾਰਾਂ ਉੱਪਰ ਭਾਰੂ ਹਨ, ਕਿਉਂਕਿ ਵਾਹਗਾ ਅਤੇ ਹੁਸੈਨੀਵਾਲਾ ਸਰਹੱਦਾਂ ਰਾਹੀਂ ਵਪਾਰ ਵਧਣ ਨਾਲ ਬੰਬਈ-ਕਰਾਚੀ ਦਰਮਿਆਨ ਸਰਗਰਮ ਵਪਾਰਕ ਸੰਗਠਨਾਂ ਨੂੰ ਨੁਕਸਾਨ ਹੋਵੇਗਾ। ਫਰਵਰੀ 2019 ਦੇ ਪੁਲਵਾਮਾ ਹਮਲੇ ਤੋਂ ਬਾਅਦ ਦੋਵਾਂ ਮੁਲਕਾਂ ਵਿਚ ਵਪਾਰ ਬੰਦ ਹੋ ਗਿਆ, ਜਿਸ ਦਾ ਅਸਰ ਪੰਜਾਬ ਉੱਪਰ ਵਧੇਰੇ ਪਿਆ। ਦਿਹਾਤੀ ਅਤੇ ਉਦਯੋਗਿਕ ਵਿਕਾਸ ਸੈਂਟਰ (ਕਰਿਡ), ਚੰਡੀਗੜ ਵਲੋਂ ਲੇਖਕ ਦੀ ਰਹਿਨੁਮਾਈ ਵਿਚ ਵਾਹਗਾ ਬਾਰਡਰ ਤੋਂ ਵਪਾਰ ਬੰਦ ਹੋਣ ਦੇ ਫਲਸਰੂਪ ਪੰਜਾਬ ਦੀ ਆਰਥਿਕਤਾ ਉਪਰ ਪਏ ਪ੍ਰਭਾਵ ਦਾ ਅਧਿਐਨ ਕੀਤਾ ਗਿਆ। ਪੁਲਵਾਮਾ ਹਮਲੇ ਤੋਂ ਬਾਅਦ 16 ਫਰਵਰੀ 2019 ਨੂੰ ਭਾਰਤ ਨੇ ਪਾਕਿਸਤਾਨ ਤੋਂ ਦਰਾਮਦਾਂ ਉਪਰ 200 ਪ੍ਰਤੀਸ਼ਤ ਕਸਟਮ ਡਿਊਟੀ ਲਗਾ ਦਿੱਤੀ ਸੀ ਅਤੇ 9 ਅਗਸਤ 2019 ਨੂੰ ਪਾਕਿਸਤਾਨ ਨੇ ਭਾਰਤ ਨਾਲ ਵਪਾਰ ਉਪਰ ਪੂਰਨ ਰੋਕ ਲਗਾ ਦਿੱਤੀ ਸੀ। ਫਲਸਰੂਪ ਭਾਰਤ-ਪਾਕਿਸਤਾਨ ਵਪਾਰ ਪੂਰਨ ਰੂਪ ਵਿਚ ਬੰਦ ਹੋ ਗਿਆ। ਇਸ ਦਾ ਸਭ ਤੋਂ ਵੱਧ ਮਾੜਾ ਪ੍ਰਭਾਵ ਵਾਹਗਾ ਬਾਰਡਰ ਰਾਹੀਂ ਹੋ ਰਹੇ ਵਪਾਰ ਉੱਪਰ ਪਿਆ। ਸਾਲ 2017-18 ਦੌਰਾਨ ਵਾਹਗਾ ਬਾਰਡਰ ਤੋਂ 5507 ਕਰੋੜ ਰੁਪਏ ਦਾ ਵਪਾਰ ਹੋਇਆ ਸੀ ਜੋ ਭਾਰਤ-ਪਾਕਿਸਤਾਨ ਦੇ ਸਮੁੱਚੇ ਵਪਾਰ ਦਾ ਤਕਰੀਬਨ ਚੌਥਾ ਹਿੱਸਾ ਬਣਦਾ ਹੈ। ਇਹ ਵਪਾਰ ਰੇਲ ਅਤੇ ਸੜਕੀ ਰਸਤੇ ਹੋ ਰਿਹਾ ਸੀ, ਸੜਕੀ-ਵਪਾਰ ਦਾ ਹਿੱਸਾ ਜ਼ਿਆਦਾ ਸੀ। ਅਚਾਨਕ ਵਪਾਰ ਬੰਦ ਹੋਣ ਨਾਲ ਪੰਜਾਬ ਵਿਚਲੀਆਂ (ਖ਼ਾਸ ਕਰਕੇ ਅੰਮ੍ਰਿਤਸਰ ਅਤੇ ਜਲੰਧਰ ਜ਼ਿਲਿਆਂ ਨੂੰ) ਬਹੁਤ ਸਾਰੀਆਂ ਆਰਥਿਕ ਸਰਗਰਮੀਆਂ ਨੂੰ ਭਾਰੀ ਧੱਕਾ ਲੱਗਾ। ਸਾਡੇ ਦੁਆਰਾ ਕੀਤੇ ਅਧਿਐਨ ਤੋਂ ਪਤਾ ਲੱਗਾ ਕਿ ਫਰਵਰੀ 2019 ਤੋਂ ਅਗਸਤ 2020 ਤੱਕ ਵਾਹਗਾ ਬਾਰਡਰ ਤੋਂ ਵਪਾਰ ਬੰਦ ਹੋਣ ਕਾਰਨ 16 ਮਹੀਨਿਆਂ ਦੇ ਅਰਸੇ ਦੌਰਾਨ ਪੰਜਾਬ ਨੂੰ 1609 ਕਰੋੜ ਰੁਪਏ ਦਾ ਨੁਕਸਾਨ ਹੋਇਆ। ਇਸ ਤੋਂ ਇਲਾਵਾ ਤਕਰੀਬਨ 10000 ਤੋਂ 12000 ਕਾਮਿਆਂ ਨੂੰ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪਿਆ। ਫਲਸਰੂਪ ਲੱਖਾਂ ਪਰਿਵਾਰਾਂ ਦੀ ਉਪਜੀਵਿਕਾ ਨੂੰ ਨੁਕਸਾਨ ਹੋਇਆ। ਅਸਲ ਨੁਕਸਾਨ ਉਪਰੋਕਤ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੋਵੇਗਾ, ਕਿਉਂਕਿ ਕੋਵਿਡ ਦੇ ਚਲਦਿਆਂ ਅਸੀਂ ਪੂਰੇ ਅੰਦਾਜ਼ੇ ਨਹੀਂ ਲਗਾ ਸਕੇ। ਸਾਡੇ ਦੁਆਰਾ ਕੀਤੇ ਅਧਿਐਨ ਤੋਂ ਬਾਅਦ 23 ਮਹੀਨੇ ਹੋਰ ਗੁਜ਼ਰ ਗਏ ਹਨ। ਇਨਾਂ 23 ਮਹੀਨਿਆਂ ਦੌਰਾਨ ਵਾਹਗਾ ਬਾਰਡਰ ਤੋਂ ਵਪਾਰ ਨਾ ਹੋਣ ਕਾਰਨ 2313 ਕਰੋੜ ਰੁਪਏ ਦਾ ਹੋਰ ਨੁਕਸਾਨ ਹੋ ਗਿਆ ਹੈ। ਸਪੱਸ਼ਟ ਹੈ ਕਿ ਫਰਵਰੀ 2019 ਤੋਂ ਜੁਲਾਈ 2022 ਤੱਕ ਤਕਰੀਬਨ 3922 ਕਰੋੜ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ। ਵਰਨਣਯੋਗ ਹੈ ਕਿ 1975 ਤੋਂ 2021 ਤੱਕ ਵਾਹਗਾ ਬਾਰਡਰ ਰਾਹੀਂ ਬਹੁਤ ਘੱਟ ਵਪਾਰ ਹੋ ਰਿਹਾ ਸੀ। ਪਰ 2012 ਵਿਚ ਅਟਾਰੀ ਵਿਖੇ ਏਕੀਕ੍ਰਿਤ ਚੈੱਕ ਪੋਸਟ ਬਣਨ ਨਾਲ ਇਸ ਰਸਤੇ ਭਾਰਤ-ਪਾਕਿਸਤਾਨ ਵਪਾਰ ਵਧਣਾ ਸ਼ੁਰੂ ਹੋ ਗਿਆ। ਪਰ ਇਸ ਚੈਕ ਪੋਸਟ 'ਤੇ ਭਾਰਤ ਸਰਕਾਰ ਨੇ ਅਜੇ ਤੱਕ ਸਮੁੱਚੇ ਟਰੱਕ ਨੂੰ ਸਕੈਨ ਕਰਨ ਵਾਲਾ ਸਕੈਨਰ **(6u Truck Scanner)** ਅਜੇ ਤੱਕ **ਬਾਕੀ ਸਫ਼ਾ 30 'ਤੇ**

# ਭਾਰਤ-ਪਾਕਿਸਤਾਨ ਇਕ-ਦੂਜੇ ਵੱਲ ਦੋਸਤੀ ਦਾ ਹੱਥ ਵਧਾਉਣ

**ਅਮਰਜੀਤ ਸਿੰਘ ਹੇਅਰ**

ਪਾਕਿਸਤਾਨ ਨੂੰ ਹਿੰਦੁਸਤਾਨ ਤੋਂ ਵੱਖ ਹੋਇਆਂ 75 ਸਾਲ ਹੋ ਗਏ ਹਨ। ਉਦੋਂ ਤੋਂ ਹੀ ਦੋਵਾਂ ਦੇਸ਼ਾਂ ਵਿਚਕਾਰ ਦੁਸ਼ਮਣੀ ਹੀ ਰਹੀ ਹੈ। ਸਾਡੇ ਸੱਭਿਆਚਾਰ ਵਿਚ ਭਾਈ-ਭਾਈ ਵੱਖ ਹੁੰਦੇ ਹੀ ਰਹੇ ਹਨ। ਪਰ ਇਹ ਜ਼ਰੂਰੀ ਨਹੀਂ ਕਿ ਉਨਾਂ ਵਿਚ ਭਰੱਪਣ ਨਾ ਰਹੇ ਅਤੇ ਉਹ ਸ਼ਰੀਕ ਹੀ ਬਣੇ ਰਹਿਣ। ਸ਼ਰੀਕਾਂ ਵਿਚ ਤਾਂ ਕਸ਼ੀਦਗੀ ਰਹਿੰਦੀ ਹੈ। ਇਕ ਦੂਜੇ ਨਾਲ ਈਰਖਾ ਅਤੇ ਘਿਰਣਾ ਪੈਦਾ ਹੋ ਜਾਂਦੀ ਹੈ। ਇਹ ਆਮ ਤੌਰ 'ਤੇ ਉਦੋਂ ਹੁੰਦਾ ਹੈ ਜਦ ਇਕ ਭਾਈ ਇਹ ਸਮਝੇ ਕਿ ਕਾਣੀ ਵੰਡ ਹੋਈ ਹੈ ਅਤੇ ਉਸ ਨੂੰ ਉਸ ਦਾ ਬਣਦਾ ਹੱਕ ਨਹੀਂ ਮਿਲਿਆ।

ਇਨਾਂ ਦੋਵਾਂ ਦੇਸ਼ਾਂ ਵਿਚ ਵੀ ਕੁਝ ਇਹੋ ਜਿਹੀ ਗੱਲ ਹੈ। ਪਾਕਿਸਤਾਨ ਸੋਚਦਾ ਹੈ ਕਿ ਉਸ ਨਾਲ ਵਿਤਕਰਾ ਹੋਇਆ। ਜਿਨਾਹ ਨੇ ਕਿਹਾ ਸੀ ਕਿ ਉਸ ਨੂੰ ਘੁਣ ਲੱਗਿਆ (ਮੌਥ ਈਟਨ) ਪਾਕਿਸਤਾਨ ਦਿੱਤਾ ਗਿਆ ਹੈ। ਉਹ ਸਾਰਾ ਪੰਜਾਬ ਅਤੇ ਸਾਰਾ ਬੰਗਾਲ ਮੰਗਦਾ ਸੀ। ਕਸ਼ਮੀਰ ਤਾਂ ਉਹ ਸਮਝਦਾ ਸੀ ਹਰ ਹਾਲਤ ਵਿਚ ਪਾਕਿਸਤਾਨ ਵਿਚ ਹੋਣਾ ਹੀ ਚਾਹੀਦਾ ਸੀ। ਕਸ਼ਮੀਰ ਨੂੰ ਹਥਿਆਉਣ ਲਈ ਤਾਂ ਉਸ ਨੇ ਪਠਾਨ ਕਬੀਲਿਆਂ ਦੀ ਮਦਦ ਨਾਲ ਪਾਕਿਸਤਾਨੀ ਫ਼ੌਜ ਵੀ ਭੇਜੀ। ਭਿਆਨਕ ਲੜਾਈ ਪਿੱਛੋਂ ਭਾਰਤ ਨੇ ਕਸ਼ਮੀਰ ਵਾਦੀ ਤਾਂ ਬਚਾ ਲਈ ਪਰ ਉਸ ਵੇਲੇ ਦੀ ਕਸ਼ਮੀਰ ਦੀ ਰਿਆਸਤ ਦਾ ਕੁਝ ਹਿੱਸਾ ਪਾਕਿਸਤਾਨ ਦੇ ਕਬਜ਼ੇ ਵਿਚ ਚਲਾ ਗਿਆ। ਅੱਜ ਵੀ ਪਾਕਿਸਤਾਨ ਕਸ਼ਮੀਰ ਦੇ ਮਸਲੇ ਨੂੰ ਦੋਵਾਂ ਦੇਸ਼ਾਂ ਵਿਚਕਾਰ ਬੁਨਿਆਦੀ ਮਸਲਾ ਸਮਝਦਾ ਹੈ। ਜੂਨਾਗੜ ਅਤੇ ਹੈਦਰਾਬਾਦ ਦੇ ਇਲਾਕੇ ਜਿੱਥੇ ਮੁਸਲਮਾਨ ਹੁਕਮਰਾਨ ਸਨ, ਭਾਰਤ ਨੇ ਫ਼ੌਜੀ ਕਾਰਵਾਈ ਕਰਕੇ ਹਾਸਲ ਕੀਤੇ। ਕਸ਼ਮੀਰ ਨੂੰ ਹਾਸਲ ਕਰਨ ਲਈ ਪਾਕਿਸਤਾਨ ਨੇ 1965 ਦੀ ਜੰਗ ਲੜੀ। ਜਿਸ ਵਿਚ ਦੋਵਾਂ ਦੇਸ਼ਾਂ ਦਾ ਜਾਨੀ-ਮਾਲੀ ਨੁਕਸਾਨ ਹੋਇਆ। ਪਰ ਹੱਦਾਂ ਵਿਚ ਕੋਈ ਤਬਦੀਲੀ ਨਾ ਹੋ ਸਕੀ। 1971 ਵਿਚ ਜਦ ਪਾਕਿਸਤਾਨ ਟੁੱਟਿਆ ਅਤੇ ਪੂਰਬੀ ਪਾਕਿਸਤਾਨ ਆਜ਼ਾਦ ਬੰਗਲਾਦੇਸ਼ ਬਣਿਆ ਤਾਂ ਪਾਕਿਸਤਾਨ ਇਸ ਦਾ ਦੋਸ਼ ਵੀ ਭਾਰਤ ਸਿਰ ਹੀ ਲਾਉਂਦਾ ਹੈ। ਪਾਕਿਸਤਾਨ ਨੇ ਜਦ ਦੇਖਿਆ ਉਹ ਜੰਗ ਨਾਲ ਆਪ ਦੀ ਇੱਛਾ ਪੂਰੀ ਨਹੀਂ ਕਰ ਸਕਦਾ ਤਾਂ ਉਸ ਨੇ ਆਪਣੀ ਜ਼ਮੀਨ ਤੋਂ ਸਿਖਲਾਈ ਦਿਵਾ ਕੇ ਦਹਿਸ਼ਤਗਰਦ ਭਾਰਤ ਵਿਚ ਧੱਕਣੇ ਸ਼ੁਰੂ ਕਰ ਦਿੱਤੇ।

ਦਰਅਸਲ ਪਾਕਿਸਤਾਨ ਮਹਿਸੂਸ ਕਰਦਾ ਹੈ ਕਿ ਭਾਰਤ ਨੇ ਪਾਕਿਸਤਾਨ ਦੀ ਹੋਂਦ ਨੂੰ ਸਵੀਕਾਰ ਹੀ ਨਹੀਂ ਕੀਤਾ। ਜਦ ਇਧਰੋਂ ਅਖੰਡ ਭਾਰਤ ਦਾ ਪ੍ਰਚਾਰ ਹੁੰਦਾ ਹੈ ਤਾਂ ਉਸ ਦਾ ਸ਼ੱਕ ਹੋਰ ਵਧ ਜਾਂਦਾ ਹੈ। ਹਾਲਾਂਕਿ ਉਸ ਵੇਲੇ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਮਿਨਾਰੇ ਪਾਕਿਸਤਾਨ 'ਤੇ ਫੁੱਲ ਚੜਾ ਕੇ ਇਹ ਸਬੂਤ ਦੇ ਦਿੱਤਾ ਸੀ ਕਿ ਭਾਰਤ, ਪਾਕਿਸਤਾਨ ਨੂੰ ਆਜ਼ਾਦ ਦੇਸ਼ ਮੰਨਦਾ ਹੈ। ਫਿਰ ਰਾਜੀਵ ਗਾਂਧੀ ਨੇ ਦੱਖਣੀ ਏਸ਼ੀਆ ਦੀ ਸੰਸਥਾ (ਸਾਰਕ) ਰਾਹੀਂ ਕੋਸ਼ਿਸ਼ ਕੀਤੀ ਕਿ ਇਸ ਖਿੱਤੇ ਵਿਚ ਅਮਨ ਰਹੇ ਅਤੇ ਮਿਲਵਰਤਣ ਵਧੇ। ਪਰ ਇਹ ਸਾਰਿਆਂ ਯਤਨਾਂ ਦਾ ਦਾ ਨਤੀਜਾ ਸਿਫ਼ਰ ਹੀ ਰਿਹਾ।

ਪਾਕਿਸਤਾਨ ਹਮੇਸ਼ਾ ਭਾਰਤ ਦੀ ਬਰਾਬਰੀ ਕਰਦਾ ਹੈ। ਉਹ ਇਸ ਜਿੰਨੀ ਹੀ ਫ਼ੌਜ ਅਤੇ ਫ਼ੌਜੀ ਹਥਿਆਰ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਉਹ ਇਹ ਭੁੱਲ ਜਾਂਦਾ ਹੈ ਕਿ ਭਾਰਤ ਉਸ ਤੋਂ ਚਾਰ ਗੁਣਾ ਵੱਡਾ ਦੇਸ਼ ਹੈ ਅਤੇ ਇਸ ਦੇ ਵਸੀਲੇ ਵਸੀਹ ਹਨ। ਇਸ ਕਰਕੇ ਉਹ ਇਸ ਦੀ ਬਰਾਬਰੀ ਨਹੀਂ ਕਰ ਸਕਦਾ। ਜਿੰਨਾ ਚਿਰ ਉਥੋਂ ਦੇ ਹਾਕਮ ਇਸ ਹਕੀਕਤ ਨੂੰ ਕਬੂਲ ਨਹੀਂ ਕਰਦੇ ਉਹ ਆਪਣੀਆਂ ਮੁਸ਼ਕਿਲਾਂ ਵਧਾਉਂਦੇ ਰਹਿਣਗੇ।

ਦੋਵਾਂ ਦੇਸ਼ਾਂ ਨੂੰ ਯੂਰਪੀ ਦੇਸ਼ਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ, ਕਿ ਉਹ ਦੋ ਮਹਾਂਯੁੱਧ ਕਰਕੇ ਵੀ ਇਕੱਠੇ ਹੋ ਗਏ ਹਨ ਅਤੇ ਯੂਰਪੀ ਸੰਘ ਬਣਾ ਲਿਆ ਹੈ। ਜਿੱਥੇ ਇਕ ਪਾਸਪੋਰਟ ਹੈ ਅਤੇ ਤਿਜਾਰਤ ਦੀ ਖੁੱਲ ਹੈ। ਭਾਰਤ, ਪਾਕਿਸਤਾਨ ਨੂੰ ਆਪਣੇ ਅਸਲੀ ਦੁਸ਼ਮਣ ਗ਼ਰੀਬੀ, ਭੁੱਖਮਰੀ, ਬਿਮਾਰੀ ਤੇ ਬੇਰੁਜ਼ਗਾਰੀ ਨਾਲ ਲੜਾਈ ਲੜਨੀ ਚਾਹੀਦੀ ਹੈ। ਦੋਵਾਂ ਦੇਸ਼ਾਂ ਦੇ ਲੋਕਾਂ ਵਿਚ ਦੋਸਤੀ ਦੀ ਇੱਛਾ ਹੋਣ ਕਰਕੇ ਦੋਵਾਂ ਦੀਆਂ ਹਕੂਮਤਾਂ ਗ਼ਲਤ ਪ੍ਰਚਾਰ ਰਾਹੀਂ ਇਕ ਦੂਜੇ ਵਿਚਕਾਰ ਫਾਸਲੇ ਪੈਦਾ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਕੁਝ ਵਿਦੇਸ਼ੀ ਸ਼ਕਤੀਆਂ ਵੀ ਆਪਣੇ ਹਥਿਆਰ ਵੇਚਣ ਦੀ ਖ਼ਾਤਰ ਦੋਵਾਂ ਦੇਸ਼ਾਂ ਨੂੰ ਨੇੜੇ ਨਹੀਂ ਆਉਣ ਦਿੰਦੀਆਂ। ਹੁਣ ਦੋਵੇਂ ਪ੍ਰਮਾਣੂ ਸ਼ਕਤੀਆਂ ਹਨ, ਇਸ ਕਰਕੇ ਜੰਗ ਤਾਂ ਦੋਵਾਂ ਦਾ ਹੀ ਨਾਸ਼ ਕਰ ਦੇਵੇਗੀ। ਪਿਛਲੀਆਂ ਲੜਾਈਆਂ ਨੇ ਕੋਈ ਮਸਲਾ ਹੱਲ ਨਹੀਂ ਕੀਤਾ। ਅਕਲਮੰਦੀ ਤਣਾਅ ਅਤੇ ਕਸ਼ੀਦਗੀ ਘਟਾਉਣ ਵਿਚ ਹੈ। ਇਸ ਲਈ ਵੀਜ਼ਾ ਦੀਆਂ ਸਹੂਲਤਾਂ ਆਸਾਨ ਕੀਤੀਆਂ ਜਾਣ ਤਾਂ ਕਿ ਲੋਕ ਇਕ-ਦੂਜੇ ਨੂੰ ਮਿਲ ਸਕਣ। ਖਿਡਾਰੀਆਂ ਅਤੇ ਸੱਭਿਆਚਾਰਕ ਵਫ਼ਦਾਂ ਦਾ ਆਦਾਨ-ਪ੍ਰਦਾਨ ਹੋਵੇ। ਤਿਜਾਰਤ ਖੋਲੀ ਜਾਵੇ। ਇਨਾਂ ਕਦਮਾਂ ਨਾਲ ਦੋਵਾਂ ਦੇਸ਼ਾਂ ਵਿਚ ਖੁਸ਼ਹਾਲੀ ਵਧ ਸਕਦੀ ਹੈ। ਭਾਰਤ ਵਿਚ ਆਲਮੀ ਪੱਧਰ ਦੀਆਂ ਸਿਹਤ ਸੰਸਥਾਵਾਂ ਹਨ। ਹੁਣ ਵੀ ਕਈ ਪਾਕਿਸਤਾਨੀ ਮਰੀਜ਼ ਇਲਾਜ ਲਈ ਇਥੇ ਆਉਂਦੇ ਹਨ। ਇਸੇ ਤਰਾਂ ਵਿਦਿਆਰਥੀਆਂ ਨੂੰ ਇਕ ਦੂਜੇ ਦੀਆਂ ਯੂਨੀਵਰਸਿਟੀਆਂ, ਕਾਲਜਾਂ ਵਿਚ ਪੜਨ ਲਈ ਪ੍ਰੇਰਿਤ ਕੀਤਾ ਜਾਵੇ। ਦੋਵਾਂ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਫਿਰ ਯੂਕਰੇਨ ਵਰਗੇ ਦੇਸ਼ ਵਿਚ ਡਾਕਟਰੀ ਪੜਨ ਲਈ ਨਹੀਂ ਜਾਣਾ ਪਵੇਗਾ। ਆਮ ਲੋਕਾਂ ਨੂੰ ਦੋਵੇਂ ਦੇਸ਼ਾਂ ਵਿਚ ਆਪਣੀਆਂ ਹਕੂਮਤਾਂ 'ਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਉਹ ਅਮਨ ਚਾਹੁੰਦੇ ਹਨ, ਲੜਾਈ ਨਹੀਂ। ਪਾਕਿਸਤਾਨ ਵਿਚ ਕਿਉਂਕਿ ਫ਼ੌਜ ਅਤੇ ਮੌਲਾਣਿਆਂ ਲਈ ਇਹ ਆਵਾਜ਼ ਉਠਾਉਣੀ ਮੁਸ਼ਕਿਲ ਹੈ ਪਰ ਭਾਰਤੀਆਂ ਨੂੰ ਆਪਣੀ ਹਕੂਮਤ ਨੂੰ ਸਾਫ਼ ਤੌਰ 'ਤੇ ਦੱਸ ਦੇਣਾ ਚਾਹੀਦਾ ਹੈ ਕਿ ਉਹ ਜਾਤ-ਪਾਤ ਜਾਂ ਮਜ਼ਹਬ ਦੇ ਨਾਂਅ 'ਤੇ ਲੋਕਾਂ ਵਿਚ ਨਫ਼ਰਤ ਦੇ ਪ੍ਰਚਾਰ 'ਤੇ ਪਾਬੰਦੀ ਲਾਵੇ। ਭਾਰਤ ਨੂੰ ਵੱਡਾ ਭਰਾ ਹੋਣ ਕਰਕੇ ਖੁੱਲਦਿਲੀ ਦਿਖਾਉਣੀ ਚਾਹੀਦੀ ਹੈ ਅਤੇ ਦੋਵਾਂ ਦੇਸ਼ਾਂ ਵਿਚ ਸੰਬੰਧ ਬਿਹਤਰ ਬਣਾਉਣ ਲਈ ਪਹਿਲ ਕਰਨੀ ਚਾਹੀਦੀ ਹੈ।

1950ਵਿਆਂ ਵਿਚ ਹਿੰਦੀ ਚੀਨੀ ਭਾਈ-ਭਾਈ ਦੇ ਨਾਅਰੇ ਆਮ ਲਗਾਏ ਜਾਂਦੇ ਸਨ ਇਹ ਵੱਖਰੀ ਗੱਲ ਹੈ ਕਿ ਚੀਨ ਨੇ 1962 ਵਿਚ ਭਾਰਤ 'ਤੇ ਹਮਲਾ ਕਰਕੇ ਇਹ ਸੁਪਨੇ ਤੋੜ ਦਿੱਤੇ ਅਤੇ ਉਦੋਂ ਵੀ ਹੱਦਾਂ 'ਤੇ ਦੋਵਾਂ ਦੇਸ਼ਾਂ ਵਿਚ ਝਪਟਾਂ ਹੁੰਦੀਆਂ ਰਹਿੰਦੀਆਂ ਸਨ। ਚੀਨ ਨੇ ਪਾਕਿਸਤਾਨ ਵਿਚ ਆਪਣਾ ਅਸਰ-ਰਸੂਖ ਵਧਾ ਲਿਆ, ਇਸ ਕਰਕੇ ਵੀ ਉਹ ਪਾਕਿਸਤਾਨ ਨੂੰ ਭਾਰਤ ਨਾਲ ਚੰਗੇ ਸੰਬੰਧ ਨਹੀਂ ਬਣਾਉਣ ਦੇਵੇਗਾ। ਪਾਕਿਸਤਾਨ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜਿਹੜੇ ਚੀਨ ਨੇ ਭਾਰਤ ਨੂੰ ਧੋਖਾ ਦਿੱਤਾ ਹੈ, ਉਹ ਪਾਕਿਸਤਾਨ ਨਾਲ ਵੀ ਉਦੋਂ ਤੱਕ ਹੀ ਦੋਸਤੀ ਦਾ ਪਾਖੰਡ ਕਰਨਗੇ ਜਦ ਤੱਕ ਉਸ ਦਾ ਆਪਣਾ ਫਾਇਦਾ ਹੈ। ਉਹ ਪਾਕਿਸਤਾਨ ਵਿਚੋਂ ਦੀ ਅਰਬ ਸਾਗਰ ਨਾਲ ਲਿੰਕ ਚਾਹੁੰਦਾ ਹੈ, ਇਸ ਕਰਕੇ ਕੌਰੀਡੋਰ ਦਾ ਚੋਗਾ ਪਾਉਂਦਾ ਹੈ। ਪਾਕਿਸਤਾਨ ਦੇ ਆਪਣੇ ਫਾਇਦੇ ਵਿਚ ਹੈ ਕਿ ਉਹ ਦੂਸਰੇ ਦੇਸ਼ਾਂ 'ਤੇ ਨਿਰਭਰ ਰਹਿਣ ਦੀ ਨੀਤੀ ਤਿਆਗੇ। ਪਹਿਲਾਂ ਬਰਤਾਨੀਆ ਫਿਰ ਅਮਰੀਕਾ ਨੇ ਉਸ ਨੂੰ ਵਰਤਿਆ ਤੇ ਪਿੱਛੋਂ ਦੋਵੇਂ ਪਿੱਛੇ ਹਟ ਗਏ। ਚੀਨ ਵੀ ਇੰਝ ਹੀ ਕਰੇਗਾ।

ਪਾਕਿਸਤਾਨ ਦਾ ਤਾਂ ਸਾਡੇ ਨਾਲ ਬੜਾ ਕੁਝ ਸਾਂਝਾ ਹੈ। ਫਿਰ ਇਥੇ ਕੋਈ 20 ਕਰੋੜ ਮੁਸਲਮਾਨ ਹਨ। ਲਗਭਗ ਓਨੇ ਹੀ ਜਿੰਨੇ ਪਾਕਿਸਤਾਨ ਵਿਚ ਹਨ। ਜੇ ਉਹ ਭਾਰਤ ਨਾਲ ਚੰਗੇ ਸੰਬੰਧ ਰੱਖੇਗਾ ਤਾਂ ਇਥੋਂ ਦੇ ਮੁਸਲਮਾਨਾਂ ਨੂੰ ਵੀ ਆਪਣੇ ਆਪ ਨੂੰ ਭਾਰਤੀ ਸਮਝਣ ਵਿਚ ਸੌਖ ਹੋਵੇਗੀ। 75 ਸਾਲ ਦੀ ਦੁਸ਼ਮਣੀ ਨੇ ਦੋਵਾਂ ਦੇਸ਼ਾਂ ਦਾ ਨੁਕਸਾਨ ਹੀ ਕੀਤਾ ਹੈ। ਦੋਵਾਂ ਨੂੰ ਚਾਹੀਦਾ ਹੈ ਕਿ ਹੁਣ ਇਕ-ਦੂਜੇ ਵੱਲ ਦੋਸਤੀ ਦਾ ਹੱਥ ਵਧਾਉਣ। ਇਹ ਦੋਸਤੀ ਲੋਕਾਂ ਦੀ ਉਮੰਗ ਹੈ ਅਤੇ ਸਮੇਂ ਦੀ ਲੋੜ ਹੈ।

# ਸੰਘੀ ਲਾਣੇ ਵੱਲੋਂ ਸਿੱਖਿਆ ਦੇ ਭਗਵੇਂਕਰਨ ਦੀ ਮੁਹਿੰਮ ਤੇਜ਼

## ✪ ਜਮਹੂਰੀਅਤ ਅਤੇ ਲੋਕ ਘੋਲਾਂ ਨਾਲ਼ ਸੰਘ ਕਰਦਾ ਏ ਨਫ਼ਰਤ ✪ ਸੰਘ ਵਲੋਂ ਇਤਿਹਾਸ ਦਾ ਫਿਰਕੂਕਰਨ, ਫਿਰਕਾਪ੍ਰਸਤੀ, ਐਮਰਜੈਂਸੀ ਅਤੇ ਗੁਜਰਾਤ ਕਤਲੇਆਮ ਸਬੰਧੀ ਪਾਠ ਇਤਿਹਾਸ ਵਿੱਚੋਂ ਕੱਢਣ ਦੀ ਰਚੀ ਸਾਜਿਸ਼ ✪ ਜਾਤ-ਪਾਤੀ ਪ੍ਰਬੰਧ ਅਤੇ ਦਲਿਤ ਸੰਘਰਸ਼ਾਂ ਦਾ ਇਤਿਹਾਸ ਵੀ ਸਿਲੇਬਸ ਵਿੱਚੋਂ ਬਾਹਰ ਕਢਿਆ

**ਗੁਰਪ੍ਰੀਤ ਚੋਗਾਵਾਂ**

ਪਿਛਲੇ ਦਿਨੀਂ ਐੱਨਸੀਆਰਟੀ ਨੇ ਛੇਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਇਤਿਹਾਸ, ਰਾਜਨੀਤੀ ਵਿਗਿਆਨ ਅਤੇ ਸਮਾਜ ਵਿਗਿਆਨ ਦੇ ਸਿਲੇਬਸ ਵਿੱਚ ਵੱਡੇ ਬਦਲਾਅ ਕੀਤੇ ਹਨ। ਪਾਠਕ੍ਰਮ ਵਿੱਚੋਂ ਜਮਹੂਰੀਅਤ, ਮੁਗ਼ਲ ਕਾਲ, ਦਿੱਲੀ ਸਲਤਨਤ, ਬਸਤੀਵਾਦ, ਫਿਰਕਾਪ੍ਰਸਤੀ, ਗੁਜਰਾਤ ਕਤਲੇਆਮ, ਭਾਸ਼ਾ ਅਧਾਰਿਤ ਸੂਬੇ ਬਣਾਉਣ ਦੀ ਲਹਿਰ, ਜਾਤ-ਪਾਤ, ਘੱਟ ਗਿਣਤੀਆਂ ਨਾਲ਼ ਸਬੰਧਿਤ ਪਾਠ, ਲੋਕ ਲਹਿਰ, ਨਕਸਲਬਾੜੀ ਵਿਦਰੋਹ ਆਦਿ ਵਰਗੇ ਵਿਸ਼ੇ ਪੂਰੀ ਤਰਾਂ ਕੱਢ ਦਿੱਤੇ ਗਏ ਹਨ ਜਾਂ ਬਹੁਤ ਜ਼ਿਆਦਾ ਘਟਾ ਦਿੱਤੇ ਹਨ। ਐੱਨਸੀਆਰਟੀ ਮੁਤਾਬਕ ਸਿਲੇਬਸ ਵਿੱਚ ਇਸ ਕਟੌਤੀ ਦਾ ਕਾਰਨ ਵਿਦਿਆਰਥੀਆਂ ਉੱਤੇ ਸਿਲੇਬਸ ਦਾ ਬੋਝ ਘਟਾਉਣਾ ਅਤੇ ਮੌਜੂਦਾ ਸੰਦਰਭ ਵਿੱਚ 'ਅਪ੍ਰਸੰਗਕ' ਵਿਸ਼ਿਆਂ ਨੂੰ ਸਿਲੇਬਸ ਵਿੱਚੋਂ ਕੱਢਣਾ ਹੈ। ਜੇਕਰ ਗੌਰ ਨਾਲ਼ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਸ ਫੈਸਲੇ ਪਿੱਛੇ ਰਾਸ਼ਟਰੀ ਸਵੈਸੇਵਕ ਸੰਘ ਦਾ ਸਿੱਖਿਆ ਨੂੰ ਭਗਵੀਂ ਸਿਆਹੀ ਨਾਲ਼ ਲਿਖਣ ਦਾ ਹਿੰਦੂਤਵੀ ਏਜੰਡਾ ਲੁਕਿਆ ਹੋਇਆ ਹੈ। ਪਾਠਕ੍ਰਮ ਵਿੱਚੋਂ ਉਹੀ ਵਿਸ਼ੇ ਕੱਢੇ ਗਏ ਹਨ ਜਿਨਾਂ ਨੂੰ ਇਹ ਸੰਘੀ ਲਾਣਾ ਨਫ਼ਰਤ ਕਰਦਾ ਹੈ। ਜਿਸ ਕਮੇਟੀ ਦੀਆਂ ਸਿਫ਼ਾਰਿਸ਼ਾਂ ਤਹਿਤ ਸਿਲੇਬਸ ਵਿੱਚ ਇਹ ਸੋਧਾਂ ਕੀਤੀਆਂ ਗਈਆਂ ਹਨ ਉਸ ਦੇ ਜ਼ਿਆਦਾਤਰ ਮੈਂਬਰ ਕਿਸੇ ਨਾ ਕਿਸੇ ਰੂਪ ਵਿੱਚ ਰ.ਸ.ਸ. ਨਾਲ਼ ਜੁੜੇ ਹੋਏ ਹਨ। ਭਾਰਤ ਵਿੱਚ ਪਹਿਲਾਂ ਵੀ ਸਮੇਂ-ਸਮੇਂ 'ਤੇ ਪਾਠ ਪੁਸਤਕਾਂ ਦੇ ਸਿਲੇਬਸ ਵਿੱਚ ਬਦਲਾਅ ਕੀਤੇ ਜਾਂਦੇ ਰਹੇ ਹਨ। ਸੱਤਾ ਉੱਤੇ ਕਾਬਜ਼ ਸਰਮਾਏਦਾਰ ਹਾਕਮਾਂ ਦੀਆਂ ਬਦਲਦੀਆਂ ਲੋੜਾਂ ਮੁਤਾਬਕ ਸਿੱਖਿਆ ਨੀਤੀ ਅਤੇ ਸਿਲੇਬਸ ਤਿਆਰ ਕੀਤੇ ਜਾਂਦੇ ਹਨ ਪਰ 2014 ਤੋਂ ਬਾਅਦ ਇਸ ਪ੍ਰਕਿਰਿਆ ਵਿੱਚ ਗੁਣਾਤਮਕ ਤਬਦੀਲੀ ਆਈ ਹੈ । ਹੁਣ ਸੱਤਾ ਉੱਤੇ ਕਾਬਜ਼ ਰ.ਸ.ਸ. ਦੇ ਸਿਆਸੀ ਵਿੰਗ ਭਾਜਪਾ ਦਾ ਮਕਸਦ ਆਪਣੇ ਸਰਮਾਏਦਾਰਾ ਹਾਕਮਾਂ ਦੇ ਹਿੱਤਾਂ ਦੀ ਪੂਰਤੀ ਦੇ ਨਾਲ਼-ਨਾਲ਼ ਭਾਰਤ ਨੂੰ ਇੱਕ ਫਾਸ਼ੀਵਾਦੀ ਹਿੰਦੂ ਰਾਸ਼ਟਰ ਬਣਾਉਣਾ ਵੀ ਹੈ। ਇਸ ਮਕਸਦ ਦੀ ਪੂਰਤੀ ਲਈ ਸਿੱਖਿਆ ਇੱਕ ਬਹੁਤ ਹੀ ਕਾਰਗਰ ਮਾਧਿਅਮ ਹੈ ਜਿਸ ਰਾਹੀਂ ਸਰਕਾਰੀ ਖਰਚੇ 'ਤੇ ਸੰਘ ਦੀ 'ਸ਼ਾਖਾ' ਲਗਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਭਾਜਪਾ ਹਕੂਮਤ ਨੇ ਪਹਿਲਾਂ ਵੀ 2014 ਅਤੇ 2017 ਵਿੱਚ ਪਾਠਕ੍ਰਮ ਵਿੱਚ ਕਈ ਤਬਦੀਲੀਆਂ ਕੀਤੀਆਂ ਸਨ। ਪਾਠ ਪੁਸਤਕਾਂ ਦੇ ਸਿਲੇਬਸ ਰਾਹੀਂ ਵਿਦਿਆਰਥੀਆਂ ਵਿੱਚ ਸੰਘ ਦੀ ਮੁਸਲਮਾਨਾਂ, ਦਲਿਤਾਂ, ਔਰਤਾਂ, ਕਮਿਊਨਿਸਟਾਂ, ਅਤੇ ਹੋਰ ਘੱਟ ਗਿਣਤੀ ਲੋਕਾਂ ਖਿਲਾਫ਼ ਨਫ਼ਰਤ ਦੀ ਭਾਵਨ ਭਰ ਕੇ ਫਿਰਕੂ ਜਨੂੰਨੀ ਭੀੜ ਤਿਆਰ ਕੀਤੀ ਜਾਵੇਗੀ।

ਸੰਘ ਦੇ ਸਮੁੱਚੇ ਜਥੇਬੰਦਕ ਢਾਂਚੇ ਵਿੱਚ ਜਮਹੂਰੀਅਤ ਨਾਮ ਦੀ ਕੋਈ ਚੀਜ਼ ਨਹੀਂ ਹੈ। ਲਾਜ਼ਮੀ ਹੀ ਇਹ ਸੰਘੀ ਕਿਸੇ ਵੀ ਤਰਾਂ ਦੀ ਜਮਹੂਰੀਅਤ ਅਤੇ ਨਾਗਰਿਕ ਹੱਕਾਂ ਦੇ ਕੱਟੜ ਵਿਰੋਧੀ ਹਨ। ਛੇਵੀਂ ਜਮਾਤ ਦੀ ਰਾਜਨੀਤੀ ਵਿਗਿਆਨ ਦੀ ਕਿਤਾਬ ਵਿੱਚੋਂ ਜਮਹੂਰੀਅਤ ਨਾਲ਼ ਸਬੰਧਿਤ 4 ਪਾਠ ਕੱਢ ਦਿੱਤੇ ਗਏ ਹਨ। ਇਹਨਾਂ ਵਿੱਚ ਨਿਆਂ, ਬਰਾਬਰੀ ਵਰਗੇ ਪਾਠ ਵੀ ਸ਼ਾਮਿਲ ਹਨ। ਇਸਦਾ ਬਹਾਨਾ ਇਹ ਲਗਾਇਆ ਗਿਆ ਹੈ ਕਿ ਇਹ ਹੋਰ ਕਿਤਾਬਾਂ ਵਿੱਚ ਪੜਾਏ ਜਾਂਦੇ ਹਨ। ਭਾਵੇਂ ਇਹਨਾਂ ਪਾਠਾਂ ਵਿੱਚ ਸਰਮਾਏਦਾਰਾ ਨਜ਼ਰੀਏ ਤੋਂ ਹੀ ਜਮਹੂਰੀਅਤ ਦੀ ਗੱਲ ਕੀਤੀ ਗਈ ਸੀ ਪਰ ਫਿਰ ਵੀ ਇਹ ਕਿਸੇ ਹੱਦ ਤੱਕ ਵਿਦਿਆਰਥੀਆਂ ਨੂੰ ਨਾਗਰਿਕ ਹੱਕਾਂ ਬਾਰੇ ਸੁਚੇਤ ਕਰਦੇ ਸਨ। ਇਹਨਾਂ ਤਬਦੀਲੀਆਂ ਰਾਹੀਂ ਇਹ ਸੰਘੀ ਲੋਕਾਂ ਵਿੱਚ ਆਪਣੇ ਹੱਕਾਂ ਦੀ ਚੇਤਨਤਾ ਨੂੰ ਖਤਮ ਕਰ ਦੇਣਾ ਚਾਹੁੰਦੇ ਹਨ। ਸੰਘ ਦਾ ਅਖੌਤੀ ਹਿੰਦੂ ਰਾਸ਼ਟਰ ਇੱਕ ਫਾਸ਼ੀਵਾਦੀ ਤਾਨਾਸ਼ਾਹੀ ਹੋਵੇਗਾ ਜਿਸ ਵਿੱਚ ਕਿਸੇ ਵੀ ਨਾਗਰਿਕ ਦੇ ਕੋਈ ਵੀ ਹੱਕ ਨਹੀਂ ਹੋਣਗੇ।

ਜਮਹੂਰੀਅਤ ਤੋਂ ਇਲਾਵਾ ਅਜ਼ਾਦ ਭਾਰਤ ਵਿੱਚ ਹੋਏ ਵੱਖ-ਵੱਖ ਲੋਕ ਘੋਲਾਂ ਦੇ ਇਤਿਹਾਸ ਨੂੰ ਸਿਲੇਬਸ ਵਿੱਚੋਂ ਹਟਾ ਦਿੱਤਾ ਗਿਆ ਹੈ। ਬਾਰਵੀਂ ਜਮਾਤ ਦੀ ਕਿਤਾਬ ਵਿੱਚੋਂ ਚਿਪਕੋ ਅੰਦੋਲਨ, ਨਰਮਦਾ ਬਚਾਉ ਘੋਲ਼, 1980ਵਿਆਂ ਦੇ ਕਿਸਾਨ ਘੋਲ, ਮਹਾਰਾਸ਼ਟਰ ਦੀ ਦਲਿਤ ਪੈਂਥਰ ਲਹਿਰ, ਨਕਸਲਬਾੜੀ ਵਿਦਰੋਹ ਬਾਰੇ ਸਾਰੀ ਜਾਣਕਾਰੀ ਪਾਠਕ੍ਰਮ ਵਿੱਚੋਂ ਕੱਢ ਦਿੱਤੀ ਗਈ ਹੈ। ਫਾਸੀਵਾਦੀ ਲੋਕ ਘੋਲਾਂ ਤੋਂ ਬਹੁਤ ਡਰਦੇ ਹਨ। ਇਸ ਲਈ ਉਹ ਇਤਿਹਾਸ ਵਿੱਚ ਲੋਕਾਂ ਵੱਲੋਂ ਕੀਤੇ ਗਏ ਕਿਸੇ ਵੀ ਅੰਦੋਲਨ ਬਾਰੇ ਹਰ ਤਰਾਂ ਦੀ ਜਾਣਕਾਰੀ ਲੁਕਾ ਕੇ ਲੋਕਾਂ ਨੂੰ ਉਹਨਾਂ ਦੇ ਲੜਾਕੂ ਇਤਿਹਾਸ ਤੋਂ ਵਾਂਝਾ ਕਰ ਦੇਣ ਦੀ ਕੋਸ਼ਿਸ਼ ਕਰਦੇ ਹਨ। ਭਾਵੇਂ ਕਿ ਇਹ ਕੋਸ਼ਿਸ਼ ਬਹੁਤ ਸਮਾਂ ਕਾਰਗਰ ਨਹੀਂ ਰਹਿੰਦੀ।

ਇਸ ਤੋਂ ਬਿਨਾਂ ਅੱਠਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਵਿੱਚੋਂ ਅਜ਼ਾਦ ਭਾਰਤ ਵਿੱਚ ਭਾਸ਼ਾ ਦੇ ਆਧਾਰ 'ਤੇ ਬਣੇ ਸੂਬਿਆਂ ਅਤੇ ਉਹਨਾਂ ਲਈ ਚੱਲੀਆਂ ਲਹਿਰਾਂ ਬਾਰੇ ਪਾਠ ਵੀ ਸਿਲੇਬਸ ਵਿੱਚੋਂ ਕੱਢ ਦਿੱਤੇ ਗਏ ਹਨ। ਅਜਿਹਾ ਕਰਨ ਪਿੱਛੇ ਰ.ਸ.ਸ. ਦੀ ਇੱਕ ਖਾਸ ਮਨਸ਼ਾ ਹੈ। ਸੰਘ ਬਹੁ ਕੌਮੀ ਭਾਰਤ ਵਿੱਚ ਵਸਦੀਆਂ ਵੱਖ-ਵੱਖ ਕੌਮਾਂ ਦੀ ਭਾਸ਼ਾ, ਸੱਭਿਅਚਾਰ ਨੂੰ ਕੁਚਲ ਕੇ ਉਹਨਾਂ ਨੂੰ ਜਬਰੀ ਇੱਕ ਹਿੰਦੂ ਕੌਮ ਬਣਾਉਣ ਦੇ ਪ੍ਰੋਜੈਕਟ ਵਿੱਚ ਲੱਗਾ ਹੋਇਆ ਹੈ। ਇਸ ਪ੍ਰੋਜੈਕਟ ਵਿੱਚ ਭਾਰਤ ਦੀ ਵੱਡੀ ਅਜਾਰੇਦਾਰ ਸਰਮਾਏਦਾਰੀ ਦਾ ਵੀ ਹਿੱਤ ਹੈ। ਹਿੰਦੀ, ਹਿੰਦੂ, ਹਿੰਦੁਸਤਾਨ ਦੇ ਨਾਅਰੇ ਤਹਿਤ ਕੰਮ ਕਰਦੀ ਰ.ਸ.ਸ ਭਾਸ਼ਾ ਅਧਾਰਤ ਸੂਬੇ ਬਣਾਉਣ ਦੇ ਸਖਤ ਖਿਲਾਫ਼ ਸੀ। ਭਾਸ਼ਾ ਅਧਾਰਿਤ ਸੂਬੇ ਬਣਾਉਣ ਦੇ ਘੋਲ਼ਾਂ ਦੇ ਇਤਿਹਾਸ ਨੂੰ ਸਿਲੇਬਸ ਵਿੱਚੋਂ ਕੱਢ ਕੇ ਸੰਘ ਭਾਰਤ ਨੂੰ ਇੱਕ ਕੌਮ ਬਣਾਉਣ ਦੇ ਆਪਣੇ ਏਜੰਡੇ ਲਈ ਹੀ ਰਾਹ ਪੱਧਰਾ ਕਰ ਰਿਹਾ ਹੈ ਭਾਵੇਂ ਕਿ ਇਹ ਇੱਕ ਅਸੰਭਵ ਕਾਰਜ ਹੈ।

ਜਿਸ ਸੰਘ ਪਰਿਵਾਰ ਦਾ ਮੂਲ ਅਧਾਰ ਹੀ ਫਿਰਕੂ ਹੈ ਉਹ ਭਲਾ ਫਿਰਕਾਪ੍ਰਸਤੀ ਦੇ ਖਿਲਾਫ਼ ਕਿਵੇਂ ਬੋਲ ਸਕਦੀ ਹੈ। ਬਾਰਵੀਂ ਜਮਾਤ ਦੀ ਸਮਾਜ ਵਿਗਿਆਨ ਦੀ ਕਿਤਾਬ ਵਿੱਚੋਂ ਫਿਰਕਾਪ੍ਰਸਤੀ ਸਬੰਧੀ ਪਾਠ 6 ਵਿੱਚੋਂ ਕਾਫੀ ਕੁੱਝ ਹਟਾ ਦਿੱਤਾ ਗਿਆ ਹੈ। ਇਸ ਪਾਠ ਵਿੱਚ ਇਹ ਦੱਸਿਆ ਜਾਂਦਾ ਸੀ ਕਿ ਫਿਰਕਾਪ੍ਰਸਤੀ ਲੋਕਾਂ ਨੂੰ ਦੂਜੇ ਫਿਰਕੇ ਦੇ ਲੋਕਾਂ ਦਾ ਕਤਲ ਕਰਨ, ਬਲਾਤਕਾਰ ਕਰਨ ਲਈ ਉਕਸਾਉਂਦੀ ਹੈ। ਇਸ ਤੋਂ ਬਿਨਾਂ 1984 ਸਿੱਖ ਵਿਰੋਧੀ ਕਤਲੇਆਮ ਅਤੇ ਗੁਜਰਾਤ ਕਤਲੇਆਮ ਬਾਰੇ ਪੇਸ਼ ਤੱਥ ਅਤੇ ਟਿੱਪਣੀਆਂ ਵਾਲ਼ੇ ਪਹਿਰੇ ਵੀ ਕਿਤਾਬ ਵਿੱਚੋਂ ਕੱਢ ਦਿੱਤੇ ਗਏ ਹਨ। 2002 ਦੇ ਗੁਜਰਾਤ ਕਤਲੇਆਮ ਬਾਰੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਉਸ ਵੇਲੇ ਦੀ ਭਾਜਪਾ ਸਰਕਾਰ ਦੀ ਅਲੋਚਨਾ ਵੀ ਸੰਘੀ ਲਾਣੇ ਨੂੰ ਬਿਲਕੁਲ ਰਾਸ ਨਹੀਂ ਆਉਂਦੀ ਇਸ ਲਈ ਇਹ ਵੀ ਨਵੇਂ ਸਿਲੇਬਸ ਦਾ ਹਿੱਸਾ ਨਹੀਂ ਹੋਵੇਗੀ। ਜ਼ਿਕਰਯੋਗ ਹੈ ਕਿ 2002 ਦੇ ਗੁਜਰਾਤ ਕਤਲੇਆਮ ਵਿੱਚ 1000 ਤੋਂ ਵੱਧ ਲੋਕ ਮਾਰੇ ਗਏ, ਸੈਂਕੜੇ ਲਾਪਤਾ ਹੋਏ, ਹਜ਼ਾਰਾਂ ਲੋਕ ਬੇਰੁਜ਼ਗਾਰ ਅਤੇ ਬੇਘਰ ਹੋਏ ਸਨ। ਉਸ ਵੇਲੇ ਗੁਜਰਾਤ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੀ ਅਤੇ ਨਰਿੰਦਰ ਮੋਦੀ ਮੁੱਖ ਮੰਤਰੀ ਸੀ। ਰ.ਸ.ਸ, ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਦੇ ਕਾਰਕੁੰਨ ਸੜਕਾਂ ਉੱਤੇ ਸਰਕਾਰੀ ਸਰਪ੍ਰਸਤੀ ਨਾਲ਼ ਮੁਸਲਮਾਨਾਂ ਦਾ ਕਤਲੇਆਮ ਕਰ ਰਹੇ ਸਨ। ਔਰਤਾਂ ਨਾਲ਼ ਸਮੂਹਿਕ ਬਲਾਤਕਾਰ ਕਰਕੇ ਉਹਨਾਂ ਨੂੰ ਸਾੜਿਆ ਜਾ ਰਿਹਾ ਸੀ, ਇੱਕ ਸੰਘੀ ਕਾਤਲ ਬਾਬੂ ਬਜਰੰਗੀ ਤਾਂ ਇੱਥੋਂ ਤੱਕ ਕਹਿੰਦਾ ਹੈ ਕਿ ਉਸਨੇ ਇੱਕ ਗਰਭਵਤੀ ਔਰਤ ਦਾ ਪੇਟ ਚੀਰ ਕੇ ਉਸਦਾ ਬੱਚਾ ਤ੍ਰਿਸ਼ੂਲ 'ਤੇ ਟੰਗਿਆ ਸੀ। ਇਸ ਸਾਰੇ ਕਾਰੇ ਲਈ ਮੋਦੀ ਅਤੇ ਭਾਜਪਾ ਦੀ ਪੂਰੇ ਸੰਸਾਰ ਵਿੱਚ ਬਹੁਤ ਥੂਹ-ਥੂਹ ਹੋਈ। ਹੁਣ ਭਾਜਪਾ ਸੰਘ ਇਸ ਕਤਲੇਆਮ ਨੂੰ ਇਤਿਹਾਸ ਵਿੱਚੋਂ ਮਿਟਾਉਣ ਦੀ ਤਾਕ ਵਿੱਚ ਹੈ। ਫਾਸ਼ਿਸਟ ਹਮੇਸ਼ਾ ਆਪਣੇ ਕੀਤੇ ਕਾਰਿਆਂ ਨੂੰ ਸਮਾਜ ਤੋਂ ਲੁਕਾਉਣ ਦੀ ਕੋਸ਼ਿਸ਼ ਕਰਦੇ ਹਨ। ਹੁਣ ਇੱਕ ਪਾਸੇ ਤਾਂ ਇਹ ਸੰਘੀ ਆਪਣੇ ਅੰਦਰੂਨੀ ਘੇਰੇ ਵਿੱਚ ਇਸ ਕਤਲੇਆਮ ਲਈ ਮੋਦੀ ਦੀ ਸਿਫ਼ਤ ਕਰਦੇ ਹਨ ਦੂਜੇ ਪਾਸੇ ਉਹ ਇਸ ਬਾਰੇ ਥੋੜੀ-ਬਹੁਤ ਅਲੋਚਨਾ ਵੀ ਲੋਕਾਂ ਤੱਕ ਨਹੀਂ ਪਹੁੰਚਣ ਦੇਣੀ ਚਾਹੁੰਦੇ। ਇਹੀ ਹੈ ਸੰਘ ਦੀ ਅਸਲ ਸਿਆਸਤ, ਕਤਲੇਆਮ ਕਰੋ ਅਤੇ ਉਸਨੂੰ ਸਮਾਜ ਦੀਆਂ ਨਜ਼ਰਾਂ ਤੋਂ ਲੁਕਾ ਦੇਵੋ।

ਇਸ ਤੋਂ ਬਿਨਾਂ ਬਾਰਵੀਂ ਜਮਾਤ ਦੀ ਰਾਜਨੀਤੀ ਵਿਗਿਆਨ ਦੀ ਕਿਤਾਬ ਵਿੱਚੋਂ 1975 ਵਿੱਚ ਇੰਦਰਾ ਗਾਂਧੀ ਸਰਕਾਰ ਵੱਲੋਂ ਲਗਾਈ ਗਈ ਐਮਰਜੈਂਸੀ ਦਾ ਜ਼ਿਕਰ ਵੀ ਹਟਾ ਦਿੱਤਾ ਗਿਆ ਹੈ। 1975 ਵਿੱਚ ਕਾਂਗਰਸ ਸਰਕਾਰ ਵੱਲੋਂ ਲਗਾਈ ਐਮਰਜੈਂਸੀ ਵਿੱਚ ਸਾਰੇ ਸਿਆਸੀ ਵਿਰੋਧੀਆਂ ਨੂੰ ਜੇਲਾਂ ਵਿੱਚ ਡੱਕ ਦਿੱਤਾ ਸੀ। ਮੀਡੀਆ, ਅਖ਼ਬਾਰਾਂ, ਸਿਆਸੀ ਰੈਲੀਆਂ ਆਦਿ ਸਭ ਕੁੱਝ 'ਤੇ ਸਰਕਾਰ ਵੱਲੋਂ ਪਾਬੰਦੀ ਲਗਾਈ ਗਈ ਸੀ। ਹੁਣ ਪਹਿਲੀ ਨਜ਼ਰ ਵਿੱਚ ਤਾਂ ਇਹ ਲੱਗ ਸਕਦਾ ਹੈ ਕੇ ਉਸ ਵੇਲੇ ਕਾਂਗਰਸ ਦੀ ਸਰਕਾਰ ਸੀ, ਫਿਰ ਮੋਦੀ ਭਲਾ ਕਾਂਗਰਸ ਦੇ ਕੀਤੇ ਬੁਰੇ ਕੰਮਾਂ ਨੂੰ ਲੋਕਾਂ ਤੋਂ ਕਿਓਂ ਲੁਕਾਉਣਾ ਚਾਹੁੰਦਾ ਹੈ। ਇਸਦਾ ਜਵਾਬ ਹੈ ਕਿ ਖੁਦ ਮੋਦੀ ਦੇ ਆਪਣੇ ਰਾਜ ਵਿੱਚ ਵੀ ਇਹੀ ਸਭ ਹੋ ਰਿਹਾ ਹੈ। ਅੱਜ ਦੇ ਸਮੇਂ ਦੇਸ਼ ਵਿੱਚ ਕਈ ਅਰਥਾਂ ਵਿੱਚ ਐਮਰਜੈਂਸੀ ਚੱਲ ਰਹੀ ਹੈ। ਮੀਡੀਆ ਮੋਦੀ ਦੀ ਗੋਦੀ ਵਿੱਚ ਬੈਠਾ ਹੋਇਆ ਹੈ।



ਸਰਕਾਰ ਦੀ ਥੋੜੀ ਜਿਹੀ ਅਲੋਚਨਾ ਕਰਨ 'ਤੇ ਵੀ ਦੇਸ਼ਧ੍ਰੋਹ ਦੇ ਪਰਚੇ ਪਾ ਕੇ ਲੋਕਾਂ ਨੂੰ ਜੇਲਾਂ ਵਿੱਚ ਸੁੱਟਿਆ ਜਾ ਰਿਹਾ ਹੈ। ਰਾਜ ਦੀਆਂ ਸਭ ਸੰਸਥਾਵਾਂ ਹਿੰਦੂਤਵੀ ਏਜੰਡੇ ਨੂੰ ਲਾਗੂ ਕਰਨ ਵਿੱਚ ਸੰਘ ਦੀ ਮਦਦ ਕਰ ਰਹੀਆਂ ਹਨ। ਇਸ ਤੋਂ ਬਿਨਾਂ ਸਮਾਜ ਵਿਗਿਆਨ ਦੀ ਕਿਤਾਬ ਵਿੱਚ ਟ੍ਰੇਡ ਯੂਨੀਅਨ ਉੱਤੇ ਲਾਈਆਂ ਪਾਬੰਦੀਆਂ ਵਾਲ਼ਾ ਪਾਠ ਵੀ ਸਿਲੇਬਸ ਵਿੱਚੋਂ ਕੱਢਿਆ ਗਿਆ ਹੈ। ਅੱਜ ਦੇ ਭਾਰਤ ਵਿੱਚ ਮੋਦੀ ਹਕੂਮਤ ਵੱਲੋਂ ਲਗਾਤਾਰ ਹਮਲਾ ਕੀਤਾ ਜਾ ਰਿਹਾ ਹੈ। ਮਜ਼ਦੂਰਾਂ ਦੇ ਹੱਕਾਂ ਵਿੱਚ ਜੋ ਵੀਂ ਥੋੜੇ ਬਹੁਤ ਕਿਰਤ ਕਾਨੂੰਨ ਸਨ, ਉਨਾਂ ਨੂੰ ਵੀ ਖਤਮ ਕਰਕੇ ਸਰਮਾਏਦਾਰਾਂ ਨੂੰ ਮਜ਼ਦੂਰਾਂ ਦੀ ਲੁੱਟ ਕਰਨ ਦੀ ਖੁੱਲ ਦਿੱਤੀ ਜਾ ਰਹੀ ਹੈ। ਇਸ ਸਭ ਉੱਤੇ ਨਜ਼ਰ ਮਾਰ ਕੇ ਸਹਿਜੇ ਹੀ ਇਹ ਸਮਝਿਆ ਜਾ ਸਕਦਾ ਹੈ ਕਿ ਸਿਲੇਬਸ ਵਿੱਚ ਇਹ 'ਸੋਧ' ਕਿਉਂ ਕੀਤੀ ਗਈ ਹੈ।

ਹਿੰਦੂਤਵੀ ਤਾਕਤਾਂ ਦੀ ਮੁਸਲਮਾਨਾਂ, ਈਸਾਈਆਂ, ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਖਿਲਾਫ਼ ਨਫ਼ਰਤ ਕਿਸੇ ਤੋਂ ਲੁਕੀ ਨਹੀਂ ਹੈ ਅਤੇ ਇਹ ਸੰਘੀ ਵੀਂ ਸਮੇਂ-ਸਮੇਂ 'ਤੇ ਆਪਣੀ ਇਸ ਫਿਰਕੂ ਵਿਚਾਰਧਾਰਾ ਦੀ ਨੁਮਾਇੰਸ਼ ਕਰਦੇ ਰਹਿੰਦੇ ਹਨ। ਹਿੰਦੂਤਵੀ ਅਨਸਰਾਂ ਦੀ ਵਿਚਾਰਧਾਰਾ ਵਿੱਚ ਇੱਕ ਖਾਸ ਤੱਤ ਹਮੇਸ਼ਾਂ ਨਜ਼ਰ ਆਉਂਦਾ ਹੈ, ਉਹ ਇਹ ਹੈ ਕਿ ਇਹਨਾਂ ਮੁਤਾਬਕ ਅਤੀਤ ਵਿੱਚ ਭਾਰਤ ਇੱਕ ਬਹੁਤ ਹੀ ਖੁਸ਼ਹਾਲ ਦੇਸ਼ ਸੀ ਜਿੱਥੇ ਕਿਸੇ ਵੀ ਕਿਸਮ ਦੀ ਕੋਈ ਬੁਰਾਈ ਨਹੀਂ ਸੀ। ਵਿਗਿਆਨ, ਸਿੱਖਿਆ, ਸਿਹਤ ਸਹੂਲਤਾ ਪੱਖੋਂ ਭਾਰਤ ਬਹੁਤ ਅਮੀਰ ਸੀ ਜਿੱਥੇ ਹਵਾਈ ਜਹਾਜ ਚੱਲਦੇ ਸਨ, ਪਲਾਸਟਿਕ ਸਰਜਰੀ ਹੁੰਦੀ ਸੀ, ਫਿਰ ਇੱਥੇ ਵਿਦੇਸ਼ੀਆਂ ਯਾਨੀ ਮੁਸਲਮਾਨਾਂ ਨੇ ਹਮਲਾ ਕਰ ਦਿੱਤਾ ਅਤੇ ਭਾਰਤੀਆਂ ਕੋਲ਼ੋਂ ਉਨਾਂ ਦੀ ਸੱਭਿਅਤਾ ਖੋਹ ਲਈ। ਹੁਣ ਆਪਣੇ ਇਸੇ ਗੈਰ-ਵਿਗਿਆਨਕ ਅਤੇ ਗੈਰ ਇਤਿਹਾਸਿਕ ਵਿਚਾਰਾਂ ਨੂੰ ਸਿੱਖਿਆ ਦੇ ਜ਼ਰੀਏ ਵਿਦਿਆਰਥੀਆਂ ਦੇ ਮਨਾਂ ਵਿੱਚ ਭਰਨ ਲਈ ਸਿਲੇਬਸ ਵਿੱਚ ਇਤਿਹਾਸ ਨਾਲ਼ ਛੇੜਛਾੜ ਕੀਤੀ ਜਾ ਰਹੀ ਹੈ। ਉਦਾਹਰਨ ਵਜੋਂ ਸੱਤਵੀਂ ਜਮਾਤ ਦੀ ਕਿਤਾਬ ਵਿੱਚੋਂ ਮਹਿਮੂਦ ਗਜ਼ਨਵੀਂ ਦੇ ਹਮਲਿਆਂ ਨਾਲ਼ ਸਬੰਧਿਤ ਪਾਠ ਵਿੱਚ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਗਜ਼ਨੀ ਦੇ ਹਮਲਿਆਂ ਦਾ ਮਕਸਦ ਇੱਥੋਂ ਦੇ ਲੋਕਾਂ ਨੂੰ ਲੁੱਟਣ ਦਾ ਨਹੀਂ ਸਗੋਂ ਇੱਕ ਧਾਰਮਿਕ ਮੰਤਵ ਨਾਲ਼ ਇਹ ਹਮਲੇ ਕੀਤੇ ਗਏ। ਇਸ ਧਾਰਨਾ ਮੁਤਾਬਕ ਗਜ਼ਨੀ ਇੱਥੇ ਹਿੰਦੂ ਧਰਮ ਨੂੰ ਖਤਮ ਕਰਨ ਦੇ ਇਰਾਦੇ ਨਾਲ਼ ਆਇਆ ਸੀ। ਇਤਿਹਾਸ ਨੂੰ ਇਸਲਾਮ ਬਨਾਮ ਹਿੰਦੂ ਧਰਮ ਬਣਾ ਕੇ ਪੇਸ਼ ਕਰਨਾ ਸੰਘ ਦੀ ਪੁਰਾਣੀ ਸਾਜਿਸ਼ ਹੈ। ਇਸ ਤੋਂ ਬਿਨਾਂ ਦਿੱਲੀ ਸਲਤਨਤ ਦੇ ਇਤਿਹਾਸ ਨਾਲ਼ ਸਬੰਧਿਤ ਪਾਠ ਵੀ ਸਿਲੇਬਸ ਵਿੱਚੋਂ ਕੱਢੇ ਗਏ ਹਨ। ਮੁਗਲ ਦੌਰ ਦੌਰਾਨ ਮਹਾਂਭਾਰਤ ਅਤੇ ਰਮਾਇਣ ਦੇ ਫ਼ਾਰਸੀ ਭਾਸ਼ਾ ਵਿੱਚ ਕੀਤੇ ਗਏ ਅਨੁਵਾਦਾਂ ਬਾਰੇ ਜ਼ਿਕਰ ਕਰਨ ਵਾਲ਼ੇ ਹਿੱਸੇ ਵੀ ਸਿਲੇਬਸ ਵਿੱਚੋਂ ਹਟਾ ਦਿੱਤੇ ਹਨ। ਕੁੱਲ ਮਿਲਾਕੇ ਇਹ ਇਤਿਹਾਸ ਨੂੰ ਫਿਰਕੂ ਨਜ਼ਰੀਏ ਤੋਂ ਲਿਖਣ ਦੀ ਕੋਸ਼ਿਸ਼ ਹੈ।

ਛੇਵੀਂ ਜਮਾਤ ਦੀ ਕਿਤਾਬ ਦੇ 'ਸਾਡਾ ਇਤਿਹਾਸ' ਨਾਮਕ ਪਾਠ ਵਿੱਚੋਂ ਪੁਰਾਤਨ ਭਾਰਤ ਵਿੱਚ ਜਨਮ ਅਧਾਰਿਤ ਵਰਣ ਵਿਵਸਥਾ ਅਤੇ ਜਾਤੀ ਅਧਾਰਿਤ ਭੇਦਭਾਵ ਨਾਲ਼ ਸਬੰਧਿਤ ਹਿੱਸੇ ਵੀ ਸੰਘੀਆਂ ਨੂੰ ਰਾਸ ਨਾ ਆਉਣ ਕਾਰਨ ਸਿਲੇਬਸ ਵਿੱਚੋਂ ਬਾਹਰ ਕਰ ਦਿੱਤੇ ਗਏ ਹਨ। ਇਸ ਪਾਠ ਵਿੱਚ ਬ੍ਰਾਹਮਣਾਂ ਦੇ ਉੱਚੀਆਂ ਪਦਵੀਆਂ 'ਤੇ ਹੋਣ ਅਤੇ ਸਮਾਜ ਵਿਚਲੇ ਹੇਠਲੇ ਦਰਜੇ ਦੇ ਕੰਮ ਦਲਿਤਾਂ ਦੇ ਹਿੱਸੇ ਆਉਣ ਦਾ ਵੀ ਜ਼ਿਕਰ ਸੀ। ਆਸ਼ਰਮ ਵਿੱਚ ਦਲਿਤਾਂ ਅਤੇ ਔਰਤਾਂ ਨੂੰ ਪੜਨ ਤੋਂ ਮਨਾਹੀ, ਔਰਤਾਂ ਅਤੇ ਦਲਿਤਾਂ ਨੂੰ ਵੇਦ ਪੜਨ ਦੀ ਮਨਾਹੀ ਹੋਣ ਵਰਗੇ ਪਰਮਾਣਿਕ ਤੱਥ ਵੀ ਹੁਣ ਇਸ ਪਾਠ ਦਾ ਹਿੱਸਾ ਨਹੀਂ ਹੋਣਗੇ। ਦਲਿਤਾਂ ਨੂੰ ਸਾਂਝੇ ਖੂਹ ਤੋਂ ਪਾਣੀ ਪੀਣ ਦੀ ਮਨਾਹੀ, ਅਖੌਤੀ ਉੱਚ ਜਾਤੀ ਲੋਕਾਂ ਦੇ ਬਰਾਬਰ ਬੈਠਣ ਤੋਂ ਮਨਾਹੀ, ਪਿੰਡ ਵਿੱਚੋਂ ਕੂੜਾ ਇਕੱਠਾ ਕਰਨ ਤੇ ਮਰੇ ਹੋਏ ਜਾਨਵਰਾਂ ਨੂੰ ਟਿਕਾਣੇ ਲਗਾਉਣ ਦੇ ਹੇਠਲੇ ਦਰਜੇ ਦੇ ਕੰਮ ਕਰਨ ਬਾਰੇ ਜ਼ਿਕਰ ਕਰਦੇ ਵਾਕ ਵੀ ਹੁਣ ਨਵੀਂ ਪੁਸਤਕ ਵਿੱਚ ਨਹੀਂ ਹੋਣਗੇ। ਅਸਲ ਵਿੱਚ ਰ.ਸ.ਸ ਮੁਤਾਬਕ ਪੁਰਾਤਨ ਭਾਰਤ ਵਿੱਚ ਕਿਸੇ ਕਿਸਮ ਦੀ ਕੋਈ ਵੀ ਅਸ਼ਾਂਤੀ ਜਾਂ ਸੰਘਰਸ਼ ਨਹੀਂ ਸੀ। ਸਭ ਵਰਣ ਆਪਣੇ-ਆਪਣੇ ਕੰਮ ਕਰਦੇ ਰਹਿੰਦੇ ਸਨ ਅਤੇ ਉਸੇ ਵਿੱਚ ਹੀ ਖੁਸ਼ ਸਨ। ਇਹਨਾਂ ਮੁਤਾਬਕ ਦਲਿਤ ਅਤੇ ਔਰਤਾਂ ਗੁਲਾਮਾਂ ਵਾਲ਼ੀ ਜ਼ਿੰਦਗੀ ਜੀਊ ਕੇ ਵੀ ਖੁਸ਼ ਸਨ, ਕੁੱਲ ਮਿਲਾ ਕੇ ਇਹ ਜਾਤ-ਪਾਤ ਵਰਗੇ ਅਣਮਨੁੱਖੀ ਪ੍ਰਬੰਧ ਨੂੰ ਸਹੀ ਸਾਬਿਤ ਕਰਨ ਦੀ ਕੋਸ਼ਿਸ਼ ਹੈ ਕਿਉਂਕਿ ਇਹ ਸੰਘੀ ਲਾਣਾ ਆਪਣੇ ਅਖੌਤੀ ਹਿੰਦੂ ਰਾਸ਼ਟਰ ਵਿੱਚ ਵੀ ਵਰਣ ਵਿਵਸਥਾ ਨੂੰ ਮੁੜ ਕਨੂੰਨੀ ਰੂਪ ਵਿੱਚ ਲਾਗੂ ਕਰਨਾ ਚਾਹੁੰਦਾ ਹੈ। ਇਹ ਮਨੂੰਸਮ੍ਰੀਤੀ ਨੂੰ ਹਿੰਦੂ ਰਾਸ਼ਟਰ ਦਾ ਸੰਵਿਧਾਨ ਬਣਾਉਣਾ ਚਾਹੁੰਦੇ ਹਨ ਜੋ ਸਿਧਾਂਤਕ ਰੂਪ ਵਿੱਚ ਮਨੁੱਖਾਂ ਵਿੱਚ ਗੈਰ-ਬਰਾਬਰੀ ਨੂੰ ਸਹੀ ਮੰਨਦੀ ਹੈ। ਇਸ ਤੋਂ ਬਿਨਾਂ ਦਲਿਤ ਸੰਘਰਸ਼ਾਂ ਨੂੰ ਵੀ ਸਿਲੇਬਸ ਵਿੱਚੋਂ ਬਾਹਰ ਕਰ ਦਿੱਤਾ ਗਿਆ ਹੈ।

ਇਤਿਹਾਸ ਗਵਾਹ ਹੈ ਕਿ ਜਿੱਥੇ-ਜਿੱਥੇ ਵੀ ਫਾਸ਼ੀਵਾਦ ਸੱਤਾ ਵਿੱਚ ਆਇਆ ਹੈ ਉੱਥੇ ਉਸਨੇ ਸਿੱਖਿਆ ਉੱਤੇ ਵੱਡਾ ਹਮਲਾ ਕੀਤਾ ਹੈ। ਜਰਮਨੀ ਵਿੱਚ ਜਦੋਂ ਨਾਜ਼ੀ ਪਾਰਟੀ ਦੀ ਹਕੂਮਤ ਆਈ ਤਾਂ ਵਿੱਦਿਅਕ ਸੰਸਥਾਵਾਂ ਰਾਹੀਂ ਨਾਜ਼ੀ ਵਿਚਾਰਧਾਰਾ ਨੂੰ ਫੈਲਾਉਣ ਲਈ ਸਿਲੇਬਸਾਂ ਵਿੱਚ ਯਹੂਦੀਆਂ ਖਿਲਾਫ਼ ਨਫ਼ਰਤੀ ਪ੍ਰਚਾਰ ਕੀਤਾ ਗਿਆ।

ਭਾਰਤ ਵਿੱਚ ਸੰਘ ਵੀ ਇਹੀ ਕੰਮ ਕਰ ਰਹੀ ਹੈ। ਫਾਸ਼ੀਵਾਦ ਨਿੱਕ ਬੁਰਜੁਆਜੀ ਦੀ ਘੋਰ ਪਿਛਾਖੜੀ ਲਹਿਰ ਹੁੰਦੀ ਹੈ ਜੋ ਅੰਤਮ ਰੂਪ ਵਿੱਚ ਵੱਡੀ ਅਜਾਰੇਦਾਰ ਸਰਮਾਏਦਾਰੀ ਦੀ ਸੇਵਾ ਕਰਦੀ ਹੈ। ਇਹ ਆਪਣੇ ਸਮਾਜਿਕ ਅਧਾਰ ਨੂੰ ਮਜ਼ਬੂਤ ਕਰਨ ਲਈ ਸਿੱਖਿਆ ਨੂੰ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਵਰਤਦਾ ਹੈ। ਆਪਣੇ ਸਮਾਜਿਕ ਅਧਾਰ ਨੂੰ ਹੋਰ ਮਜਬੂਤ ਕਰਨ ਲਈ ਰ.ਸ.ਸ ਸਿੱਖਿਆ ਦਾ ਭਗਵਾਂਕਰਨ ਕਰ ਰਹੀ ਹੈ। ਆਪਣੀ ਵਿਚਾਰਧਾਰਾ ਨੂੰ ਲੋਕਾਂ ਵਿੱਚ ਫੈਲਾਉਣ ਲਈ ਸ਼ਾਖਾਵਾਂ, ਅਖਾੜਿਆਂ ਦੇ ਨਾਲ਼ ਹੀ ਇਹਨਾਂ ਨੇ ਪੂਰੇ ਦੇਸ਼ ਵਿੱਚ ਵਿੱਦਿਆ ਭਾਰਤੀ ਵਰਗੇ ਸਕੂਲਾਂ, ਵਿੱਦਿਅਕ ਸੰਸਥਾਵਾਂ ਦਾ ਇੱਕ ਢਾਂਚਾ ਖੜਾ ਕੀਤਾ ਹੈ ਜਿੱਥੇ ਵਿਦਿਆਰਥੀਆਂ ਵਿੱਚ ਦੂਜੇ ਧਰਮਾਂ, ਔਰਤਾਂ, ਦਲਿਤਾਂ ਪ੍ਰਤੀ ਨਫ਼ਰਤੀ ਵਿਚਾਰ ਭਰੇ ਜਾਂਦੇ ਹਨ। ਲੋਕਾਂ ਸਾਹਮਣੇ ਇੱਕ ਕਾਲਪਨਿਕ ਦੁਸ਼ਮਣ ਖੜਾ ਕਰਕੇ ਸੰਘ ਆਪਣੇ ਅਸਲ ਮਾਲਕਾਂ, ਭਾਰਤ ਦੀ ਵੱਡੀ ਅਜਾਰੇਦਾਰ ਸਰਮਾਏਦਾਰੀ ਦੀ ਹੀ ਚਾਕਰੀ ਕਰ ਰਿਹਾ ਹੈ। ਇਸ ਤਰਾਂ ਦੀ ਸਿੱਖਿਆ ਲੋਕਾਂ ਦੀ ਜਮਾਤੀ ਚੇਤਨਾ ਨੂੰ ਹੋਰ ਖੁੰਢਾ ਕਰਨ ਦਾ ਕੰਮ ਕਰਦੀ ਹੈ। ਲੋਕਾਂ ਦੇ ਮਨਾਂ ਵਿੱਚ ਭਰੇ ਫਿਰਕੂ ਵਿਚਾਰ ਸਰਮਾਏਦਾਰੀ ਢਾਂਚੇ ਦੀ ਉਮਰ ਲੰਬੀ ਕਰਨ ਦਾ ਹੀ ਕੰਮ ਕਰਦੇ ਹਨ। 2014 ਤੋਂ ਦਿੱਲੀ ਦੇ ਤਖਤ 'ਤੇ ਕਾਬਜ਼ ਹੋਣ ਬਾਅਦ ਹੁਣ ਸਰਕਾਰੀ ਸੰਸਥਾਵਾਂ ਦੀ ਵਰਤੋਂ ਕਰਕੇ ਹਿੰਦੂਤਵ ਨੂੰ ਆਮ ਲੋਕਾਂ ਵਿੱਚ ਫੈਲਾਇਆ ਜਾ ਰਿਹਾ ਹੈ ਜਿਸ ਕਾਰਨ ਹੁਣ ਭਾਰਤ ਵਿੱਚ ਫਾਸ਼ੀਵਾਦੀ ਤਾਨਾਸ਼ਾਹੀ ਦਾ ਖਤਰਾ ਪਹਿਲਾਂ ਨਾਲ਼ੋਂ ਬਹੁਤ ਜ਼ਿਆਦਾ ਵਧ ਗਿਆ ਹੈ। ਇਸ ਹਿੰਦੂਤਵੀ ਸਿੱਖਿਆ ਰਾਹੀਂ ਸੰਘ ਦੀਆਂ ਸਫ਼ਾਂ ਵਿੱਚ ਭਰਤੀ ਲਈ ਫਿਰਕੂ ਨਫ਼ਰਤ ਨਾਲ਼ ਭਰੀ ਇੱਕ ਪੂਰੀ ਪੀੜੀ ਤਿਆਰ ਕੀਤੀ ਜਾ ਰਹੀ ਹੈ ਜੋ ਇਨਾਂ ਦੇ ਇੱਕ ਇਸ਼ਾਰੇ 'ਤੇ ਕਤਲੇਆਮ, ਬਲਾਤਕਾਰ ਕਰਨ ਲਈ ਤਿਆਰ ਹੋਵੇਗੀ। ਸਾਨੂੰ ਸਿੱਖਿਆ ਉੱਤੇ ਇਸ ਭਗਵੇਂ ਹਮਲੇ ਦਾ ਦਲੇਰੀ ਨਾਲ਼ ਡੱਟ ਕੇ ਵਿਰੋਧ ਕਰਨ ਚਾਹੀਦਾ ਹੈ ਅਤੇ ਇਸਦੇ ਵਿਰੁੱਧ ਲੋਕਾਂ ਨੂੰ ਸੁਚੇਤ ਅਤੇ ਲੜਾਈ ਲਈ ਜਥੇਬੰਦ ਕਰਨਾ ਚਾਹੀਦਾ ਹੈ।

# ਖਾਲਸਾ ਰਾਜ ਦੇਸ਼ ਪੰਜਾਬ 1849 ਦੀ ਜੰਗ ਬਾਰੇ ਅੰਗਰੇਜ਼ ਸਰਕਾਰ ਨੇ ਭੇਜੀ ਐਚ. ਐਮ. ਇਲੀਅਟ ਦੀ ਖ਼ੁਫੀਆ ਰਿਪੋਰਟ

ਕੈਂਪ ਫਿਰੋਜ਼ਪੁਰ
24 ਮਾਰਚ, 1849 ਨੰ : 18
ਵੱਲੋਂ
ਵਿਦੇਸ਼ ਵਿਭਾਗ (ਗੁਪਤ)
ਸੇਵਾ ਵਿਖੇ
ਸਤਿਕਾਰਯੋਗ ਮੈਂਬਰਾਨ ਖ਼ੁਫ਼ੀਆ ਕਮੇਟੀ।
ਸ੍ਰੀਮਾਨ ਜੀਓ,

1. ਸਰ ਗਿਲਬਰਟ ਦੇ ਅਣਥੱਕ ਯਤਨਾਂ ਨਾਲ ਪ੍ਰਾਪਤ ਹੋਈ ਗੁਜਰਾਤ ਦੀ ਜਿੱਤ ਦੇ ਸਿੱਟੇ ਵਜੋਂ ਅੰਗਰੇਜ਼ ਕੈਦੀਆਂ ਦੀ ਰਿਹਾਈ ਹੋ ਗਈ ਹੈ। ਸਭ ਸਿੱਖ ਸਰਦਾਰਾਂ ਨੇ ਆਪਣੇ ਪਾਸ ਬਚੀਆਂ ਬੰਦੂਕਾਂ ਸਮੇਤ ਆਤਮ-ਸਮਰਪਣ ਕਰ ਦਿੱਤਾ ਹੈ ਅਤੇ ਸਾਰੀ ਸਿੱਖ ਫੌਜ ਨੇ ਈਨ ਮੰਨ ਲਈ ਹੈ। ਇਹ ਮਹੱਤਵਪੂਰਨ ਸਿੱਟੇ ਕੋਈ ਹੋਰ ਗੋਲੀ ਚਲਾਏ ਬਿਨਾਂ ਹੀ ਪ੍ਰਾਪਤ ਕਰ ਲਏ ਗਏ ਹਨ।

ਇਸ ਮਹੀਨੇ ਦੀ 8 ਤਾਰੀਕ ਨੂੰ ਲਗਭਗ 16,000 ਦੁਸ਼ਮਣ ਫੌਜੀ ਰਾਵਲਪਿੰਡੀ ਵਿਖੇ ਸਨ। ਸ਼ਾਮ ਨੂੰ ਸ੍ਰੀਮਤੀ ਲਾਰੈਂਸ ਅਤੇ ਉਨਾਂ ਦੇ ਬੱਚੇ ਹੋਰਨਾਂ ਅੰਗਰੇਜ਼ ਕੈਦੀਆਂ ਸਮੇਤ ਅੰਗਰੇਜ਼ ਜਰਨੈਲ ਦੇ ਕੈਂਪ ਵਿਚ ਪਹੁੰਚ ਗਏ। ਬਾਕੀ ਜਣੇ ਰਾਜਾ ਸ਼ੇਰ ਸਿੰਘ, ਲਾਲ ਸਿੰਘ ਮੁਰਾਰੀਆ ਅਤੇ ਉਨਾਂ ਨੇ 450 ਸਾਥੀਆਂ ਸਮੇਤ ਕੁਝ ਹੀ ਘੰਟੇ ਬਾਅਦ ਉਥੇ ਆ ਗਏ। ਅਗਲੇ ਦਿਨ ਰਾਜਾ ਸ਼ੇਰ ਸਿੰਘ ਆਪਣੀ ਫੌਜ ਵੱਲੋਂ ਬਿਨਾਂ ਸ਼ਰਤ ਆਤਮ-ਸਮਰਪਣ ਕਰਨ ਦਾ ਪ੍ਰਬੰਧ ਕਰਨ ਲਈ ਵਾਪਸ ਰਾਵਲਪਿੰਡੀ ਮੁੜ ਗਿਆ। ਪਰ ਸਰ ਗਿਲਬਰਟ ਨੇ ਦੁਸ਼ਮਣ ਦੇ ਅੱਡੇ ਉੱਤੇ ਹੱਲਾ ਕਰਨ ਦੇ ਉਦੇਸ਼ ਨਾਲ ਅੱਗੇ ਵਧਣਾ ਅਤੇ ਰੀਅਰ ਡਿਵੀਜ਼ਨ ਨੂੰ ਇਕੱਠਾ ਕਰਨ ਦਾ ਕੰਮ ਜਾਰੀ ਰੱਖਿਆ। ਦਸ ਤਰੀਕ ਨੂੰ ਉਹ ਮਨੁਕਿਆਲਾ ਵਿਖੇ ਪੁੱਜ ਚੁੱਕਾ ਸੀ ਜਿਥੇ ਸਰਦਾਰ ਖ਼ਾਨ ਸਿੰਘ ਮਜੀਠੀਆ ਨੇ ਆਪਣੇ ਸ਼ਸਤਰਬੱਧ ਫੌਜੀਆਂ ਸਮੇਤ ਆ ਕੇ ਆਤਮ-ਸਮਰਪਣ ਕਰ ਦਿੱਤਾ।

ਇਨਾਂ ਵਿਚ ਲਗਭਗ 1000 ਫੌਜੀ ਸਨ ਅਤੇ ਉਨਾਂ ਕੋਲ ਕੁਝ ਬੰਦੂਕਾਂ ਸਨ। ਗਿਆਰਾਂ ਤਰੀਕ ਨੂੰ ਗਿਲਬਰਟ ਸੂਹਾਂ ਦਰਿਆ ਦੇ ਖੱਬੇ ਕੰਢੇ ਹੁਰਮਕ ਪਹੁੰਚਿਆ ਜਿਥੇ ਸਰਦਾਰ ਚਤੁਰ ਸਿੰਘ, ਰਾਜਾ ਸ਼ੇਰ ਸਿੰਘ ਅਤੇ ਕਈ ਸਿੱਖ ਸਰਦਾਰਾਂ ਅਤੇ ਸਿੱਖ ਫੌਜ ਦੇ ਅਫ਼ਸਰਾਂ ਨੇ ਉਸ ਦੇ ਕੈਂਪ ਵਿਚ ਪਹੁੰਚ ਕੇ ਆਪਣੀਆਂ ਤੇਗਾਂ ਅਤੇ 17 ਤੋਪਾਂ ਉਸ ਦੇ ਹਵਾਲੇ ਕਰ ਦਿੱਤੀਆਂ। ਉਨਾਂ ਨੇ ਇਹ ਵੀ ਦੱਸਿਆ ਕਿ ਹੋਰ ਸਰਦਾਰ ਵੀ ਅਜਿਹਾ ਕਰਨ ਲਈ ਰਾਹ ਵਿਚ ਆ ਰਹੇ ਹਨ।

ਚੌਂਦਾਂ ਤਰੀਕ ਨੂੰ ਜਰਨਲ (ਗਿਲਬਰਟ) ਰਾਵਲਪਿੰਡੀ ਪਹੁੰਚਿਆ ਜਿਥੇ ਸਾਰੀ ਸਿੱਖ ਫੌਜ ਨੇ ਉਸ ਅੱਗੇ ਹਥਿਆਰ ਸੁੱਟ ਦਿੱਤੇ- ਡਵੀਜ਼ਨਾਂ ਅਤੇ ਬਿਰਗੇਡਾਂ ਦੇ ਕਮਾਂਡਿੰਗ ਅਫ਼ਸਰਾਂ ਤੇ ਉਨਾਂ ਦੇ ਸਟਾਫ਼ ਦੀ ਮੌਜੂਦਗੀ ਵਿਚ ਸਰਦਾਰਾਂ ਨੇ ਆਪਣੀਆਂ ਤੇਗਾਂ ਭੇਟ ਕਰ ਦਿੱਤੀਆਂ। ਪੇਸ਼ ਕੀਤੀਆਂ ਗਈਆਂ ਤੋਪਾਂ ਦੀ ਗਿਣਤੀ 41 ਸੀ ਅਤੇ 16,000 ਹਥਿਆਰਾਂ ਦੇ ਸਟੈਂਡ ਵੀ ਪੇਸ਼ ਕੀਤੇ ਗਏ। ਹੁਣ ਤੱਕ ਮੈਨੂੰ ਮਿਲੀ ਜਾਣਕਾਰੀ ਅਨੁਸਾਰ ਇਨਾਂ ਹਥਿਆਰਾਂ ਦੀ ਗਿਣਤੀ 20,000 ਹੋ ਗਈ ਹੈ। ਬਾਬਾ ਮਹਾਰਾਜ ਸਿੰਘ (ਜੋ ਅਜੇ ਜਿਉਂਦੇ ਜਾਪਦੇ ਹਨ) ਤੇ ਕਰਨਲ ਰਛਪਾਲ ਸਿੰਘ ਨੂੰ ਛੱਡ ਕੇ, ਬਾਕੀ ਸਭ ਸਰਦਾਰਾਂ ਨੇ ਹਥਿਆਰ ਸੁੱਟ ਦਿੱਤੇ ਹਨ। ਇਹ ਦੋਵੇਂ ਵਿਅਕਤੀ ਭਗੌੜੇ ਹੋ ਗਏ ਹਨ ਪਰ ਇਨਾਂ ਦੇ ਮਗਰ ਲੱਗਣ ਵਾਲਾ ਕੋਈ ਨਹੀਂ ਸੀ।

ਕਮਾਂਡਰ-ਇਨ-ਚੀਫ਼ ਲਿਖਦੇ ਹਨ, 'ਇਸ ਵੇਲੇ ਸਾਡੇ ਕਬਜ਼ੇ ਵਿਚ ਗੁਜਰਾਤ ਦੇ ਸਥਾਨ 'ਤੇ ਸਾਡੇ ਹੱਥ ਲੱਗੀਆਂ ਉਹ 56 ਤੋਪਾਂ ਜੋ ਦੁਸ਼ਮਣ 21 ਫ਼ਰਵਰੀ ਨੂੰ ਪਿੱਛੇ ਹਟਣ ਵੇਲੇ ਛੱਡ ਕੇ ਨੱਸ ਗਿਆ ਸੀ, ਉਸੇ ਦਿਨ ਸ਼ਾਮ ਨੂੰ ਮੇਜਰ ਜਨਰਲ ਸਰ ਗਿਲਬਰਟ ਦੇ ਹਵਾਲੇ ਕੀਤੀਆਂ 41 ਤੋਪਾਂ, ਚੇਲਿਆਂਵਾਲਾ ਦੇ ਸਥਾਨ 'ਤੇ ਪਕੜੀਆਂ 12 ਤੋਪਾਂ ਅਤੇ ਮੁਲਤਾਨ ਵਿਖੇ ਪਕੜੀਆਂ 50 ਤੋਪਾਂ ਹਨ ਅਤੇ ਇਸ ਤਰਾਂ ਵਰਤਮਾਨ ਮੁਹਿੰਮ ਦੌਰਾਨ ਸਾਡੇ ਹੱਥ ਲੱਗੇ ਹਥਿਆਰਾਂ ਦੀ ਕੁਲ ਗਿਣਤੀ 158 ਹੋ ਗਈ ਹੈ।

2. ਗੁਜਰਾਤ ਦੀ ਜਿੱਤ ਅਤੇ ਉਸ ਤੋਂ ਪਿੱਛੋਂ ਦੀਆਂ ਕਾਰਵਾਈਆਂ ਉੱਤੇ, ਜਿਹੜੀਆਂ ਮੇਜਰ ਜਨਰਲ ਗਿਲਬਰਟ ਨੇ ਕਮਾਂਡਰ-ਇਨ-ਚੀਫ਼ ਦੇ ਨਿਰਦੇਸ਼ ਅਨੁਸਾਰ ਬੜੇ ਸ਼ਲਾਘਾਯੋਗ ਢੰਗ ਨਾਲ ਨਿਭਾਈਆਂ, ਮੈਂ ਮੇਜਰ ਜਨਰਲ ਨੂੰ ਹਾਰਦਿਕ ਵਧਾਈ ਦਿੰਦਾ ਹਾਂ ਪਰ ਇਸ ਜਿੱਤ ਦੇ ਸ਼ਾਨਦਾਰ ਨਤੀਜਿਆਂ ਦੇ ਨਾਲ-ਨਾਲ ਮੈਂ ਇਸ ਅਸਲੀਅਤ ਨੂੰ ਅੱਖੋਂ-ਉਹਲੇ ਨਹੀਂ ਕੀਤਾ ਕਿ ਭਾਵੇਂ ਸਿੱਖ ਫੌਜ ਦਾ ਵਕਾਰ ਮਿੱਟੀ ਵਿਚ ਮਿਲਾ ਦਿੱਤਾ ਗਿਆ ਹੈ ਅਤੇ ਉਸ ਦੀ ਤਾਕਤ ਨੂੰ ਬੁਰੀ ਤਰਾਂ ਕੁਚਲ ਦਿੱਤਾ ਗਿਆ ਹੈ, ਫਿਰ ਵੀ ਅਜੇ ਇਕ ਅਜਿਹਾ ਬੇਮੁਹਾਰਾ ਤੇ ਢੀਠ ਦੁਸ਼ਮਣ ਰਹਿੰਦਾ ਹੈ, ਜਿਸ ਨੂੰ ਜਲਦੀ ਤੋਂ ਜਲਦੀ ਸੋਧਣ ਦੀ ਲੋੜ ਹੈ। ਮੈਂ ਨਹੀਂ ਸਮਝਦਾ ਕਿ ਯੁੱਧ ਸਮਾਪਤ ਹੋ ਗਿਆ ਹੈ। ਜਦੋਂ ਤੱਕ ਦੋਸਤ ਮੁਹੰਮਦ ਖ਼ਾਨ ਅਤੇ ਅਫ਼ਗਾਨ ਦੁਸ਼ਮਣਾਂ ਨੂੰ ਪੇਸ਼ਾਵਰ ਦੇ ਇਲਾਕੇ ਵਿੱਚੋਂ ਬਾਹਰ ਨਹੀਂ ਕੱਢ ਦਿੱਤਾ ਜਾਂਦਾ ਜਾਂ ਇਸ ਇਲਾਕੇ ਵਿਚ ਹੀ ਉਨਾਂ ਦਾ ਖ਼ਾਤਮਾ ਨਹੀਂ ਕਰ ਦਿੱਤਾ ਜਾਂਦਾ, ਉਦੋਂ ਤੱਕ ਮੈਂ ਨਹੀਂ ਕਹਿ ਸਕਦਾ ਕਿ ਅਮਨ ਬਹਾਲ ਹੋ ਗਿਆ ਹੈ। ਸ਼ਾਇਦ ਹੁਣ ਵੀ ਹਾਲਤ ਇਹੋ ਹੋਵੇ ਅਤੇ ਮੇਰੇ ਖ਼ਿਆਲ ਵਿਚ ਹਾਲਤ ਅਜਿਹੀ ਹੀ ਹੈ। ਮੈਨੂੰ ਇਹ ਖ਼ਬਰ ਪਹਿਲਾਂ ਹੀ ਮਿਲ ਚੁੱਕੀ ਹੈ ਕਿ ਗਿਲਬਰਟ ਅਟਕ (ਸ਼ਹਿਰ) ਵਿਖੇ ਪੁੱਜ ਗਿਆ ਹੈ ਅਤੇ ਉਸ ਦੇ ਉਥੇ ਪਹੁੰਚਦਿਆਂ ਹੀ ਦੁਸ਼ਮਣ ਨੇ ਉਹ ਸ਼ਹਿਰ ਖ਼ਾਲੀ ਕਰ ਦਿੱਤਾ। ਇਹ ਹਿੰਮਤੀ ਅਫ਼ਸਰ ਸਿੰਧ ਦਰਿਆ 'ਤੇ ਬਣੇ ਕਿਸ਼ਤੀਆਂ ਦੇ ਪੁਲ ਨੂੰ ਤਬਾਹ ਕੀਤੇ ਜਾਣ ਤੋਂ ਬਚਾਉਣ ਲਈ 31 ਮੀਲ ਲੰਬਾ ਜ਼ੋਰਦਾਰ ਧਾਵਾ ਕਰਕੇ (ਅਟਕ ਦੀ) ਗੜ੍ਹੀ ਤੱਕ ਪੁੱਜਾ ਅਤੇ ਆਪਣੇ ਉਦੇਸ਼ ਵਿਚ ਉਹ ਸਫਲ ਵੀ ਹੋਇਆ। ਪਿੱਛੇ ਹਟ ਰਹੇ ਅਫ਼ਗਾਨਾਂ ਵੱਲੋਂ ਇਸ ਪੁਲ ਨੂੰ ਤੋੜੇ ਜਾਣ ਤੋਂ ਪਿੱਛੋਂ ਵੀ ਉਸ ਨੇ ਘੱਟ ਤੋਂ ਘੱਟ 17 ਕਿਸ਼ਤੀਆਂ ਪੁਲ ਨਾਲੋਂ ਅਲੱਗ ਕਰ ਲਈਆਂ। ਮੇਜਰ ਜਨਰਲ ਲਿਖਦਾ ਹੈ ਕਿ ਉਸ ਨੂੰ ਉਮੀਦ ਹੈ ਕਿ ਉਹ 19 ਤਰੀਕ ਨੂੰ ਦੁਪਹਿਰ ਤੋਂ ਪਿੱਛੋਂ ਬੰਗਾਲ ਡਿਵੀਜ਼ਨ ਸਮੇਤ ਦਰਿਆ ਨੂੰ ਪਾਰ ਕਰ ਲਵੇਗਾ ਅਤੇ ਉਸ ਦਾ ਇਰਾਦਾ ਭੱਜੇ ਜਾਂਦੇ ਦੁਸ਼ਮਣ ਉੱਤੇ ਜ਼ੋਰਦਾਰ ਹੱਲਾ ਬੋਲਣ ਦਾ ਹੈ।

3. ਮੈਂ ਕਮਾਂਡਰ-ਇਨ-ਚੀਫ਼ ਨਾਲ ਵੀ ਚਿੱਠੀ-ਪੱਤਰ ਕੀਤਾ ਹੈ। ਇਸ ਦਾ ਵਰਨਣ ਕਮੇਟੀ ਦੇ ਸਨਮਾਣਯੋਗ ਮੈਂਬਰਾਂ ਨੂੰ ਇਸ ਪੱਤਰ ਨਾਲ ਨੱਥੀ ਕੀਤੇ ਗਏ ਕਾਗਜ਼ਾਂ ਵਿੱਚੋਂ ਮਿਲੇਗਾ ਜੋ ਮੇਜਰ ਜਨਰਲ ਗਿਲਬਰਟ ਦੀ ਮੁਹਿੰਮ ਦੇ ਸਫਲ ਅੰਤ ਤੋਂ ਪਿੱਛੋਂ ਬ੍ਰਿਟਿਸ਼ ਫੌਜਾਂ ਦੀ ਅਗਵਾਈ ਨਾਲ ਸਬੰਧ ਰੱਖਦੇ ਹਨ। ਕਮਾਂਡਰ-ਇਨ-ਚੀਫ਼ ਨੇ ਆਪਣੇ 4 ਤਰੀਕ ਦੇ ਪੱਤਰ ਦੇ ਨਾਲ ਮੇਰੇ ਵਿਚਾਰਨ ਲਈ ਆਪਣੇ ਵੱਲੋਂ ਤਜਵੀਜ਼ ਫੌਜੀ ਵਿਉਂਤਬੰਦੀ ਦਾ ਖ਼ਾਕਾ ਭੇਜਿਆ ਜਿਸ ਵਿਚ ਉਸ ਨੇ ਚਨਾਬ (ਦਰਿਆ) ਦੇ ਖੱਬੇ ਕੰਢੇ, ਵਜ਼ੀਰਾਬਾਦ ਤੋਂ 8 ਮੀਲ ਅਤੇ ਰਾਮਨਗਰ ਤੋਂ 13 ਮੀਲ ਦੂਰ, ਫੌਜੀ ਚੌਕੀ ਅਤੇ ਛਾਉਣੀਆਂ ਕਾਇਮ ਕਰਨ ਦੀ ਸਿਫ਼ਾਰਸ਼ ਕੀਤੀ। ਇਸ ਦੇ ਨਾਲ ਹੀ ਉਸ ਨੇ ਇਹ ਗੱਲ ਵੀ ਦ੍ਰਿੜਤਾ ਨਾਲ ਆਖੀ ਹੈ ਕਿ ਆਪਣੇ ਪ੍ਰਾਂਤਾਂ ਦੀ ਸੁਰੱਖਿਅਤਾ ਲਈ ਅਤੇ ਪੰਜਾਬ ਉੱਤੇ ਕਾਫ਼ੀ ਲੰਬੇ ਸਮੇਂ ਤੱਕ ਕਬਜ਼ਾ ਕਰੀ ਰੱਖਣ ਲਈ ਸਾਨੂੰ ਆਪਣੇ ਹਥਿਆਰਾਂ ਵਿਚ-ਵਿਸ਼ੇਸ਼ ਕਰਕੇ ਯੂਰਪੀਨ ਹਥਿਆਰਾਂ ਵਿਚ-ਤੋਪਖ਼ਾਨੇ ਅਤੇ ਰਸਾਲੇ ਵਿਚ ਕਾਫ਼ੀ ਵਾਧਾ ਕਰਨਾ ਚਾਹੀਦਾ ਹੈ। ਕਮਾਂਡਰ-ਇਨ-ਚੀਫ਼ ਨੂੰ ਆਪਣਾ ਉੱਤਰ ਭੇਜਣ ਲੱਗਿਆਂ ਮੈਂ ਆਪਣੇ ਵਿਚਾਰ ਕੇਵਲ ਉਸ ਉਦੇਸ਼ ਤੱਕ ਹੀ ਸੀਮਤ ਰੱਖੇ ਸਨ ਜੋ ਸਾਨੂੰ ਤੁਰੰਤ ਪੂਰਾ ਕਰਨ ਦੀ ਜ਼ਰੂਰਤ ਹੈ, ਭਾਵ ਇਹ ਕਿ ਆਉਂਦੇ ਮੌਸਮ ਵਿਚ ਪੰਜਾਬ ਉੱਤੇ ਪ੍ਰਭਾਵਸ਼ਾਲੀ ਕਬਜ਼ਾ ਕਿਵੇਂ ਕਾਇਮ ਰੱਖਿਆ ਜਾਵੇ।

ਇਸ ਦੇ ਨਾਲ ਹੀ ਮੈਂ ਆਪਣੀ ਇਹ ਹਾਰਦਿਕ ਇੱਛਾ ਵੀ ਪ੍ਰਗਟ ਕੀਤੀ ਕਿ ਫੌਜਾਂ ਦੀ ਸਿਹਤ ਸੰਭਾਲ ਅਤੇ ਅਰਾਮ ਦਾ ਅਜਿਹਾ ਪ੍ਰਬੰਧ ਕੀਤਾ ਜਾਵੇ ਜੋ ਸੰਭਵ ਵੀ ਹੋਵੇ ਤੇ ਅਮਲ ਵਿਚ ਵੀ ਲਿਆਂਦਾ ਜਾ ਸਕੇ। ਫਿਰ ਵੀ ਜੇਕਰ ਉਨਾਂ ਨੂੰ ਹਾਲਾਤ ਇਸ ਗੱਲ 'ਤੇ ਮਜ਼ਬੂਰ ਕਰ ਦੇਣ ਕਿ ਉਹਨਾਂ ਨੂੰ ਆਪਣੀਆਂ ਛਾਉਣੀਆਂ ਵਿਚਲੇ ਮੌਸਮ ਨਾਲੋਂ ਵਧੇਰੇ ਸਖ਼ਤ ਮੌਸਮ ਵਿਚ ਕੰਮ ਕਰਨਾ ਪੈ ਜਾਵੇ (ਮੈਨੂੰ ਡਰ ਹੈ ਕੁਝ ਫੌਜੀਆਂ ਨੂੰ ਅਜਿਹਾ ਕਰਨਾ ਪੈ ਸਕਦਾ ਹੈ) ਤਾਂ ਮੈਨੂੰ ਵਿਸ਼ਵਾਸ ਹੈ ਉਹ ਅਜਿਹੇ ਸਖ਼ਤ ਮੌਸਮ ਦਾ ਸਾਹਮਣਾ ਕਰਨ ਲਈ ਉਸੇ ਤਰਾਂ ਤਿਆਰ-ਬਰ-ਤਿਆਰ ਹੋਣਗੇ ਜਿਵੇਂ ਉਨਾਂ ਪਹਿਲਾਂ ਕਈ ਅਜਿਹੇ ਮੌਕਿਆਂ 'ਤੇ ਕੀਤਾ ਹੈ।

4. ਭਿੰਨ-ਭਿੰਨ ਦੁਆਬਿਆਂ ਵਿਚ ਫੌਜੀਆਂ ਨੂੰ ਲਗਾਉਣ ਲਈ ਤਜ਼ਵੀਜ਼ ਕੀਤੀਆਂ ਥਾਵਾਂ ਬਾਰੇ ਮੈਂ ਆਮ ਤੌਰ 'ਤੇ ਕਮਾਂਡਰ-ਇਨ-ਚੀਫ ਦੀ ਹਾਂ ਵਿਚ ਹਾਂ ਮਿਲਾ ਦਿੱਤੀ ਕਿਉਂਕਿ ਮੈਂ ਇਸ ਮੁਆਮਲੇ ਵਿਚ ਉਸ ਦੀ ਸਮਝ ਉੱਤੇ ਪੂਰਾ ਯਕੀਨ ਰੱਖਦਾ ਹਾਂ। ਪਰ ਫਿਰ ਵੀ ਮੈਂ ਇਹ ਸੁਝਾਉ ਦਿੱਤਾ ਸੀ ਕਿ ਉਸ ਲੰਬੇ ਅਰਸੇ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਜੋ ਸਰ ਗਿਲਬਰਟ ਦੀਆਂ ਸੈਨਾਵਾਂ ਨੂੰ ਪੇਸ਼ਾਵਰ ਪੁੱਜਣ ਲਈ ਲੱਗ ਜਾਣਾ ਹੈ ਅਤੇ ਨਾਲ ਹੀ ਉਸ ਨੂੰ ਸਮਰਥਨ ਦੇਣ ਲਈ ਆਪਣੇ ਵਸੀਲਿਆਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਨੌਰੰਗਾਬਾਦ ਦੇ ਸਥਾਨ ਤੇ ਕਮਾਂਡਰ-ਇਨ-ਚੀਫ਼ ਵੱਲੋਂ ਤਜ਼ਵੀਜ਼ ਕੀਤੀ ਸੈਨਾ ਨਾਲੋਂ ਵਧੇਰੇ ਵੱਡੀ ਸੈਨਾ ਤਾਇਨਾਤ ਕੀਤੀ ਜਾਵੇ। ਕਮਾਂਡਰ-ਇਨ-ਚੀਫ਼ ਨੇ ਇਹ ਸੁਝਾਅ ਤੁਰੰਤ ਪ੍ਰਵਾਨ ਕਰ ਲਿਆ। ਉਸ ਨੇ ਹਲਕਾ ਜੰਗੀ ਤੋਪਖਾਨਾ ਦੇ ਕੇ ਪੈਦਲ ਸੈਨਾ ਦਾ ਇਕ ਬਿਗ੍ਰੇਡ ਅਤੇ ਸ਼ਾਹੀ ਘੋੜ-ਸਵਾਰਾਂ ਦੀ ਇਕ ਰਜਮੈਂਟ ਜੇਹਲਮ ਵਿਖੇ ਤਾਇਨਾਤ ਕਰ ਦਿੱਤੀ ਅਤੇ ਸ਼ਾਹੀ ਘੋੜ-ਸਵਾਰਾਂ ਦੀ ਰਜਮੈਂਟ ਨੂੰ ਆਦੇਸ਼ ਦਿੱਤਾ ਕਿ ਉਹ ਰਾਵਲਪਿੰਡੀ 'ਤੇ ਕਬਜ਼ਾ ਕਰ ਕੇ ਸਰ ਗਿਲਬਰਟ ਨਾਲ ਸੰਪਰਕ ਬਣਾਈ ਰੱਖੇ।

5. ਹੋਰ ਵਧੇਰੇ ਸਾਵਧਾਨੀ ਦੇ ਤੌਰ 'ਤੇ, ਮੈਂ ਇਹ ਹੁਕਮ ਜਾਰੀ ਕਰ ਦਿੱਤੇ ਹਨ ਕਿ ਵੈਰ-ਭਾਵ ਰੱਖਣ ਵਾਲੇ ਲੋਕਾਂ ਤੋਂ ਹਥਿਆਰ ਖੋਹ ਲਏ ਜਾਣ ਤੇ ਉਨਾਂ ਨੂੰ ਨਿਹੱਥੇ ਕਰ ਦਿੱਤਾ ਜਾਵੇ ਅਤੇ ਮੈਨੂੰ ਇਹ ਦੱਸਦਿਆਂ ਖ਼ੁਸ਼ੀ ਹੋ ਰਹੀ ਹੈ ਕਿ ਰੱਖਿਆ ਦਸਤੇ ਦੇ ਕਮਾਂਡੈਂਟ, ਮੇਜਰ ਮੇਨ ਨੇ, ਜਿਸ ਨੂੰ ਦਰਿਆ ਦੇ ਦੂਜੇ ਬੰਨੇ ਇਸ ਕਾਰਜ ਲਈ ਨਿਯੁਕਤ ਕੀਤਾ ਗਿਆ ਸੀ, ਬੰਦੂਕਾਂ, ਤਲਵਾਰਾਂ, ਬਰਛਿਆਂ ਅਤੇ ਪੰਜ ਵੱਡੀਆਂ ਤੋਪਾਂ ਸਮੇਤ 5000 ਹਥਿਆਰ ਕਬਜ਼ੇ ਵਿਚ ਲੈ ਲਏ ਹਨ। ਫਿਰੋਜ਼ਪੁਰ ਅਤੇ ਲਾਹੌਰ ਦੇ ਵਿਚਕਾਰਲੇ ਇਲਾਕੇ ਵਿਚ ਇਹ ਕਾਰਜ ਸੰਪੂਰਨ ਕਰ ਲਿਆ ਗਿਆ ਹੈ ਅਤੇ ਬਾਰੀ ਦੁਆਬ ਦੇ ਉਪਰਲੇ ਇਲਾਕਿਆਂ ਵਿਚ ਜਿਥੇ ਕਿ ਸਿੱਖ ਬੜੇ ਲੜਾਕੇ ਅਤੇ ਗੜਬੜੀ ਕਰਨ ਵਾਲੇ ਹਨ। ਕੁਝ ਹੋਰ ਫੌਜੀ ਟੁਕੜੀਆਂ ਉਨਾਂ ਤੋਂ ਹਥਿਆਰ ਖੋਹ ਕੇ ਆਪਣੇ ਕਬਜ਼ੇ ਵਿਚ ਕਰ ਲੈਣ ਦੇ ਉਦੇਸ਼ ਨਾਲ ਕਾਰਵਾਈ ਕਰ ਰਹੀਆਂ ਹਨ।

6. ਉਸ ਵਿਅਕਤੀ ਉੱਤੇ ਜਿਸ 'ਤੇ ਮਿਸਟਰ ਐਗਨਿਊ ਦੇ ਕਤਲ ਦਾ ਮੁੱਖ ਮੁਜਰਿਮ ਹੋਣ ਦਾ ਦੋਸ਼ ਹੈ, ਮੇਰੇ ਹੁਕਮਾਂ ਅਨੁਸਾਰ ਮੁਲਤਾਨ ਵਿਖੇ ਕਾਇਮ ਕੀਤੇ ਵਿਸ਼ੇਸ਼ ਕਮਿਸ਼ਨ ਦੁਆਰਾ ਮੁਕੱਦਮਾ ਚਲਾਇਆ ਗਿਆ ਹੈ ਅਤੇ ਉਸ ਦਾ ਦੋਸ਼ ਸਿੱਧ ਹੋ ਗਿਆ ਹੈ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ। ਮੈਂ ਇਸ ਸਜ਼ਾ ਦੀ ਪੁਸ਼ਟੀ ਕਰ ਦਿੱਤੀ ਹੈ ਅਤੇ ਆਦੇਸ਼ ਦਿੱਤਾ ਹੈ, ਉਸ ਨੂੰ ਬਿਨਾਂ ਕਿਸੇ ਦੇਰੀ ਤੋਂ ਮੁਲਤਾਨ ਵਿਖੇ ਲੋਕਾਂ ਦੇ ਸਾਹਮਣੇ ਫਾਂਸੀ ਦਿੱਤੀ ਜਾਵੇ।

ਇਸ ਮੁਕੱਦਮੇ ਦੌਰਾਨ ਭਾਵੇਂ ਇਸ ਦਾ ਮੁੱਖ ਉਦੇਸ਼ ਇਸ ਕੈਦੀ ਦੇ ਅਪਰਾਧ ਬਾਰੇ ਜਾਂਚ ਕਰਨਾ ਸੀ। ਇਹ ਗੱਲ ਵੀ ਜ਼ਾਹਿਰ ਹੋ ਗਈ ਕਿ ਦੀਵਾਨ ਮੂਲਰਾਜ ਨੇ ਈਦਗਾਹ ਉੱਤੇ ਹੋਏ ਹਮਲੇ ਵਿਚ, ਜਿਸ ਦਾ ਸਿੱਟਾ ਅੰਗਰੇਜ਼ ਅਫਸਰਾਂ ਦੇ ਕਤਲ ਵਿਚ ਨਿਕਲਿਆ, ਸਾਡੀ ਉਮੀਦ ਤੋਂ ਕਿਤੇ ਵੱਧ ਹਿੱਸਾ ਲਿਆ। ਮੁਲਰਾਜ ਦੇ ਇਸ ਹਮਲੇ ਵਿਚ ਭਾਈਵਾਲ ਹੋਣ ਬਾਰੇ ਮੇਜਰ ਐਡਵਰਡ ਨੇ ਪਹਿਲਾਂ ਹੀ ਬੜੇ ਧਿਆਨ ਨਾਲ ਜਾਂਚ-ਪੜਤਾਲ ਕਰ ਲਈ ਸੀ ਅਤੇ ਮੂਲਰਾਜ ਦੇ ਨੌਕਰਾਂ ਅਤੇ ਬੰਦਿਆਂ ਤੋਂ ਜਿਨਾਂ ਦੇ ਇਸ ਅਪਰਾਧ ਵਿਚ ਭਾਈਵਾਲ ਹੋਣ ਦੀ ਜ਼ਰਾ ਜਿੰਨੀ ਵੀ ਸੰਭਾਵਨਾ ਨਹੀਂ ਸੀ, ਇਸ ਵਿਸ਼ੇ ਨਾਲ ਸੰਬੰਧਿਤ ਗਵਾਹੀ ਪ੍ਰਾਪਤ ਕਰ ਲਈ ਸੀ। ਸਰ ਐੱਚ. ਐੱਮ. ਲਾਰੈਂਸ ਨੇ ਆਪਣੇ 17 ਤਰੀਕ ਦੇ ਪੱਤਰ ਵਿਚ ਇਸ ਵਿਸ਼ੇ ਨਾਲ ਸੰਬੰਧਿਤ ਲਿਖਤਾਂ ਮੈਨੂੰ ਭੇਜ ਦਿੱਤੀਆਂ ਹਨ ਅਤੇ ਮੇਜਰ ਐਡਵਰਡ ਵਾਂਗ ਹੀ ਇਹ ਰਾਇ ਵੀ ਦਿੱਤੀ ਹੈ ਕਿ ਮੂਲਰਾਜ ਦੇ ਵਿਰੁਧ ਸਪੱਸ਼ਟ ਤੌਰ 'ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ। ਇਨਾਂ ਲਿਖਤਾਂ ਦੇ ਅਧਿਐਨ ਤੋਂ ਅਤੇ ਬੁੱਧ ਸਿੰਘ ਦੇ ਮੁਕੱਦਮੇ ਦੀ ਸੁਣਵਾਈ ਸਮੇਂ ਦਿੱਤੀਆਂ ਗਈਆਂ ਗਵਾਹੀਆਂ ਤੋਂ ਤਾਂ ਮੇਰੇ ਮਨ ਵਿਚ ਬੈਠਾ ਇਹ ਪ੍ਰਭਾਵ ਖ਼ਤਮ ਹੋ ਗਿਆ ਹੈ ਦੀਵਾਨ ਮੁਲਰਾਜ ਮਿਸਟਰ ਐਗਨਿਉ ਅਤੇ ਲੈਫਟੀਨੈਂਟ ਐਂਡਰਸਨ ਦੀਆਂ ਮੌਤਾਂ ਦੇ ਮਾਮਲੇ ਵਿਚ ਬੇਕਸੂਰ ਹੈ ਅਤੇ ਮੇਰੇ ਮਨ ਵਿਚ ਪਹਿਲਾਂ ਵਾਲਾ ਵਿਸ਼ਵਾਸ ਫਿਰ ਬੈਠ ਗਿਆ ਹੈ ਕਿ ਇਸ ਭਿਅੰਕਰ ਘਟਨਾ ਦੇ ਵਾਪਰਨ ਵਿਚ ਉਹ ਭਾਈਵਾਲ ਹੈ ਅਤੇ ਇਸ ਕਰਕੇ ਉਹ ਦੋਸ਼ੀ ਵੀ ਹੈ। ਇਸ ਲਈ ਮੈਂ ਹੁਕਮ ਦੇ ਦਿੱਤਾ ਹੈ ਕਿ ਮੇਰੇ ਵੱਲੋਂ ਕਾਇਮ ਕੀਤੇ ਜਾਣ ਵਾਲੇ ਕਮਿਸ਼ਨ ਦੇ ਸਾਹਮਣੇ ਦੀਵਾਨ ਮੂਲਰਾਜ ਦੇ ਵਿਰੁੱਧ ਤੁਰੰਤ ਮੁਕੱਦਮਾ ਚਲਾਇਆ ਜਾਵੇ ਅਤੇ ਹਲਫੀਆ ਬਿਆਨ ਦੇਣ ਵਾਲੇ ਵਿਅਕਤੀਆਂ ਨੂੰ ਵੀ ਉਸ ਦੇ ਸਾਹਮਣੇ ਹਾਜ਼ਰ ਕੀਤਾ ਜਾਵੇ।

7. ਰੈਜ਼ੀਡੈਂਟ ਨੇ ਗੁਰਮੁਖੀ ਵਿਚ ਲਿਖੇ ਇਕ ਪੱਤਰ ਦਾ ਉਲੱਥਾ ਵੀ ਮੈਨੂੰ ਭੇਜਿਆ ਹੈ ਜਿਸ ਬਾਰੇ ਉਹ ਆਖਦਾ ਹੈ ਕਿ ਉਸ ਨੂੰ ਪੂਰਾ ਯਕੀਨ ਹੈ ਕਿ ਇਹ ਬਨਾਰਸ ਤੋਂ ਮਹਾਰਾਣੀ ਜਿੰਦਾਂ ਕੌਰ ਵੱਲੋਂ ਸ. ਚਤੁਰ ਸਿੰਘ ਨੂੰ ਲਿਖਿਆ ਗਿਆ ਹੈ ਅਤੇ ਇਸ ਨੂੰ ਰਾਹ ਵਿਚ ਹੀ ਪਕੜ ਲਿਆ ਗਿਆ। ਇਸ ਪੱਤਰ ਵਿਚ ਅਜਿਹੇ ਸ਼ਬਦਾਂ ਦੀ ਭਰਮਾਰ ਹੈ ਜਿਨਾਂ ਵਿੱਚੋਂ ਅੰਗਰੇਜ਼ ਸਰਕਾਰ ਵਿਰੁੱਧ ਘ੍ਰਿਣਾ ਅਤੇ ਵੈਰ-ਭਾਵ ਡੁੱਲ-ਡੁਲ ਪੈਂਦੇ ਹਨ ਅਤੇ ਸਰ ਹੈਨਰੀ ਲਾਰੈਂਸ ਨੇ ਇਸ ਪੱਤਰ ਦੇ ਸਹੀ ਹੋਣ ਬਾਰੇ ਪੱਕਾ ਵਿਸ਼ਵਾਸ ਕਰਕੇ ਮੈਨੂੰ ਇਹ ਸਿਫਾਰਸ਼ ਕੀਤੀ ਹੈ ਕਿ ਬਨਾਰਸ ਵਿਚ ਮਹਾਰਾਣੀ ਪਾਸ ਜੋ ਵੀ ਰੁਪਯਾ ਪੈਸਾ ਜਾਂ ਹੀਰੇ ਹਨ, ਉਨਾਂ ਸਭਨਾਂ ਨੂੰ ਜ਼ਬਤ ਕਰ ਲਿਆ ਜਾਵੇ ਅਤੇ ਉਸ (ਮਹਾਰਾਣੀ) ਉੱਤੇ ਕਰੜੀ ਨਿਗਾ ਰੱਖੀ ਜਾਵੇ। ਕਿਉਂਕਿ ਰੈਜ਼ੀਡੈਂਟ ਨੇ ਇਹ ਲਿਖਤਾਂ ਭੇਜਣ ਸਮੇਂ ਉਹਨਾਂ ਹਾਲਤਾਂ ਦਾ ਵਰਨਣ ਨਹੀਂ ਕੀਤਾ ਜਿਹਨਾਂ ਤੋਂ ਪੱਕੇ ਤੌਰ 'ਤੇ ਇਹ ਸਿੱਟਾ ਕੱਢਿਆ ਜਾ ਸਕੇ ਕਿ ਇਹ ਪੱਤਰ ਮਹਾਰਾਣੀ ਨੇ ਹੀ ਲਿਖਿਆ ਹੈ ਅਤੇ ਕਿਉਂਕਿ ਮੈਂ ਉਸ ਵਿਰੁਧ ਤਜਵੀਜ਼ ਕੀਤੀ ਗਈ ਕਾਰਵਾਈ ਕਰਨ ਲਈ ਓਨਾ ਚਿਰ ਤਿਆਰ ਨਹੀਂ ਜਿੰਨਾ ਚਿਰ ਇਸ ਮੁਆਮਲੇ ਬਾਰੇ ਸ਼ੰਕਾ ਮੌਜੂਦ ਹੈ, ਮੈਂ ਉਸ ਨੂੰ ਬੇਨਤੀ ਕੀਤੀ ਹੈ ਕਿ ਜੇਕਰ ਹੋ ਸਕਦੇ ਤਾਂ ਉਹ ਸਰਦਾਰਾਂ ਪਾਸੋਂ ਹੋਰ ਸਬੂਤ ਇਕੱਠੇ ਕਰ ਕੇ ਮੈਨੂੰ ਸੂਚਨਾ ਦੇਵੇ ਕਿ ਇਹ ਪੱਤਰ ਕਿਸ ਵੱਲੋਂ ਅਤੇ ਕਿਸ ਨੂੰ ਲਿਖਿਆ ਗਿਆ ਹੈ।

ਕਮਾਂਡਰ ਵੱਲੋਂ ਭੇਜੇ ਗਏ ਪੱਤਰ ਦੇ ਨਾਲ ਹੀ ਇਕ ਅਜਿਹੀ ਸੂਚੀ ਵੀ ਮੈਨੂੰ ਭੇਜੀ ਗਈ ਹੈ ਜਿਸ ਵਿਚ ਇਸ ਮੁਹਿੰਮ ਦੇ ਦੌਰਾਨ ਸ਼ੱਕੀ ਕਿਰਦਾਰ ਵਾਲੇ ਅਫਸਰਾਂ ਦੇ ਨਾਂ ਦਰਜ ਹਨ। ਮੈਂ ਚਾਹੁੰਦਾ ਹਾਂ ਕਿ ਇਸ ਸੂਚੀ ਦੀ ਪ੍ਰੋੜਤਾ ਸਤਿਕਾਰਯੋਗ ਕੋਰਟ ਆਫ ਡਾਇਰੈਕਟਰਜ਼ ਅਤੇ ਗਵਰਨਰ ਜਨਰਲ ਦੀ ਸਰਕਾਰ ਦੁਆਰਾ ਵੀ ਹੋਣੀ ਚਾਹੀਦੀ ਹੈ।

ਮੈਂ ਹਾਂ.....।

ਦਸਤਖ਼ਤ/-ਐੱਚ.ਐੱਮ.ਇਲੀਅਟ

ਇੱਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com




# ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਔਰਤਾਂ



**ਹਰਕੀਰਤ ਕੌਰ**
9779118066

ਜਦੋਂ ਔਰਤ ਦੀ ਸਿਫ਼ਤ ਵਿੱਚ ਔਰਤ ਦੇ ਗੁਣਾਂ ਦਾ ਜ਼ਿਕਰ ਕਰਦੇ ਹਾਂ ਤਾਂ ਅਸੀਂ ਸਾਰੇ ਬਹੁਤ ਹੀ ਮਾਣ ਨਾਲ ਉਸਨੂੰ ਸ਼ਹਿਣਸ਼ੀਲਤਾ ਦੀ ਦੇਵੀ ਕਹਿ ਸਤਿਕਾਰਦੇ ਹਾਂ। ਕਿੰਨਾ ਵਧੀਆ ਲੱਗਦਾ ਹੈ ਸਮਾਜ ਨੂੰ ਔਰਤ ਦਾ ਸਭ ਕੁੱਝ ਚੁੱਪ ਚਾਪ ਸਹਿੰਦਿਆਂ ਦਾ ਰੂਪ। ਕਿੰਨੇ ਅਫਸੋਸ ਦੀ ਗੱਲ ਹੈ ਕਿ ਸਾਡੇ ਸਮਾਜ ਵਿੱਚ ਉਨਾਂ ਔਰਤਾਂ ਨੂੰ ਸਾਊ, ਖਾਨਦਾਨੀ, ਇੱਜ਼ਤਦਾਰ ਤੇ ਸਿਆਣੀਆਂ ਹੋਣ ਦਾ ਖਿਤਾਬ ਦਿੱਤਾ ਜਾਂਦਾ ਹੈ, ਜੋ ਚੁੱਪ ਚਾਪ ਘਰਾਂ ਵਿੱਚ ਸਮਾਜ ਵਿੱਚ ਆਪਣੇ ਨਾਲ ਹੁੰਦੀਆਂ ਵਧੀਕੀਆਂ ਨੂੰ ਸਹਿੰਦੀਆਂ ਹੋਈਆਂ ਆਪਣੇ ਅਰਮਾਨਾਂ ਦਾ ਗਲਾ ਘੁੱਟਦੀਆਂ ਰਹਿਣ, ਜਿਨਾਂ ਲਈ ਆਪਣੇ ਸਵੈ ਦੀ ਕੋਈ ਮਹੱਤਤਾ ਨਹੀਂ ਹੈ ਅਤੇ ਜਿਨਾਂ ਨੇ ਕਦੇ ਆਪਣੇ ਲਈ ਜਿਊਣਾ ਸਿੱਖਿਆ ਹੀ ਨਹੀਂ। ਅਸੀਂ ਭਾਵੇਂ ਕਿੰਨੇ ਵੀ ਦਾਅਵੇ ਕਰ ਲਈਏ ਕਿ ਔਰਤਾਂ ਦੀ ਹਾਲਤ ਸੁਧਰ ਗਈ ਹੈ। ਅੱਜ ਔਰਤ ਸੁਤੰਤਰ ਹੈ, ਸੁੱਰਖਿਅਤ ਹੈ, ਪਰ ਇਹ ਸੱਚ ਨਹੀਂ ਹੈ, ਕੈਮਰੇ ਦੀਆਂ ਅੱਖਾਂ, ਇੰਟਰਨੈੱਟ ਦੀ ਦੁਨੀਆਂ, ਅਖਬਾਰਾਂ ਦੀਆਂ ਸੁਰਖੀਆਂ ਦੀ ਪਹੁੰਚ ਤੋਂ ਦੂਰ ਬੈਠੀਆਂ ਅਜਿਹੀਆਂ ਪਤਾ ਨਹੀਂ ਕਿੰਨੀਆਂ ਕੁ ਔਰਤਾਂ ਹਨ ਜੋ ਅੱਜ ਵੀ ਨਿੱਤ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਜਿਨਾਂ ਦੇ ਘਰਾਂ ਵਿੱਚ ਅੱਜ ਵੀ ਔਰਤ ਸਿਰਫ਼ ਪੈਰ ਦੀ ਜੁੱਤੀ ਸਮਝੀ ਜਾਂਦੀ ਹੈ ਤੇ ਜਿਨਾਂ ਲਈ ਅੱਜ ਵੀ ਕੋਈ ਧਰਤੀ ਦਾ ਹਿੱਸਾ ਆਪਣਾ ਨਹੀਂ। ਹਜ਼ਾਰਾਂ ਲੱਖਾਂ ਅਜਿਹੀਆਂ ਔਰਤਾਂ ਹਨ ਜੋ ਨਿੱਤ ਸਰੀਰਕ ਤੇ ਮਾਨਸਿਕ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ।ਭਾਰਤ ਦੇ ਕਈ ਸੂਬੇ ਅਜਿਹੇ ਹਨ ਜਿੱਥੇ ਮਰਦਾਂ ਦੁਆਰਾ ਘਰ ਦੀਆਂ ਔਰਤਾਂ ਦਾ ਸਰੀਰਕ ਸ਼ੋਸ਼ਣ ਕਰਨਾ, ਮਾਰ ਕੁਟਾਈ ਕਰਨਾ ਉਹਨਾਂ ਦੇ ਨਿੱਤ ਦੇ ਕੰਮਾਂ ਵਿਚੋਂ ਇੱਕ ਹੈ।

ਪਹਿਲਾਂ ਪਹਿਲ ਘਰੇਲੂ ਹਿੰਸਾ ਗਾਲੀ ਗਲੋਚ ਤੋਂ ਸ਼ੁਰੂ ਹੁੰਦੀ ਹੈ, ਔਰਤ ਆਪਣੇ ਸਾਥੀ ਜਾਂ ਪਰਿਵਾਰਿਕ ਮੈਬਰਾਂ ਦਾ ਸਤਿਕਾਰ ਕਰਨਾ ਆਪਣਾ ਫਰਜ਼ ਸਮਝਦੀ ਹੋਈ ਕਦੇ ਵੀ ਇਸਦਾ ਵਿਰੋਧ ਨਹੀਂ ਕਰਦੀ ਅਤੇ ਨਾ ਇਸ ਬਾਰੇ ਕਦੇ ਸੋਚਦੀ , ਹੌਲੀ ਹੌਲੀ ਇਹ ਗਾਲੀ ਗਲੋਚ ਹੱਥ ਚੁੱਕਣ ਤੱਕ ਵੱਧ ਜਾਂਦਾ ਹੈ ਅਤੇ ਫਿਰ ਨਿੱਤ ਦੀ ਆਦਤ ਬਣ ਜਾਂਦਾ ਹੈ। ਬਹੁਤਾਤ ਔਰਤਾਂ ਇਸ ਹਿੰਸਾ ਨੂੰ ਆਪਣੇ ਬੱਚਿਆਂ, ਪਰਿਵਾਰ ਕਰਕੇ ਚੁੱਪ ਚਾਪ ਸਹਿੰਦੀਆਂ ਰਹਿੰਦੀਆਂ ਹਨ। ਭਾਰਤੀ ਸਮਾਜ ਦੀਆਂ ਰਵਾਇਤਾਂ ਅਨੁਸਾਰ ਇੱਕ ਲੜਕੀ ਦਾ ਵਿਆਹ ਜਿਸ ਪਰਿਵਾਰ ਵਿੱਚ ਹੋ ਜਾਂਦਾ ਹੈ, ਉਹੀ ਉਸਦਾ ਆਖਰੀ ਘਰ ਹੁੰਦਾ ਹੈ, ਚਾਹੇ ਉਹ ਕਿੰਨੇ ਵੀ ਮਾੜੇ ਹਲਾਤਾਂ ਵਿੱਚ ਜਾਂ ਸਰੀਰਕ ਜਾਂ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੋਵੇ, ਜਿਆਦਾਤਰ ਪਰਿਵਾਰਾਂ ਵੱਲੋਂ ਲੜਕੀਆਂ ਨੂੰ ਉਨਾਂ ਨਾਲ ਹੋਣ ਵਾਲੀਆਂ ਵਧੀਕੀਆਂ ਚੁੱਪ ਚਾਪ ਸਹਿਣ ਦੀ ਹੀ ਸਿੱਖਿਆ ਦਿੱਤੀ ਜਾਂਦੀ ਹੈ।

ਘਰੇਲੂ ਹਿੰਸਾ ਦੇ ਜਿਆਦਾਤਰ ਕਾਰਨ ਪਤੀ ਦਾ ਨਸ਼ੇ ਕਰਨਾ, ਬੇਟਿਆਂ ਦੀ ਚਾਹਤ, ਵਿਆਹ ਤੋਂ ਬਾਅਦ ਗੈਰ ਸੰਬੰਧ, ਸ਼ੱਕੀ ਸੁਭਾਅ, ਪਰਿਵਾਰਿਕ ਲੜਾਈ ਝਗੜੇ ਆਦਿ ਰਹਿੰਦੇ ਹਨ। ਇਹ ਸਿਰਫ਼ ਭਾਰਤੀ ਸਮਾਜ ਦੀ ਹੀ ਕਹਾਣੀ ਨਹੀਂ ਬਲਕਿ ਦੁਨੀਆਂ ਭਰ ਦੇ ਦੇਸ਼ਾਂ ਦੀ ਕਹਾਣੀ ਹੈ । ਏਥੋਂ ਤੱਕ ਕਿ ਅਮਰੀਕਾ, ਕਨੈਡਾ ਵਰਗੇ ਬਹੁਤ ਵਿਕਸਿਤ ਦੇਸ਼ਾਂ ਵਿੱਚ ਵੀ ਅਜਿਹੀਆਂ ਘਟਨਾਵਾਂ ਵੇਖਣ ਨੂੰ ਮਿਲਦੀਆਂ ਹਨ। ਕੁਝ ਦਿਨ ਪਹਿਲਾਂ ਅਮਰੀਕਾ ਦੇ ਇੱਕ ਸ਼ਹਿਰ ਵਿੱਚ ਪੰਜਾਬਣ ਲੜਕੀ ਦੁਆਰਾ ਘਰੇਲੂ ਹਿੰਸਾ ਤੋਂ ਤੰਗ ਆਕੇ ਆਤਮ ਹੱਤਿਆ ਕਰ ਲਈ ਗਈ, ਜੋ ਆਪਣੇ ਪਿੱਛੇ ਦੋ ਛੋਟੀਆਂ ਬੱਚੀਆਂ ਨੂੰ ਛੱਡ ਗਈ। ਇਸ ਲੜਕੀ ਦੇ ਮਾਰ ਕੁਟਾਈ ਦਾ ਕਾਰਣ ਬੇਟੇ ਦੀ ਇੱਛਾ ਸੀ।ਇਸ ਘਟਨਾ ਨੇ ਪੂਰੇ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਤੋਂ ਇਲਾਵਾ ਡਬਲਿਊ ਐੱਚ ਓ (ਵਰਡ ਹੈੱਲਥ ਆਰਗਨਾਈਜ਼ੇਸ਼ਨ) ਦੁਆਰਾ ਯੂ ਐੱਨ ਓ (ਯੂਨਾਈਟਡ ਨੈਸ਼ਨਜ ਆਰਗਨਾਈਜ਼ੇਸ਼ਨ) ਦੀ ਮਦਦ ਨਾਲ ਸਾਲ 2018 ਵਿੱਚ ਇੱਕ ਸਰਵੇਖਣ ਕੀਤਾ ਗਿਆ ਜਿਸ ਵਿੱਚ ਦੁਨੀਆਂ ਭਰ ਤੋਂ 161 ਦੇਸ਼ਾਂ ਦੀ ਸੂਚੀ ਤਿਆਰ ਕੀਤੀ ਗਈ, ਇਸ ਸਰਵੇਖਣ ਵਿੱਚ ਸਾਲ 2000 ਤੋਂ 2018 ਤੱਕ ਦੇ ਅੰਕੜੇ ਇਕੱਠੇ ਕੀਤੇ ਗਏ ਜਿਨਾਂ ਦੇ ਨਤੀਜਿਆਂ ਤੋਂ ਪਤਾ ਲੱਗਾ ਕਿ ਦੁਨੀਆਂ ਭਰ ਵਿੱਚ ਹਰ 3 ਔਰਤਾਂ ਵਿੱਚ ਇੱਕ ਔਰਤ ਘਰੇਲੂ ਹਿੰਸਾ ਦੀ ਸ਼ਿਕਾਰ ਹੋ ਰਹੀ ਹੈ। ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਵਿੱਚ 15 ਸਾਲ ਦੀਆਂ ਬੱਚੀਆਂ ਜੋ ਆਪਣੇ ਮਤਰਏ ਮਾਤਾ ਪਿਤਾ ਹੱਥੋਂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ ਤੋਂ ਲੈ ਕੇ 45 ਸਾਲ ਦੀ ਉਮਰ ਤੱਕ ਦੀਆਂ ਔਰਤਾਂ ਦੀ ਗਿਣਤੀ ਜਿਆਦਾ ਸ਼ਾਮਿਲ ਹੈ। ਦੁਨੀਆਂ ਭਰ ਵਿੱਚ ਔਰਤਾਂ ਦੇ ਹੋਣ ਵਾਲੇ ਕਤਲਾਂ ਵਿਚੋਂ 38% ਘਰੇਲੂ ਹਿੰਸਾ ਕਾਰਣ ਕੀਤੇ ਜਾਂਦੇ ਹਨ ।

ਅਜਿਹੀਆਂ ਘਟਨਾਵਾਂ ਜਿੱਥੇ ਔਰਤਾਂ ਦੇ ਅਸਹਿ ਦਰਦ ਨੂੰ ਬਿਆਨ ਕਰਦੀਆਂ ਹੋਇਆ ਔਰਤ ਜਾਤ ਦੇ ਸਵੈਭਿਮਾਨ ਨੂੰ ਠੇਸ ਪਹੁੰਚਾਉਂਦੀਆਂ ਹਨ ਉੱਥੇ ਬੱਚਿਆਂ ਦੇ ਮਾਨਸਿਕ ਸਿਹਤ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ, ਆਪਣੇ ਘਰ ਦੀਆਂ ਔਰਤਾਂ ਨੂੰ ਹਿੰਸਾ ਸਹਿੰਦਿਆਂ ਵੇਖਦੇ ਬੱਚੇ ਜਾਂ ਤੋਂ ਬਹੁਤ ਜਿਆਦੇ ਡਰੇ ਸਹਿਮੇ ਨਿਕਲਦੇ ਹਨ ਜਾਂ ਫਿਰ ਏਨੇ ਕੁ ਜਿਆਦਾ ਗੁਸੈਲੇ ਕਿ ਕਈ ਵਾਰ ਸਮਾਜ ਲਈ ਵੀ ਹਾਨੀਕਾਰਕ ਸਾਬਿਤ ਹੁੰਦੇ ਹਨ। ਇਸ ਤੋਂ ਇਲਾਵਾ ਸਮਾਜ ਉੱਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਸਮਾਜ ਦੇ ਮੱਥੇ ਤੇ ਹਿੰਸਕ ਸਮਾਜ ਦਾ ਧੱਬਾ ਲੱਗ ਜਾਂਦਾ ਹੈ ਅਤੇ ਆਮ ਲੋਕਾਂ ਲਈ ਸਵਾਲ ਖੜਾ ਹੋ ਜਾਂਦਾ ਹੈ ਕਿ ਆਖਰ ਕਿਉਂ ਅਸੀਂ ਇੱਕ ਚੰਗਾ ਤੇ ਸੱਭਿਅਕ ਸਮਾਜ ਸਿਰਜਣ ਵਿੱਚ ਅਸਫ਼ਲ ਰਹੇ ਹਾਂ।

ਅੱਜ ਲੋੜ ਹੈ ਅਜਿਹੇ ਲੋਕਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ। ਆਪਣੀਆਂ ਧੀਆਂ ਨੂੰ ਸਭ ਕੁਝ ਚੁੱਪ ਚਪੀਤੇ ਸਹਿਣ ਦੀ ਸਿੱਖਿਆ ਦੇਣ ਦੀ ਬਜਾਏ ਧੀਆਂ ਨੂੰ ਏਨੇ ਕਾਬਿਲ ਬਣਾਉਣ ਦੀ ਕਿ ਉਹ ਉਨਾਂ ਸਾਰੀਆਂ ਅਖੌਤੀ ਰਵਾਇਤਾਂ ਦੀਆਂ ਬਾਹਾਂ ਭੰਨ ਸਕਣ ਜੋ ਉਨਾਂ ਦੇ ਅਸਤਿਤੁਵ ਉੱਪਰ ਹਿੰਸਾ ਦੇ ਨਿਸ਼ਾਨ ਛੱਡਦੀਆਂ ਹਨ। ਲੋੜ ਹੈ ਮਾਪੇ, ਸਕੂਲਾਂ ਕਾਲਜਾਂ, ਅਖਬਾਰਾਂ, ਰਸਾਲਿਆਂ ਰਾਹੀਂ ਔਰਤਾਂ ਨੂੰ ਉਨਾਂ ਦੇ ਹੱਕਾਂ ਤੇ ਆਪਣੀ ਸੁਰੱਖਿਆ ਲਈ ਅਵਾਜ਼ ਉਠਾਉਣ ਪ੍ਰਤੀ ਜਾਗਰੂਕ ਕਰਨ ਦੀ। ਜੇਕਰ ਤੁਸੀਂ ਧਰਤੀ 'ਤੇ ਆਏ ਹੋ ਤਾਂ ਤੁਹਾਡਾ ਆਪਣਾ ਇੱਕ ਵਜੂਦ ਹੈ, ਹਰ ਔਰਤ ਨੂੰ ਸ਼ਾਨ ਨਾਲ ਜਿਊਣ ਦਾ ਹੱਕ ਹੈ, ਹੁਣ ਔਰਤ ਨੂੰ ਮਜਲੂਮ ਤੇ ਮਾਸੂਮ ਬਣ ਚੁੱਪ ਚਾਪ ਸਹਿਣ ਦੀ ਜਰੂਰਤ ਨਹੀਂ, ਆਓ ਆਪਣੇ ਆਪੇ ਲਈ ਆਪਣੀ ਢਾਲ ਆਪ ਬਣੀਏ ਤੇ ਹਰ ਸਮਾਜਿਕ ਬੁਰਾਈ ਦਾ ਸਾਹਮਣਾ ਕਰਦੇ ਹੋਏ ਇੱਕ ਸੱਭਿਅਕ ਸਮਾਜ ਸਿਰਜਣ ਵਿੱਚ ਆਪਣਾ ਯੋਗਦਾਨ ਪਾਈਏ।

# ਮਾਨਸਿਕ ਗੁਲਾਮੀ ਦਾ ਸ਼ਿਕਾਰ ਪੰਜਾਬਣਾਂ

## ਔਰਤ ਜਿੰਨਾ ਮਰਜ਼ੀ ਆਜ਼ਾਦੀ ਦਾ ਦਿਖਾਵਾ ਕਰਦੀ ਹੋਵੇ...



**ਸਰਬਜੀਤ ਕੌਰ ਸਰਬ**

ਇਕ ਔਰਤ ਜਿੰਨਾ ਮਰਜ਼ੀ ਆਜ਼ਾਦੀ ਦਾ ਦਿਖਾਵਾ ਕਰਦੀ ਹੋਵੇ ਪਰ ਅਸਲ ਵਿੱਚ ਉਸ ਦੀ ਇਹ ਆਜ਼ਾਦੀ ਬਾਹਰੀ ਵਿਖਾਵੇ ਪਨ ਤੋਂ ਇਲਾਵਾ ਕੁਝ ਨਹੀਂ ਹੁੰਦੀ, ਕਿਉਂਕੀ ਅੰਦਰੋਂ ਤਾਂ ਉਹ ਇਕ ਗੁਲਾਮੀ ਭਰਿਆ ਜੀਵਨ ਹੀ ਬਤੀਤ ਕਰਦੀ ਹੈ ਅੱਜ ਵੀ ਉਸ ਦੀ ਮਾਨਸਿਕਤਾ ਵਿਚ ਗੁਲਾਮੀ ਭਰੀ ਹੋਈ ਹੈ, ਜਿਸ ਦੀ ਪ੍ਰਤੱਖ ਉਦਾਹਰਣ ਅਮਰੀਕਾ ਵਿੱਚ ਰਹਿੰਦੀ ਮਨਦੀਪ ਕੌਰ ਸੀ ਜਿਸ ਦੀ ਇਸ ਅੰਧਵਿਸ਼ਵਾਸੀ ਸਮਾਜ ਨੇ ਬਲੀ ਲੈ ਲਈ ਹੈ । ਬੇਸ਼ੱਕ ਉਹ ਇਕ ਅਜਿਹੇ ਦੇਸ਼ ਵਿਚ ਰਹਿ ਰਹੀ ਸੀ ਜਿੱਥੇ ਔਰਤਾਂ ਮਰਦਾਂ ਦੇ ਬਰਾਬਰ ਕੰਮ ਕਰਦੀਆਂ ਹਨ ਤੇ ਔਰਤਾਂ ਉਤੇ ਕਿਸੇ ਵੀ ਤਰਾਂ ਦਾ ਅੱਤਿਆਚਾਰ ਹੁੰਦਾ ਨਜ਼ਰ ਨਹੀਂ ਆਉਂਦਾ । ਜੇਕਰ ਕਿਸੇ ਔਰਤ ਉਤੇ ਕੋਈ ਅੱਤਿਆਚਾਰ ਹੁੰਦਾ ਹੈ ਤਾਂ ਅਜਿਹੇ ਮੁਲਕ ਦੀਆਂ ਸਰਕਾਰਾਂ ਅਪਰਾਧੀ ਨੂੰ ਸਖ਼ਤ ਸਜ਼ਾਵਾਂ ਦਿੰਦੀਆਂ ਹਨ । ਪਰ ਮਨਦੀਪ ਕੌਰ ਨਾਲ ਵਾਪਰੀ ਇਹ ਦਰਦਨਾਕ ਘਟਨਾ ਇਸ ਗੱਲ ਦੀ ਹਾਮੀ ਭਰਦੀ ਹੈ ਕਿ ਜਦੋਂ ਤਕ ਔਰਤ ਆਪਣੀ ਮਾਨਸਿਕ ਆਜ਼ਾਦੀ ਦਾ ਨਿੱਘ ਨਹੀਂ ਮਾਣਦੀ ਉਸ ਦੇ ਲਈ ਦਿਖਾਵੇ ਦੀ ਆਜ਼ਾਦੀ ਕੋਈ ਮਾਇਨੇ ਨਹੀਂ ਰੱਖਦੀ ਹੈ ।

ਪੰਜਾਬਣਾਂ ਦੀ ਸੋਚ ਵਿਚ ਜੋ ਗੁਲਾਮੀ ਦੀਆਂ ਜ਼ੰਜੀਰਾਂ ਬੰਨੀਆਂ ਹੋਈਆਂ ਹਨ ਉਹ ਉਨਾਂ ਨੂੰ ਕਦੇ ਵੀ ਆਜ਼ਾਦ ਨਹੀਂ ਹੋਣ ਦਿੰਦੀਆਂ ਬੇਸ਼ੱਕ ਉਹ ਕਿਸੇ ਵੀ ਮੁਲਕ ਦਾ ਹਿੱਸਾ ਬਣ ਜਾਣ । ਸਾਡਾ ਸਮਾਜ ਅੱਜ ਵੀ ਔਰਤ ਤੋਂ ਵੱਧ ਮਰਦ ਨੂੰ ਪ੍ਰਮੁੱਖਤਾ ਦਿੰਦਾ ਹੈ । ਜੇਕਰ ਔਰਤ ਕੰਮਕਾਜੀ ਵੀ ਹੋਵੇ ਤਦ ਵੀ ਉਸ ਨੂੰ ਘਰ ਦੀ ਚਾਰਦੀਵਾਰੀ ਅੰਦਰ ਪਰਿਵਾਰਕ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ । ਜਦਕਿ ਮਰਦ ਨੂੰ ਸਮਝਿਆ ਜਾਂਦਾ ਹੈ ਕਿ ਉਹ ਘਰ ਦਾ ਮੁਖੀਆ ਹੈ ਜੋ ਸਿਰਫ਼ ਔਰਤ ਉੱਤੇ ਹੁਕਮ ਚਲਾਉਣਾ ਜਾਣਦਾ ਹੈ । ਅਜਿਹੀ ਸੋਚ ਦੇ ਮਾਲਕ ਲੋਕ ਕਦੇ ਵੀ ਔਰਤ ਨੂੰ ਮਾਨਸਿਕ ਤੌਰ ਤੇ ਆਜ਼ਾਦ ਨਹੀਂ ਕਰ ਸਕਦੇ । ਦਿਨ ਪ੍ਰਤੀ ਦਿਨ ਵਾਪਰਦੀਆਂ ਅਜਿਹੀਆਂ ਘਟਨਾਵਾਂ ਕੁਝ ਕੁ ਸਮੇਂ ਲਈ ਲੋਕਾਂ ਉੱਤੇ ਗਹਿਰਾ ਪ੍ਰਭਾਵ ਤਾਂ ਪਾ ਸਕਦੀਆਂ ਹਨ ਪਰ ਇਨਾਂ ਮਸਲਿਆਂ ਉਤੇ ਕੋਈ ਵੀ ਖੁੱਲ ਕੇ ਗੱਲ ਨਹੀਂ ਕਰਦਾ । ਜੇਕਰ ਅੱਜ ਗੱਲ ਮਨਦੀਪ ਕੌਰ ਦੀ ਕੀਤੀ ਜਾਵੇ ਤਾਂ ਇਹ ਕਹਿਣ ਵਿਚ ਕੋਈ ਅਤਿ ਕਥਨੀ ਨਹੀਂ ਕੀ ਉਸ ਦੀ ਆਤਮ ਹੱਤਿਆ ਨਾਲ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਉਸ ਦੇ ਬੱਚਿਆਂ ਨੂੰ ਪਿਆ ਹੈ ਜਿਨਾਂ ਦੇ ਕੋਲੋਂ ਮਾਂ ਦਾ ਸਾਇਆ ਹੀ ਉੱਠ ਗਿਆ ਹੈ। ਪਰਿਵਾਰਿਕ ਰਿਸ਼ਤਿਆਂ ਦੀ ਦਲਦਲ ਵਿਚ ਫਸੀ ਮਨਦੀਪ ਕੌਰ ਦੀ ਇਹ ਆਤਮਹੱਤਿਆ ਇਸ ਗੱਲ ਨੂੰ ਵੀ ਉਜਾਗਰ ਕਰ ਗਈ ਹੈ ਕਿ ਔਰਤ ਹੀ ਔਰਤ ਦੀ ਸਭ ਤੋਂ ਵੱਡੀ ਦੁਸ਼ਮਣ ਹੁੰਦੀ ਹੈ। ਮਾਂ, ਪਿਉ, ਭੈਣ ਅਤੇ ਭਰਾ ਦਾ ਰਿਸ਼ਤਾ ਹੀ ਇੱਕ ਅਜਿਹਾ ਰਿਸ਼ਤਾ ਹੈ ਜਿਸ ਦੇ ਨਿੱਘ ਵਿੱਚ ਅਸੀਂ ਦੁਨੀਆਂ ਦੇ ਰੰਗ ਮਾਣ ਸਕਦੇ ਹਾਂ । ਇਨਾਂ ਤੋਂ ਇਲਾਵਾ ਜੋ ਰਿਸ਼ਤੇ ਸੰਸਾਰਿਕ ਰੂਪ ਵਿਚ ਔਰਤ ਨਾਲ ਜੁੜਦੇ ਹਨ ਉਹ ਕੇਵਲ ਤੇ ਕੇਵਲ ਜ਼ਰੂਰਤਾਂ ਦੇ ਰਿਸ਼ਤੇ ਹਨ ਜਿਨਾਂ ਵਿੱਚ ਪਿਆਰ ਨਾਲੋਂ ਤਕਰਾਰ ਵੱਧ ਹੁੰਦੀ ਹੈ। ਤੇ ਜਦੋਂ ਇਹ ਤਕਰਾਰਾਂ ਹੱਦੋਂ ਵੱਧ ਜਾਣ ਤਾਂ ਕਲੇਸ਼ ਅਤੇ ਲੜਾਈ ਦਾ ਰੂਪ ਧਾਰਨ ਕਰ ਜਾਂਦੀਆਂ ਹਨ ।

ਦਿਨ ਪ੍ਰਤੀ ਦਿਨ ਵਾਪਰਦੀਆਂ ਅਜਿਹੀਆਂ ਘਟਨਾਵਾਂ ਕੁਝ ਕੁ ਸਮੇਂ ਲਈ ਲੋਕਾਂ ਉੱਤੇ ਗਹਿਰਾ ਪ੍ਰਭਾਵ ਤਾਂ ਪਾ ਸਕਦੀਆਂ ਹਨ ਪਰ ਇਨਾਂ ਮਸਲਿਆਂ ਉਤੇ ਕੋਈ ਵੀ ਖੁੱਲ ਕੇ ਗੱਲ ਨਹੀਂ ਕਰਦਾ । ਜੇਕਰ ਅੱਜ ਗੱਲ ਮਨਦੀਪ ਕੌਰ ਦੀ ਕੀਤੀ ਜਾਵੇ ਤਾਂ ਇਹ ਕਹਿਣ ਵਿਚ ਕੋਈ ਅਤਿ ਕਥਨੀ ਨਹੀਂ ਕੀ ਉਸ ਦੀ ਆਤਮ ਹੱਤਿਆ ਨਾਲ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਉਸ ਦੇ ਬੱਚਿਆਂ ਨੂੰ ਪਿਆ ਹੈ ਜਿਨਾਂ ਦੇ ਕੋਲੋਂ ਮਾਂ ਦਾ ਸਾਇਆ ਹੀ ਉੱਠ ਗਿਆ ਹੈ। ਪਰਿਵਾਰਿਕ ਰਿਸ਼ਤਿਆਂ ਦੀ ਦਲਦਲ ਵਿਚ ਫਸੀ ਮਨਦੀਪ ਕੌਰ ਦੀ ਇਹ ਆਤਮਹੱਤਿਆ ਇਸ ਗੱਲ ਨੂੰ ਵੀ ਉਜਾਗਰ ਕਰ ਗਈ ਹੈ ਕਿ ਔਰਤ ਹੀ ਔਰਤ ਦੀ ਸਭ ਤੋਂ ਵੱਡੀ ਦੁਸ਼ਮਣ ਹੁੰਦੀ ਹੈ। ਮਾਂ, ਪਿਉ, ਭੈਣ ਅਤੇ ਭਰਾ ਦਾ ਰਿਸ਼ਤਾ ਹੀ ਇੱਕ ਅਜਿਹਾ ਰਿਸ਼ਤਾ ਹੈ ਜਿਸ ਦੇ ਨਿੱਘ ਵਿੱਚ ਅਸੀਂ ਦੁਨੀਆਂ ਦੇ ਰੰਗ ਮਾਣ ਸਕਦੇ ਹਾਂ । ਇਨਾਂ ਤੋਂ ਇਲਾਵਾ ਜੋ ਰਿਸ਼ਤੇ ਸੰਸਾਰਿਕ ਰੂਪ ਵਿਚ ਔਰਤ ਨਾਲ ਜੁੜਦੇ ਹਨ ਉਹ ਕੇਵਲ ਤੇ ਕੇਵਲ ਜ਼ਰੂਰਤਾਂ ਦੇ ਰਿਸ਼ਤੇ ਹਨ ਜਿਨਾਂ ਵਿੱਚ ਪਿਆਰ ਨਾਲੋਂ ਤਕਰਾਰ ਵੱਧ ਹੁੰਦੀ ਹੈ। ਤੇ ਜਦੋਂ ਇਹ ਤਕਰਾਰਾਂ ਹੱਦੋਂ ਵੱਧ ਜਾਣ ਤਾਂ ਕਲੇਸ਼ ਅਤੇ ਲੜਾਈ ਦਾ ਰੂਪ ਧਾਰਨ ਕਰ ਜਾਂਦੀਆਂ ਹਨ ।



# ਅਮਰੀਕਾ ਦੀਆਂ ਜੇਲਾਂ ਉਜਰਤੀ ਗੁਲਾਮਾਂ ਦਾ ਨਰਕ ਤੇ ਕਾਲਿਆਂ ਨਾਲ ਵਿਤਕਰਾ

## 1,00,000 ਨਾਗਰਿਕਾਂ ਪਿੱਛੇ 639 ਕੈਦੀ ਅਮਰੀਕਾ ਦੀਆਂ ਜੇਲਾਂ 'ਚ ਬੰਦ

**ਗੁਰਮਨ**

ਅਮਰੀਕੀ ਰਾਜ ਜਿਹੜਾ 'ਅਜ਼ਾਦ ਲੋਕਾਂ ਦੀ ਧਰਤੀ' ਹੋਣ ਦਾ ਦਾਅਵਾ ਕਰਦਾ ਹੈ ਉਸਦਾ ਜੇਲ ਪ੍ਰਬੰਧ ਕੋਈ ਹੋਰ ਹੀ ਕਹਾਣੀ ਬਿਆਨ ਕਰ ਰਿਹਾ ਹੈ। 'ਮੈਗਜ਼ੀਨ ਹਾਰਵਰਡ ਪੁਲੀਟੀਕਲ ਰੀਵਿਊ' ਦੇ ਇੱਕ ਲੇਖ ਮੁਤਾਬਿਕ ਦੁਨੀਆਂ ਦਾ ਹਰ ਪੰਜਵਾਂ ਕੈਦੀ ਅਮਰੀਕਾ ਦੀਆਂ ਜੇਲਾਂ ਵਿੱਚ ਬੰਦ ਹੈ। ਅਮਰੀਕਾ ਪ੍ਰਤੀ ਵਿਅਕਤੀ ਕੈਦੀ ਦਰ ਦੇ ਮਾਮਲੇ ਵਿੱਚ ਵੀ ਦੁਨੀਆਂ 'ਤੇ ਅਵੱਲ ਸਥਾਨ 'ਤੇ ਹੈ। 1,00,000 ਨਾਗਰਿਕਾ ਪਿੱਛੇ 639 ਕੈਦੀ ਅਮਰੀਕਾ ਦੀਆਂ ਜੇਲਾਂ ਵਿੱਚ ਬੰਦ ਹਨ, ਜਿਹੜਾ ਕਿ ਪ੍ਰਤੀ ਵਿਅਕਤੀ ਦਰ ਦੇ ਮਾਮਲੇ ਵਿੱਚ ਦੁਨੀਆਂ ਵਿੱਚ ਪਹਿਲੇ ਸਥਾਨ 'ਤੇ ਹੈ। ਅਮਰੀਕਾ ਵਿੱਚ ਨਿਆਂ ਪ੍ਰਬੰਧ ਨੂੰ ਸਮਵਰਤੀ ਸੂਚੀ ਵਿੱਚ ਰੱਖਿਆ ਗਿਆ ਹੈ। ਅਮਰੀਕਾ ਦੇ ਸੂਬੇ ਅਤੇ ਫੈਡਰਲ ਜੇਲਾਂ ਵਿਚਲੇ ਕੈਦੀਆਂ ਨੂੰ ਮਿਲਾ ਕੇ ਗਿਣਤੀ 20 ਲੱਖ ਤੋਂ ਉੱਪਰ ਪਹੁੰਚ ਜਾਂਦੀ ਹੈ।

ਹੁਣ ਮੁੜਦੇ ਹਾਂ ਅਸੀਂ ਆਪਣੇ ਅਸਲ ਮੁੱਦੇ ਸਰਮਾਏਦਾਰੀ ਪ੍ਰਬੰਧ ਅਤੇ ਜੇਲਾਂ ਦੇ ਆਪਸੀ ਰਿਸ਼ਤੇ ਬਾਰੇ। ਅਮਰੀਕਾ ਵਿਚਲੀਆਂ ਜੇਲਾਂ ਦੀ ਸ਼ੁਰੂਆਤ ਵਿੱਚ ਇਸਾਈ ਧਰਮ ਦੇ ਇੱਕ ਫਿਰਕੇ 'ਰਿਲੀਜੀਅਸ ਸੁਸਾਇਟੀ ਆਫ ਫਰੈਂਡਸ' ਦੇ ਜਿਨਾਂ ਪੈਰੋਕਾਰਾਂ ਨੂੰ 'ਕੁਏਕਰਸ' ਕਿਹਾ ਜਾਂਦਾ ਸੀ, ਬਹੁਤ ਵੱਡਾ ਰੋਲ ਹੈ। ਇਨਾਂ ਨੂੰ ਆਧੁਨਿਕ ਜੇਲਾਂ ਦਾ ਜਨਮਦਾਤਾ ਵੀ ਕਿਹਾ ਜਾਂਦਾ ਹੈ। ਇਨਾਂ ਦਾ ਵਿਚਾਰ ਸੀ ਕੇ ਇਕਾਂਤ ਕੈਦ ਵਿੱਚ ਕੈਦੀ ਦੇ ਨੈਤਿਕ ਪੱਧਰ ਨੂੰ ਉੱਚਾ ਚੁੱਕਿਆ ਜਾ ਸਕਦਾ ਹੈ ਅਤੇ ਉਸਨੂੰ ਅਧਿਆਤਮਕ ਤੌਰ 'ਤੇ ਸ਼ੁੱਧ ਬਣਾਇਆ ਜਾ ਸਕਦਾ ਹੈ। ਇਨਾਂ ਜੇਲਾਂ ਵਿੱਚ ਉਨਾਂ ਲਈ ਧਾਰਮਿਕ ਗ੍ਰੰਥਾਂ ਦਾ ਪਾਠ ਕਰਨ ਦਾ ਪ੍ਰਬੰਧ ਸੀ ਤਾਂ ਕਿ ਉਹ ਆਪਣੇ ਸਵੈ ਨੂੰ ਉੱਚਾ ਚੁੱਕ ਸਕਣ।

ਅਮਰੀਕਨ ਗ੍ਰਹਿ ਯੁੱਧ ਤੋਂ ਪਹਿਲਾਂ ਜੇਲਾਂ ਦਾ ਕੋਈ ਠੋਸ ਢਾਂਚਾ ਨਹੀਂ ਸੀ। ਗੁਲਾਮਦਾਰੀ ਦੇ ਕਨੂੰਨੀ ਤੌਰ 'ਤੇ ਅੰਤ ਨੇ ਸਸਤੇ ਮਜ਼ਦੂਰ ਕਾਮਿਆਂ ਦੀ ਕਮੀ ਪੈਦਾ ਕਰ ਦਿੱਤੀ। ਸਸਤੇ ਮਜ਼ਦੂਰਾਂ ਦੀ ਇਸ ਕਮੀ ਨੇ ਅਮਰੀਕਾ ਦੀਆਂ ਬਹੁਤ ਸਾਰੀਆਂ ਨਿੱਜੀ ਕੰਪਨੀਆਂ ਲਈ ਇਕ ਸੰਕਟ ਖੜਾ ਕਰ ਦਿੱਤਾ। ਇਸ ਸੰਕਟ ਦਾ ਹੱਲ ਇਕ 'ਕਨਵਿਕਟ ਲੀਜਿੰਗ ਸਿਸਟਮ' ਦੇ ਸਹਾਰੇ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਪ੍ਰਬੰਧ ਦੇ ਅਧੀਨ ਕੈਦੀਆਂ ਨੂੰ ਨਿੱਜੀ ਰੇਲਵੇ ਅਤੇ ਖਾਣਾਂ ਆਦਿ ਦੇ ਕੰਮਾਂ 'ਤੇ ਭੇਜਿਆ ਜਾਂਦਾ ਸੀ। ਕੈਦੀ ਇਹਨਾਂ ਕੰਪਨੀਆਂ ਵਿੱਚ ਬਿਨਾਂ ਕਿਸੇ ਉਜਰਤਾਂ ਜਾਂ ਫਿਰ ਨਾਮਾਤਰ ਉਜਰਤ 'ਤੇ ਕੰਮ ਕਰਦੇ ਸਨ। ਗ੍ਰਹਿਯੁੱਧ ਤੋਂ ਬਾਅਦ ਅਮਰੀਕੀ ਸੰਵਿਧਾਨ ਵਿੱਚ 13ਵੀਂ ਸੋਧ ਲਿਆਂਦੀ ਗਈ ਜਿਸ ਅਨੁਸਾਰ ਗੁਲਾਮਦਾਰੀ ਨੂੰ ਤਾਂ ਖਤਮ ਕਰ ਦਿੱਤਾ ਗਿਆ ਪਰ ਇਸ ਦਾ ਇੱਕ ਲੁਕਵਾਂ ਰੂਪ ਜੇਲਾਂ ਵਿੱਚ ਅਜੇ ਤੱਕ ਜਾਰੀ ਹੈ। ਇਸ ਸੋਧ ਮੁਤਾਬਕ ਕਿਸੇ ਵੀ ਕੈਦੀ ਕੋਲੋਂ ਉਸਦੇ ਅਪਰਾਧ ਦੀ ਸਜ਼ਾ ਲਈ ਉਸਦੀ ਇੱਛਾ ਦੇ ਵਿਰੁੱਧ ਕੋਈ ਵੀ ਕੰਮ ਲਿਆ ਜਾ ਸਕਦਾ ਹੈ।

ਅਮਰੀਕਾ ਵਿੱਚ ਜੇਲਾਂ ਦੀ ਸਥਾਪਤੀ ਸੁਧਾਰ ਘਰ ਦੇ ਰੂਪ ਵਿੱਚ ਹੋਈ ਸੀ। ਪਰ ਇਹ ਜੇਲਾਂ ਆਪਣੀ ਸਥਾਪਤੀ ਦੇ ਮੁੱਢਲੇ ਦੌਰ ਤੋਂ ਹੀ ਸਸਤੀ ਕਿਰਤ ਸ਼ਕਤੀ ਮੁਹੱਈਆ



ਕਰਵਾਉਣ ਦਾ ਇੱਕ ਜਰੀਆ ਹਨ। ਇੱਕ ਖੋਜ ਮੁਤਾਬਿਕ ਇਨਾਂ ਕੈਦੀਆਂ ਦੀ ਇੱਕ ਦਿਨ ਦੀ ਉਜਰਤ ਇੱਕ ਡਾਲਰ ਤੋਂ ਘੱਟ ਹੈ। ਇੰਨੀ ਘੱਟ ਕਮਾਈ ਕਾਰਨ ਉਹ ਆਪਣੇ ਨਿੱਜੀ ਰਿਸ਼ਤੇਦਾਰਾਂ ਨੂੰ ਫੋਨ ਵੀ ਨਹੀਂ ਕਰ ਸਕਦੇ ਕਿਉਂਕਿ 10 ਮਿੰਟ ਦੇ ਫੋਨ ਦਾ ਖਰਚਾ 3 ਤੋਂ 5 ਡਾਲਰ ਹੈ ਜੋ ਕਿ ਉਹਨਾਂ ਦੀ ਤਿੰਨ ਦਿਨਾਂ ਦੀ ਮਿਹਨਤ ਬਣਦੀ ਹੈ। ਕੈਦੀਆਂ ਨੂੰ ਆਪਣੀਆਂ ਨਿੱਜੀ ਲੋੜਾਂ ਪੂਰੀਆਂ ਕਰਨ ਲਈ ਜਰੂਰੀ ਵਸਤਾਂ ਜਿਵੇਂ ਕਿ ਸਾਬਣ, ਖਾਣ ਪੀਣ ਦਾ ਸਮਾਨ ਮਹਿੰਗੇ ਭਾਅ 'ਤੇ ਮਿਲਦਾ ਹੈ। ਕੈਦੀਆਂ ਦੇ ਇਨਾਂ ਹਲਾਤਾਂ ਦਾ ਬੋਝ ਸਿਰਫ ਉਨਾਂ 'ਤੇ ਹੀ ਨਹੀਂ ਉਨਾਂ ਦੇ ਪਰਿਵਾਰਾਂ ਨੂੰ ਵੀ ਝੱਲਣਾ ਪੈਂਦਾ ਹੈ ਕਿਉਂਕਿ ਉਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਪਰਿਵਾਰਕ ਮੈਂਬਰਾਂ ਨੂੰ ਮਾਲੀ ਸਹਾਇਤਾ ਭੇਜਣੀ ਪੈਂਦੀ ਹੈ। ਭਵਿੱਖ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਲਈ ਕੈਦੀਆਂ ਨੂੰ ਕਿਸੇ ਹੁਨਰ ਦੀ ਸਿਖਲਾਈ ਵੀ ਨਹੀਂ ਦਿੱਤੀ ਜਾਂਦੀ ਜਿਸ ਕਰਕੇ 50 ਫੀਸਦੀ ਤੋਂ ਵੱਧ ਕੈਦੀ ਦੁਬਾਰਾ ਕਿਸੇ ਅਪਰਾਧ ਤਹਿਤ ਜੇਲ ਵਿੱਚ ਪਹੁੰਚ ਜਾਂਦੇ ਹਨ।

ਵੱਖ-ਵੱਖ ਸਮੇਂ 'ਤੇ ਹੁੰਦੇ ਸਰਵੇਖਣਾਂ ਮੁਤਾਬਕ ਅਮਰੀਕਾ ਦੀਆਂ ਜੇਲਾਂ ਵਿੱਚ ਕੁੱਲ ਕੈਦੀਆਂ ਦੀ ਗਿਣਤੀ 20 ਲੱਖ ਤੋਂ ਉੱਪਰ ਹੈ। ਕੈਦੀਆਂ ਦੀ ਗਿਣਤੀ ਵਿੱਚ ਪਿਛਲੇ 40 ਸਾਲਾਂ ਵਿੱਚ ਰਿਕਾਰਡ ਤੋੜ ਵਾਧਾ ਹੋਇਆ ਹੈ ਕੈਦੀਆਂ ਦੀ ਗਿਣਤੀ 500 ਫੀਸਦੀ ਵਧ ਗਈ ਹੈ। 1970 ਅਤੇ 80ਵਿਆਂ ਤੋਂ ਬਾਅਦ ਕੈਦੀਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋਇਆ ਹੈ। ਇੱਥੇ ਇੱਕ ਗੱਲ ਧਿਆਨ ਦੇਣ ਵਾਲ਼ੀ ਹੈ ਕਿ ਇਹ ਉਹੀ ਸਮਾਂ ਹੈ ਜਦੋਂ ਅਮਰੀਕਾ ਆਪਣੇ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਿਹਾ ਸੀ।

ਮਹਿੰਗਾਈ ਦੀ ਦਰ ਨਿੱਤ ਨਵਾਂ ਆਸਮਾਨ ਛੂਹ ਰਹੀ ਸੀ। ਇਸ ਸਮੇਂ ਦੌਰਾਨ ਅਮਰੀਕਨ ਸਰਕਾਰ ਨੇ 'ਨਸ਼ੇ ਉੱਪਰ ਜੰਗ' ਦਾ ਅਹਿਦ ਲਿਆ ਜਿਸ ਤਹਿਤ ਮਾੜਾ-ਮੋਟਾ ਨਸ਼ਾ ਰੱਖਣ/ਵਰਤਣ ਦੇ ਨਾਮ ਉੱਪਰ ਵੱਡੇ ਪੱਧਰ 'ਤੇ ਗ੍ਰਿਫਤਾਰੀਆਂ ਕੀਤੀਆਂ ਗਈਆਂ ਤੇ ਕੈਦ ਦੀ ਸਜ਼ਾ ਸੁਣਾਈ ਗਈ। ਰਾਸ਼ਟਰਪਤੀ ਰਿਚਰਡ ਨਿਕਸਨ ਦੇ ਇਸ ਐਲਾਨ ਤੋਂ ਬਾਅਦ ਅਤੇ ਫਿਰ 1986 ਵਿੱਚ ਨਸ਼ਾ ਵਿਰੋਧੀ ਕਨੂੰਨ ਬਣਨ ਤੋਂ ਬਾਅਦ ਕੈਦੀਆਂ ਦੀ ਸੰਖਿਆ ਵਿੱਚ ਭਾਰੀ ਵਾਧਾ ਹੋਇਆ। ਇੱਥੇ ਇੱਕ ਬਹੁਤ ਹੀ ਧਿਆਨ ਦੇਣਯੋਗ ਗੱਲ ਹੈ ਇਸ ਸਮੇਂ ਅਮਰੀਕਾ ਵਿੱਚ ਅਪਰਾਧਿਕ ਮਾਮਲਿਆ ਦੀ ਦਰ ਪਹਿਲਾਂ ਨਾਲ਼ੋਂ ਘੱਟ ਹੋਈ ਜਦੋਂ ਕਿ ਕੈਦੀਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋਇਆ। ਅਪਰਾਧ ਦਰ ਦਾ ਘਟਣਾ ਅਤੇ ਕੈਦੀਆਂ ਦੀ ਗਿਣਤੀ ਵਧਣਾ ਇੱਕ ਬਹੁਤ ਵੱਡਾ ਆਪਾ ਵਿਰੋਧ ਹੈ। ਜੇਲਾਂ ਵਿਚਲੀ ਜਨਸੰਖਿਆ ਦੇ ਵਧਣ ਦਾ ਮੁੱਖ ਕਾਰਨ 'ਨਸ਼ਾ ਵਿਰੋਧੀ ਮੁਹਿੰਮ' ਹੀ ਦੱਸਿਆ ਜਾਂਦਾ ਹੈ।

**ਮਨੁੱਖੀ ਅਧਿਕਾਰ**

ਕੈਦੀਆਂ ਦੇ ਨਾਲ਼-ਨਾਲ਼ ਜੇਲਾਂ ਦੀ ਗਿਣਤੀ ਵਿੱਚ ਵੀ ਇਜਾਫਾ ਹੋਇਆ। ਹੁਣ ਅਮਰੀਕਾ ਵਿਚਲੀਆਂ ਜੇਲਾਂ ਨੇ ਨਿੱਜੀ ਸਨਅਤ ਦਾ ਰੂਪ ਧਾਰਨ ਕਰ ਲਿਆ। ਇੱਕ ਅਨੁਮਾਨ ਮੁਤਾਬਕ ਅਮਰੀਕਾ ਵਿਚ 158 ਨਿੱਜੀ ਜੇਲਾਂ ਹਨ ਜਿਨਾਂ ਵਿੱਚ ਅਮਰੀਕਾ ਦੇ ਕੁੱਲ ਕੈਦੀਆਂ ਦੀ 8 ਫੀਸਦੀ ਸੰਖਿਆ ਬੰਦ ਹੈ। ਸਭ ਨਿੱਜੀ ਤੇ ਸਰਕਾਰੀ ਜੇਲਾਂ ਕੈਦੀਆਂ ਤੋਂ ਭਾਰੀ ਮੁਸ਼ੱਕਤ ਕਰਵਾਉਂਦੀਆਂ ਹਨ। ਕੈਦੀਆਂ ਨੂੰ ਬਹੁਤ ਨਿਗੂਣੀਆਂ ਉਜਰਤਾਂ ਦਿੱਤੀਆਂ ਜਾਂਦੀਆਂ ਹਨ। ਜੇ ਕੈਦੀ ਇਹ ਭਾਰੀ ਕੰਮ ਕਰਨ ਤੋਂ ਇਨਕਾਰ ਕਰ ਦਿੰਦਾ ਹੈ ਤਾਂ ਉਸ ਨੂੰ ਸਖਤ ਸਜ਼ਾ ਦਿੱਤੀ ਜਾਂਦੀ ਹੈ। ਇੱਕ ਸਰਵੇਖਣ ਮੁਤਾਬਕ 76 ਫੀਸਦੀ ਕੈਦੀਆਂ ਨੇ ਮੰਨਿਆ ਹੈ ਕਿ ਭਾਰੀ ਕੰਮ ਲਈ ਮਨਾਹੀ ਕਰਨ ਤੇ ਉਨਾਂ ਨੂੰ ਇਕਾਂਤ ਕੈਦ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ। ਇਨਾਂ ਕੈਦੀਆਂ ਨੂੰ ਅਕਸਰ ਹੀ ਬਹੁਤ ਖਤਰਨਾਕ ਹਾਲਤਾਂ ਵਿੱਚ ਕੰਮ ਕਰਨਾ ਪੈਂਦਾ ਹੈ। ਇਕਾਂਤ ਕੈਦ ਵਾਲ਼ਾ ਇਹ ਤਰੀਕਾ ਨਿੱਜੀ ਅਦਾਰਿਆਂ ਲਈ ਬਹੁਤ ਲਾਹੇਵੰਦ ਹੈ। ਇੱਕ ਅਨੁਮਾਨ ਮੁਤਾਬਕ ਜੇਲਾਂ ਦਾ ਢਾਂਚਾ ਹਰ ਸਾਲ 50 ਕਰੋੜ ਡਾਲਰ ਦੀਆਂ ਵਸਤੂਆਂ ਅਤੇ ਸੇਵਾਵਾਂ ਪੈਦਾ ਕਰਦਾ ਹੈ। ਸਟਾਰਬਕਸ, ਮਕਡੋਨਲਡ, ਵਾਲਮਾਰਟ ਆਦਿ ਬਹੁ-ਕੌਮੀ ਕੰਪਨੀਆਂ ਕੈਦੀਆਂ ਦੇ ਖੂਨ ਤੋਂ ਆਪਣਾ ਮੁਨਾਫਾ ਕਮਾਉਂਦੀਆਂ ਹਨ। ਇਨਾਂ ਜੇਲਾਂ ਵਿੱਚ ਅਫਰੀਕਨ ਕਾਲੇਆਂ ਦੀ ਭਾਰੀ ਗਿਣਤੀ ਅਮਰੀਕਾ ਵਿੱਚ ਹੁੰਦੇ ਨਸਲੀ ਵਿਤਕਰੇ ਦੀ ਜਿਉਂਦੀ ਉਦਾਹਰਨ ਹਨ। ਇਨਾਂ ਦੀ ਗਿਣਤੀ 40 ਫੀਸਦੀ ਤੋਂ ਵੀ ਵੱਧ ਹੈ। ਬਹੁਤ ਸਾਰੇ ਮਾਮਲਿਆਂ ਵਿੱਚ ਦੇਖਿਆ ਗਿਆ ਹੈ ਕਿ ਇੱਕੋ ਅਪਰਾਧ ਲਈ ਅਫਰੀਕਨ ਕਾਲਿਆ ਨੂੰ ਵੱਧ ਸਜ਼ਾ ਮਿਲਦੀ ਹੈ। ਜਦੋਂ ਕਿ ਉਹ ਅਮਰੀਕਾ ਦੀ ਵਸੋਂ ਦਾ ਸਿਰਫ 14 ਫੀਸਦੀ ਬਣਦੇ ਹਨ। ਇਹ ਇਨਾਂ ਕੈਦੀਆਂ ਦਾ ਦੋ-ਤਿਹਾਈ (2/3) ਹਿੱਸਾ ਬਣਦੇ ਹਨ। ਇਨਾਂ ਕੈਦੀਆਂ ਦੀ ਵਧੇਰੇ ਅਬਾਦੀ ਗਰੀਬ ਤਬਕੇ ਵਿੱਚੋਂ ਆਉਂਦੀ ਹੈ। ਅਮਰੀਕੀ ਨਿਆਂ ਪ੍ਰਬੰਧ ਵਿੱਚ ਜੇਲ ਦੀ ਸਜ਼ਾ ਸਭ ਤੋਂ ਲੰਬੀ ਹੈ। ਏਥੇ ਬਹੁਤ ਸਾਰੇ ਕੈਦੀਆਂ ਨੂੰ 30 ਸਾਲ ਤੋਂ ਵੀ ਵੱਧ ਉਮਰ ਲਈ ਜੇਲ ਵਿੱਚ ਰਹਿਣਾ ਪੈਂਦਾ ਹੈ। ਜਿਸ ਕਰਕੇ ਅਮਰੀਕਾ ਵਿਚਲੇ ਕੈਦੀਆਂ ਦੀ ਗਿਣਤੀ ਦੁਨੀਆਂ ਦੇ ਹੋਰ ਸਾਰੇ ਮੁਲਕਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ।

ਜੇਲਾਂ ਵਿੱਚ ਕੈਦੀਆਂ ਦੇ ਰਹਿਣ-ਸਹਿਣ ਦੀਆਂ ਹਾਲਤਾਂ ਬੇਹੱਦ ਭੈੜੀਆਂ ਹਨ। ਜੇਲਾਂ ਵਿੱਚ ਕੈਦੀਆਂ ਨੂੰ ਕੋਈ ਬੁਨਿਆਦੀ ਸਹੂਲਤਾਂ ਨਹੀਂ ਦਿੱਤੀਆਂ ਜਾਂਦੀਆਂ। ਔਰਤ ਕੈਦੀਆਂ ਨਾਲ਼ ਛੇੜ-ਛਾੜ, ਬਲਾਤਕਾਰ ਵਰਗੇ ਮਾਮਲਿਆਂ ਦੀਆਂ ਹਜ਼ਾਰਾਂ ਸ਼ਿਕਾਇਤਾਂ ਹਰ ਸਾਲ ਆਉਂਦੀਆਂ ਹਨ। ਅਮਰੀਕਾ ਦੀਆਂ ਜੇਲਾਂ ਆਪਣੀ ਸਮਰੱਥਾ ਤੋਂ ਵੱਧ ਭਰੀਆਂ ਹੋਈਆਂ ਹਨ। ਜਿਸ ਕਾਰਨ ਕੈਦੀਆਂ ਨੂੰ ਥੋੜੀ ਥਾਂ 'ਤੇ ਘੁਰਨਿਆਂ ਵਿੱਚ ਬਸਰ ਕਰਨਾ ਪੈਂਦਾ ਹੈ। ਕੈਦੀਆਂ ਦੀ ਸਿਹਤ ਦਾ ਕੋਈ ਧਿਆਨ ਨਹੀਂ ਰੱਖਿਆ ਜਾਂਦਾ। ਅਮਰੀਕਾ ਦੀਆਂ ਇਨਾਂ ਜੇਲਾਂ ਦੀ ਹੋਂਦ ਹੀ ਕਿਰਤ ਦੀ ਲੁੱਟ ਉੱਪਰ ਟਿਕੀ ਹੋਈ ਹੈ। ਇਉਂ ਅਮਰੀਕਾ ਦੇ ਸਰਮਾਏਦਾਰਾ ਪ੍ਰਬੰਧ ਵਿੱਚ ਕਿਰਤ ਦੀ ਲੁੱਟ ਤੇ ਜੇਲਾਂ ਦਾ ਡੂੰਘਾ ਸਬੰਧ ਹੈ। ਜੁਰਮਾਂ ਖਿਲਾਫ ਕਾਰਵਾਈ ਦੇ ਨਾਮ ਉੱਪਰ ਬਣਿਆ ਅਮਰੀਕਾ ਦਾ ਇਹ ਜੇਲ ਪ੍ਰਬੰਧ ਆਪਣੇ ਆਪ ਵਿੱਚ ਇੱਕ ਜੁਰਮ ਹੈ। ਇਸ ਸਰਮਾਏਦਾਰਾ ਪ੍ਰਬੰਧ ਦੀ ਹੋਂਦ ਮਨੁੱਖਤਾ ਵਿਰੁੱਧ ਅਜਿਹੇ ਅਨੇਕਾਂ ਜੁਰਮਾਂ ਉੱਪਰ ਖੜੀ ਹੈ ਜਿਨਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ।

# ਵੰਡ ਮੌਕੇ ਮਾਰੇ ਗਏ ਬੇਕਸੂਰਾਂ ਲਈ ਅਰਦਾਸ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਸ਼ਲਾਘਾਯੋਗ ਫ਼ੈਸਲਾ

**ਰਜਿੰਦਰ ਸਿੰਘ ਪੁਰੇਵਾਲ**

75 ਵਰੇ ਪਹਿਲਾਂ ਜਿੱਥੇ ਦੇਸ਼ ਨੂੰ ਅਜ਼ਾਦੀ ਮਿਲੀ, ਉੱਥੇ ਦੇਸ਼ ਦੋ ਹਿੱਸਿਆਂ ਵਿਚ ਵੀ ਵੰਡਿਆ ਗਿਆ। ਸਦੀਆਂ ਤੋਂ ਇਕੱਠੇ ਵੱਸਦੇ ਪੰਜਾਬ ਦੇ ਦੋ ਟੋਟੇ ਹੋ ਗਏ, ਲੱਖਾਂ ਘਰ ਉੱਜੜੇ ਅਤੇ ਲੋਕਾਂ ਨੂੰ ਅਕਹਿ ਦੁੱਖ ਸਹਿਣੇ ਪਏ। ਵੰਡ ਤੋਂ ਬਾਅਦ ਪੰਜਾਬੀਆਂ ਨੇ ਪੰਜਾਬ ਅਤੇ ਪੰਜਾਬੀਅਤ ਦੀ ਪੁਨਰ-ਸਿਰਜਣਾ ਕੀਤੀ ਪਰ ਉਹ ਵੰਡ ਦੇ ਦੁੱਖ ਨੂੰ ਕਦੇ ਭੁਲਾ ਨਹੀਂ ਸਕਦੇ। ਸਮੁੱਚਾ ਭਾਰਤ ਜਦੋਂ ਕਿ 76ਵੇਂ ਅਜ਼ਾਦੀ ਦਿਵਸ ਦੇ ਜਸ਼ਨ ਮਨਾ ਰਿਹਾ ਹੈ ਤਾਂ ਪੰਜਾਬ ਤੇ ਪੰਜਾਬੀ ਦੇਸ਼ ਵੰਡ ਦੇ ਕਤਲੇਆਮ ਤੇ ਉਜਾੜੇ ਕਾਰਣ ਅੱਜ ਵੀ ਦੁਖੀ ਹਨ। 1947 ਦੇਸ਼ ਵੰਡ ਦੌਰਾਨ 10 ਲੱਖ ਬੇਕਸੂਰ ਲੋਕਾਂ ਦਾ ਕਤਲ ਹੋਇਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਰਦਾਸ ਕਰ ਕੇ ਉਨਾਂ ਨਿਰਦੋਸ਼ਾਂ ਨੂੰ ਸ਼ਰਧਾਂਜਲੀ ਦਿੱਤੀ ਹੈ, ਉਹ ਸੱਚਮੁੱਚ ਸ਼ਲਾਘਾਯੋਗ ਤੇ ਇਤਿਹਾਸਕ ਕਦਮ ਹੈ। ਇਹ ਅਰਦਾਸ ਸਾਰੇ ਗੁਰੂਘਰਾਂ ਵਿਚ ਕੀਤੀ ਗਈ। ਸ਼੍ਰੋਮਣੀ ਕਮੇਟੀ ਵਲੋਂ ਜਥੇਦਾਰ ਨੂੰ ਅਪੀਲ ਕੀਤੀ ਗਈ ਇਹ ਸਮਾਗਮ ਹਰ ਵਰੇ ਕੀਤਾ ਜਾਵੇ ਤਾਂ ਜੋ ਪੰਜਾਬੀ ਭਾਈਚਾਰਾ ਮਜਬੂਤ ਹੋ ਸਕੇ ਤੇ ਫਿਰਕੂ ਕੰਧਾਂ ਟੁਟ ਸਕਣ। ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਾਰੇ ਹੀ ਧਰਮਾਂ ਦੇ ਲੋਕਾਂ ਨੇ ਯੋਗਦਾਨ ਪਾਇਆ ਸੀ। ਅੰਗਰੇਜ਼ ਹਾਕਮਾਂ ਤੋਂ ਸਦਾ ਲਈ ਖਹਿੜਾ ਛੁਡਾਉਣ ਵਾਸਤੇ ਸਮੂਹ ਨਾਗਰਿਕਾਂ ਦਾ ਇਕ ਸਮਾਨ ਖ਼ੂਨ ਡੁੱਲਿਆ ਸੀ। ਔਰਤਾਂ ਤੇ ਬੱਚਿਆਂ ਸਮੇਤ ਸਮੂਹ ਭਾਰਤੀਆਂ ਨੇ ਇੱਕਜੁੱਟ ਹੋ ਕੇ ਉਨਾਂ ਨੂੰ ਬਾਹਰ ਦਾ ਰਸਤਾ ਵਿਖਾਇਆ ਸੀ। ਉਂਜ ਦੇਸ਼ ਦੀ ਉਸ ਵੰਡ ਨੇ ਜ਼ਿਆਦਾਤਰ ਪੰਜਾਬੀਆਂ ਦੀਆਂ ਹੀ ਜਾਨਾਂ ਗਈਆਂ, ਸ਼ਹਾਦਤਾਂ ਹੋਈਆਂ। ਇਸ ਮਨੁੱਖਤਾ ਵਿਰੋਧੀ ਦੇਸ ਵੰਡ ਵੰਡ ਨੇ ਲੱਖਾਂ ਲੋਕਾਂ ਨੂੰ ਘਰੋਂ-ਬੇਘਰ ਕਰ ਦਿੱਤਾ ਸੀ। ਲੱਖਾਂ ਔਰਤਾਂ ਦੇ ਸੁਹਾਗ ਉੱਜੜ ਗਏ ਸਨ, ਮਾਵਾਂ ਦੇ ਪੁੱਤ ਜਾਂ ਤਾਂ ਮਾਰੇ ਗਏ ਸਨ ਤੇ ਜਾਂ ਲਾਪਤਾ ਹੋ ਗਏ ਸਨ। ਪਰਿਵਾਰਕ ਮੈਂਬਰ ਵਿਛੜ ਗਏ ਸਨ। ਅੱਜ ਜਦੋਂ ਪੌਣੀ ਸਦੀ ਤੋਂ ਬਾਅਦ ਉਹ ਵੱਖੋ-ਵੱਖ ਹੋਏ ਸਕੇ ਭਰਾ ਤੇ ਭੈਣ ਮਿਲਦੇ ਹਨ ਤਾਂ ਉਨਾਂ ਵਿੱਚੋਂ ਇਕ ਹਿੰਦੂ ਜਾਂ ਸਿੱਖ ਹੁੰਦਾ ਹੈ ਤੇ ਦੂਜਾ ਮੁਸਲਿਮ। ਇਸ ਦੁਖਾਂਤ ਬਾਰੇ ਇਤਿਹਾਸ ਵਿਚ ਲੰਮੇਰੇ ਅਧਿਆਇ ਲਿਖੇ ਜਾ ਚੁੱਕੇ ਹਨ। ਉਹ ਦੁਖਾਂਤ ਕੋਈ ਇਕ-ਦੋ ਦਿਨਾਂ ਜਾਂ ਮਹੀਨਿਆਂ ਦਾ ਨਹੀਂ, ਸਗੋਂ ਕਈ ਦਹਾਕਿਆਂ ਬੱਧੀ ਉਸ ਦਾ ਅਸਰ ਜਾਰੀ ਰਿਹਾ ਸੀ।ਹੁਣ ਵੀ ਨਵੀਂ ਪੀੜੀ ਉਪਰ ਹੈ ਜਿਹਨਾਂ ਦੇ ਪੁਰਖਿਆਂ ਨੇ ਸੰਤਾਪ ਹੰਡਾਇਆ। ਪੰਜਾਬੀਆਂ ਨੂੰ 1960 ਤੱਕ ਖਾਨਾਬਦੋਸ਼ਾਂ ਵਾਲਾ ਜੀਵਨ ਬਤੀਤ ਕਰਨਾ ਪਿਆ ਸੀ। ਦੇਸ਼ ਦੀ ਵੰਡ ਭਾਵੇਂ ਰਸਮੀ ਤੌਰ 'ਤੇ ਹੋ ਗਈ ਸੀ ਪਰ ਸਹੀ ਹੱਦਬੰਦੀ ਹੋਣ ਵਿਚ ਇਕ ਦਹਾਕੇ ਤੋਂ ਵੱਧ ਦਾ ਸਮਾਂ ਲੱਗ ਗਿਆ ਸੀ। ਇਹ ਅੰਤਿਮ ਹੱਦਬੰਦੀ ਮਾਲ ਰਿਕਾਰਡ ਦੇ ਆਧਾਰ 'ਤੇ ਕੀਤੀ ਗਈ ਸੀ। ਇਸੇ ਲਈ ਜਦੋਂ ਵੀ ਕਦੇ ਅਜਿਹੇ ਸਰਹੱਦੀ ਇਲਾਕਿਆਂ ਦਾ ਦੌਰਾ ਕਰ ਕੇ ਉੱਥੋਂ ਦੇ ਨਾਗਰਿਕਾਂ ਦਾ ਹਾਲ ਜਾਣਨ ਦਾ ਜਤਨ ਕੀਤਾ ਜਾਂਦਾ ਹੈ ਤਾਂ ਪਤਾ ਲੱਗਦਾ ਹੈ ਕਿ ਦੇਸ਼ ਦੀ ਵੰਡ ਦੇ ਜ਼ਖ਼ਮ ਹਾਲੇ ਵੀ ਅੱਲੇ ਹਨ। ਅਸੀਂ ਪੰਜਾਬੀ ਲੋਕਾਂ ਨੇ ਸੰਤਾਲੀ ਦੀ ਵੰਡ ਵੇਲੇ ਦੇ ਦੰਗਿਆਂ-ਫ਼ਸਾਦਾਂ ਦੌਰਾਨ ਇਕ-ਦੂਜੇ ਫ਼ਿਰਕੇ ਦੇ ਆਪਣੇ ਦਸ ਲੱਖ ਭੈਣ-ਭਰਾਵਾਂ, ਹਮਸਾਇਆਂ ਦੇ ਨਾਲ ਕਤਲ-ਓ-ਗ਼ਾਰਤ, ਜਬਰ-ਜਨਾਹ, ਆਤਿਸ਼ਜ਼ਨੀ ਦੇ ਬੇਇੰਤਹਾ ਜ਼ੁਰਮ ਕੀਤੇ ਪਰ ਚੜਦੇ ਤੇ ਲਹਿੰਦੇ ਪੰਜਾਬ ਵਿਚ ਦੋਵੇਂ ਪਾਸੇ ਇਲਜ਼ਾਮ ਦੂਜੇ ਦੇ ਗਲ ਮੜ ਕੇ ਜ਼ੁਰਮ ਤੋਂ ਪਾਸਾ ਵੱਟਣ ਜਾਂ ਆਪਣੇ ਆਪ ਨੂੰ ਬਰੀ ਕਰਨ ਦੀ ਕੁਹਜੀ ਕੋਸ਼ਿਸ਼ ਕਰਦੇ ਰਹੇ ਹਾਂ। ਕਿੰਨਾ ਸੌਖਾ ਹੁੰਦਾ ਹੈ- ਦੂਜੇ ਸਿਰ ਪਹਿਲ ਦਾ ਇਲਜ਼ਾਮ ਲਾ ਕੇ ਆਪਣੇ ਪਾਗਲਪਨ ਜਾਂ ਚਿੱਟੇ-ਸਾਫ਼ ਸਮੂਹਿਕ ਜੁਰਮ ਨੂੰ ਬਦਲੇ ਦੀ ਕਾਰਵਾਈ ਵਜੋਂ ਜਾਇਜ਼ ਕਰਾਰ ਦੇਣਾ ਤੇ ਆਪਣੇ ਜ਼ਮੀਰ 'ਤੇ ਕੋਈ ਭਾਰ ਨਾ ਪੈਣ ਦੇਣਾ। ਅਸੀਂ ਆਪਣੇ ਆਪਣੇ ਪਾਸੇ ਵੀ ਕਦੀ ਜੁੜ-ਬੈਠ ਕੇ ਸੰਜੀਦਗੀ ਨਾਲ ਮਹਿਸੂਸ ਨਹੀਂ ਕੀਤਾ, ਵਿਚਾਰ ਨਹੀਂ ਕੀਤਾ ਕਿ ਸਾਡੇ ਚੰਗੇ-ਭਲੇ ਆਮ ਲੋਕਾਂ ਵਿਚ ਵੱਡੇ ਪੈਮਾਨੇ 'ਤੇ ਇੰਤਹਾ ਦੀ ਦਰਿੰਦਗੀ ਵਾਲੇ ਫ਼ਤੂਰ, ਇਕ-ਦੂਜੇ ਫ਼ਿਰਕੇ ਦੀਆਂ ਔਰਤਾਂ ਨਾਲ ਸ਼ਰੇਆਮ ਨਿਹਾਇਤ ਵਹਿਸ਼ੀਆਨਾ ਸਲੂਕ ਦੀ ਸ਼ਰਮ ਮੰਨਣ ਦੀ ਬਜਾਏ ਉਜੱਡਪੁਣਾ ਕਿਉਂ ਆ ਗਿਆ ਸੀ?' ਅਕਾਲ ਤਖਤ ਸਾਹਿਬ ਵਿਖੇ ਦੇਸ਼ ਦੀ ਵੰਡ ਦੇ ਇਨਾਂ ਪੀੜਤਾਂ ਦੇ ਪੁਰਖਿਆਂ ਲਈ ਕੀਤੀ ਅਰਦਾਸ ਵਿਲੱਖਣ ਮੱਲਮ ਦਾ ਕੰਮ ਕਰੇਗੀ ਤੇ ਭਾਈਚਾਰਾ ਜੋੜੇਗੀ। ਪੰਜਾਬ ਗੁਰੂਆਂ ਦੀ ਧਰਤੀ ਹੈ। ਇਸੇ ਲਈ ਗੁਰੂਘਰਾਂ ਵਿਚ 10 ਲੱਖ ਬੇਕਸੂਰ ਮ੍ਰਿਤਕਾਂ ਨੂੰ ਸ਼ਰਧਾਂਜਲੀ ਦੇ ਕੇ ਸੰਸਾਰ ਤੇ ਜੰਗਬਾਜਾਂ, ਹੰਕਾਰੀ ਸਤਾਧਾਰੀਆਂ ਨੂੰ ਸਾਂਝੀਵਾਲਤਾ ਦਾ ਸੁਨੇਹਾ ਦਿਤਾ ਹੈ ਜੋ ਸੰਸਾਰ ਨੂੰ ਜੰਗੀ ਮਾਹੌਲ ਵੱਲ ਧੱਕ ਕੇ ਤਬਾਹ ਕਰਨਾ ਚਾਹੁੰਦੇ ਹਨ। ਮਨੁੱਖਤਾ ਨੂੰ ਵੰਡਣਾ ਚਾਹੁੰਦੇ ਹਨ। ਆਪਣੇ-ਆਪ ਵਿਚ ਸਿੱਖ ਪੰਥ ਵਲੋਂ ਇਹ ਇਕ ਇਤਿਹਾਸਕ ਸ਼ੁਰੂਆਤ ਹੈ। ਅਜਿਹੀਆਂ ਇਤਿਹਾਸਕ ਪਿਰਤਾਂ ਨਿਰੰਤਰ ਪੈਂਦੀਆਂ ਰਹਿਣੀਆਂ ਚਾਹੀਦੀਆਂ ਹਨ ਕਿਉਂਕਿ ਇਸ ਨਾਲ ਇਸ ਧਰਤ 'ਤੇ ਮੌਜੂਦ ਲੋਕਾਈ ਨੂੰ ਆਪਸੀ ਏਕਤਾ ਤੇ ਇਕਜੁੱਟਤਾ ਦਾ ਜੋ ਸੁਨੇਹਾ ਜਾਂਦਾ ਹੈ, ਉਹ ਸਮਾਜ ਦੀਆਂ ਤੰਦਾਂ ਨੂੰ ਜੋੜਨ ਵਾਲਾ ਹੈ। ਜਦੋਂ ਭਾਰਤ ਤੇ ਪਾਕਿਸਤਾਨ ਦੇ ਹਾਕਮ ਫਿਰਕਾਪ੍ਰਸਤੀ, ਨਸਲਵਾਦ, ਆਪਸੀ ਦੁਸ਼ਮਣੀਆਂ ਦੇ ਸ਼ਿਕਾਰ ਹਨ ਤਾ ਸਮਾਜਿਕ ਤਾਣੇ-ਬਾਣੇ ਨੂੰ ਮਜ਼ਬੂਤੀ ਨਾਲ ਕਾਇਮ ਰੱਖਣ ਲਈ ਅਜਿਹੀ ਇਤਿਹਾਸਕ ਰਵਾਇਤ ਤੋਰਨੀ ਜਰੂਰੀ ਹੈ ਜਿਸ ਵਿਚ ਸਤਿਗੁਰੂ ਨਾਨਕ ਸੱਚਾ ਪਾਤਸ਼ਾਹ ਹਾਜ਼ਰ ਨਾਜ਼ਰ ਹੋਵੇ ਜਿਸ ਦਾ ਸੰਦੇਸ਼ ਬ੍ਰਹਿਮੰਡ ਤਕ ਗੂੰਜੇ ਕਿ ਸਮੁੱਚੀ ਮਨੁੱਖਤਾ ਇਕ ਹੈ। ਨਫਰਤ ਛਡੋ ਭਾਈਚਾਰਾ ਜੋੜੋ।ਹੱਦਾਂ ਸਰਹੱਦਾਂ ਖਤਮ ਕਰੋ। ਸਾਨੂੰ ਫਿਰਕੂ ਤਾਕਤਾਂ ਵਿਰੁਧ ਲੜਨਾ ਹੋਵੇਗਾ ਜੋ ਵੰਡ ਦੇ ਵਰਤਾਰੇ ਬਾਰੇ ਸਿਆਸਤ ਕਰਨੀ ਚਾਹੁੰਦੇ ਹਨ ਤੇ ਵੰਡ ਦੌਰਾਨ ਅਪਣਾਈ ਗਈ ਆਪਣੀ ਪਾਰਟੀ ਦੀ ਪਹੁੰਚ ਬਾਰੇ ਆਪਾ-ਪੜਚੋਲ ਕਰਨਾ ਚਾਹੁੰਦੇ ਹਨ ਅਤੇ ਨਾ ਹੀ ਕੋਈ ਤਕਸੀਮ ਦੌਰਾਨ ਹੋਏ/ਕੀਤੇ ਗੁਨਾਹਾਂ ਦਾ ਕਫ਼ਾਰਾ ਕਰਨਾ ਚਾਹੁੰਦੇ ਹਨ।

# ‘ਭਗਤੀ ਲਹਿਰ, ਸਿੱਖ ਧਰਮ’



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਭਾਰਤ ਦੇ ਮੱਧਕਾਲੀਨ ਇਤਿਹਾਸ ਵਿਚ ਰਾਜਨੀਤਕ ਸਥਿਤੀ ਡਾਵਾਂਡੋਲ ਸੀ। ਦੇਸ਼ ਛੋਟੇ ਛੋਟੇ ਆਜ਼ਾਦ ਰਾਜਾਂ ਵਿਚ ਵੰਡਿਆ ਹੋਇਆ ਸੀ। ਜਿਵੇਂ ਗੁਜਰਾਤ, ਰਾਜਪੂਤਾਨਾ, ਜੋਨਪੁਰ ਅਤੇ ਬੰਗਾਲ ਆਦਿ। ਜਨ ਸਾਧਾਰਨ ਰਾਜਨੀਤਕ ਅਤੇ ਧਾਰਮਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਸੀ। ਸਮਾਜ ਸੁਧਾਰਕਾਂ ਮਨੁੱਖਤਾ ਦੇ ਦਿਲਾਂ ਵਿਚ ਆਤਮਿਕ ਅਤੇ ਅਧਿਆਤਮਕ ਜੋਤ ਜਗਾਈ। ਸਮਾਜ ਵਿਚ ਧਰਮ ਨਾਲ ਜੁੜੇ ਸੰਸਕਾਰਾਂ ਵਿਚ ਜਾਗ੍ਰਿਤੀ ਦੀ ਲਹਿਰ ਚੱਲੀ, ਜਿਸ ਨੂੰ ਭਗਤੀ ਲਹਿਰ ਕਿਹਾ ਜਾਂਦਾ ਹੈ। ਭਗਤੀ ਸ਼ਬਦ ਭਗਤਾ ਤੋਂ ਲਿਆ ਗਿਆ ਹੈ, ਅਰਥਾਤ ਸੇਵਾ, ਸਤਿਕਾਰ, ਪਿਆਰ ਅਤੇ ਆਤਮ ਸਮਰਪਣ। ਅਧਿਆਤਮਕ ਤੌਰ ’ਤੇ ਭਾਵ ਪ੍ਰਮਾਤਮਾ ਵਿਚ ਸ਼ਰਧਾ ਜੋ ਪ੍ਰਮਾਤਮਾ ਦੇ ਗੁਣਾਂ ਦੀ ਸੇਧ ਤੋਂ ਪ੍ਰਾਪਤ ਹੁੰਦੀ ਹੈ।

ਭਗਤੀ ਲਹਿਰ ਦਾ ਸਮਾਂ 800-1700 ਤੱਕ ਹੈ। ਭਾਰਤੀ ਉਪ ਮਹਾਂਦੀਪ ਵਿਚ ਸਾਰੇ ਧਰਮਾਂ ਦੇ ਲੋਕ ਆਪਣੇ ਆਪਣੇ ਅਕੀਦੇ ਅਨੁਸਾਰ ਪ੍ਰਮਾਤਮਾ ਵਿਚ ਸਾਂਝ ਪਾ ਕੇ ਮੁਕਤੀ ਪ੍ਰਾਪਤ ਕਰਨ ਦੀਆਂ ਰਸਮਾਂ ਬੜੀ ਸ਼ਿੱਦਤ ਨਾਲ ਨਿਭਾਅ ਰਹੇ ਸਨ। ਵਿਦੇਸ਼ੀ ਹਲਮਾਵਰਾਂ ਅਤੇ ਧਾੜਵੀਆਂ ਦੇ ਨਾਲ ਇਸਲਾਮ ਵਿਚ ਸੂਫ਼ੀਆਂ ਦੀ ਆਮਦ ਭਾਰਤ ਵਿਚ ਹੋਈ 1192 ਦੀ ਮੰਨੀ ਜਾਂਦੀ ਹੈ। ਸਾਰੇ ਧਰਮਾਂ ਦਾ ਮੁਲਾਂਕਣ ਅਤੇ ਸ਼ਾਂਤੀ ਦਾ ਵਿਚਕਾਰਲਾ ਰਸਤਾ ਲਭਣਾ ਹੀ ‘ਭਗਤੀ ਲਹਿਰ’ ਹੈ। ਇਸ ਲਹਿਰ ਦਾ ਆਰੰਭ ਸਤਵੀਂ ਸਦੀ ਵਿਚ ਦੱਖਣੀ ਭਾਰਤ ਵਿਚ ਹੋਇਆ। ਅੱਗੇ ਉਤਰੀ ਭਾਰਤ ਅਤੇ ਮੱਧ ਏਸ਼ੀਆ ਤੱਕ ਫੈਲ ਗਈ। ਦੋ-ਸੱਤ ਸਦੀ ਵਿਚ ਕਵੀ ਅਲਵਰ ਅਤੇ ਕਵੀ ਨਯਨਾਰ ਦੇ ਇਕੱਠੇ ਕੀਤੇ ਉਪਦੇਸ਼ ਦਸਵੀਂ ਸਦੀ ਵਿਚ ਸੰਪਾਦਤ ਹੋਏ। ਦੱਖਣ ਭਾਰਤ ਵਿਚ ਮੁਢਲੇ ਆਗੂ ਸ਼ੰਕਰਾਚਾਰੀਆ ਹਨ। ਉਤਰੀ ਭਾਰਤ ਵਿਚ ਰਾਮਾਨੰਦ ਹਨ। ਇਹ ਲਹਿਰ ਸਮੇਂ ਦੇ ਪ੍ਰਚਲਤ ਝੂਠੇ ਕਰਮਕਾਂਡਾਂ, ਵਹਿਮਾਂ ਭਰਮਾਂ ਅਤੇ ਮੂਰਤੀ ਪੂਜਾ ਦੇ ਵਿਰੋਧ ਵਿਚ ਖੜੀ ਹੋਈ। ਇਸ ਲਹਿਰ ਦਾ ਪ੍ਰਚਾਰ ਅਤੇ ਪਾਸਾਰ ਕਰਨ ਵਿਚ ਸਮਾਜ ਸੁਧਾਰਕਾਂ ਦਾ ਵੱਡਾ ਯੋਗਦਾਨ ਜਿਵੇਂ ਚੈਤੰਨਯਾ ਮਹਾਂਪ੍ਰਭੂ, ਤੁੱਕਾ ਰਾਮ, ਜੈਦੇਵ ਆਦਿ ਪ੍ਰਮੁੱਖ ਹਨ। ਬਾਰਵੀਂ ਅਤੇ ਤੇਰਵੀਂ ਸਦੀ ਵਿਚ ਭਗਤ ਕਬੀਰ, ਭਗਤ ਰਵਿਦਾਸ ਅਤੇ ਭਗਤ ਨਾਮਦੇਵ ਪ੍ਰਮੁੱਖ ਹਨ।

ਭਗਤਾਂ ਨੇ ਨਾਥ, ਜੋਗੀਆਂ ਅਤੇ ਸੂਫ਼ੀਆਂ ਦੀ ਤਰਜ ਤੇ ਸਨਾਤਨੀ ਬੋਲੀ ਦੀ ਥਾਂ ਲੋਕ ਭਾਸ਼ਾ, ਸੰਤ ਭਾਸ਼ਾ ਰਾਗਾਂ ਵਿਚ ਗਾ ਕੇ ਪ੍ਰਚਾਰ ਕੀਤਾ ਜਿਵੇਂ ਕਰਨਾਟਕ, ਤਾਮਿਲ, ਮਹਾਰਾਸ਼ਟਰ, ਗੁਜਰਾਤ, ਬੰਗਾਲਾ।

ਉਤਰੀ ਭਾਰਤ ਮੱਧ ਏਸ਼ੀਆ ਤੱਕ। ਦੂਰ ਦੂਰ ਭਰਮਣ ਕਰਦੇ ਉਨਾਂ ਦੀ ਹਰਮਨਪਿਆਰਤਾ ਵਧਦੀ ਗਈ। ਮੱਧ ਕਲੀਨ ਯੁੱਗ ਵਿਚ ਧਾਰਮਿਕ ਵਿਕਾਸ ਦੀ ਵਿਸ਼ੇਸ਼ ਰਹੀ ਹੈ। ਲੋਕਾਂ ਨੇ ਸਾਂਝਾ ਸਭਿਆਚਾਰ ਅਪਣਾ ਕੇ ਨੇੜਤਾ ਬਣਾਈ। ਨਿਰਗੁਣ ਧਾਰਾ ਵਿਚ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਸਿਰਮੌਰ ਹਨ। ਜੋ ਨਿਰੋਲ ਨਿਰੰਕਾਰ ਨੂੰ ਸਿਮਰਦੇ। ਸਰਗੁਣ ਪ੍ਰਮਾਤਮਾ ਦੀ ਪੂਜਾ ਕਈ ਪ੍ਰਕਾਰ ਦੀਆਂ ਮੂਰਤੀਆਂ ਅੱਗੇ ਕਰਦੇ ਹਨ। ਸਰਗੁਣ ਵਿਚ ਪ੍ਰਮੁੱਖ ਹਨ ਵਲਬਚਾਰੀਆ, ਸੂਰਦਾਸ, ਮੀਰਾਂਬਾਈ ਅਤੇ ਚੇਤੰਨਯਾ ਮਹਾਂਪ੍ਰਭੂ ਆਦਿ।

ਸੂਫ਼ੀ ਘੱਟਗਿਣਤੀ ਵਿਚ ਸਨ ਪਰ ਖੁੱਲੇ ਵਿਚਾਰਾਂ ਦੇ ਸਨ। ਧਾਰਮਿਕ ਬੰਧਨਾਂ ਵਿਚ ਨਹੀਂ ਬੱਝੇ ਸਨ। ਉਨਾਂ ਨੇ ਪਿਆਰ ਦੀ ਗੱਲ ਤੋਰੀ, ਸਾਂਝੇ ਸੱਭਿਆਚਾਰ ਨੂੰ ਅਪਣਾਇਆ ਅਤੇ ਛੇਤੀ ਹੀ ਸਥਾਪਤ ਹੋ ਗਏ। ਉਨਾਂ ਦੀ ਜ਼ਿੰਦਾਦਿਲੀ ਤੋਂ ਪ੍ਰਭਾਵਿਤ ਹੋ ਕੇ ਲੋਕ ਉਨਾਂ ਦੀਆਂ ਪਨਾਹਗਾਹਾਂ ਵੱਲ ਵੀ ਖਿੱਚੇ ਗਏ। ਹੇਠਲੇ ਵਰਗ ਨਾਲ ਨੇੜਤਾ ਬਣਨ ਲੱਗੀ। ਉਨਾਂ ਦੀ ਰੋਜ਼ਮਰਾ ਦੀ ਜ਼ਿੰਦਗੀ ਵਿਚ ਸੁਧਾਰ ਆਇਅ। ਉਨਾਂ ਨੂੰ ਰੁਜ਼ਗਾਰ ਮਿਲਣ ਲੱਗਾ। ਕੌਮਾਂਤਰੀ ਵਿਕਾਸ ਹੋਣ ਲੱਗਾ। ਲੋੜਵੰਦਾਂ ਦੀ ਮਦਦ ਕਰਨ ਦੀ ਭਾਵਨਾ ਜਾਗੀ। ਇਸ ਤਰਾਂ ਸਮਾਜਿਕ, ਰਾਜਨੀਤਕ, ਸੱਭਿਆਚਾਰਕ, ਧਾਰਮਿਕ ਲਹਿਰਾਂ ਵੀ ‘ਭਗਤੀ ਲਹਿਰ’ ਨਾਲ ਆਣ ਜੁੜੀਆਂ। ਸੰਗੀਤ ਸਭਿਆਚਾਰ, ਕਲਾ ਦੇ ਖੇਤਰ ਪ੍ਰਫੁੱਲਤ ਹੋਣ ਲੱਗ। ਲੋਕਾਂ ਵਿਚ ਬਰਾਬਰਤਾ ਆਈ। ਲੋਕ ਇਕ ਦੂਜੇ ਦੇ ਉਸਾਰੂ ਰੀਤੀ ਰਿਵਾਜਾਂ ਵਿਚ ਸ਼ਾਮਲ ਹੋਣ ਲੱਗੇ।

ਪੰਦਰਵੀਂ ਸਦੀ ਵਿਚ ‘ਭਗਤੀ ਲਹਿਰ’ ਵਿਚ ਇਕ ਵੱਖਰਾ ਅਤੇ ਨਵਾਂ ਇਨਕਲਾਬ ਆਇਆ ਕਿ ਗੁਰੂ ਨਾਨਕ ਦੇਵ ਸਾਹਿਬ ਜੀ (1469) ਦਾ ਆਗਮਨ ਹੋਇਆ। ਉਹ ਸਿੱਖ ਲਹਿਰ ਦੇ ਮੋਢੀ ਵਿਚਾਰਧਾਰਕ ਆਗੂ ਹਨ। ਉਨਾਂ ਨੇ ਪ੍ਰਮਾਤਮਾ ਦੀ ਹੋਂਦ ਨੂੰ ਸਪੱਸ਼ਟ ਕੀਤਾ ਕਿ ਪ੍ਰਮਾਤਮਾ ਸਰਬਵਿਆਪਕ ਹੈ। ਉਹ ਹੀ ਸ੍ਰਿਸ਼ਟੀ ਨੂੰ ਚਲਾਉਂਦਾ ਹੈ। ਲੱਖਾਂ ਹੀ ਦੇਵੀ ਦੇਵਤੇ ਉਸ ਦੇ ਦਰ ਦੀ ਸ਼ੋਭਾ ਗਾਉਂਦੇ ਹਨ। ਹੇ ਅਕਾਲ ਪੁਰਖ, ਦੇਵੀਆਂ ਸ਼ਿਵ ਅਤੇ ਬ੍ਰਹਮਾਂ ਜੋ ਤੇਰੇ ਸੰਵਾਰੇ ਹੋਏ, ਤੈਨੂੰ ਗਾ ਰਹੇ ਹਨ। ਕਈ ਇੰਦਰ ਆਪਣੇ ਤਖਤ ਤੇ ਬੈਠੇ ਹੋਏ ਦੇਵਤਿਆਂ ਸਮੇਤ ਤੇਰੇ ਦਰ ਤੇ ਤੈਨੂੰ ਸਲਾਹ ਰਹੇ ਹਨ। ਅੰਗ-6

ਭਗਤੀ ਦੇ ਰਾਹ ਤੇ ਤੁਰਨ ਦਾ ਉਪਦੇਸ਼ ਹੈ ਕਿ :ਹੇ ਭਾਈ, ਜਿਵੇਂ ਕਿਸੇ ਮਨੁੱਖ ਦੇ ਘਰ ਵਿਚ ਉਸ ਦੀ ਪਤੀਬ੍ਰਤਾ ਇਸਤਰੀ ਹੈ ਜੋ ਪਿਆਰ ਭਾਵਨਾ ਨਾਲ ਆਪਣੇ ਪਤੀ ਦੀ ਸੇਵਾ ਕਰਨ ਦੀ ਬਹੁਤ ਤਾਂਘ ਕਰਦੀ ਹੈ। ਖੱਟੇ ਤੇ ਮਿੱਠੇ ਰਸ ਪਾ ਕੇ ਕਈ ਸਵਾਦਲੀਆਂ ਤਾਜ਼ੀਆਂ ਪਤੀ ਵਾਸਤੇ ਬਣਾਉਂਦੀ ਰਹਿੰਦੀ ਹੈ। ਇਸੇ ਤਰਾਂ ਪ੍ਰਮਾਤਮਾ ਦੇ ਭਗਤ ਪ੍ਰਮਾਤਮਾ ਦੇ ਨਾਮ ਵਿਚ ਚਿੱਤ ਜੋੜ ਕੇ ਸਤਿਗੁਰੂ ਦੀ ਬਾਣੀ ਦੇ ਰਾਹੀਂ ਪ੍ਰਮਾਤਮਾ ਦੀ ਸਿਫ਼ਤ ਸਲਾਹ ਕਰਦੇ ਰਹਿੰਦੇ ਹਨ। ਉਨਾਂ ਭਗਤਾਂ ਨੇ ਆਪਣਾ ਮਨ ਆਪਣਾ ਤਨ, ਆਪਣਾ ਧਨ ਸਭ ਕੁਝ ਗੁਰੂ ਦੇ ਅੱਗੇ ਲਿਆ ਰੱਖਿਆ ਹੁੰਦਾ ਹੈ। ਉਨਾਂ ਨੇ ਆਪਣਾ ਸਿਰ ਗੁਰੂ ਅੱਗੇ ਵੇਚ ਦਿੱਤਾ ਹੁੰਦਾ ਹੈ। ਹੇ ਭਾਈ, ਪ੍ਰਮਾਤਮਾ ਨੂੰ ਕਿਸੇ ਚੀਜ਼ ਦੀ ਕੋਈ ਮੁਥਾਜੀ ਲੋੜ ਨਹੀਂ ਹੈ ਫਿਰ ਉਹ ਕਿਹੜੀ ਚੀਜ਼ ਖਾ ਕੇ ਖੁਸ਼ ਹੁੰਦਾ ਹੈ? ਜਿਹੜਾ ਮਨੁੱਖ ਗੁਰੂ ਦੀ ਰਜ਼ਾ ਵਿਚ ਜੀਵਨ ਤੋਰ ਤੁਰਦਾ ਹੈ ਅਤੇ ਪ੍ਰਮਾਤਮਾ ਦੇ ਗੁਣ ਗਾਉਂਦਾ ਰਹਿੰਦਾ ਹੈ। ਉਸ ’ਤੇ ਪ੍ਰਮਾਤਮਾ ਪ੍ਰਸੰਨ ਹੁੰਦਾ ਹੈ। ਹੇ ਨਾਨਕ, ਇਸ ਵਿਕਾਰਾਂ ਭਰੇ ਸੰਸਾਰ ਵਿਚ ਉਹ ਮਨੁੱਖ ਸ਼ੋਭਾ ਖੱਟਦੇ ਹਨ ਜਿਹੜੇ ਗੁਰੂ ਦੀ ਮਰਜ਼ੀ ਅਨੁਸਾਰ ਜੀਵਨ ਰਾਹ ਤੇ ਤੁਰਦੇ ਹਨ। ਅੰਗ-1413

ਮਨੁੱਖ ਦੀ ਮਰਯਾਦਾ ਕਿਹੋ ਜਿਹੀ ਹੋਣੀ ਚਾਹੀਦੀ ਹੈ। ਜੋ ਮਨੁੱਖ ਸਤਿਗੁਰ ਦਾ ਸੱਚਾ ਸਿੱਖ ਅਖਵਾਉਂਦਾ ਹੈ, ਭਾਵ ਜਿਸ ਨੂੰ ਲੋਕ ਸੱਚਾ ਸਿੱਖ ਆਖਦੇ ਹਨ। ਉਹ ਰੋਜ਼ ਸਵੇਰੇ ਉਠ ਕੇ ਹਰਿ ਨਾਮ ਦਾ ਸਿਮਰਨ ਕਰਦਾ ਹੈ। ਹਰ ਰੋਜ਼ ਸਵੇਰੇ ਉਦਮ ਕਰਦਾ ਹੈ। ਇਸ਼ਨਾਨ ਕਰਦਾ ਹੈ ਤੇ ਫਿਰ ਨਾਮ ਰੂਪ ਅੰਮ੍ਰਿਤ ਦੇ ਸਰੋਵਰ ਵਿਚ ਡੁੱਬੀ ਲਾਉਂਦਾ ਹੈ। ਸਤਿਗੁਰੂ ਦੇ ਉਪਦੇਸ਼ ਦੁਆਰਾ ਪ੍ਰਭੂ ਦੇ ਨਾਮ ਦਾ ਜਾਪ ਜਪਦਾ ਹੈ ਤੇ ਇਸ ਤਰਾਂ ਉਸ ਦੇ ਸਾਰੇ ਪਾਪ-ਵਿਕਾਰ ਲਹਿ ਜਾਂਦੇ ਹਨ। ਫਿਰ ਦਿਨ ਚੜੇ ਸਤਿਗੁਰੂ ਦੀ ਬਾਣੀ ਦਾ ਕੀਰਤਨ ਕਰਦਾ ਹੈ ਤੇ ਦਿਹਾੜੀ ਬਹਿੰਦਿਆਂ ਉਠਦਿਆਂ ਭਾਵ ਕਾਰ -ਕਿਰਤ ਕਰਦਿਆਂ ਪ੍ਰਭੂ ਦਾ ਨਾਮ ਸਿਮਰਦਾ ਹੈ। ਸਤਿਗੁਰੂ ਦੇ ਮਨ ਵਿਚ ਉਹ ਸਿੱਖ ਚੰਗਾ ਲਗਦਾ ਹੈ, ਜੋ ਪਿਆਰੇ ਪ੍ਰਭੂ ਨੂੰ ਹਰਦਮ ਯਾਦ ਕਰਦਾ ਹੈ। ਅੰਗ-305

ਮਰਯਾਦਾ ਤੋਂ ਅੱਗੇ ਕਰਮ ਦੀ ਵਿਆਖਿਆ ਹੈ ਕਿ ਹੇ ਨਾਨਕ, ਪੁੰਨੀ ਜਾ ਪਾਪ ਨਿਰਾ ਨਾਮ ਹੀ ਨਹੀਂ ਹੈ ਭਾਵ ਨਿਰਾ ਕਹਿਣ ਮਾਤਰ ਨਹੀਂ ਹੈ। ਸੱਚਮੁਚ ਹੀ ਤੂੰ ਜਿਹੋ ਜਿਹੇ ਕਰਮ ਕਰੇਂਗਾ ਤਿਹੋ ਜਿਹੇ ਸੰਸਾਕਰ ਆਪਣੇ ਅੰਦਰ ਉਕਰ ਕੇ ਲੈ ਜਾਏਂਗਾ। ਜੋ ਕੁਝ ਤੂੰ ਬੀਜੇਂਗਾ, ਉਸ ਦਾ ਫਲ ਆਪ ਹੀ ਖਾਏਂਗਾ। ਆਪਣੇ ਬੀਜੇ ਅਨੁਸਾਰ ਅਕਾਲ ਪੁਰਖ ਦੇ ਹੁਕਮ ਵਿਚ ਜਨਮ ਮਰਨ ਦੇ ਗੇੜ ਵਿਚ ਪਿਆ ਰਹੇਂਗਾ ਜਾਂ ਅਕਾਲ ਪੁਰਖ ਦੀ ਰਜ਼ਾ ਵਿਚ ਤੁਰ ਕੇ ਆਪਣਾ ਜੀਵਨ ਸਫ਼ਲ ਕਰ ਲੈਂਦਾ ਹੈ। ਅੰਗ-4

ਹਰੇਕ ਕਰਮ ਸਦਾ ਥਿਰ ਪ੍ਰਭੂ ਦਾ ਨਾਮ ਸਿਮਰਨ ਦੇ ਹੇਠਾਂ ਹੈ। ਸਿਮਰਨ ਰੂਪ ਕਰਮ ਸੱਭ ਕਰਮਾਂ ਧਰਮਾਂ ਤੋਂ ਸ਼੍ਰੇਸਟ ਹੈ। ਸੱਚਾ ਆਚਰਣ ਸਮੂਹ ਤੋਂ ਉੱਚਾ ਹੈ। ਅੰਗ-62

ਭੇਖੀ ਬਣ ਕੇ ਫਿਰਨ ਨਾਲੋਂ ਗ੍ਰਹਿਸਥ ਚੰਗਾ ਹੈ :-ਗੁਰੂ ਨੂੰ ਮਿਲਿਆਂ ਹੀ ਮਨੁੱਖ ਦੇ ਮਨ ਦੀ ਭੱਖ ਦੂਰ ਹੋ ਸਕਦੀ ਹੈ। ਭੇਖਾਂ ਨਾਲ ਤ੍ਰਿਸ਼ਨਾ ਨਹੀਂ ਜਾਂਦੀ। ਭੇਖੀ ਸਾਧੂ ਤ੍ਰਿਸ਼ਨਾ ਦੇ ਦੁੱਖ ਵਿਚ ਕਲਪਦਾ ਹੈ। ਘਰ ਘਰ ਭਟਕਦਾ ਫਿਰਦਾ ਹੈ। ਤੇ ਪ੍ਰਲੋਕ ਵਿਚ ਇਸ ਨਾਲੋਂ ਭੀ ਵੱਧ ਸਜਾ ਭੁਗਤਦਾ ਹੈ। ਭੇਖੀ ਸਾਧੂ ਦੇ ਮਨ ਵਿਚ ਸ਼ਾਂਤੀ ਨਹੀਂ ਆਉਂਦੀ। ਜਿਸ ਸ਼ਾਂਤੀ ਦੀ ਬਰਕਤ ਨਾਲ ਉਹ ਜੋ ਕੁਝ ਉਸ ਨੂੰ ਕਿਸੇ ਪਾਸੋਂ ਮਿਲੇ, ਲੈ ਕੇ ਖਾ ਲਵੇ, ਭਾਵ ਤ੍ਰਿਪਤ ਹੋ ਜਾਏ। ਪਰ ਮਨ ਦੇ ਹਠ ਦੇ ਆਸਰੇ ਭਿੱਖਿਆ ਮੰਗਿਆਂ ਦੋਹੀਂ ਧਿਰੀਂ ਕਲੇਸ਼ ਪੈਦਾ ਕਰਕੇ ਹੀ ਭਿੱਖਿਆ ਲਈਦੀ ਹੈ। ਏਸ ਭੇਖ ਨਾਲੋਂ ਗ੍ਰਹਿਸਥ ਚੰਗਾ ਹੈ, ਕਿਉਂਕਿ ਇਥੋਂ ਮਨੁੱਖ ਆਪਣੀ ਆਸ ਪੂਰੀ ਕਰ ਸਕਦਾ ਹੈ।

ਜੋ ਮਨੁੱਖ ਗੁਰੂ ਦੇ ਸ਼ਬਦ ਵਿਚ ਰੱਤੇ ਜਾਂਦੇ ਹਨ ਉਨਾਂ ਨੂੰ ਉੱਚੀ ਸੂਝ ਪ੍ਰਾਪਤ ਹੁੰਦੀ ਹੇ। ਪਰ ਜੋ ਮਨੁੱਖ ਮਾਇਆ ਵਿਚ ਫਸੇ ਰਹਿੰਦੇ ਹਨ, ਉਹ ਭਟਕਦੇ ਹਨ। ਇਸ ਬਾਰੇ ਕਿ ਕੋਈ ਚੰਗੇ ਰਾਹ ਪਿਆ ਹੈ ਤੇ ਕੋਈ ਮੰਦੇ ਪਾਸੇ। ਕੁਝ ਆਖਿਆ ਨਹੀਂ ਜਾ ਸਕਦਾ। ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਹੀ ਕਾਰ ਕਮਾਉਣੀ ਪੈਂਦੀ ਹੈ।

ਹੇ ਨਾਨਕ, ਜੋ ਜੀਵ ਉਸ ਪ੍ਰਭੂ ਨੂੰ ਪਿਆਰੇ ਲਗਦੇ ਹਨ, ਉਹੀ ਚੰਗੇ ਹਨ। ਕਿਉਂਕਿ ਹੇ ਪ੍ਰਭੂ ਤੂੰ ਉਨਾਂ ਦੀ ਇੱਜਤ ਥਾਏਂ ਪਾਉਂਦਾ ਹੈ ਭਾਵ ਲਾਜ਼ ਰੱਖਦਾ ਹੈ। ਅੰਗ-587

ਇਸ ਜਨਮ ਵਿਚ ਪ੍ਰਮਾਤਮਾ ਨਾਲ ਮਿਲਣ ਦਾ ਮੌਕਾ ਹੈ। ਹੇ ਭਾਈ, ਤੈਨੂੰ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ। ਪ੍ਰਮਾਤਮਾ ਨਾਲ ਮਿਲਣ ਦਾ ਤੇਰੇ ਲਈ ਇਹੋ ਮੌਕਾ ਹੈ। ਜੇ ਪ੍ਰਭੂ ਨਾਲ ਮਿਲਣ ਦਾ ਕੋਈ ਉਦਮ ਨਾ ਕੀਤਾ ਤਾਂ ਹੋਰ ਸਾਰੇ ਕੰਮ ਤੇਰੇ ਆਪਣੇ ਕਿਸੇ ਵੀ ਅਰਥ ਨਹੀਂ। ਤੇਰੀ ਜਿੰਦ ਨੂੰ ਕੋਈ ਲਾਭ ਨਹੀਂ ਅਪੜਾਉਣਗੇ। ਇਸ ਵਾਸਤੇ ਸਾਧ ਸੰਗਤ ਵਿਚ ਭੀ ਮਿਲ ਬੈਠਿਆ ਕਰ। ਸਾਧ ਸੰਗਤ ਵਿਚ ਬੈਠ ਕੇ ਵੀ ਸਿਰਫ਼ ਪ੍ਰਮਾਤਮਾ ਦਾ ਨਾਮ ਸਿਮਰਿਆ ਕਰ। ਸਾਧ ਸੰਗਤ ਵਿਚ ਬੈਠਣ ਦਾ ਵੀ ਤਦੇ ਹੀ ਲਾਭ ਹੈ ਜੇ ਉੱਥੇ ਪ੍ਰਮਾਤਮਾ ਦੀ ਸਿਫ਼ਤ ਸਲਾਹ ਵਿਚ ਜੁੜੇਂ।

ਹੇ ਭਾਈ, ਸੰਸਾਰ ਸਮੁੰਦਰ ਤੋਂ ਪਾਰ ਲੰਘਣ ਦੇ ਵੀ ਆਹਰੇ ਲੱਗ। ਨਿਰੇ ਮਾਇਆ ਦੇ ਪਿਆਰ ਵਿਚ ਮਨੁੱਖਾ ਜਨਮ ਵਿਆਰਥ ਜਾ ਰਿਹਾ ਹੈ। ਰਹਾਉ ॥

ਹੇ ਭਾਈ, ਤੂੰ ਪ੍ਰਭੂ ਦਾ ਸਿਮਰਨ ਨਹੀਂ ਕਰਦਾ। ਪ੍ਰਭੂ ਨੂੰ ਮਿਲਣ ਲਈ ਸੇਵਾ ਆਦਿਕ ਦਾ ਕੋਈ ਉਦਮ ਨਹੀਂ ਕਰਦਾ। ਮਨ ਨੂੰ ਵਿਕਾਰਾਂ ਵਲੋਂ ਰੋਕਣ ਦਾ ਤੂੰ ਯਤਨ ਨਹੀਂ ਕਰਦਾ। ਤੂੰ ਅਜੇਹਾ ਕੋਈ ਧਰਮ ਨਹੀਂ ਕਮਾਉਂਦਾ। ਨਾ ਹੀ ਤੂੰ ਗੁਰੂ ਦੀ ਸੇਵਾ ਕੀਤੀ, ਨਾ ਤੂੰ ਮਾਲਕ ਪ੍ਰਭੂ ਦਾ ਨਾਮ ਸਿਮਰਨ ਕੀਤਾ। ਹੇ ਨਾਨਕ, ਪ੍ਰਭੂ ਦੇ ਦਰ ਤੇ ਅਰਦਾਸ ਕਰ ਕੇ ਆਖ-ਹੇ ਪ੍ਰਭੂ, ਅਸੀਂ ਜੀਵ ਮੰਦ ਕਰਮੀ ਹਾਂ, ਤੇਰੀ ਸ਼ਰਨ ਪਏ ਹਾਂ। ਸ਼ਰਨ ਪਿਆਂ ਦੀ ਲਾਜ਼ ਰੱਖ। ਅੰਗ-12

ਅੰਤਿਕਾ : ਸਿੱਚ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਿੱਖ ਧਰਮ ਦੀ ਨੀਂਹ ਸਤਿ ਤੇ ਰੱਖੀ। ਜਿਸ ਦਾ ਉਪਦੇਸ਼ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਪ੍ਰਾਪਤ ਹੁੰਦਾ ਹੈ। ਗੁਰੂ ਗ੍ਰੰਥ ਜੀ ਸਦੀਵੀ ਗੁਰੂ ਹਨ। ਇਕ ਅਜਿਹੇ ਗ੍ਰੰਥ ਹਨ ਜੋ ਗੁਰੂ ਦੀ ਉਪਧੀ ਨਾਲ ਸਨਮਾਨੇ ਜਾਂਦੇ ਹਨ। ਸਿੱਖਿਆ ਮਾਨਵਜਾਤੀ ਲਈ ਸਾਂਝੀ ਹੈ। ਜੋ ਅਧਿਆਤਮਕ ਭਾਵਨਾ, ਚਿੰਤਨ ਅਤੇ ਦ੍ਰਿਸ਼ਟੀਕੋਣ ਤੋਂ ਵਿਸ਼ਵ ਵਿਆਪੀ ਹੈ।

ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ। ਸਭ ਸਿਖਨ ਕੋ ਹੁਕਮੁ ਹੈ ਗੁਰੂ ਮਾਨਿਯੋ ਗ੍ਰੰਥ। ਸ਼ਬਦ ਗੁਰੂ ਨਾਲ ਜੋੜ ਕੇ ਦੇਹਧਾਰੀ ਦੀ ਪ੍ਰਥਾ ਨੂੰ ਖਤਮ ਕੀਤਾ। ਗੁਰਬਾਣੀ ਦਾ ਉਪਦੇਸ਼ ਨਿਰੰਕਾਰ ਨਾਲ ਜੁੜਨ ਦੀ ਜਾਚ ਸਿਖਾਉਂਦਾ ਹੈ। ਇਹ ਸਿੱਖ ਧਰਮ ਦਾ ਕੇਂਦਰੀ ਧੁਰਾ ਹੈ। ਗੁਰੂ ਨਾਨਕ ਦੇਵ ਸਾਹਿਬ ਤੋਂ ਲੈ ਕੇ ਪਹਿਲੇ ਪੰਜ ਗੁਰੂਆਂ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨਾਲ ਹੋਰ ਮਹਾਨ ਭਗਤਾਂ, ਭੱਟਾਂ ਅਤੇ ਸਿੱਖ ਬਾਣੀਕਾਰਾਂ ਦੀ ਬਾਣੀ ਦਰਜ ਕਰਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਦਿ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਜਾ ਦਿੱਤਾ। ਪਵਿੱਤਰ ਬਾਣੀ ਰੱਬ ਵਿਚ ਵਿਸ਼ਵਾਸ ਰੱਖ ਕੇ ਉਸ ਦਾ ਨਾਮ ਜਪਦਾ ਹੈ। ਆਪਸੀ ਮੇਲ ਜੋਲ ਵਿਚ ਰਹਿਣਾ। ਨਿੱਜ ਸਵਾਰਥ ਤੋਂ ਉਪਰ ਉਠ ਕੇ ਮਨੁੱਖਤਾ ਦੀ ਸੇਵਾ ਕਰਨੀ। ਨੈਤਿਕ ਜੀਵਨ ਜਿਉਣਾ, ਹੱਕ, ਸੱਚ ਲਈ ਜੂਝ ਜਾਣਾ। ਸਰਬੱਤ ਦਾ ਭਲਾ ਮੰਗਣ ਦਾ ਉਪਦੇਸ਼ ਹੈ। ਭਗਤੀ ਲਹਿਰ ਦਾ ਪ੍ਰਭਾਵ ਵਿਸ਼ਵ ਧਰਮਾਂ ਤੇ ਹੈ। ਇਹ ਇਕ ਧਾਰਮਿਕ ਜਾਗ੍ਰਿਤੀ ਦੀ ਲਹਿਰ ਹੈ।

Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ |
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ |

Basic web packages are availables on comparatively economical rates
We work as per your requirement and charge only according to work

SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਨਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# ਅਜ਼ਾਦੀ



**ਡਾ. ਹਰਵਿੰਦਰ ਸਿੰਘ**

ਸ਼ਾਇਦ ਹੀ ਇਹੋ ਜਿਹੀ ਅਜ਼ਾਦੀ ਕਿਸੇ ਦੇ ਹਿੱਸੇ ਆਈ ਹੋਵੇ ਜੋ ਕਿ ਆਪਣੇ ਪੁਰਖਿਆਂ ਦੇ ਉਜਾੜੇ ਤੇ ਔਰਤਾਂ ਦੀ ਬੇਪਤੀ ਨਾਲ ਮਿਲੀ ਹੋਵੇ। ਲੱਖਾਂ ਲੋਕਾਂ ਦੇ ਲਹੂ ਮਿੱਝ ਨਾਲ ਉਸਾਰਿਆ ਇਹ ਅਜ਼ਾਦੀ ਦਾ ਮਹਿਲ ਵਹਿਸ਼ੀ ਲੋਕਾਂ ਨੂੰ ਹੀ ਮੁਬਾਰਕ ਹੋ ਸਕਦਾ ਹੈ। ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਇਸ ਅਖੌਤੀ ਅਜ਼ਾਦੀ ਦੇ ਜਸ਼ਨ ਵਿਚ ਬਿਲਕੁਲ ਵੀ ਹਿੱਸੇਦਾਰ ਨਹੀਂ ਹੋ ਸਕਦੀ ਹੋਣ ਵੀ ਕਿਵੇਂ ਕਿਉਂਕਿ ਉਨਾਂ ਦੇ ਸੁਪਨਿਆਂ ਦੇ ਦੇਸ਼ ਪੰਜਾਬ ਨੂੰ ਇਸ ਅਜ਼ਾਦੀ ਨੇ ਨਿਕੇ-ਨਿਕੇ ਟੁਕੜਿਆਂ ਵਿਚ ਜੋ ਵੰਡ ਕੇ ਰੱਖ ਦਿੱਤਾ। ਇਕ ਪਾਸੇ ਉਹ ਸਿੱਖ ਰਾਜ ਜਿਸ ਅਧੀਨ ਹਰ ਕਿਸੇ ਨੂੰ ਉਸਦੇ ਧਾਰਮਿਕ ਅਕੀਦੇ ਅਨੁਸਾਰ ਪੂਰਨ ਤੌਰ 'ਤੇ ਵਿਚਰਣ ਦੀ ਖੁਲ ਸੀ। ਬਾਕੀ ਰਹੀ ਗੱਲ ਖੁਸ਼ਹਾਲੀ ਦੀ ਤਾਂ ਉਹ ਵੀ ਇਕ ਮਿਸਾਲ ਸੀ ਜੋ ਅੱਜ ਵੀ ਪੁਰਖਿਆਂ ਤੋਂ ਸੁਣੀ ਦੀ ਹੈ ਕਿ ਸ਼ੇਰੇ ਪੰਜਾਬ ਦੇ ਰਾਜ ਵਿੱਚ ਕੁੱਤੇ ਦੇ ਗਲ਼ ਕੈਂਠਾ (ਸੋਨੇ ਦਾ ਗਹਿਣਾ) ਪਾ ਕੇ ਛਡਿਆ ਗਿਆ ਪਰ ਕਿਸੇ ਨੇ ਉਸ ਨੂੰ ਨਹੀਂ ਉਤਾਰਿਆ। ਦੂਸਰੇ ਪਾਸੇ ਅਜ਼ਾਦੀ ਦੀ 75ਵੀਂ ਵਰੇਗੰਢ ਮੌਕੇ ਅੱਜ ਵੀ ਅਸੀਂ ਇਸ ਹਾਲਾਤ ਵਿਚ ਖੜੇ ਹਾਂ ਕਿ ਸਾਨੂੰ ਦੇਸ਼ ਦੇ ਨਿਸ਼ਾਨ (ਝੰਡੇ) ਤੱਕ ਜਬਰੀ ਵੇਚਣੇ ਪੈ ਰਹੇ ਹਨ।

ਇਸ ਅਜਾਦੀ ਦੀ ਅਸਲ ਚੀਸ ਮਹਿਸੂਸ ਕਰਨ ਲਈ ਜਾਂ ਤਾਂ ਆਪਣੇ ਪੁਰਖਿਆਂ ਕੋਲ ਬਹਿ ਕੇ ਪਤਾ ਲਗਦਾ ਪਰ ਉਹ ਵੀ ਆਪਣੇ ਘਰ ਪਰਤਣ ਦੀ ਉਡੀਕ ਵਿਚ ਵਧੇਰੇ ਅਲਾਹ ਨੂੰ ਪਿਆਰੇ ਹੋ ਗਏ ਹਨ ਜਾਂ ਫਿਰ ਇਸ ਵਤਨ ਵੰਡ ਬਾਰੇ ਲਿਖੇ ਸਾਹਿਤ ਨੂੰ ਸਾਨੂੰ ਆਪਣੇ ਚੇਤਿਆਂ ਦਾ ਹਿੱਸਾ ਬਣਾਉਣਾ ਪਵੇਗਾ। ਭਾਰਤ-ਪਾਕ ਵੰਡ ਨੂੰ ਲੈ ਕੇ ਹੁਣ ਤਕ ਬੇ-ਸ਼ੱਕ ਬਹੁਤ ਸਾਰਾ ਸਾਹਿਤ ਲਿਖਿਆ ਜਾ ਚੁੱਕਾ ਹੈ ਪਰ ਇਸ ਵੰਡ ਦੇ ਦਰਦ ਨੂੰ ਨਿਵੇਕਲੇ ਢੰਗ ਨਾਲ ਡਾ. ਸਰਬਜਿੰਦਰ ਸਿੰਘ ਜੀ ਦੀ ਕਲਮ ਨੇ ਬਿਆਨ ਕੀਤਾ ਹੈ। ਇਹ ਵਿਲੱਖਣ ਇਸ ਕਰਕੇ ਵੀ ਹੈ ਕਿ ਇਸ ਵਿਚ ਲੇਖਕ ਦੀ ਆਪਣੀ ਕਲਪਨਾ ਨਹੀਂ ਹੈ ਬਲਕਿ ਸੱਚ ਅਧਾਰਿਤ ਘਟਨਾਵਾਂ ਨੂੰ ਆਪਣੀ ਲੇਖਣੀ ਵਿਚ ਢਾਲਣ ਦਾ ਯਤਨ ਕੀਤਾ ਹੈ। 'ਦੀਜੈ ਬੁਧਿ ਬਿਬੇਕਾ' ਤੋਂ ਆਰੰਭ ਹੋਇਆ ਇਹ ਸਫ਼ਰ 'ਰੂਹਾਂ ਦਾ ਰੁਦਨ' ਤੋਂ ਹੁੰਦਾ ਹੋਇਆ ਆਪਣੇ ਤੀਸਰੇ ਪੜਾਅ 'ਬੇਗਾਨੀਆਂ ਜੂਹਾਂ' ਤੱਕ ਜਾ ਪਹੁੰਚਿਆ ਹੈ। ਡਾ. ਸੁਰਿੰਦਰਪਾਲ ਸਿੰਘ ਓਬਰਾਏ ਦੇ ਖਾਨਦਾਨ ਦੀ ਇਹ ਜੀਵਨੀ ਹੈ। 'ਦੀਜੈ ਬੁਧਿ ਬਿਬੇਕਾ' ਦਾ ਆਰੰਭ ਸੇਠ ਤੇਜਾ ਸਿੰਘ ਦੇ ਲੋਕਾਂ ਦੀਆਂ ਗਰਜਾਂ ਪੂਰੀਆਂ ਕਰਨ ਨਾਲ ਹੁੰਦਾ ਹੈ ਕਿ ਕਿਵੇਂ ਸੇਠ ਤੇਜਾ ਸਿੰਘ ਬਿਨਾਂ ਕਿਸੇ ਧਰਮ, ਜਾਤ ਦੇ ਵਿਤਕਰੇ ਸਭ ਦੀਆਂ ਗਰਜਾਂ ਪੂਰੀਆਂ ਕਰਦਾ ਹੈ। ਕਿਸੇ ਦੀ ਧੀ ਦੇ ਵਿਆਹ ਲਈ ਭਾਵੇਂ ਤੇਜਾ ਸਿੰਘ ਇਕ ਧੇਲੀ ਨਹੀਂ ਛਡਦਾ ਪਰ ਨਾਲ ਹੀ ਦੂਜੇ ਪਾਸੇ ਤੋਂ ਧੀ ਦੇ ਸ਼ਗਨ ਲਈ ਪੰਜ ਰੁਪਏ ਦੇ ਦਿੰਦਾ ਹੈ। ਤੇਜਾ ਸਿੰਘ ਤੋਂ ਬਾਅਦ ਹਰਨਾਮ ਸਿੰਘ ਦੁਕਾਨਦਾਰੀ ਚਲਾਉਂਦਾ ਹੈ ਤੇ ਲੋਕਾਂ ਦੀਆਂ ਔਖੇ ਵੇਲੇ ਦੀਆਂ ਗਰਜਾਂ ਪੂਰੀਆਂ ਕਰਦਾ ਹੈ। ਹਰਨਾਮ ਸਿੰਘ ਦੇ ਘਰ ਵਿਚ ਪ੍ਰੀਤਮ ਦੀ ਕਿਲਕਾਰੀ ਨਾਲ ਸਾਰੇ ਇਲਾਕੇ ਵਿਚ ਖੁਸ਼ੀ ਦਾ ਮਾਹੌਲ ਬਣ ਜਾਂਦਾ ਹੈ। ਪ੍ਰੀਤਮ ਦੀ ਮਾਂ ਗੁਰਦੇਈ ਬਚਪਨ ਵਿਚ ਰਬ ਨੂੰ ਪਿਆਰੀ ਹੋ ਗਈ ਤੇ ਹਰਨਾਮ ਸਿੰਘ ਨੇ ਪ੍ਰੀਤਮ ਦੇ ਸਹਾਰੇ ਜਿੰਦਗੀ ਕਟਣ ਦਾ ਫੈਸਲਾ ਕਰ ਲਿਆ। ਪ੍ਰੀਤਮ ਦੇ ਬਚਪਨ ਦੀ ਯਾਰੀ ਮੁਸਲਮਾਨ ਚਿਰਾਗੇ ਤੇ ਮੋਹਣੇ ਜੱਟ ਨਾਲ ਸੀ। ਡਾ. ਸਰਬਜਿੰਦਰ ਸਿੰਘ ਨੇ ਇਨਾਂ ਤਿੰਨਾਂ ਰੂਹਾਂ ਦੀ ਯਾਰੀ ਦੀ ਨਿਵੇਕਲੀ ਮਿਸਾਲ ਇਸ ਪੁਸਤਕ ਵਿਚ ਲੋਕਾਂ ਸਾਹਮਣੇ ਰਖੀ ਹੈ। ਪੁਸਤਕ ਦੇ ਅੰਤ ਵਿਚ ਵਤਨ-ਵੰਡ ਸਮੇਂ ਧਰਮ ਦੇ ਨਾਂ ਤੇ ਹੋਣ ਵਾਲੀਆਂ ਵਹਿਸ਼ੀ ਘਟਨਾਵਾਂ ਨੂੰ ਬਾਖੂਬੀ ਉਜਾਗਰ ਕੀਤਾ ਹੈ ਤੇ ਧਰਾਬੀ ਦੇ ਲੋਕਾਂ ਦੇ ਪਿਆਰ ਦੀ ਚਰਚਾ ਕੀਤੀ ਹੈ ਜੋ ਬਿਖੜੇ ਸਮੇਂ ਵਿਚ ਬਿਲਕੁਲ ਨਹੀਂ ਬਦਲਦਾ।

ਇਸੇ ਲੜੀ ਦੀ ਦੂਸਰੀ ਪੁਸਤਕ 'ਰੂਹਾਂ ਦਾ ਰੂਦਨ' ਵਿਚ ਵਤਨ-ਵੰਡ ਸਮੇਂ ਧਰਾਬੀ ਤੋਂ ਕੂਚ ਕਰਨ ਦੇ ਭਿਆਨਕ ਦ੍ਰਿਸ਼ ਨੂੰ ਬਿਆਨ ਕੀਤਾ ਹੈ, ਜਿਸ ਨੂੰ ਪੜ ਪਾਠਕ ਅੱਖਾਂ ਨਮ ਕੀਤੇ ਬਿਨਾਂ ਨਹੀਂ ਰਹਿ ਸਕਦਾ। ਜਿਥੇ ਧਰਾਬੀ ਦੇ ਸਿੱਖ ਅਤੇ ਹਿੰਦੂ ਪਰਿਵਾਰ ਟੱਰਕ ਵਿਚ ਸਵਾਰ ਹੋ ਧਰਾਬੀ ਦੀ ਜੂਹ ਨੂੰ ਛੱਡ ਰਹੇ ਹਨ ਉਥੇ ਆਪਣੇ ਪ੍ਰੀਤਮ ਦੀ ਯਾਰੀ ਸਦਕਾ ਮੋਹਣਾ ਪਰਿਵਾਰ ਦੇ ਮੋਹ ਨੂੰ ਛੱਡ ਕੇ ਟਰੱਕ ਵਿਚੋਂ ਛਾਲ ਮਾਰ ਧਰਾਬੀ ਦੀ ਜੂਹ ਨਹੀਂ ਛਡਦਾ ਤੇ ਉਸਦਾ ਸਾਥ ਪ੍ਰੀਤੋ ਦਿੰਦੀ ਹੈ ਜੋ ਕਿ ਮੋਹਣੇ ਨੂੰ ਮਨ ਹੀ ਮਨ ਆਪਣਾ ਸਭ ਕੁਝ ਮੰਨੀ ਬੈਠੀ ਹੈ। ਦੂਸਰੇ ਪਾਸੇ ਪ੍ਰੀਤਮ ਜੋ ਇਸ ਸਭ ਤੋਂ ਬੇਪ੍ਰਵਾਹ ਦਸਵੀਂ ਦੇ ਪੇਪਰ ਪਾ ਆਪਣੇ ਯਾਰਾਂ ਨਾਲ ਧਰਾਬੀ



ਪਰਤਣ ਦੀਆਂ ਤਿਆਰੀਆਂ ਵਿਚ ਮਨ ਹੀ ਮਨ ਵਿਚਾਰ ਘੜਦਾ ਰਹਿੰਦਾ ਹੈ। ਪ੍ਰੀਤਮ ਦੇ ਕੈਮਲਪੁਰ ਤੋਂ ਪ੍ਰੀਤਮ ਦੇ ਤੁਰਨ ਦੀ ਜੋ ਗਾਥਾ ਇਸ ਪੁਸਤਕ ਵਿਚ ਬਿਆਨ ਕੀਤੀ ਹੈ ਉਸ ਨੂੰ ਪੜ ਕੇ ਲੂੰ ਕੰਡੇ ਖੜੇ ਹੋ ਜਾਂਦੇ ਹਨ। ਇਸੇ ਦਰਦ ਨੂੰ ਬਿਆਨ ਕਰਦੀ ਤੀਸਰੀ ਪੁਸਤਕ 'ਬੇਗਾਨੀਆਂ ਜੂਹਾਂ' ਦੇ ਪਹਿਲੇ ਬੰਧ 'ਮਰ ਗਈਆਂ ਰੂਹਾਂ 'ਬਿਗਾਨੀਆਂ ਜੂਹਾਂ' ਅੰਦਰ ਜਖਮੀ ਪ੍ਰੀਤਮ ਦੀ ਹਰ ਹੀਲੇ ਹਿਫ਼ਾਜ਼ਤੀ ਦੀ ਜਿੰਮੇਵਾਰੀ ਖੁਸ਼ੀ ਰਾਮ ਤੇ ਫਤਹਿ ਖਾਨ ਦੀ ਹੈ ਜੋ ਬਿਨਾਂ ਧਰਮ, ਜਾਤ-ਨਸਲ ਭੇਦ ਤੋਂ ਪ੍ਰੀਤਮ ਦੀ ਹਿਫ਼ਾਜ਼ਤ ਕਰ ਇਨਸਾਨੀਅਤ ਦੀ ਨਵੀਂ ਮਿਸਾਲ ਪੈਦਾ ਕਰਦੇ ਹਨ। ਦੂਸਰੇ ਬੰਧ 'ਕੱਲਰ ਕਹਾਰ' ਵਿੱਚ ਲੇਖਕ ਕੱਲਰ ਕਹਾਰ ਦੇ ਖਿੱਤੇ ਦੇ ਪਿਛੋਕੜ ਤੋਂ ਗੱਲ ਸ਼ੁਰੂ ਕਰ ਇਸ ਬੀਆਬਾਨ ਇਲਾਕੇ ਦੇ ਆਬਾਦ ਹੋਣ ਦੀ ਚਰਚਾ ਕਰ ਕਲਰ ਕਹਾਰੀਏ ਸਰਦਾਰਾਂ ਦੇ ਮਾਧਿਅਮ ਰਾਹੀਂ ਸਰਦਾਰਾਂ ਵੱਲੋਂ ਕੀਤੀ ਸਖ਼ਤ ਮਿਹਨਤ ਤੇ ਉਨਾਂ ਦੇ ਦਿਆਲੂ ਸੁਭਾਅ ਨੂੰ ਪਾਠਕਾਂ ਸਾਹਮਣੇ ਉਘਾੜਦਾ ਹੈ। ਲੇਖਕ ਨੇ ਆਪਣੀ ਇਸ ਰਚਨਾ ਵਿੱਚ ਰੂਹਾਂ ਦੇ ਪਿਆਰ ਦੀ ਗੱਲ ਤੋਂ ਲੈ ਕੇ ਹਰ ਮਜ਼ਹਬ ਨੂੰ ਮਾਣ ਦਿੱਤਾ ਹੈ ਕਿ ਕੋਈ ਵੀ ਫ਼ਿਰਕਾ ਇਸ ਵਰਤਾਰੇ ਦੁਖਾਂਤ ਦਾ ਜਿੰਮੇਵਾਰ ਨਹੀਂ ਹੈ। ਇਹ ਵਰਤਾਰਾ ਤਾਂ ਕੁਝ ਸ਼ਰਾਰਤੀ ਮੁਸ਼ਟੰਡੇ ਬਸ਼ੀਰੇ ਵਰਗੇ ਲੋਕਾਂ ਦੀ ਸੌੜੀ ਸੋਚ ਹੀ ਸੀ ਜੋ ਧਰਮ ਦੀ ਆੜ ਹੇਠ ਆਪਣੇ ਭੈੜੇ ਵਿਚਾਰਾਂ ਨੂੰ ਪੂਰਾ ਕਰਨ ਦੀ ਸੋਚਦੇ ਹਨ।

ਇਸ ਰਚਨਾ ਦੀ ਖੂਬਸੂਰਤੀ ਇਸ ਦੀ ਭਾਸ਼ਾ ਪੱਖੋਂ ਵੀ ਸਹਿਜੇ ਹੀ ਬਣਦੀ ਜਾਪਦੀ ਹੈ ਇਸ ਵਿੱਚ ਵਰਤੀ ਭਾਸ਼ਾ ਸਾਨੂੰ ਆਪਣੇ ਬਜੁਰਗਾਂ ਦੇ ਸ਼ਾਖਸ਼ਾਤ ਬੋਲ ਜਾਪਦੇ ਹਨ। ਲੇਖਕ ਨੇ ਇਕ ਸ਼ਬਦ 'ਕੁਰੇ' ਜੋ ਵਾਰ-ਵਾਰ ਵਰਤਿਆ, ਇਸ ਸ਼ਬਦ ਦਾ ਸ਼ਾਇਦ ਹੀ ਬਹੁਤੇ ਪਾਠਕਾਂ ਨੂੰ ਪਤਾ ਹੋਵੇ ਪਰ ਮੈਂ ਇਹ ਸ਼ਬਦ ਆਪਣੇ ਦਾਦਾ ਜੀ ਦੇ ਮੂੰਹੋਂ ਕਈ ਵਾਰ ਸੁਣਿਆ ਹੋਣ ਕਰਕੇ ਇਸ ਦੇ ਅਰਥਾਂ ਨੂੰ ਸਮਝਣ ਦੀ ਲੋੜ ਹੀ ਮਹਿਸੂਸ ਨਹੀਂ ਹੋਈ। ਇਸੇ ਤਰਾਂ ਦੇ ਕੁਝ ਹੋਰ ਵੀ ਸ਼ਬਦ ਹਨ ਜੋ ਕਿ ਸਾਡੀ ਬੋਲੀ ਚੋਂ ਅਲੋਪ ਹੋ ਰਹੇ ਹਨ ਜਿਵੇਂ ਇਸ ਰਚਨਾ ਦੇ ਸਿਰਲੇਖ 'ਬੇਗਾਨੀਆਂ ਜੂਹਾਂ' ਜੂਹਾਂ ਸ਼ਬਦ ਵੀ ਸਾਡੀ ਬੋਲੀ 'ਚੋਂ ਅਲੋਪ ਹੋ ਰਿਹਾ ਹੈ। ਲੇਖਕ ਨੇ ਹਰ ਘਟਨਾ ਨੂੰ ਬੜੀ ਤਰਤੀਬ ਦੇ ਕੇ ਬਿਆਨ ਕੀਤਾ ਹੈ। ਇਸ ਨੂੰ ਪੜਦੇ ਸਮੇਂ ਸਾਡੇ ਸਾਹਮਣੇ ਇਨਾਂ ਘਟਨਾਵਾਂ ਦੇ ਸਾਰੇ ਦ੍ਰਿਸ਼ ਸਾਡੀਆਂ ਅੱਖਾਂ ਸਾਹਮਣੇ ਉੱਘੜਦੇ ਪ੍ਰਤੀਤ ਹੁੰਦੇ ਹਨ ਤੇ ਪਾਠਕ ਇਸ ਰਚਨਾ ਨੂੰ ਪੜ ਅੱਖਾਂ ਨੂੰ ਨਮ ਕੀਤੇ ਬਗੈਰ ਰਹਿ ਹੀ ਨਹੀਂ ਸਕਦਾ। ਧਰਾਬੀ ਦੀ ਧਰਤਿ ਤੋਂ ਸ਼ੁਰੂ ਹੋਇਆ ਇਹ ਸਫ਼ਰ 'ਕੱਲਰ ਕਹਾਰ' ਦੀ ਵਿਥਿਆ ਆਪਣੇ ਨਾਲ ਸਮੋਈ ਤੇ ਵੰਡ ਦੀ ਚੀਸ ਨਾਲ ਲਈ ਰੇਲ ਗੱਡੀ ਰਾਹੀਂ ਕਾਫਲੇ ਦੇ ਰੂਪ ਅੰਮ੍ਰਿਤਸਰ ਪੁੱਜ ਚੁੱਕਾ ਹੈ। ਪਾਠਕਾਂ ਨੂੰ ਇਸਦੇ ਅਗਲੇ ਭਾਗ ਦੀ ਬੇ-ਸਬਰੀ ਨਾਲ ਉਡੀਕ ਜ਼ਰੂਰ ਰਹੇਗੀ। ਡਾ. ਸਰਬਜਿੰਦਰ ਸਿੰਘ ਜੀ ਦੀ ਕਲਮ ਵਤਨ-ਵੰਡ ਦੇ ਦਰਦ ਨੂੰ ਇਕ ਨਿਵੇਕਲੇ ਢੰਗ ਨਾਲ ਉਸ ਇਲਾਕੇ ਦੀ ਲੋਕ ਬੋਲੀ ਦੇ ਮਾਧਿਅਮ ਰਾਹੀਂ ਬਿਆਨ ਕਰਨ ਵਿੱਚ ਸਫਲ ਰਹੀ ਹੈ ਤੇ ਪਾਠਕਾਂ ਦੇ ਮਨਾਂ ਅੰਦਰ ਇਸ ਵੰਡ ਦੀ ਅਮਿੱਟ ਛਾਪ ਜ਼ਰੂਰ ਛੱਡ ਜਾਏਗੀ ਤੇ ਜੋ ਦੂਰੀਆਂ ਸਿਆਸਤ ਨੇ ਇਸ ਵੰਡ ਰਾਹੀਂ ਲੋਕ ਮਨਾਂ ਅੰਦਰ ਪੈਦਾ ਕੀਤੀਆਂ ਹਨ ਉਨਾਂ ਨੂੰ ਦੂਰ ਕਰਨ ਵਿੱਚ ਸਹਾਇਕ ਸਿੱਧ ਹੋਵੇਗੀ ਤੇ ਦੋਹਾਂ ਮੁਲਕਾਂ ਵਿਚ ਫਿਰ ਤੋਂ ਮੋਹਣੇ, ਚਿਰਾਗੇ, ਨਿਸ਼ਾਨ, ਹਮੀਦਾ, ਬਾਨੋ, ਕਾਲੇ ਵਰਗੇ ਇਨਸਾਨਾਂ ਦੀਆਂ ਵਫ਼ਾਦਾਰੀਆਂ ਦੀ ਗਵਾਹੀ ਭਰੀ ਜਾਵੇਗੀ ਤੇ ਅਗਾਂਹ ਭਵਿੱਖ 'ਚ ਦੁਬਾਰਾ ਅਜਿਹੇ ਕਿਸੇ ਵਰਤਾਰੇ ਦੇ ਨਾ ਹੋਣ ਦੀਆਂ ਸੰਭਾਵਨਾਵਾਂ ਬਣਨਗੀਆਂ।



# ਗੁਰਮੁਖੀ ਅੱਖਰਾਂ ਦਾ ਪਿਛੋਕੜ ਅਤੇ ਅਜੋਕੀ ਗੁਰਮੁਖੀ

**ਨਾਜ਼ਰ ਸਿੰਘ**

**ਮੋ. 94641-58136**

ਗੁਰਮੁਖੀ ਨਾਲ ਮਿਲਦੇ ਜੁਲਦੇ ਅੱਖਰ ਪੰਜ ਹਜ਼ਾਰ ਵਰਿਆਂ ਤੋਂ ਮਿਲਦੇ ਹਨ। ਪੰਜਾਬ ਵਿੱਚ ਵਰਤੇ ਗਏ ਅੱਖਰ ਕਈ ਭਾਂਤ ਦੇ ਉਪਲਬਧ ਹਨ। ਸਭ ਤੋਂ ਪੁਰਾਣੇ ਅੱਖਰ ਹੜੱਪਾ ਅਤੇ ਮੋਇੰਜੋਦੜੋ ਦੇ ਹਨ, ਜਿਹੜੇ ਕਿ ਅਜੇ ਤੱਕ ਪੜੇ ਨਹੀ ਗਏ। ਦੂਜੇ ਪੁਰਾਣੇ ਅੱਖਰ ਖਰੋਟੀ ਜਾਂ ਖਰੋਸ਼ਟੀ ਦੇ ਹਨ। ਤੀਜੇ ਗ੍ਰੀਕ ਸਿੱਕਿਆਂ ਅਤੇ ਉਦੰਬਰ ਰਾਜਿਆਂ ਦੇ ਸਿੱਕਿਆਂ ਤੋਂ ਅੱਖਰ ਮਿਲੇ ਹਨ। ਇਸ ਤੋਂ ਇਲਾਵਾ ਅਸ਼ੋਕ ਮਹਾਨ ਦੇ ਅੱਖਰ, ਸ਼ਾਹਬਾਜਗੜੀ, ਟੈਕਸਲਾ ਤੋਂ ਮਿਲੇ ਸਿੱਕਿਆ ਤੋਂ ਮਿਲੇ ਅੱਖਰ, ਟਾਕਰੀ ਅੱਖਰ, ਸਾਹਸੀ ਰਾਜਿਆ ਦੇ ਅੱਖਰ, ਭੱਟੀਆਂ ਦੇ ਭੱਠਛਰ ਜਾਂ ਅਲਬਰੂਨੀ ਦੇ ਅਨੁਸਾਰ ਅਰਧ ਨਾਕਰੀ, ਹਰਸ਼ਵਰਧਨ ਦੇ ਅੱਖਰ, ਮਹਿਮੂਦ ਬਾਦਸ਼ਾਹ ਵੇਲ਼ੇ ਕੂਫੀ ਅੱਖਰ ਆਏ, ਲੰਡੇ ਅੱਖਰ, ਅੰਗਰੇਜ਼ਾਂ ਵੇਲ਼ੇ ਰੋਮਨ ਅੱਖਰ ਆਏ, ਅਜੋਕੀ ਦੇਵਨਾਗਰੀ ਹਿੰਦੂ ਧਰਮ ਪ੍ਰਚਾਰਕ ਲੈ ਕੇ ਆਏ, ਸੋ ਇਸ ਤਰਾਂ ਪੰਜਾਬ ਵਿੱਚ ਵੱਖ-ਵੱਖ ਸਮਿਆਂ ਵਿੱਚ ਵੱਖ-ਵੱਖ ਅੱਖਰ ਪ੍ਰਚੱਲਿਤ ਹੋਏ। ਇਸ ਤੋਂ ਇਲਾਵਾ ਯੋਗੀਆਂ ਦੀ ਸਿੱਧ ਮਾਤਰਕਾ ਲਿੱਪੀ ਵੀ ਚਲਦੀ ਰਹੀ।

ਉਪਰੋਕਤ ਕਈ ਅੱਖਰਾਂ ਦੇ **Sign Value** ਦੇ ਹਿਸਾਬ ਨਾਲ ਪੰਜਾਬੀ ਜਾਂ ਗੁਰਮੁਖੀ ਦੇ ਅੱਖਰਾਂ ਦੀ **Sign Value** ਨਾਲੋਂ ਵੱਖਰੀ ਹੈ।ਕਈ ਅੱਖਰਾਂ ਦੀ ਸ਼ਗਿਨ ਞਓਲੁਏ ਪੰਜਾਬੀ ਦੇ ਅੱਖਰਾਂ ਨਾਲੋਂ ਵੱਧ ਹੈ ਅਤੇ ਗੁਰਮੁਖੀ ਨਾਲੋਂ ਵੱਖਰੀ ਹੈ। ਇਸ ਤਰਾਂ ਜੇਕਰ ਗੁਰਮੁਖੀ ਤੋਂ ਇਲਾਵਾ ਕਿਸੇ ਹੋਰ ਲਿੱਪੀ ਵਿੱਚ ਗੁਰਬਾਣੀ ਲਿਖੀ ਜਾਵੇ ਤਾਂ ਉਸ ਦਾ ਉਚਾਰਣ ਠੀਕ ਨਹੀ ਹੋਵੇਗਾ ਅਤੇ ਗੁਰਬਾਣੀ ਅਟਕਲ ਪੱਚੂ ਪੜੀ ਜਾਵੇਗੀ।ਗੁਰਬਾਣੀ ਵਿੱਚ ਕੁੱਝ ਵੱਖਰੀਆਂ ਧੁਨੀਆਂ ਵੀ ਮਿਲਦੀਆਂ ਹਨ ਜਿਵੇਂ ਅਯੋਗਵਾ (:), ਅੱਖਰ ਦੇ ਪੈਰੀ ਪੁੱਠਾ 'ਹ' ( )। ਕਿਸੇ ਅੱਖਰ ਦੇ ਪੈਰੀ ਅੱਖਰ ਪਾਉਣ ਦਾ ਰਿਵਾਜ਼ ਪੁਰਾਣੀ ਟਾਕਰੀ ਲਿੱਪੀ ਵਿੱਚ ਪ੍ਰਚੱਲਿਤ ਸੀ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਵੀ ਅੱਧਕ ( ੱ ) ਦਾ ਪ੍ਰਯੋਗ ਨਹੀ ਕੀਤਾ ਗਿਆ। ਅੱਧਕ ਦੀ ਵਰਤੋਂ ਸਿੰਘ ਸਭਾ ਵੇਲ਼ੇ ਪ੍ਰਚੱਲਿਤ ਹੋਈ। 'ਸ਼', '.ਖ', 'ਗ਼', 'ਜ਼', '.ਫ' ਆਦਿ ਪੰਜ ਅੱਖਰ ਵੀ ਉਸੇ ਵੇਲ਼ੇ **adjust** ਕੀਤੇ ਗਏ। 'ਲ਼' ਅੱਖਰ 1973 ਵਿੱਚ ਪੰਜਾਬ ਦੇ ਅੱਜ ਦੇ ਭਾਸ਼ਾ ਵਿਭਾਗ ਨੇ ਮਨਜ਼ੂਰ ਕੀਤਾ।ਇੰਝ ਉਕਤ ਛੇ ਅੱਖਰ ਗੁਰਬਾਣੀ ਵਿੱਚ ਵਰਣਨ ਅੱਖਰਾਂ ਤੋਂ ਪਿੱਛੋਂ ਗੁਰਮੁਖੀ ਵਿੱਚ ਦਾਖਲ਼ ਕੀਤੇ ਗਏ। ਪਹਿਲੇ ਪੰਜ ਅੱਖਰ (ਸ਼, .ਖ, ਗ਼, ਜ਼ ਅਤੇ .ਫ) ਅਸੀਂ ਕੂਫੀ ਲਿੱਪੀ ਤੋਂ ਲਏ ਹਨ ਕਿਉਂਕਿ ਮਹਿਮੂਦ ਬਾਦਸ਼ਾਹ ਵੇਲ਼ੇ ਕੂਫੀ ਲਿੱਪੀ ਪੰਜਾਬ ਦੀ ਅਧਿਕਾਰਕ ਤੌਰ ੁਤੇ ਵਰਤੀ ਜਾਣ ਲੱਗੀ ਅਤੇ ਫਾਰਸੀ ਸਰਕਾਰੀ ਬੋਲੀ ਹੋਣ ਕਰਕੇ ਮਜ਼ਬੂਰੀ ਵਸ ਲੋਕਾਂ ਨੂੰ ਪੜਨੀ ਪਈ। ਮਹਾਰਾਜਾ ਰਣਜੀਤ ਸਿੰਘ ਜਿਹੜਾ ਪ੍ਰਭੂਸੱਤਾ ਸੰਪਨ ਸੀ ਉਸ ਵੇਲ਼ੇ ਵੀ ਸਰਕਾਰੀ ਬੋਲੀ ਫਾਰਸੀ ਰੱਖੀ ਅਤੇ ਲਿੱਪੀ ਕੂਫੀ ਹੀ ਲਾਗੂ ਕਰੀ ਰੱਖੀ। ਉਪਰੋਕਤ ਪੰਜ ਧੁਨੀਆਂ ਪੰਜਾਬ ਦੇ ਲੋਕ ਬੋਲਦੇ ਨਹੀ ਸਨ ਅਤੇ ਨਾ ਹੀ ਹੁਣ ਬੋਲਦੇ ਹਨ। ਇਹ ਪੰਜ ਧੁਨੀਆਂ ਸੈਮਟਿਕ ਮੂਲ਼ ਦੀਆਂ ਹਨ ਇਹ ਪੰਜ ਧੁਨੀਆਂ ਪੰਜਾਬ ਮੂਲ ਦੀਆਂ ਨਹੀ ਹਨ। ਪੰਜਾਬ ਵਿੱਚ ਫਾਰਸੀ ਬੋਲੀ ਨੂੰ ਕੂਫੀ ਲਿੱਪੀ ਵਿੱਚ ਅਪਣਾਉਣ ਕਰਕੇ ਉਕਤ ਪੰਜ ਧੁਨੀਆਂ ਨੂੰ ਵੀ ਪੰਜਾਬੀ ਨੇ ਵੀ ਅਪਣਾ ਲਈਆਂ। ਇਸ ਪਿੱਛੋ ਅੰਗਰੇਜ਼ਾ ਨੇ ਉਰਦੂ ਸਰਕਾਰੀ ਬੋਲੀ ਲਾਗੂ ਕਰੀ ਰੱਖੀ। ਬਾਕੀ ਸਿੱਖ ਰਾਜੇ ਅੰਗਰੇਜ਼ਾ ਦੀ ਟ੍ਰਿਬਿਊਟਰੀ ਸਨ। ਉਨਾਂ ਨੇ ਵੀ ਸਰਕਾਰੀ ਬੋਲੀ ਫਾਰਸੀ ਜਾਂ ਅੰਗਰੇਜ਼ੀ ਹੀ ਲਾਗੂ ਕਰੀ ਰੱਖੀ। ਪਰ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਜੀ ਨੇ ਵੀ 1912 ਵਿੱਚ ਸਰਕਾਰੀ ਬੋਲੀ ਪੰਜਾਬੀ ਐਲਾਨੀ ਪਰ ਸ਼ਬਦਾਵਲੀ **(Vocabulary)** ਪੱਖੋਂ ਪੰਜਾਬੀ ਮੂਲ਼ ਦੇ ਸ਼ਬਦ ਬਹੁਤ ਘੱਟ ਘੜੇ ਹੋਣ ਕਰਕੇ ਅਰਬੀ, ਫਾਰਸੀ ਅਤੇ ਤੁਰਕੀ ਦੀ ਸ਼ਬਦਾਵਲੀ **(Vocabulary)** ਨਾਲ ਹੀ ਕੰਮ ਚਲਾਇਆ। ਜੇਕਰ ਸਿੱਖ ਰਾਜਿਆ ਨੇ ਗੁਰਬਾਣੀ ਅਤੇ ਪੰਜਾਬੀ ਦੇ ਪ੍ਰਚਾਰ ਵੱਲ ਧਿਆਨ ਦਿੱਤਾ ਹੁੰਦਾ ਤਾਂ ਲੋਕ ਸਿੱਖੀ ਨੂੰ ਛੱਡ ਕੇ ਦੂਜੇ ਭਾਈਚਾਰੇ ਪੰਜਾਬੀ ਅਤੇ ਗੁਰਮੁੱਖੀ ਤੋਂ ਦੂਰ ਨਾ ਜਾਂਦੇ ਅਤੇ ਨਾ ਹੀ ਗੁਰਮੁਖੀ

ਵਰਤਣ ਵਿੱਚ ਕਿਸੇ ਤਰਾਂ ਦੀ ਢੁੱਚਰ ਡਾਹੁੰਦੇ। ਉਰਦੂ ਮਾਧਿਅਮ ਪੰਜਾਬ ਵਿੱਚ 1948 ਤੱਕ ਜਾਰੀ ਰਿਹਾ। ਇਸ ਪਿੱਛੋਂ ਪੰਜਾਬ ਵਿੱਚ ਅਧਿਕਾਰਕ ਤੌਰ ਤੇ ਪੰਜਾਬੀ ਅਤੇ ਹਿੰਦੀ ਮਾਧਿਅਮ ਸਵੀਕਾਰ ਕੀਤੇ ਗਏ। ਪਾਕਿਸਤਾਨ ਪੰਜਾਬ ਵਿੱਚ ਹੁਣ ਵੀ ਉਰਦੂ ਮੀਡੀਅਮ ਹੈ। ਪਾਕਿਸਤਾਨੀ ਪੰਜਾਬ ਦੀ ਸਰਕਾਰੀ ਬੋਲੀ ਉਰਦੂ ਹੈ। ਜੇ ਕੋਈ ਟਾਵਾਂ ਪੰਜਾਬੀ ਵਿੱਚ ਲਿਖਦਾ ਹੈ ਤਾਂ ਉਹ ਗੁਰਮੁਖੀ ਲਿੱਪੀ ਦੀ ਵਰਤੋਂ ਨਹੀ ਕਰਦਾ ਹੈ, ਜਿਹੜੀ ਲਿੱਪੀ ਦੀ ਉਹ ਵਰਤੋਂ ਕਰਦੇ ਹਨ ਉਸ ਨੂੰ ਸ਼ਾਹਮੁੱਖੀ ਕਹੀ ਜਾ ਰਹੇ ਹਨ ਅਤੇ ਬਹਾਨਾ ਲਉਂਦੇ ਹਨ ਕਿ ਸਿੱਖਾਂ ਨੇ ਸਾਨੂੰ ਪੰਜਾਬੀ ਤੋਂ ਦੂਰ ਕੀਤਾ ਹੈ। ਜਦੋਂ ਉਹ ਅੰਗਰੇਜ਼ੀ ਰੋਮਨ ਵਿੱਚ ਲਿਖਦੇ ਹਨ ਤਾਂ ਫਿਰ ਨੀਂ ਉਹ ਕਹਿੰਦੇ ਕਿ ਅੰਗਰੇਜ਼ਾਂ ਦੀ ਲਿੱਪੀ ਹੈ।

**John Beam** ਨੇ ਆਪਣੀ ਕਿਤਾਬ **Modern Ayrian Comparative grammar** ਵਿੱਚ ਜੇਮਜ਼ ਪ੍ਰਿੰਸੇਪ ਦਾ ਵਰਣਨ ਕੀਤਾ ਹੈ ਕਿ ਗੁਰਮੁਖੀ ਦੇ ਕਈ ਅੱਖਰ ਅਸ਼ੋਕ ਦੀ ਲਿੱਪੀ ਨਾਲ ਮਿਲਦੇ ਹਨ ਅਤੇ ਕਈ ਅੱਖਰ ਉਸ ਤੋਂ ਵੀ ਪੁਰਾਣੇ ਹਨ। ਗੌਰੀ ਸ਼ੰਕਰ ਓਝਾ ਦੀ ਕਿਤਾਬ ਭਾਰਤੀ ਲਿੱਪੀ ਮਾਲਾ ਵਿੱਚ ਅਸ਼ੋਕ ਦੀ ਲਿੱਪੀ ਨੂੰ ਬ੍ਰਹਮੀ ਲਿੱਪੀ ਕਹਿੰਦਾ ਹੈ, ਦੇਖੋ ਉਕਤ ਕਿਤਾਬ ਦੀ ਭੂਮਿਕਾ ਵਿੱਚ ਅਤੇ ਭਾਰਤੀ ਲਿੱਪੀ ਮਾਲ਼ਾ ਦੇ ਆਖਰੀ ਸਫਿਆਂ ਤੇ ਵਰਣਨ ਕੀਤਾ ਹੈ ਕਿ ਜਿਸ ਵਿੱਚ ਗੁਰਮੁਖੀ ਦੇ 'ੜ' ਅੱਖਰ ਦਾ ਕੋਈ ਵਰਣਨ ਨਹੀ ਹੈ ਅਤੇ ਉਹ ਇਸ ਧੁਨੀ ਨੂੰ ਰਿਰੀ ਹੀ ਸਮਝੀ ਜਾਂਦਾ ਹੈ। ਇੱਕ ਵਰਕੇ ਉੱਤੇ ਟਾਕਰੀ ਲਿੱਪੀ ਦਾ ਵਰਣਨ ਕਰਦਾ ਹੈ ਕਿ 'ਵ' ਦੀ ਸ਼ਕਲ ਗੁਰਮੁਖੀ ਦੇ 'ਵਉ ਵਰਗੀ ਹੈ। 16ਵੀਂ ਸਦੀ ਦੇ ਕੁੱਲੂ ਦੇ ਰਾਜੇ ਬਹਾਦਾਰ ਸਿੰਘ ਦੀ ਲਿੱਪੀ ਦੀ ਫੋਟੋ ਕਾਪੀ ਵੀ ਦਿੱਤੀ ਹੈ ਜਿਹੜੀ ਕਿ ਟਾਕਰੀ ਲਿੱਪੀ ਵਿੱਚ ਹੈ ਅਤੇ ਉਸਦੀ ਸ਼ਕਲ ਗੁਰਮੁਖੀ ਦੇ 'ਧ' ਵਰਗੀ ਹੈ ਇਸ ਤੋਂ ਸਾਬਤ ਹੁੰਦਾ ਹੈ ਕਿ ਇਸ ਤੋਂ ਪਤਾ ਲਗਦਾ ਹੈ ਕਿ ਉਨਾਂ ਨੂੰ ਪੰਜਾਬ ਦੀਆਂ ਲਿੱਪੀਆਂ ਦੀ ਜਾਣਕਾਰੀ ਨਹੀਂ ਸੀ ਕਿਉਂਕਿ 16ਵੀਂ ਸਦੀ ਪਿੱਛੋਂ ਗੁਰਮੁਖੀ ਵਿੱਚੋਂ ਨਕਲ਼ ਕੀਤੀ ਗਈ ਹੈ। ਇਹ ਵੀ ਦੱਸਦਾ ਹੈ ਕਿ ਉੱਤਰ ਤੋਂ ਲੈ ਕੇ ਦੱਖਣ ਤੱਕ ਸਾਰੀਆਂ ਲਿੱਪੀਆਂ ਅਸ਼ੋਕ ਦੀ ਲਿੱਪੀ ਵਿੱਚੋਂ ਹੀ ਨਿਕਲ਼ੀਆਂ ਹਨ। ਸਾਨੂੰ ਟਾਕਰੀ ਦੇ ਨਮੂਨੇ ਦੂਜੀ ਸਦੀ ਬੀ.ਸੀ ਦੇ ਕੁਸ਼ਾਨ, ਉਦੰਬਰ ਅਤੇ ਕੁਨਿੰਦਿਆਂ ਦੇ ਸਿੱਕਿਆ ਤੋਂ ਮਿਲਦੇ ਹਨ। ਉਂਜ ਵਿਕੀਪੀਡੀਆ ਅਨੁਸਾਰ ਉਦੰਬਰਾਂ ਦਾ ਵਰਣਨ ਪੰਜਵੀ ਸਦੀ ਬੀ.ਸੀ ਤੋਂ ਚੌਥੀ ਸਦੀ ਅ.ਧ ਤੱਕ ਦੱਸਦੇ ਹਨ। ਇਨਾਂ ਨੇ ਖਰੋਸ਼ਟੀ ਜਾਂ ਖਰੋਟੀ ਅਤੇ ਟਾਕਰੀ ਲਿੱਪੀ ਨੂੰ ਆਪਣੇ ਸਿੱਕਿਆ ਤੇ ਵਰਤਿਆ। ਸਿੱਕਿਆ ਦੇ ਇੱਕ ਪਾਸੇ ਖਰੋਟੀ ਅਤੇ ਦੂਜੇ ਪਾਸੇ ਟਾਕਰੀ ਲਿੱਪੀ ਵਰਤੀ। ਆਰਕਿਆਲੋਜੀ ਵਾਲੇ ਟਾਕਰੀ ਲਿੱਪੀ ਨੂੰ ਬ੍ਰਹਮੀ ਲਿੱਪੀ ਹੀ ਦੱਸੀ ਜਾ ਰਹੇ ਹਨ। ਇੱਥੋਂ ਪਤਾ ਲੱਗਦਾ ਹੈ ਕਿ ਉਹ ਬ੍ਰਹਮੀ ਕਰਨ ਦੇ ਪਾਖੂ ਬਣੇ ਹੋਏ ਹਨ ਅਤੇ ਸੱਚ ਨੂੰ ਅੱਖੋਂ ਪਰੋਖੇ ਕਰ ਰਹੇ ਹਨ।

ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਦੇ ਪੰਨਾ ਨੰਬਰ 418 ਤੇ ਲਿਖਿਆ ਹੈ ਕਿ ਗੁਰਮੁਖੀ ਵਰਣਮਾਲ਼ਾ ਸ਼ਾਰਦਾ ਅਤੇ ਟਾਕਰੀ ਵਿੱਚੋਂ ਨਿਕਲੀ ਹੈ, ਇੰਜ ਉਨਾਂ ਦੇ ਅੱਖਰਾਂ ਸਬੰਧੀ ਜਾਣਕਾਰੀ ਦਾ ਪਤਾ ਲਗਦਾ ਹੈ ਕਿ ਉਹ **Epigraphy** ਤੋਂ ਅਣਜਾਣ ਸਨ। ਜੇ ਅਸੀਂ ਸ਼ਾਰਦਾ ਲਿੱਪੀ ਦੀ ਗੱਲ ਕਰੀਏ ਤਾਂ ਸ਼ਾਰਦਾ ਲਿੱਪੀ ਦੇ ਸਿਰਫ ਅੱਠ ਅੱਖਰ ਹੀ ਗੁਰਮੁਖੀ ਨਾਲ ਮੇਲ਼ ਖਾਂਦੇ ਹਨ ਅਤੇ ਜਦਕਿ ਟਾਕਰੀ ਲਿੱਪੀ ਦੇ ਅਠਾਈ ਅੱਖਰ ਗੁਰਮੁਖੀ ਨਾਲ ਮੇਲ਼ ਖਾਂਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਉਨਾਂ ਨੇ ਇਹ ਸੁਣ ਸੁਣਾ ਕੇ ਜਾਂ ਕਿਸੇ ਲਿਖਾਰੀ ਤੋਂ ਪ੍ਰਭਾਵਿਤ ਹੋ ਕੇ ਇਹ ਲਿਖ ਦਿੱਤਾ ਹੈ ਕਿ ਇਹ ਲਿੱਪੀ ਸ਼ਾਰਦਾ ਲਿੱਪੀ ਵਿੱਚੋਂ ਨਿਕਲੀ ਹੈ। ਇੱਕ ਅੱਖਰ ਉਹਨਾਂ ਨੇ ਖਰਵੇ ਸ਼ ਨੂੰ ਪ੍ਰਗਟ ਕਰਨ ਲਈ ਕਲਪਿਆ ਜਦਕਿ ਗੁਰਮੁਖੀ ਵਿੱਚ ਨਾ ਤਾਂ ਤਾਲਵੀ ਸ਼ ਅਤੇ ਨਾ ਹੀ ਖਰਵਾ ਸ਼ ਹੈ। ਗੁਰੂ ਸਾਹਿਬ ਨੇ ਗੁਰਮੁਖੀ ਅਨੁਸਾਰੀ ਅੱਖਰਾਂ ਨਾਲ ਹੀ ਗੁਰਬਾਣੀ ਰਚੀ ਹੈ। ਉਨਾਂ ਨੇ ਕੂਫੀ ਅੱਖਰਾਂ ਨੂੰ ਗੁਰਮੁਖੀ ਅਨੁਸਾਰੀ ਅੱਖਰਾਂ ਨਾਲ ਹੀ ਵਰਤਿਆ। ਕਈ ਸੰਸਕ੍ਰਿਤ ਦੀਆਂ ਅੱਡਰੇਵੀਆਂ ਧੁਨੀਆਂ ਜਿਹੜੀਆਂ ਗੁਰਮੁਖੀ ਨਾਲ ਮੇਲ਼ ਨਹੀ ਖਾਂਦੀਆ ਗੁਰਮੁਖੀ ਵਿੱਚ ਨਹੀ ਵਰਤੀਆਂ।

ਸ. ਜੀ.ਬੀ. ਸਿੰਘ ਨੇ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਨੇ ਇੱਕ ਵੀ ਅੱਖਰ ਦੀ ਰਚਨਾ ਨਹੀ ਕੀਤੀ ਭਾਵ ਇਹ ਅੱਖਰ ਪਹਿਲਾ ਹੀ ਬਣੇ ਹੋਏ ਹਨ। ਸ. ਜੀ.ਬੀ ਸਿੰਘ ਹੋਰਾਂ ਨੇ ਗੋਰੀ ਸ਼ੰਕਰ ਓਜਾ ਦੀ ਨਕਲ ਕੀਤੀ ਲਗਦੀ ਹੈ।ਗੌਰੀ ਸ਼ੰਕਰ ਓਜਾ ਤਾਂ ਪੰਜਾਬ ਮੂਲ ਦੇ ਨਹੀ ਸਨ ਪਰ ਸ. ਜੀ. ਬੀ ਸਿੰਘ ਜੀ ਤਾਂ ਪੰਜਾਬ ਮੂਲ਼ ਦੇ ਸਨ ਜਿਨਾਂ ਨੇ ਆਪਣੀ ਕਿਤਾਬ ਵਿੱਚ ਕਈ ਲਿੱਪੀਆਂ ਦਾ ਟਾਕਰਾ ਕੀਤਾ ਹੋਇਆ ਹੈ ਜਿਵੇਂ ਕਿ ਅਸ਼ੋਕਨ ਲਿੱਪੀ, ਖਰੋਟੀ ਲਿੱਪੀ, ਜ਼ੰਦ ਅਵੇਸਤਾਂ ਦੀ ਲਿੱਪੀ, ਟਾਕਰੀ ਲਿੱਪੀ ਅਤੇ ਹਠੂਰ ਤੋਂ ਮਿਲੇ ਸਿਵਿਆਂ ਤੋਂ ਕਿਸੇ ਮਕਾਨ ਦੇ ਡਾਟ ਤੇ ਲਿਖੇ ਹੱਥ ਅੱਖਰ, ਜਿਨਾਂ ਨੂੰ ਉਹ ਉਦਾਹਣ ਦੇ ਤੌਰ 'ਤੇ ਵਰਤਦਾ ਹੈ ਕਿ ਇਹ ਅੱਖਰ ਬਾਬੇ ਨਾਨਕ ਤੋਂ ਪਹਿਲਾਂ ਦੇ ਹਨ ਉਨਾਂ ਨੇ ਇੱਕ ਵੀ ਅੱਖਰ ਨਹੀਂ ਘੜਿਆ। ਮੈਂ ਵੀ 1985 ਵਿੱਚ ਉੱਥੇ ਜਾ ਕੇ ਦੇਖ ਆਇਆ ਹਾਂ ਕਿ 16 ਅੱਖਰਾਂ ਦਾ ਗੁਰਮੁਖੀ ਨਾਲ ਮੇਲ਼ ਨਹੀ ਹੈ ਅਤੇ ਅੱਠ ਅੱਖਰ ਗਾਇਬ ਹਨ ਅਤੇ ਕਈ ਅੱਖਰਾਂ ਦਾ ਗੁਰਮੁਖੀ ਦੇ ਅੱਖਰਾਂ ਦੀਆਂ ਸ਼ਕਲਾਂ ਨਾਲੋਂ ਫਰਕ ਹੈ। 16 ਅੱਖਰਾਂ ਦਾ ਅੱਡਰੇਂਵਾ ਹੋਣਾ ਦੱਸਦਾ ਹੈ ਕਿ ਉਸਦੀ ਦਲੀਲ਼ ਵਿੱਚ ਵਜ਼ਨ ਨਹੀ ਹੈ ਕਿ ਗੁਰਮੁਖੀ ਅੱਖਰ ਗੁਰੂ ਸਾਹਿਬ ਤੋਂ ਪਹਿਲਾ ਹੀ ਬਣੇ ਹੋਏ ਸਨ।

ਪੰਡਿਤ ਕਰਤਾਰ ਸਿੰਘ ਦਾਖਾ ਆਪਣੀ ਕਿਤਾਬ ਗੁਰਮੁਖੀ ਹਿੰਦੀ ਟਾਕਰਾ ਵਿੱਚ ਗੁਰਮੁਖੀ ਨੂੰ ਗੁਰੂ ਸਾਹਿਬ ਦੀ ਗੁਰੂਕ੍ਰਿਤ ਮੰਨਦਾ ਹੈ ਅਤੇ ਨਾਲ ਇਹ ਵੀ ਦੱਸਦਾ ਹੈ ਕਿ ਗੁਰੂ ਸਾਹਿਬ ਤੋਂ ਪਹਿਲਾਂ 1800 ਸਾਲ ਤੱਕ ਪੰਜਾਬ ਵਿੱਚ ਲਿੱਪੀਆਂ ਦਾ ਅਭਾਵ ਸੀ। ਪਰ ਗੁਰੂ ਸਾਹਿਬ ਤੋਂ ਪਹਿਲਾ ਪੰਜਾਬ ਵਿੱਚ ਕਈ ਲਿੱਪੀਆਂ ਪ੍ਰਚੱਲਿਤ ਸਨ ਜਿਵੇਂ ਮਾਣਕਿਆਲ਼ ਤੋਂ ਜਨਰਲ ਵੈਂਤੂਰਾ ਦੀ ਖੋਜ ਦੌਰਾਨ ਸਤੂਪ ਵਿੱਚੋਂ ਜਿਹੜਾ ਸਮਾਨ ਮਿਲਿਆਂ ਉਹ ਕਈ ਲਿੱਪੀ ਵਿੱਚ ਲਿਖਿਆ ਹੋਇਆ ਸੀ ਜਿਵੇਂ ਗ੍ਰੀਕ ਲਿੱਪੀ, ਅਸ਼ੋਕਨ ਲਿੱਪੀ, ਟਾਕਰੀ ਲਿੱਪੀ, ਕੂਫੀ ਅਤੇ ਪਹਿਲਵੀ ਲਿੱਪੀ ਆਦਿ। **An Essay on Antiquity of India** ਵਿੱਚ ਦੱਸਿਆ ਗਿਆ ਕਿ ਕਾਬਲ਼ ਤੋਂ ਪੰਜਵੀਂ ਸਦੀ ਦੀ ਇੱਕ ਲਿੱਪੀ ਮਿਲੀ ਹੈ ਜਿਸ ਦੇ 23 ਅੱਖਰ ਅੱਜ ਦੀ ਗੁਰਮੁਖੀ ਨਾਲ ਮਿਲਦੇ ਹਨ। ਜਪਾਨ ਦੇ ਹੋਜ਼ੀ ਮੱਠ ਤੋਂ ਵੀ ਇੱਕ 5ਵੀਂ ਸਦੀ ਦੀ ਲਿੱਪੀ ਮਿਲ਼ੀ ਹੈ ਜਿਸ ਦੇ 22 ਅੱਖਰ ਅੱਜ ਦੀ ਗੁਰਮੁਖੀ ਨਾਲ ਮਿਲਦੇ ਹਨ।

ਜਿੱਥੋਂ ਤੱਕ ਲੰਡਿਆਂ ਦਾ ਸਬੰਧ ਹੈ ਇਹ ਲਿੱਪੀ ਅਲਫਾਬੈਟਿਕ ਲਿੱਪੀ ਹੈ। ਇਸ ਲਿੱਪੀ ਵਿੱਚ ਲਗਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ ਹੈ ਅਤੇ ਇਸ ਨੂੰ ਅਟਕਲ ਪੱਚੂ ਹੀ ਪੜਿਆ ਜਾਂਦਾ ਸੀ। ਲੰਡੇ ਬਹੀ ਖਾਤਿਆ ਲਿਖਣ ਲਈ ਵਰਤੀ ਜਾਂਦੀ ਰਹੀ ਅਤੇ ਸੰਨ 1980 ਵਿੱਚ ਲੁਧਿਆਣੇ ਦੇ ਚੌੜੇ ਬਾਜ਼ਾਰ ਵਿੱਚ ਇੱਕ ਸਰਦਾਰ ਨੂੰ ਲੰਡੇ ਲਿੱਪੀ ਵਿੱਚ ਲਿਖਦਿਆ ਦੇਖਿਆ ਅਤੇ ਅੱਜ ਬਹੀ ਖਾਤੇ ਅੰਗਰੇਜੀ ਵਿੱਚ ਲਿਖੇ ਜਾਂਦੇ ਹਨ। ਜਿੱਥੋਂ ਤੱਕ ਟਾਕਰੀ ਲਿੱਪੀ ਦਾ ਸਬੰਧ ਹੈ ਇਸ ਲਿੱਪੀ ਨੂੰ ਚੰਬੇ ਅਤੇ ਕੱਲੂ ਦੇ ਰਾਜੇ ਰਾਜ ਲਿੱਪੀ ਦੇ ਤੌਰ ਤੇ ਵਰਤਦੇ ਰਹੇ। ਇਸ ਲਿੱਪੀ ਦੇ ਮਾਧਿਅਮ ਰਾਹੀਂ ਹਿੰਦੂ ਸੰਸਕ੍ਰਿਤ ਲਿਖਦੇ ਸਨ ਅਤੇ ਮੰਦਰਾਂ ਦੇ ਮੱਥਿਆਂ ਤੇ ਵੀ ਇਸੇ ਲਿੱਪੀ ਵਿੱਚ ਸੰਸਕ੍ਰਿਤ ਲਿਖਿਆਂ ਕਰਦੇ ਸਨ। ਪੰਡਿਤ ਜੀ ਟਾਕਰੀ ਲਿੱਪੀ ਨੂੰ ਨਿਰੇ ਲੰਡੇ ਮੰਨਣਾ, ਇਹ ਗੱਲ ਠੀਕ ਨਹੀਂ ਲੱਗਦੀ।

**Alexander Cunnigham** ਆਪਣੀ ਕਿਤਾਬ **Ancient Geography of India** ਵਿੱਚ ਲਿਖਦਾ ਹੈ ਕਿ ਉਸਨੂੰ ਪੰਡਿਤ ਕਲ਼ਹਣ ਦੀ ਕਿਤਾਬ 'ਰਾਜ ਤ੍ਰਿੰਗਣੀ' ਮਿਲ਼ੀ ਹੈ ਜਿਹੜੀ ਕਿ ਸੰਸਕ੍ਰਿਤ ਬੋਲੀ ਅਤੇ ਟਾਕਰੀ ਵਿੱਚ ਲਿਖੀ ਹੋਈ ਸੀ ਜੋ ਕਿ 1150 1.4. ਦੀ ਹੈ। ਇਥੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਟਾਕਰੀ ਲਿੱਪੀ ਕਸ਼ਮੀਰ ਵਿੱਚ ਸੰਸਕ੍ਰਿਤ ਲਿਖਣ ਲਈ ਵਰਤੀ ਜਾਂਦੀ ਰਹੀ ਅਤੇ ਨਾ ਕਿ ਸ਼ਾਰਦਾ ਲਿੱਪੀ। **Alexander Cunnigham** ਸਾਹਿਬ ਨੇ ਦੱਸਿਆ ਹੈ ਕਿ ਪੰਜਾਬ ਦਾ ਪੁਰਾਣਾ ਨਾਮ ਟੱਕ ਦੇਸ਼ ਸੀ ਜਿਵੇਂ ਫਾਰਸੀ ਦੇ ਸ਼ਬਦ ਪੰਜਾਬ ਤੋਂ ਪੰਜਾਬੀ ਸ਼ਬਦ ਬਣਿਆ ਹੈ ਉਵੇਂ ਹੀ ਟੱਕ ਦੇਸ਼ ਤੋਂ ਟਾਕਰੀ ਲਿੱਪੀ ਦਾ ਨਾਮਕਰਨ ਹੋਇਆ ਹੈ।

**Wikipedia** ਤੋਂ ਪਤਾ ਲਗਦਾ ਹੈ ਕਿ ਟੈਕਸਲਾ ਦੇ ਮੁਕਾਮ ਤੇ ਇੱਕ ਯੂਨੀਵਰਸਿਟੀ ਸੀ ਜਿਹੜੀ ਕਿ 1000 2.3. ਦੀ ਸਥਾਪਿਤ ਮੰਨੀ ਜਾਂਦੀ ਹੈ।ਇਥੇ ਦੂਰੋਂ ਦੂਰੋਂ ਵਿਦਿਆਰਥੀ ਪੜਣ ਲਈ ਆਉਂਦੇ ਸਨ ਅਤੇ ਪੜ ਕੇ ਲਾਭ ਉਠਾਉਂਦੇ ਸਨ। ਚਣਕਯ ਅਤੇ ਚੰਦਰ ਗੁਪਤ ਮੌਰੀਆ ਵਰਗੇ ਇਸੇ ਯੂਨੀਵਰਸੀਟੀ ਤੋਂ ਹੀ ਪੜੇ ਸਨ। ਇੱਥੇ ਅਕਸਰ ਕੋਈ ਲਿੱਪੀ ਜਰੂਰ ਹੋਵੇਗੀ ਜਿਸ ਦੇ ਮਾਧਿਅਮ ਨਾਲ ਲਿਖਿਆ ਜਾਂ ਪੜਾਇਆਂ ਜਾਂਦਾ ਸੀ। **Alexander Cunnigham** ਸਾਹਿਬ ਦਾ ਦਾਅਵਾ ਹੈ ਕਿ ਉਹਨਾਂ ਨੂੰ ਯਮੁਨਾ ਤੋਂ ਲੈ ਕੇ ਬਾਮਯਾਨ (ਅਫਗਾਨਿਸਤਾਨ) ਤੱਕ ਟਾਕਰੀ ਲਿੱਪੀ ਦੇ 26 ਥਾਵਾਂ ਤੋਂ ਨਮੂਨੇ ਮਿਲੇ ਹਨ। ਇੱਥੋਂ ਟਾਕਰੀ ਲਿੱਪੀ ਦੇ ਪਸਾਰੇ ਦਾ ਵੀ ਪਤਾ ਲਗਦਾ ਹੈ।

ਜੇਕਰ ਟੈਕਸਲਾ ਯੂਨੀਵਰਸੀਟੀ ਬਰਬਾਦ ਨਾ ਹੁੰਦੀ ਤਾਂ ਜਰੂਰ ਸਾਨੂੰ ਪੂਰੀ ਜਾਣਕਾਰੀ ਮਿਲ ਜਾਂਦੀ। ਇੰਡੀਅਨ ਸੱਬਕੰਟੀਨੈਂਟ ਵਿੱਚ ਇਸ ਤੋਂ ਹੋਰ ਕੋਈ ਪੁਰਾਣੀ ਯੂਨੀਵਰਸੀਟੀ ਨਹੀ ਹੈ। ਪੰਜਾਬੀਆਂ ਨੂੰ ਟਾਕਰੀ ਲਿਪੀ ਤੇ ਮਾਣ ਹੋਣਾ ਚਾਹੀਦਾ ਹੈ। ਇਹ ਫੂਨੀਸ਼ੀਅਨ ਤੋਂ ਪੁਰਾਣੀ ਹੈ ਅਤੇ ਫ਼ੀਨੀਸ਼ੀਅਨ ਲਿੱਪੀ ਦਾ ਸਮਾਂ 1000 2.3. ਮੰਨਿਆ ਜਾਂਦਾ ਹੈ ਅਤੇ ਗ੍ਰੀਕ ਦਾ ਸਮਾਂ 800 2.3. ਮੰਨਿਆ ਜਾਂਦਾ ਹੈ।

ਅਸ਼ੋਕ ਲਿੱਪੀ ਦਾ ਸਮਾਂ 500 2.3. ਦਾ ਮੰਨਿਆ ਜਾਂਦਾ ਹੈ। ਅਸ਼ੋਕ ਬਾਦਸ਼ਾਹ ਨੇ ਆਪਣੇ ਰਾਜ ਦੇ ਬੱਲ-ਬੂਤੇ ਇਸ ਲਿੱਪੀ ਨੂੰ ਦੂਰ ਦੂਰ ਤੱਕ ਫੈਲਾਇਆ। ਬੋਧੀ ਰਾਜਿਆਂ ਨੇ ਅਤੇ ਜਿਹੜੇ ਬ੍ਰਾਹਮਣੀਕਲ ਸਿਸਟਮ ਨੂੰ ਮੰਨਦੇ ਸਨ, ਉਹਨਾਂ ਨੇ ਟਾਕਰੀ ਲਿੱਪੀ ਨੂੰ ਦੂਰ ਦੂਰ ਤੱਕ ਫੈਲਾਇਆ। ਅਜਿਹਾ ਸਾਨੂੰ 200 2.3. ਦੇ ਮਿਲੇ ਸਿੱਕਿਆਂ ਤੋਂ ਪਤਾ ਲਗਦਾ ਹੈ ਕਿ ਉਨਾਂ ਨੇ ਸਿੱਕਿਆਂ ਦੇ ਇਕ ਪਾਸੇ ਖਰੋਸਟੀ ਅਤੇ ਦੂਜੇ ਪਾਸੇ ਟਾਕਰੀ ਲਿੱਪੀ ਦੀ ਵਰਤੋਂ ਕੀਤੀ ਹੈ। ਇਸ ਲਿੱਪੀ ਨੂੰ ਰਾਜ ਲਿੱਪੀ ਦਾ ਦਰਜ਼ਾ ਦਿੱਤਾ ਅਤੇ ਟਾਕਰੀ ਲਿੱਪੀ ਤਾਲਮੇਲ਼ ਲਿੱਪੀ ਵੀ ਰਹੀ ਹੋਵੇਗੀ। ਇਸ ਦਾ ਘੇਰਾ ਈਰਾਨ ਤੋਂ ਲੈ ਕੇ ਇੰਡੀਅਨ ਸੱਬ-ਕੰਟੀਨੈਂਟ ਤੱਕ ਰਿਹਾ ਹੈ ਅਤੇ ਇਸ ਦੀ ਹੋਰ ਖੌਜ ਕਰਨ ਦੀ ਲੋੜ ਹੈ। ਇੰਜ ਸਾਨੂੰ ਪਤਾ ਲਗਦਾ ਹੈ ਪੰਜਾਬੀ **epigraphy** ਵਿੱਚ ਕਾਫੀ ਮਾਹਰ ਸਨ ਅਤੇ ਵਿੱਦਿਆ ਪ੍ਰੇਮੀ ਸਨ। ਸੰਸਾਰ ਵਿੱਚ ਪਹਿਲੀ ਵਾਰ **Urbanisation** ਅਤੇ ਲਿੱਪੀ ਦੀ ਕਾਢ ਇਹਨਾਂ ਲੋਕਾਂ ਨੇ ਹੀ ਕੱਢੀ ਹੈ। ਇਸ ਤੋਂ ਦੇਖ ਕੇ ਬਾਕੀ ਸੰਸਾਰ ਦੇ ਲੋਕਾਂ ਨੇ ਆਪਣੀਆਂ ਲਿੱਪੀਆਂ ਘੜੀਆਂ ਹਨ। ਲੋਕਾਂ ਦਾ ਕਿਤਾਬਾਂ ਪੜਨ ਦਾ ਸ਼ੌਕ ਮੈਂ 1950 ਤੋਂ ਦੇਖ ਰਿਹਾ ਹਾਂ। ਜਦੋਂ ਲੋਕਾਂ ਲਈ ਜੀਅ ਪਰਚਾਵੇ ਦੇ ਘੱਟ ਸਾਧਨ ਸਨ ਤਾਂ ਪੁਤਲੀਆਂ ਦੇ ਤਮਾਸ਼ੇ, ਨਕਲਾਂ, ਭਜਨ, ਬੁਝਾਰਤਾਂ, ਕਵਾਲੀਆਂ ਅਤੇ ਕਿੱਸਿਆ ਆਦਿ ਨੂੰ ਤਰਜੀਹ ਦਿੰਦੇ ਸਨ ਅਤੇ ਇੰਜ ਲੋਕ ਆਪਣਾ ਜੀਅ ਪਰਚਾਵਾ ਕਰ ਲੈਂਦੇ ਸਨ। ਕਈਆਂ ਨੂੰ ਕਿੱਸੇ ਪੜਣ ਦਾ ਸ਼ੌਕ ਹੁੰਦਾ ਤਾਂ ਉਹ ਗੁਰੂਦੁਆਰਿਆਂ ਦੇ ਭਾਈਆਂ ਤੋਂ ਉਦਾਸੀ ਅਤੇ ਨਿਰਮਲਿਆਂ ਸਾਧਾਂ ਕੋਲੋ ਗੁਰਮੁਖੀ ਸਿੱਖ ਕੇ ਮਾਹਰ ਹੋ ਜਾਂਦੇ ਸਨ। ਇੰਜ ਲੋਕ ਆਪਣੇ ਆਪ ਕਿੱਸੇ ਪੜਨਾ ਸਿੱਖ ਗਏ ਅਤੇ ਇਸ ਤਰਾਂ ਲੋਕਾਂ ਦੇ ਜੀਅ ਪਰਚਾਵੇ ਲਈ ਕਿੱਸੇ ਪੜ ਕੇ ਸੁਣਾਉਂਦੇ। ਇਸ ਤਰਾਂ ਹੋਰਾਂ ਲੋਕਾਂ ਦਾ ਵੀ ਜੀਅ ਪਰਚਾਵਾ ਕਰਦੇ ਅਤੇ ਉਨਾਂ ਨੂੰ ਸੰਤੁਸ਼ਟੀ ਮਿਲਦੀ।

ਗੁਰਮੁਖੀ ਦੇ ਛਪੇ ਕਿੱਸੇ ਅਕਸਰ ਮਿਲ਼ ਜਾਂਦੇ ਸਨ। ਇਹ ਗੁਰਮੁਖੀ ਦਾ ਸਾਦਾਪਨ ਹੀ ਹੈ ਕਿ ਥੋੜੀ ਜਿਹੀ ਖੇਚਲ਼ ਨਾਲ ਸ਼ਬਦ ਜੋੜ ਸਿੱਖ ਜਾਂਦੇ ਸਨ, ਖਾਸ ਕਰਕੇ ਮੁਹਾਰਨੀ ਸਿੱਖਣ ਨਾਲ ਅੱਖਰਾਂ ਦੀਆਂ ਅਵਾਜ਼ਾਂ ਦਾ ਗਿਆਨ ਹੋ ਜਾਂਦਾ ਹੈ ਇੱਥੇ ਤੱਕ ਗੁਰਬਾਣੀ ਪੜਣ ਦੇ ਯੋਗ ਜੋ ਜਾਂਦੇ ਸਨ ਜਿਸ ਤੋਂ ਉਹਨਾਂ ਨੂੰ ਮਾਨਸਿਕ ਸੰਤੁਸ਼ਟੀ ਮਿਲਦੀ ਸੀ ਅਤੇ ਉਹਨਾਂ ਵਿੱਚੋਂ ਕਈ ਰਾਗੀ, ਢਾਡੀ, ਭਜਨੀਏ ਅਤੇ ਕਥਾਕਾਰ ਬਣ ਜਾਂਦੇ ਸਨ।

ਜਦੋਂ ਅਸੀਂ ਗੁਰਬਾਣੀ ਗੁਰਮੁਖੀ ਤੋਂ ਛੁੱਟ ਕਿਸੇ ਹੋਰ ਲਿੱਪੀ ਵਿੱਚ ਲਿਖਦੇ ਤਾਂ ਇਸ ਦੀ ਫੋਨੋਲੋਜੀ ਵਿੱਚ ਫਰਕ ਆ ਜਾਂਦਾ, ਕਿਉਕਿ ਜਿਵੇਂ ਅਰਬੀ, ਰੋਮਨ ਅਤੇ ਦੇਵ ਨਾਗਰੀ ਆਦਿ ਲਿੱਪੀਆਂ ਦਾ ਫੋਨੋਲੋਜੀ ਸਿਸਟਿਮ ਅੱਡ ਹੈ। ਦੂਜੇ ਪਾਠਕ ਨੂੰ ਗਿਆਨ ਪ੍ਰਾਪਤ ਕਰਨ ਦੀ ਬਜਾਏ ਉਸਨੂੰ ਸਸ਼ੋਪੰਜ ਵਿੱਚ ਪਾ ਦਿੰਦਾ। ਪਾਠਕ ਕਿਸ ਧੁਨੀ ਜਾਂ ਉਚਾਰਨ ਨੂੰ ਠੀਕ ਮੰਨੇ ਜਾਂ ਗਲਤ, ਇਹ ਉਸਨੂੰ ਮੁਸ਼ਕਿਲ ਵਿੱਚ ਪਾ ਦਿੰਦਾ ਹੈ। ਸੋ ਗੁਰਮੁਖੀ ਲਿੱਪੀ ਹੀ ਗੁਰਬਾਣੀ ਲਿਖਣ ਲਈ ਢੁੱਕਵੀਂ ਹੈ। ਗੁਰਮੁਖੀ ਲਿੱਪੀ ਦੀ ਉਪਜ ਪੰਜਾਬ ਵਿੱਚ ਹੀ ਹੋਈ ਹੈ। ਇਹ ਪੰਜਾਬ ਦੇ ਲੋਕਾਂ ਦੀਆਂ ਧੁਨੀਆਂ ਦੀ ਪੂਰਤੀ ਕਰਦੀ ਹੈ।ਲੋਕ ਇਸ ਨੂੰ ਛੇਤੀ ਹੀ ਯਾਦ ਕਰਕੇ ਸਿੱਖ ਲੈਂਦੇ ਹਨ। ਗੁਰਮੁਖੀ ਅੱਖਰਾਂ ਦੀ ਅਰਬੀ ਅਤੇ ਦੇਵ ਨਾਗਰੀ ਵਾਂਗ ਭੰਨ ਤੋੜ ਨਹੀ ਕਰਨੀ ਪੈਂਦੀ ਅਤੇ ਸਫੁਟ ਅੱਖਰ ਲਿਖੇ ਜਾਂਦੇ ਹਨ। ਕਈ **features** ਦੂਜੀਆਂ ਬੋਲੀਆਂ ਵਿੱਚ ਨਹੀ ਹੁੰਦੇ ਹਨ। ਕਈ ਇਨਾਂ **features** ਨੂੰ ਜਾਨਣ ਦੀ ਬਜਾਏ ਵਿਅੰਗ ਕਰਕੇ ਉਨਾਂ ਨੂੰ ਓਜਡ ਨਾ ਦੇ ਕੇ ਤ੍ਰਿਸਕਾਰਦੇ, ਇਹ ਉਨਾਂ ਦੀ ਅਗਿਆਨਤਾ ਹੈ।

ਸਿੱਖ ਪੰਥ ਦੇ ਮੋਢੀ ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਕਈ ਧਰਮਾਂ ਦੇ ਲੋਕਾਂ ਅਤੇ ਆਮ ਲੋਕਾਂ ਨਾਲ ਸੰਵਾਦ ਰਚਾਏ ਅਤੇ ਆਪਣੇ ਖਿਆਲ਼ ਦਿੱਤੇ ਅਤੇ ਦੂਜਿਆ ਦੇ ਵੀ ਖਿਆਲ਼ ਸੁਣੇ ਅਤੇ ਸਮਝੇ। ਉਹਨਾਂ ਨੂੰ ਆਪਣੇ ਸਿਧਾਂਤ ਦੱਸੇ ਅਤੇ ਆਪਣੇ ਸਿਧਾਂਤਾਂ ਦੀ ਵਿਆਖਿਆ ਵੀ ਕੀਤੀ ਜਿਸ ਤੋਂ ਅਨੇਕਾਂ ਪ੍ਰਾਣੀਆਂ ਨੇ ਲਾਭ ਉਠਾਇਆ। ਜਿਹੜੇ ਲੋਕਾਂ ਨੇ ਸੰਵਾਦਾਂ ਦੌਰਾਨ ਆਪਣੀਆਂ ਸ਼ੰਕਾਵਾ ਦੱਸੀਆਂ ਉਨਾਂ ਦਾ ਹੱਲ ਵੀ ਦੱਸਿਆ ਤਾਂ ਕਿ ਉਹ ਸਹਿਜ ਜੀਵਨ ਜੀ ਸਕਣ ਅਤੇ ਸਮਾਜ ਵਿੱਚ ਬਰਾਬਰੀ ਨਾਲ ਜੀ ਸਕਣ।

ਗੁਰੂ ਸਾਹਿਬ ਨੇ ਹਾਕਮ ਜਮਾਤ ਅਤੇ ਪਰਜਾ ਦੇ ਧਰਮ ਦਾ ਅਧਿਐਨ ਕੀਤਾ। ਉਨਾਂ ਨੂੰ ਜੋਗੀ, ਬ੍ਰਾਹਮਣ, ਗ੍ਰਸਤਿ ਤਿਆਗੀ ਜੈਨੀ ਬੋਧੀ, ਮੁਲਾਂ, ਕਾਜ਼ੀ ਅਤੇ ਸ਼ੂਦਰ ਸੰਤ ਵੀ ਮਿਲ਼ੇ। ਸ਼ੂਦਰ ਸੰਤ ਨਿਰਗੁਣਵਾਦੀ ਸਨ ਅਤੇ ਕਈ ਸਰਗੁਣਵਾਦੀ ਵੀ ਸਨ। ਜਿਨਾਂ ਸੰਤਾਂ ਦੀ ਵਿਚਾਰਧਾਰਾ ਗੁਰੂ ਜੀ ਦੀ ਕਸੌਟੀ ਤੇ ਪੂਰੀ ਉਤਰੀ ਉਨਾਂ ਸੰਤਾਂ ਦੀਆਂ ਬਾਣੀਆਂ ਓਹਨਾਂ ਕੋਲੋ ਪ੍ਰਾਪਤ ਕੀਤੀਆਂ।

(ਚਲਦਾ...)

# ਸਿਹਤ ਸਹੂਲਤਾਂ ਦੇ ਸੰਕਟ ਤੇ ਭ੍ਰਿਸ਼ਟਾਚਾਰ ਨਾਲ ਜੂਝ ਰਿਹੈ ਭਾਰਤ

**ਪ੍ਰੋਫੈਸਰ ਪਰਮਜੀਤ ਸਿੰਘ**

ਭਾਰਤ ਵਿਚ ਸਿਹਤ ਸੰਭਾਲ ਪ੍ਰਤੀ ਜਾਗਰੂਕਤਾ ਅਤੇ ਚੰਗੀਆਂ ਸਿਹਤ ਸਹੂਲਤਾਂ ਦੀ ਬੜੀ ਭਾਰੀ ਕਮੀ ਹੈ। ਭਾਰਤ ਵਿਚ ਉਪਲਬਧ ਸਿਹਤ ਸਹੂਲਤਾਂ ਦੀ ਜੇ ਗੱਲ ਕੀਤੀ ਜਾਵੇ ਤਾਂ ਸੰਨ 2019 ਵਿਚ ਦੇਸ਼ ਦੇ ਜੀ.ਡੀ.ਪੀ. ਭਾਵ ਘਰੇਲੂ ਉਤਪਾਦ ਦਾ ਕੇਵਲ 1.23 ਫ਼ੀਸਦੀ ਹਿੱਸਾ ਸਿਹਤ ਖੇਤਰ ’ਤੇ ਖ਼ਰਚ ਕੀਤਾ ਗਿਆ ਸੀ। ਪ੍ਰਾਪਤ ਅੰਕੜਿਆਂ ਅਨੁਸਾਰ ਭਾਰਤ ਵਿਚ ਹਰੇਕ 11 ਹਜ਼ਾਰ ਦੇ ਕਰੀਬ ਨਾਗਰਿਕ ਸਮੂਹ ਲਈ ਇਕ ਡਾਕਟਰ ਉਪਲਬਧ ਹੈ ਤੇ ਸਰਕਾਰੀ ਹਸਪਤਾਲਾਂ ਵਿਚ ਪ੍ਰਤੀ ਹਜ਼ਾਰ ਜਨਸੰਖਿਆ ਪਿੱਛੇ 0.55 ਬੈੱਡ ਉਪਲਬਧ ਹਨ, ਜੋ ਕਿ ਸਿਹਤ ਸੰਭਾਲ ਖੇਤਰ ਵਿਚ ਸਹੂਲਤਾਂ ਦੀ ਘਾਟ ਨੂੰ ਬੜੀ ਸਪੱਸ਼ਟਤਾ ਨਾਲ ਬਿਆਨ ਕਰਦੇ ਹਨ। ਭਾਰਤ ਵਿਚ ਕੌਮੀ ਸਿਹਤ ਯੋਜਨਾ ਨੂੰ ਸੰਸਦ ਨੇ ਸੰਨ 1983 ਵਿਚ ਪ੍ਰਵਾਨਗੀ ਦਿੱਤੀ ਸੀ ਤੇ ਫਿਰ ਪਹਿਲਾਂ ਸੰਨ 2002 ਵਿਚ ਤੇ ਮੁੜ ਸੰਨ 20 17 ਵਿਚ ਇਸ ਯੋਜਨਾ ਨੂੰ ਅਪਡੇਟ ਕੀਤਾ ਗਿਆ ਸੀ।

ਸਿਹਤ ਸਹੂਲਤਾਂ ਦੇ ਖੇਤਰ ਵਿਚ ਕ੍ਰਾਂਤੀਕਾਰੀ ਪਰਿਵਰਤਨ ਲਿਆਉਣ ਦੇ ਮਕਸਦ ਨਾਲ ਸੰਨ 2018 ਵਿਚ ‘ਆਯੁਸ਼ਮਾਨ ਭਾਰਤ’ ਨਾਮਕ ਯੋਜਨਾ ਆਰੰਭ ਕੀਤੀ ਗਈ ਸੀ, ਜਿਸ ਦਾ ਮੁੱਖ ਮਕਸਦ ਦੇਸ਼ ਦੀ 40 ਫ਼ੀਸਦੀ ਦੇ ਕਰੀਬ ਗ਼ਰੀਬ ਜਨਤਾ ਨੂੰ ਵਧੀਆ ਇਲਾਜ ਦੀ ਸਹੂਲਤ ਉਪਲਬਧ ਕਰਵਾਉਣਾ ਸੀ ਤੇ ਉਹ ਇਲਾਜ ਚਾਹੇ ਸਰਕਾਰੀ ਹਸਪਤਾਲ ’ਚ ਲੋੜੀਂਦਾ ਹੋਵੇ ਤੇ ਚਾਹੇ ਨਿੱਜੀ ਹਸਪਤਾਲ ਵਿਚ। ਇਹ ਯੋਜਨਾ ਪਬਲਿਕ-ਪ੍ਰਾਈਵੇਟ ਸਾਂਝ ’ਤੇ ਆਧਾਰਿਤ ਹੈ। ਇੱਥੇ ਇਹ ਵਿਸ਼ੇਸ਼ ਤੌਰ ’ਤੇ ਵਰਣਨਯੋਗ ਹੈ ਕਿ ਭਾਰਤ ਵਿਚ ਹਾਜ਼ਰ ਕੁੱਲ ਹਸਪਤਾਲਾਂ ਵਿਚੋਂ 58 ਫ਼ੀਸਦੀ ਹਸਪਤਾਲ ਤੇ ਉਪਲਬਧ ਕੁੱਲ ਡਾਕਟਰਾਂ ਵਿਚੋਂ 81 ਫ਼ੀਸਦੀ ਡਾਕਟਰ ਨਿੱਜੀ ਖੇਤਰ ਨਾਲ ਸਬੰਧਿਤ ਹਨ। ਨਿੱਜੀ ਖੇਤਰ ਦਰਅਸਲ ਪੇਂਡੂ ਖੇਤਰ ਵਿਚਲੇ 63 ਫ਼ੀਸਦੀ ਲੋਕਾਂ ਨੂੰ ਤੇ ਸ਼ਹਿਰੀ ਖੇਤਰ ਦੇ 70 ਫ਼ੀਸਦੀ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਦਾ ਹੈ।

ਭਾਰਤ ਸਰਕਾਰ ਵਲੋਂ ਦੇਸ਼ ਦੇ 18 ਚੋਣਵੇਂ ਸੂਬਿਆਂ ਵਿਚ ਸੰਨ 2005 ਵਿਚ ‘ਕੌਮੀ ਪੇਂਡੂ ਸਿਹਤ ਯੋਜਨਾ’ ਭਾਵ ਐਨ.ਐਚ. ਆਰ.ਐਮ. ਦੀ ਆਰੰਭਤਾ ਕੀਤੀ ਗਈ ਸੀ। ਇਸ ਯੋਜਨਾ ਦਾ ਉਦੇਸ਼ ਪੇਂਡੂ ਤੇ ਪਿਛੜੇ ਇਲਾਕਿਆਂ ਵਿਚ ਵਸਦੇ ਲੋਕਾਂ ਲਈ ਵਧੀਆ ਸਿਹਤ ਸਹੂਲਤਾਂ ਉਪਲਬਧ ਕਰਵਾਉਣਾ ਸੀ। ਇਸ ਕਾਰਜ ਹਿਤ 18000 ਐਂਬੂਲੈਂਸਾਂ, 9 ਲੱਖ ਕਮਿਊਨਟੀ ਹੈਲਥ ਵਾਲੰਟੀਅਰਾਂ ਅਤੇ ਪੌਣੇ ਦੋ ਲੱਖ



ਤੋਂ ਵੱਧ ਹੈਲਥ ਸਟਾਫ਼ ਦੀ ਨਿਯੁਕਤੀ ਕੀਤੀ ਗਈ ਸੀ। ਇਸ ਯੋਜਨਾ ਤਹਿਤ ਮੈਡੀਕਲ ਖੇਤਰ ਦੀ ਪੜਾਈ ਕਰ ਰਹੇ ਸਿਖਿਆਰਥੀਆਂ ਲਈ ਪੇਂਡੂ ਸਿਹਤ ਸੰਭਾਲ ਸਬੰਧੀ ਵਿਸ਼ੇਸ਼ ਕੋਰਸ ਵੀ ਸ਼ੁਰੂ ਕੀਤਾ ਗਿਆ ਸੀ। ਭਾਰਤ ਵਿਚ ਮੌਜੂਦ ਜਾਂ ਉਪਲਬਧ ਸਿਹਤ ਸਹੂਲਤਾਂ ਦੀ ਜਦੋਂ ਵੀ ਗੱਲ ਹੋਵੇਗੀ ਤਾਂ ਆਰ.ਐਮ.ਪੀ. ਡਾਕਟਰਾਂ ਜਾਂ ਵੈਦਾਂ ਦਾ ਜ਼ਿਕਰ ਜ਼ਰੂਰ ਆਵੇਗਾ। ਇਹ ਡਾਕਟਰ ਪੇਂਡੂ ਖੇਤਰ ਦੇ ਲੋਕਾਂ ਲਈ ਆਸਾਨੀ ਨਾਲ ਉਪਲਬਧ ਹਨ ਤੇ ਪੈਸੇ ਪੱਖੋਂ ਬੜਾ ਸਸਤਾ ਇਲਾਜ ਕਰਦੇ ਹਨ, ਜਿਸ ਕਰਕੇ ਆਮ ਲੋਕ ਅਜਿਹੇ ਡਾਕਟਰਾਂ ਜਾਂ ਵੈਦਾਂ ਕੋਲ ਵੱਡੀ ਗਿਣਤੀ ਵਿਚ ਜਾਂਦੇ ਹਨ ਪਰ ਇਨਾਂ ’ਤੇ ਵੱਡਾ ਇਲਜ਼ਾਮ ਇਹ ਆਉਂਦਾ ਹੈ ਕਿ ਇਨਾਂ ਵਿਚੋਂ ਬਹੁਗਿਣਤੀ ਕੋਲ ਜਾਇਜ਼ ਡਿਗਰੀ ਜਾਂ ਡਿਪਲੋਮਾ ਨਹੀਂ ਹੈ ਤੇ ਦੂਜਾ ਇਹ ਮਰੀਜ਼ ਨੂੰ ਛੇਤੀ ਠੀਕ ਕਰਨ ਦੇ ਚੱਕਰ ਵਿਚ ਸਟੀਰਾਈਡਜ਼ ਦੀ ਵਰਤੋਂ ਧੜੱਲੇ ਨਾਲ ਕਰਦੇ ਹਨ, ਜਦੋਂ ਕਿ ਸਟੀਰਾਈਡ ਆਖਰ ਵਿਚ ਮਰੀਜ਼ ਦੀ ਸਿਹਤ ਨੂੰ ਭਾਰੀ ਨੁਕਸਾਨ ਪਹੁੰਚਾਉਂਦੇ ਹਨ।

ਸਿਹਤ ਖੇਤਰ ਨਾਲ ਜੁੜੇ ਭ੍ਰਿਸ਼ਟਾਚਾਰ ਦਾ ਜ਼ਿਕਰ ਕਰਨਾ ਵੀ ਇੱਥੇ ਬੜਾ ਜ਼ਰੂਰੀ ਹੈ। ਅਜੋਕੇ ਅਸੰਖਾਂ ਹੀ ਡਾਕਟਰ ਸਾਹਿਬਾਨ ਆਪਣੇ ਪੇਸ਼ੇ ਵਿਚ ਆਉਣ ਸਮੇਂ ਖਾਧੀਆਂ ਕਸਮਾਂ ਭੁੱਲ ਕੇ ਮਰੀਜ਼ ਦੀ ਛਿਲ ਲਾਹੁਣ ਲਈ ਬੇਲੋੜੇ ਟੈਸਟਾਂ ਤੇ ਬੇਲੋੜੀਆਂ ਦਵਾਈਆਂ ਦਾ ਬੋਝ ਉਸ ਉੱਤੇ ਪਾ ਦਿੰਦੇ ਹਨ ਤੇ ਮੋਟੀਆਂ ਫ਼ੀਸਾਂ ਤੇ ਕਮਿਸ਼ਨਾਂ ਵਸੂਲਦੇ ਹਨ। ਸੰਨ 2015 ਵਿਚ ਬ੍ਰਿਟਿਸ਼ ਮੈਡੀਕਲ ਜਰਨਲ ਨੇ ਕਲਕੱਤਾ ਵਾਸੀ ਡਾ: ਗਾਡਰੇ ਦੇ ਹਵਾਲੇ ਨਾਲ ਇਕ ਰਿਪੋਰਟ ਛਾਪੀ ਸੀ ਕਿ ਇੱਥੋਂ ਦੇ ਡਾਕਟਰ ਬੇਲੋੜੇ ਟੈਸਟਾਂ, ਦਵਾਈਆਂ ਤੇ ਆਪ੍ਰੇਸ਼ਨਾਂ ਸਦਕਾ ਲੋਕਾਂ ਦੀ ਦਿਨ-ਦਿਹਾੜੇ ਲੁੱਟ-ਖਸੁੱਟ ਕਰ ਰਹੇ ਸਨ। ਇਸੇ ਤਰਾਂ ਸਾਲ 2017 ਵਿਚ ਅਰਥ ਸ਼ਾਸਤਰੀ ਮਾਰਟਿਨ ਪੈਟ੍ਰਿਕ ਵਲੋਂ ਜਾਰੀ ਇਕ ਰਿਪੋਰਟ ਅਨੁਸਾਰ ਭਾਰਤ ਦੇ ਲੋਕ ਸਰਕਾਰੀ ਖੇਤਰ ਨਾਲੋਂ ਨਿੱਜੀ ਖੇਤਰ ਦੀਆਂ ਸਿਹਤ ਸਹੂਲਤਾਂ ਨੂੰ ਵੱਧ ਮਹੱਤਵ ਦਿੰਦੇ ਹਨ ਜਦੋਂ ਕਿ ਅਜਿਹਾ ਕਰਨ ਸਮੇਂ ਉਨਾਂ ਨੂੰ ਸਰਕਾਰੀ ਖੇਤਰ ਵਿਚਲੇ ਸਿਹਤ ਖ਼ਰਚਿਆਂ ਦੀ ਬਨਸਪਤੀ 24 ਗੁਣਾ ਵੱਧ ਰਾਸ਼ੀ ਨਿੱਜੀ ਖੇਤਰ ਦੇ ਹਸਪਤਾਲਾਂ ਨੂੰ ਅਦਾ ਕਰਨੀ ਪੈਂਦੀ ਹੈ। ਭਾਰਤ ਵਿਚ ਜਦ ਕੋਰੋਨਾ ਆਇਆ ਸੀ ਤਾਂ ਇਥੇ ਆਕਸੀਜਨ ਦੀ ਘਾਟ ਕਰਕੇ ਹੋਈਆਂ ਅਨੇਕਾਂ ਮੌਤਾਂ ਨੇ ਵੀ ਭਾਰਤੀ ਸਿਹਤ ਪ੍ਰਬੰਧਾਂ ਦੀ ਪੋਲ ਖੋਲ ਕੇ ਰੱਖ ਦਿੱਤੀ ਸੀ।



# ਅਜਨਬੀ...

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਭਾਗ-2



ਲੇਖਕ : ਆਲਬੇਅਰ ਕਾਮੂ



ਅਨੁਵਾਦ : ਮਹਿੰਦਰ ਬੇਦੀ, ਜੈਤੋ

ਨਾਵਲ
ਅਜਨਬੀ
ਅਲਬੇਅਰ ਕਾਮੂ
ਦੂਜਾ ਭਾਗ

ਕੁਝ ਅਜਿਹੀਆਂ ਗੱਲਾਂ ਵੀ ਨੇ ਜਿਨਾਂ ਬਾਰੇ ਕਦੀ ਮੈਂ ਬੋਲਣਾ ਨਹੀਂ ਚਾਹਿਆ। ਜੇਲ ਵਿਚ ਕੁਝ ਦਿਨ ਰਹਿ ਕੇ ਮੈਂ ਤੈਅ ਕਰ ਲਿਆ ਸੀ ਕਿ ਜ਼ਿੰਦਗੀ ਦਾ ਇਹ ਹਿੱਸਾ ਵੀ ਉਨਾਂ ਨਾ ਕਰਨ ਵਾਲੀਆਂ ਗੱਲਾਂ ਵਿਚ ਜੋੜ ਦਿਆਂਗਾ। ਚਲੋ ਖ਼ੈਰ, ਜਿਵੇਂ ਤਿਵੇਂ ਸਮਾਂ ਬੀਤਦਾ ਗਿਆ। ਇਹ ਗੱਲ ਮੇਰੇ ਮਨ ਨੂੰ ਜਚਣ ਲੱਗ ਪਈ ਕਿ ਇਸ ਕੁਰਜ ਦਾ ਕੋਈ ਠੋਸ ਆਧਾਰ ਨਹੀਂ ਏਂ ਤੇ ਸੱਚੀ ਗੱਲ ਇਹ ਐ ਕਿ ਪਹਿਲੇ ਕੁਝ ਦਿਨ ਤਾਂ ਮੈਨੂੰ ਕਦੀ ਇਹ ਖ਼ਿਆਲ ਵੀ ਨਹੀਂ ਸੀ ਆਇਆ ਕਿ ਮੈਂ ਜੇਲ ਵਿਚ ਹਾਂ। ਹਮੇਸ਼ਾ ਇਕ ਧੁੰਦਲੀ-ਜਿਹੀ ਆਸ ਵੱਝੀ ਰਹਿੰਦੀ ਕਿ ਕੁਝ ਨਾ ਕੁਝ ਅਜਿਹਾ ਹੋਵੇਗਾ ਕਿ ਅਚਾਨਕ ਸਭ ਕੁਝ ਠੀਕ-ਠਾਕ ਹੋ ਜਾਵੇਗਾ।

ਪਰ ਮੇਰੀ ਦੇ ਨਾਲ ਹੋਈ ਪਹਿਲੀ ਤੇ ਇਕੋਇਕ ਮੁਲਾਕਾਤ ਪਿੱਛੋਂ ਈ ਸਭ ਕੁਝ ਬਦਲਣ ਲੱਗਾ। ਜਿਸ ਦਿਨ ਮੈਨੂੰ ਇਹ ਖ਼ਤ ਮਿਲਿਆ ਕਿ 'ਜੇਲ ਵਾਲੇ ਹੁਣ ਮੈਨੂੰ ਦੁਬਾਰਾ ਮਿਲਣ ਨਹੀਂ ਆਉਣ ਦੇਣਗੇ, ਮੈਂ ਤੇਰੀ ਪਤਨੀ ਜੋ ਨਹੀਂ'-ਬਸ, ਉਸੇ ਦਿਨ ਮੈਨੂੰ ਸੱਚਮੁੱਚ ਮਹਿਸੂਸ ਹੋਇਆ ਕਿ ਇਹ ਕੋਠੜੀ ਈ ਮੇਰੀ ਕਾਲ-ਕੋਠੜੀ ਏ। ਇਹੀ ਮੇਰੀ ਆਖ਼ਰੀ ਮੰਜ਼ਿਲ ਏ।

ਗ੍ਰਿਫ਼ਤਾਰੀ ਵਾਲੇ ਦਿਨ ਮੈਨੂੰ ਹੋਰਨਾਂ ਕਈ ਕੈਦੀਆਂ ਦੇ ਨਾਲ ਈ, ਇਕ ਵੱਡੇ ਸਾਰੇ ਕਮਰੇ ਵਿਚ, ਰੱਖਿਆ ਗਿਆ ਸੀ। ਉਨਾਂ ਵਿਚ ਵਧੇਰੇ ਅਰਬ ਸਨ। ਦੇਖਦੇ ਹੀ ਉਨਾਂ ਨੇ ਬਤੀਸੀ ਵਿਖਾਅ ਕੇ ਪੁੱਛਿਆ, 'ਕੀ ਕਰ ਆਇਐਂ?' ਮੈਂ ਦੱਸਿਆ ਕਿ 'ਇਕ ਅਰਬ ਦਾ ਕੰਮ ਤਮਾਮ ਕਰਕੇ, ਆ ਰਿਹਾਂ।' ਇਸ 'ਤੇ ਕੁਝ ਦੇਰ ਲਈ ਉਨਾਂ ਦੇ ਮੂੰਹ ਬੰਦ ਹੋ ਗਏ। ਪਰ ਹੁਣ ਰਾਤ ਵੀ ਹੋਣ ਲੱਗ ਪਈ ਸੀ। ਇਕ ਨੇ ਮੈਨੂੰ ਸੌਣ ਵਾਲੇ ਗੱਦੇ ਨੂੰ ਵਿਛਾਉਣ ਦਾ ਤਰੀਕਾ ਦੱਸਿਆ। ਇਹ ਲੋਕ ਗੱਦੇ ਦੇ ਇਕ ਸਿਰੇ ਨੂੰ ਗੋਲ-ਮੋਲ ਕਰਕੇ ਇਕ ਤਰਾਂ ਦਾ ਮਸਨਦ (ਗਾਉ ਤਕੀਆ) ਬਣਾ ਲੈਂਦੇ ਨੇ। ਸਾਰੀ ਰਾਤ ਮੈਨੂੰ ਆਪਣੇ ਮੂੰਹ 'ਤੇ ਪਿੱਸੂ ਭੁੜਕਦੇ ਮਹਿਸੂਸ ਹੁੰਦੇ ਰਹੇ।

ਕੁਝ ਦਿਨਾਂ ਬਾਅਦ ਮੈਨੂੰ ਇਕ ਵੱਖਰੀ ਕੋਠੜੀ ਵਿਚ ਤਬਦੀਲ ਕਰ ਦਿੱਤਾ ਗਿਆ। ਇੱਥੇ ਕਬਜ਼ੇ ਦੇ ਸਹਾਰੇ ਕੰਧ ਨਾਲ ਝੂਲਦੇ ਫੱਟੇ 'ਤੇ ਸੌਣ ਦਾ ਇੰਤਜ਼ਾਮ ਸੀ। ਸਾਮਾਨ ਦੇ ਨਾਂ 'ਤੇ ਇਕ ਪਾਖਾਨੇ ਵਾਲੀ ਬਾਲਟੀ ਤੇ ਟੀਨ ਦਾ ਤਸਲਾ-ਬਸ, ਇਹ ਦੋ ਚੀਜ਼ਾਂ ਈ ਸਨ। ਜੇਲ ਜ਼ਰਾ ਉੱਚੀ ਧਰਤੀ 'ਤੇ ਬਣੀ ਸੀ, ਇਸ ਲਈ ਆਪਣੀ ਛੋਟੀ-ਜਿਹੀ ਖਿੜਕੀ ਵਿਚੋਂ ਮੈਨੂੰ ਸਮੁੰਦਰ ਦੀ ਝਾਕੀ ਵੀ ਦਿਖਾਈ ਦਿੰਦੀ ਸੀ। ਇਕ ਦਿਨ ਮੈਂ ਸਲਾਖਾਂ ਫੜ ਕੇ ਖੜਾ, ਲਹਿਰਾਂ 'ਤੇ ਨੱਚਦੀ ਧੁੱਪ ਨੂੰ ਅੱਖਾਂ ਅੱਡ-ਅੱਡ ਦੇਖ ਰਿਹਾ ਸੀ ਕਿ ਇਕ ਵਾਰਡਰ ਨੇ ਆ ਕੇ ਦੱਸਿਆ, 'ਕੋਈ ਤੈਨੂੰ ਮਿਲਣ ਆਈ ਏ।' ਸੋਚਿਆ ਜ਼ਰੂਰ ਮੇਰੀ ਈ ਹੋਵੇਗੀ-ਸੀ ਵੀ ਉਹੀ।

ਮੁਲਾਕਾਤ ਵਾਲੇ ਕਮਰੇ ਵਿਚ ਪਹਿਲਾਂ ਇਕ ਲੰਮਾ ਵਰਾਂਡਾ, ਫੇਰ ਪੌੜੀਆਂ, ਫੇਰ ਇਕ ਹੋਰ ਵਰਾਂਡਾ ਪਾਰ ਕਰਕੇ ਜਾਣਾ ਪਿਆ। ਕਮਰਾ ਬੜਾ ਵੱਡਾ ਸੀ। ਇਸ ਵਿਚ ਇਕ ਵੱਡੀ ਸਾਰੀ ਬਾਹਰ ਵੱਲ ਨੂੰ ਨਿਕਲੀ ਧਨੁਸ਼ ਆਕਾਰ ਖਿੜਕੀ ਵਿਚੋਂ ਹੋ ਕੇ ਚਾਨਣ ਆ ਰਹੀ ਸੀ। ਕਮਰਾ ਉੱਚੀਆਂ-ਉੱਚੀਆਂ ਲੋਹੇ ਦੀਆਂ ਟੇਢੀਆਂ ਸਲਾਖਾਂ ਨਾਲ ਤਿੰਨ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਸਲਾਖਾਂ ਦੀਆਂ ਦੋ ਜਾਲੀਆਂ ਵਿਚਕਾਰ ਲਗਭਗ ਤੀਰ ਛੁੱਟ ਖਾਲੀ ਜਗਾ ਸੀ। ਇਸ ਦੇ ਇੱਧਰ ਕੈਦੀ ਹੁੰਦੇ ਸਨ ਤੇ ਉੱਧਰ ਮੁਲਾਕਤੀ। ਵਿਚਕਾਰਲੀ ਜਗਾ ਓਵੇਂ ਖਾਲੀ ਪਈ ਰਹਿੰਦੀ ਸੀ, ਇਸ ਵਿਚ ਕੋਈ ਨਹੀਂ ਸੀ ਹੁੰਦਾ। ਮੈਨੂੰ ਉਸ ਜਗਾ ਲੈ ਜਾ ਕੇ ਖੜਾ ਕਰ ਦਿੱਤਾ ਗਿਆ, ਜਿੱਥੇ ਯਕਦਮ ਸਾਹਮਣੇ ਆਪਣੇ ਉਨਾਂ ਧਾਰੀਦਾਰ ਕੱਪੜਿਆਂ ਵਿਚ ਮੇਰੀ ਖੜੀ ਸੀ। ਮੇਰੇ ਵੰਨੀ ਦੀਆਂ ਸਲਾਖਾਂ ਨਾਲ ਲੱਗੇ, ਲਗਭਗ, ਬਾਰਾਂ ਹੋਰ ਕੈਦੀ ਖੜੇ ਸਨ। ਵਧੇਰੇ ਅਰਬ ਈ ਸਨ। ਮੇਰੀ ਵਾਲੇ ਪਾਸੇ ਵੀ ਹਬਸ਼ੀ ਔਰਤਾਂ ਈ ਸਨ। ਥੁੱਲ ਥੁੱਟੀ ਖੜੀ ਇਕ ਛੋਟੇ ਕੱਦ ਦੀ ਬੁੱਢੀ ਤੇ ਨੰਗੇ ਸਿਰ ਵਾਲੀ ਮੋਟੀ, ਅਧਖੜ ਉਮਰ ਦੀ ਜਨਾਨੀ ਦੇ ਵਿਚਾਲੇ ਮੇਰੀ ਵਿਚਾਰੀ,



ਭਿਚੀ-ਜਿਹੀ, ਕਿਵੇਂ ਨਾ ਕਿਵੇਂ ਘੁਸੜੀ ਹੋਈ ਸੀ। ਇਹ ਅਧਖੜ ਉਮਰ ਦੀ ਜ਼ਨਾਨੀ ਬੜੇ ਅਜੀਬ-ਅਜੀਬ ਮੂੰਹ ਬਣਾਉਂਦੀ ਹੋਈ ਚੀਕਵੀਂ ਸੁਰ ਵਿਚ ਬੋਲੀ ਜਾ ਰਹੀ ਸੀ। ਕੈਦੀਆਂ ਤੇ ਮੁਲਾਕਤੀਆਂ ਦੇ ਵਿਚਕਾਰਲੀ ਇਸ ਲੰਮੀ ਦੂਰੀ ਕਾਰਨ ਮੈਨੂੰ ਖ਼ੁਦ ਵੀ ਆਪਣੀ ਆਵਾਜ਼ ਉੱਚੀ ਕਰਨੀ ਪਈ।

ਜਿਸ ਵੇਲੇ ਮੈਂ ਇਸ ਕਮਰੇ ਵਿਚ ਪੈਰ ਰੱਖਿਆ ਸੀ, ਉਸ ਵੇਲੇ ਵੀ ਮੱਛੀ ਬਾਜ਼ਾਰ ਵਰਗੀ ਇਹੋ 'ਚੈਂ-ਚੈਂ' ਸੁੰਨੀਆਂ-ਕੰਧਾਂ ਨਾਲ ਟਕਰਾ ਕੇ ਗੂੰਜ ਰਹੀ ਸੀ। ਖਿੜਕੀ 'ਚੋਂ ਆਉਂਦੀ ਧੁੱਪ ਨੇ ਚਾਰੇ-ਪਾਸੇ ਚਿੱਟੀ, ਤਿੱਖੀ ਚਮਕ ਫ਼ੈਲਾਈ ਹੋਈ ਸੀ। ਇਸ ਸਭ ਨਾਲ ਮੇਰਾ ਸਿਰ ਚਕਰਾਉਣ ਲੱਗ ਪਿਆ ਸੀ। ਕੋਠੜੀ ਦੇ ਹਨੇਰੇ ਤੇ ਸੰਨਾਟੇ ਦੀ ਤੁਲਨਾ ਵਿਚ ਇੱਥੋਂ ਦੀ ਇਸ ਸਥਿਤੀ ਨਾਲ ਮਿਜ਼ਾ ਮੇਚਣ ਵਿਚ ਮੈਨੂੰ ਕੁਝ ਸਮਾਂ ਲੱਗਿਆ ਸੀ। ਤੇ ਕੁਝ ਚਿਰ ਬਾਅਦ ਤਾਂ ਕਮਰੇ ਦਾ ਇਕ-ਇਕ ਚਿਹਰਾ ਸਾਫ਼ ਚਮਕਦਾ ਦਿਖਾਈ ਦੇਣ ਲੱਗ ਪਿਆ ਸੀ ਜਿਵੇਂ ਕੋਈ ਉਨਾਂ 'ਤੇ ਟਾਰਚ ਦਾ ਚਾਨਣ ਪਾ ਰਿਹਾ ਹੋਵੇ।

ਫੇਰ ਦਿਸਿਆ, ਵਿਚਕਾਰਲੀ ਖਾਲੀ ਜਗਾ ਵਿਚ ਦੋਵਾਂ ਪਾਸਿਆਂ ਦੀ ਜਾਲੀਆਂ ਨਾਲ ਲੱਗਿਆ ਜੇਲ ਦਾ ਇਕ-ਇਕ ਹਵਾਲਦਾਰ ਬੈਠਾ ਹੋਇਆ ਏ। ਇੱਥੇ ਦੇ ਪੱਕੇ ਕੈਦੀ ਤੇ ਦੂਜੇ ਪਾਸੇ ਵੱਲ ਉਨਾਂ ਦੇ ਰਿਸ਼ਤੇਦਾਰ ਆਹਮੋ-ਸਾਹਮਣੇ ਬਕਾਇਦਾ ਚੌਂਕੜੀ ਮਾਰ ਕੇ ਬੈਠੇ ਹੋਏ ਸਨ। ਉਨਾਂ ਨੂੰ ਆਵਾਜ਼ ਉੱਚੀ ਕਰਨ ਦੀ ਲੋੜ ਨਹੀਂ ਸੀ ਪੈ ਰਹੀ। ਏਨੀ ਕਾਂਵਾਂ-ਰੌਲੀ ਵਿਚ ਵੀ ਉਹ ਪਤਾ ਨਹੀਂ ਕਿੰਜ ਘੁਸਰ-ਫੁਸਰ ਕਰਕੇ ਗੱਲਾਂ-ਬਾਤਾਂ ਕਰੀ ਜਾ ਰਹੇ ਸਨ। ਇੰਜ ਹੇਠਾਂ-ਹੇਠਾਂ ਚਲ ਰਹੀਆਂ ਗੱਲਾਂ ਦੀ ਭਿਣਭਿਣਾਹਟ, ਸਿਰਾਂ ਉੱਤੇ ਖੜੇ ਹੋ ਕੇ ਚਲਦੀਆਂ ਗੱਲਾਂ ਦੀ ਸੰਗਤ ਕਰ ਰਹੀ ਲੱਗੀ ਸੀ। ਛੇਤੀ ਈ ਇਹ ਸਭ ਕੁਝ ਮੈਂ ਅੱਖਾਂ ਵਿਚ ਭਰ ਲਿਆ ਤੇ ਮੇਰੀ ਦੀ ਦਿਸ਼ਾ ਵਿਚ ਕੁਝ ਕਦਮ ਹੋਰ ਸਾਹਮਣੇ ਵੱਲ ਵਧ ਆਇਆ। ਆਪਣਾ ਕਣਕ-ਵੰਨਾ ਚਿਹਰਾ ਸਲਾਖਾਂ ਵਿਚ ਅੜਾਈ ਉਹ ਖੁੱਲ ਕੇ ਮੁਸਕਰਾ ਰਹੀ ਸੀ। ਇਸ ਤਰਾਂ ਦੇਖਣ ਵਿਚ ਉਹ ਮੈਨੂੰ ਬੜੀ ਸੁੰਦਰ ਲੱਗੀ-ਪਰ ਪਤਾ ਨਹੀਂ ਕਿਉਂ, ਉਸ ਇੰਜ ਬਹੁਤਾ ਚਿਰ ਨਹੀਂ ਸੀ ਕਰ ਸਕੀ।

'ਹੋਰ?' ਆਪਣੀ ਆਵਾਜ਼ ਬੜੀ ਉੱਚੀ ਕਰਕੇ ਉਸਨੇ ਪੁੱਛਿਆ, 'ਕੀ ਹਾਲ ਏ? ਠੀਕ ਤਾਂ ਏਂ ਨਾ? ਲੋੜੀਂਦੀਆਂ ਸਾਰੀਆਂ ਚੀਜ਼ਾਂ ਤਾਂ ਹੈਨ ਨਾ?'

'ਹਾਂ-ਹਾਂ, ਮੈਨੂੰ ਜੋ ਚਾਹੀਦੈ ਸਭ ਕੁਝ ਐ।'

ਫੇਰ ਕੁਝ ਚਿਰ ਸਾਡੇ 'ਚੋਂ ਕੋਈ ਕੁਝ ਨਾ ਬੋਲਿਆ। ਮੇਰੀ ਮੁਸਕਰਾਉਂਦੀ ਰਹੀ। ਮੋਟੀ ਔਰਤ ਮੇਰੇ ਨਾਲ ਖੜੇ ਇਕ ਕੈਦੀ ਨੂੰ ਸੰਬੋਧਤ ਕਰਦੇ ਚੀਕੀ ਜਾ ਰਹੀ ਸੀ। ਆਦਮੀ ਲੰਮਾ, ਗੋਰਾ ਤੇ ਖ਼ੂਬਸੂਰਤ ਸੀ ਤੇ ਹੋ ਸਕਦਾ ਏ ਉਸਦਾ ਪਤੀ ਹੋਵੇ।

ਉਹ ਚੀਕ ਕੇ ਕਹਿ ਰਹੀ ਸੀ, 'ਜੈਨੀ ਉਸਨੂੰ ਰੱਖਣ ਲਈ ਤਿਆਰ ਨਈਂ। ਦੇਖ ਨਾ, ਕਿੰਨੀ ਮਾੜੀ ਗੱਲ ਐ।' ਆਦਮੀ ਨੇ ਕੁਝ ਨਹੀਂ ਕਿਹਾ। 'ਹਾਂ, ਤੇ ਦੇਖ, ਮੈਂ ਉਸਨੂੰ ਇਹ ਵੀ ਕਿਹਾ ਬਈ ਤੂੰ ਜੇਲ 'ਚੋਂ ਬਾਹਰ ਆਉਂਦਾ ਈ ਉਸਨੂੰ ਲੈ ਲਵੇਂਗਾ।' ਪਰ ਕੈਦੀ ਨੇ ਸੁਣ ਕੇ ਵੀ ਕੁਝ ਨਹੀਂ ਕਿਹਾ।

ਉਸ ਖਾਲੀ ਜਗਾ ਦੇ ਪਾਰੋਂ ਮੇਰੀ ਨੇ ਕੂਕ ਕੇ ਦੱਸਿਆ, 'ਰੇਮੰਡ ਨੇ ਦਿਲੀ ਸ਼ੁਭਕਾਮਨਾਵਾਂ ਭੇਜੀਆਂ ਨੇ।' ਮੈਂ ਕਿਹਾ, 'ਧੰਨਵਾਦ।' ਪਰ ਮੇਰੀ ਦੀ ਆਵਾਜ਼ ਗੁਆਂਢੀ ਦੀ ਆਵਾਜ਼ ਹੇਠ ਦਬ ਗਈ, 'ਉਹ ਠੀਕ-ਠਾਕ ਤਾਂ ਐ ਨਾ?' ਮੋਟੀ ਔਰਤ ਹੱਸ ਪਈ, 'ਠੀਕ-ਠਾਕ? ਬਈ ਉਸਨੂੰ ਕੀ ਹੋਇਐ? ਸਾਕਸ਼ਾਤ ਤੰਦਰੁਸਤੀ ਦੀ ਮੂਰਤ ਐ।'

ਇਸ ਸਾਰੇ ਸਮੇਂ ਮੇਰੇ ਖੱਬੇ ਹੱਥ ਖੜਾ, ਪਤਲੇ-ਪਤਲੇ, ਕੁੜੀਆਂ ਵਰਗੇ ਹੱਥਾਂ ਵਾਲਾ ਛੋਹਰ ਮੂੰਹੋਂ ਇਕ ਸ਼ਬਦ ਵੀ ਨਹੀਂ ਸੀ ਬੋਲਿਆ। ਦੇਖਿਆ, ਉਸਦੀਆਂ ਅੱਖਾਂ ਬਿਨਾਂ ਝਪਕੇ ਸਾਹਮਣੇ ਖੜੀ ਛੋਟੇ ਕੱਦ ਦੀ ਬੁੱਢੀ 'ਤੇ ਟਿਕੀਆਂ ਹੋਈਆਂ ਨੇ, ਤੇ ਉੱਧਰ ਉਹ ਵੀ ਬੜੀਆਂ ਭਾਵ-ਭਰੀਆਂ ਅੱਖਾਂ ਨਾਲ, ਇਕਟੱਕ, ਉਸ ਵੱਲ ਤੱਕੀ ਜਾ ਰਹੀ ਏ। ਪਰ ਛੇਤੀ ਈ ਮੈਨੂੰ ਆਪਣੀਆਂ ਨਜ਼ਰਾਂ ਉੱਧਰੋਂ ਹਟਾਅ ਲੈਣੀਆਂ ਪਈਆਂ। ਮੇਰੀ ਕੂਕ ਕੇ ਕਹਿ ਰਹੀ ਸੀ, 'ਸਾਨੂੰ ਉਮੀਦ ਦਾ ਪੱਲਾ ਨਈਂ ਛੱਡਣਾ ਚਾਹੀਦਾ।'

ਮੈਂ ਜਵਾਬ ਦਿੱਤਾ, 'ਬਿਲਕੁਲ ਨਈਂ।' ਮੇਰੀ ਨਜ਼ਰ ਉਸਦੇ ਮੋਢਿਆਂ 'ਤੇ ਪਈ ਤਾਂ ਅਚਾਨਕ ਮਨ ਵਿਚ ਬੜੇ ਜ਼ੋਰ ਨਾਲ ਆਇਆ ਕਿ ਇਨਾਂ ਮਹੀਨ ਕੱਪੜਿਆਂ ਵਿਚ ਉਹਨੂੰ ਘੁੱਟ ਕੇ ਭੀਚ ਲਵਾਂ। ਉਸਦੀ ਸੁਡੌਲ ਦੇਹ ਤੇ ਕੱਪੜਿਆਂ ਦੀ ਬਣਾਵਟ ਮੈਨੂੰ ਮੋਹ ਕੇ ਆਪਣੇ ਵੱਲ ਖਿੱਚ ਰਹੀ ਸੀ...ਤੇ ਮਨ ਈ ਮਨ ਇੰਜ ਲੱਗ ਰਿਹਾ ਸੀ ਕਿ 'ਮੇਰੀ' ਜਿਸ ਉਮੀਦ ਦੀ ਗੱਲ ਕਹਿ ਰਹੀ ਏ, ਉਹ ਕਿਤੇ ਨਾ ਕਿਤੇ ਇਨਾਂ ਸਭਨਾਂ ਗੱਲਾਂ ਨਾਲ ਵੀ ਜੁੜੀ ਹੋਈ ਏ। ਸੋਚਦਾ ਹਾਂ, ਅਜਿਹੀ ਈ ਕੋਈ ਗੱਲ ਉਸਦੇ ਮਨ ਵਿਚ ਵੀ ਸੀ, ਤਦੇ ਤਾਂ ਉਹ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਮੁਸਕਰਾ ਰਹੀ ਸੀ।

'ਤੂੰ ਦੇਖੀਂ, ਸਭ ਕੁਛ ਠੀਕ ਹੋ ਜਾਵੇਗਾ। ਫੇਰ ਅਸੀਂ ਸ਼ਾਦੀ ਕਰ ਲਵਾਂਗੇ।'

ਮੈਨੂੰ ਉਸਦੀ ਸਾਰੀ ਦੇਹ ਵਿਚੋਂ ਉਸਦੀਆਂ ਅੱਖਾਂ ਦੀ ਚਮਕ ਤੇ ਅੱਖਾਂ ਦੇ ਚਾਰੇ ਪਾਸੇ ਵਾਲੀਆਂ ਝੁਰੜੀਆਂ ਈ ਦਿਸ ਰਹੀਆਂ ਸਨ। ਪੁੱਛਿਆ, 'ਸੱਚਮੁੱਚ, ਤੂੰ ਇਹੀ ਸੋਚਦੀ ਏਂ ਨਾ?' ਪਰ ਇਹ ਗੱਲ ਕਹਿਣ ਦਾ ਮੁੱਖ ਕਾਰਨ ਹੋਰ ਕੁਝ ਨਹੀਂ, ਬਸ, ਇਹੀ ਸੀ ਕਿ ਜਵਾਬ ਵਿਚ ਮੈਂ ਵੀ ਤਾਂ ਕੁਛ-ਨਾ-ਕੁਛ ਤਾਂ ਕਹਿਣਾ ਈ ਸੀ।

ਉਸੇ ਉੱਚੀ ਆਵਾਜ਼ ਵਿਚ ਉਸਨੇ ਕਾਹਲੀ-ਕਾਹਲੀ ਗੱਲਾਂ ਦੀ ਝੜੀ ਲਾ ਦਿੱਤੀ। 'ਹਾਂ, ਹਾਂ, ਤੂੰ ਛੁੱਟ ਜਾਵੇਂਗਾ। ਫੇਰ ਅਸੀਂ ਲੋਕ ਹਰ ਐਤਵਾਰ ਨੂੰ ਉਸੇ ਤਰਾਂ ਨਹਾਉਣ ਜਾਇਆ ਕਰਾਂਗੇ।'

ਮੇਰੀ ਦੇ ਨਾਲ ਵਾਲੀ ਔਰਤ ਅਜੇ ਵੀ ਉੱਚੀ-ਉੱਚੀ ਰੋਂਦੀ ਆਪਣੇ ਪਤੀ ਨੂੰ ਦੱਸ ਰਹੀ ਸੀ ਕਿ ਉਹ ਜੇਲ ਦੇ ਦਫ਼ਤਰ ਵਿਚ ਉਸ ਲਈ ਇਕ ਟੋਕਰੀ ਰੱਖ ਆਈ ਏ। ਫੇਰ ਉਹ ਟੋਕਰੀ ਵਿਚ ਜੋ-ਜੋ ਲਿਆਈ ਸੀ, ਉਸਦੀ ਸੂਚੀ ਦੱਸ ਕੇ ਬੋਲੀ, 'ਧਿਆਨ ਰੱਖੀਂ, ਖ਼ੂਬ ਹੁਸ਼ਿਆਰੀ ਨਾਲ ਦੇਖ ਲਵੀਂ। ਕਈ ਚੀਜ਼ਾਂ ਬੜੀਆਂ ਕੀਮਤੀ ਨੇ।' ਮੇਰੇ ਦੂਜੇ ਪਾਸੇ ਮੁੰਡਾ ਤੇ ਉਸਦੀ ਮਾਂ ਅਜੇ ਤੀਕ ਉਸੇ ਤਰਾਂ ਸੁੰਨੀਆਂ, ਉਦਾਸ ਅੱਖਾਂ ਨਾਲ ਇਕ ਦੂਜੇ ਵੱਲ ਦੇਖ ਰਹੇ ਸਨ ਤੇ ਸਾਡੇ ਹੇਠਾਂ ਬੈਠੇ ਅਰਬ ਲੋਕਾਂ ਦੀਆਂ ਗੱਲਾਂ ਉਸੇ ਨਿਰਵਿਘਨ ਤੇ ਇਕਾਗਰ ਰਿਫ਼ਤਾਰ ਨਾਲ ਚੱਲ ਰਹੀਆਂ ਸਨ। ਲੱਗਦਾ ਸੀ, ਖਿੜਕੀ ਦੇ ਬਾਹਰ ਚਾਨਣ ਦਾ ਹੜ-ਜਿਹਾ ਆਇਆ ਹੋਇਆ ਏ ਤੇ ਛਣ ਕੇ ਅੰਦਰ ਆ ਰਿਹਾ ਏ। ਜਿਹੜੇ ਲੋਕ ਚਾਨਣ ਦੇ ਸਾਹਮਣੇ ਪੈਂਦੇ ਸਨ, ਉਨਾਂ ਦੇ ਚਿਹਰੇ ਬੇਹੱਦ ਪੀਲੇ ਤੇ ਤੇਲ-ਚੋਪੜੇ ਲੱਗ ਰਹੇ ਸਨ।

ਮੇਰਾ ਜੀਅ ਕੱਚਾ ਹੋਣ ਲੱਗ ਪਿਆ ਤੇ ਮਨ ਹੋਇਆ ਬਾਹਰ ਨਿਕਲ ਜਾਵਾਂ। ਆਸੇ-ਪਾਸੇ ਦੀਆਂ ਇਹ ਰਲਗਡ, ਤਿੱਖੀਆਂ ਆਵਾਜ਼ਾਂ ਕੰਨਾਂ ਵਿਚ ਸੱਲ ਮਾਰ ਰਹੀਆਂ ਮਹਿਸੂਸ ਹੋ ਰਹੀਆਂ ਸਨ। ਪਰ ਨਾਲ ਈ ਮਨ ਵਿਚ ਇਹ ਵੀ ਸੀ ਕਿ ਮੇਰੀ ਨਾਲ ਰਹਿਣ ਦੇ ਸੁਖ ਨੂੰ ਜਿੰਨਾ ਵੱਧ ਤੋਂ ਵੱਧ ਮਾਣਿਆ ਜਾ ਸਕੇ, ਮਾਣਦਾ ਰਹਾਂ। ਇਸ ਸਾਰੇ ਰੌਲੇਰੱਪੇ ਵਿਚ ਇਕ ਛਿਣ ਲਈ ਵੀ ਦਰਾੜ ਜਾਂ ਤਰੇੜ ਨਹੀਂ ਸੀ ਪਈ। ਉਹੀ ਲਗਾਤਾਰ ਚੱਲਦੀ ਚੀਕਾਰੌਲੀ, ਗੱਲਬਾਤ ਤੇ ਬੈਠੇ ਸੰਘਾਂ ਵਿਚੋਂ ਨਿਕਲਦੀ ਖਰਖਰਾਹਟ। ਇਸ ਸਾਰੀ ਕਾਵਾਂ-ਰੌਲੀ ਵਿਚ ਜੇ ਚੁੱਪ ਦਾ ਕੋਈ ਰੂਪ ਸੀ ਤਾਂ ਉਹ ਸੀ ਉਸ ਮੁੰਡੇ ਤੇ ਉਸਦੀ ਮਾਂ ਦਾ ਬਿਨਾਂ ਕੁਝ ਬੋਲੇ ਆਪਸ ਵਿਚ ਇਕ-ਦੂਜੇ ਨੂੰ ਅੱਖਾਂ ਰਾਹੀਂ ਪੀਂਦੇ ਰਹਿਣਾ। ਇਸ ਪਿੱਛੋਂ ਇਕ-ਇਕ ਕਰਕੇ ਅਰਬ ਕੈਦੀ ਹਟਾ ਲਏ ਗਏ। ਜਦੋਂ ਪਹਿਲਾ ਕੈਦੀ ਗਿਆ ਤਾਂ ਸਾਰੇ ਈ ਯਕਦਮ ਚੁੱਪ ਹੋ ਗਏ। ਛੋਟੇ ਕੱਦ ਦੀ ਬੁੱਢੀ ਸਲਾਖਾਂ ਨਾਲ ਚਿਪਕੀ ਓਵੇਂ ਈ ਖੜੀ ਸੀ ਕਿ ਵਾਰਡਰ ਨੇ ਉਸਦੇ ਪੁੱਤਰ ਦੇ ਮੋਢੇ ਉੱਤੇ ਹੱਥ ਰੱਖਿਆ। ਮੁੰਡੇ ਨੇ ਕੂਕ ਕੇ ਕਿਹਾ, 'ਫੇਰ ਮਿਲਾਂਗੇ ਅੰਮਾਂ।' ਬੁੱਢੀ ਨੇ ਸਲਾਖਾਂ ਪਿੱਛੋਂ ਹੱਥ ਕੱਢਿਆ ਤੇ ਬੜੀ ਹੌਲੀ-ਜਿਹੀ ਜ਼ਰਾ ਕੁ ਹਿਲਾ ਕੇ ਵਿਦਾ ਦੇ ਦਿੱਤੀ।

ਉਸਦੇ ਹਟਦਿਆਂ ਈ, ਹੱਥ ਵਿਚ ਇਕ ਟੋਪ ਫੜੀ, ਇਕ ਦੂਜਾ ਆਦਮੀ ਆ ਖੜਾ ਹੋਇਆ। ਮੇਰੇ ਨਾਲ ਵਾਲੀ ਖਾਲੀ ਥਾਂ ਵਿਚ ਵੀ ਦੂਜਾ ਆਦਮੀ ਆ ਗਿਆ ਤੇ ਦੋਵਾਂ ਨੇ ਅੰਨੇਵਾਹ ਗੱਲਬਾਤ ਸ਼ੁਰੂ ਕਰ ਦਿੱਤੀ। ਹਾਂ, ਓਨੇ ਉੱਚੇ ਸੁਰ ਵਿਚ ਇਹ ਨਹੀਂ ਸੀ ਬੋਲ ਰਹੇ, ਕਿਉਂਕਿ ਕਮਰਾ ਹੁਣ ਪਹਿਲਾਂ ਨਾਲੋਂ ਸ਼ਾਂਤ ਹੋ ਗਿਆ ਸੀ। ਕੋਈ ਆ ਕੇ ਮੇਰੇ ਸੱਜੇ ਪਾਸੇ ਵਾਲੇ ਆਦਮੀ ਨੂੰ ਬੁਲਾ ਕੇ ਲੈ ਗਿਆ। ਪਤਨੀ ਨੇ ਖ਼ੂਬ ਜ਼ੋਰ ਨਾਲ ਚੀਕ ਕੇ ਕਿਹਾ, 'ਤੇ ਹਾਂ, ਸੁਣੀ, ਆਪਣਾ ਖ਼ਿਆਲ ਰੱਖੀਂ। ਕੁਝ ਉਲਟਾ ਸਿੱਧਾ ਨਾ ਕਰੀਂ।' ਲੱਗਦਾ ਸੀ ਕਿ ਉਸਨੂੰ ਇਹ ਵੀ ਧਿਆਨ ਨਹੀਂ ਸੀ ਕਿ ਹੁਣ ਓਨੇ ਜ਼ੋਰ ਨਾਲ ਬੋਲਣ ਦੀ ਲੋੜ ਨਹੀਂ।

ਇਸ ਪਿੱਛੋਂ ਆਇਆ ਮੇਰਾ ਨੰਬਰ। ਮੇਰੀ ਨੇ ਉਂਗਲਾਂ ਚੁੰਮ ਕੇ ਝਟਕੇ ਨਾਲ ਮੇਰੇ ਵੱਲ ਚੁੰਮਾ ਸੁੱਟਿਆ। ਬਾਹਰ ਜਾਂਦਾ ਹੋਇਆ ਮੈਂ ਮੁੜ-ਮੁੜ ਉਸ ਵੱਲ ਦੇਖਾ ਰਿਹਾ। ਉਹ ਬਿਨਾਂ ਹਿੱਲੇ-ਡੋਲੇ ਖੜੀ ਰਹੀ...ਉਸਦਾ ਚਿਹਰਾ ਓਵੇਂ ਈ ਸਲਾਖਾਂ ਨਾਲ ਜੁੜਿਆ ਰਿਹਾ...ਬੁੱਲ ਉਸੇ ਜਬਰੀ ਚਿਪਕਾਈ ਉਦਾਸ ਮੁਸਕਾਨ ਕਾਰਨ ਜ਼ਰਾ ਖੁੱਲੇ ਹੋਏ ਸਨ...

ਇਸ ਪਿੱਛੋਂ ਬੜੀ ਛੇਤੀ ਈ ਮੈਨੂੰ ਉਸਦਾ ਖ਼ਤ ਮਿਲਿਆ। ਤੇ ਫੇਰ ਇਸ ਤਰਾਂ ਦੀਆਂ ਗੱਲਾਂ ਸ਼ੁਰੂ ਹੋ ਗਈਆਂ, ਜਿਨਾਂ ਬਾਰੇ ਗੱਲ ਕਰਨੀ ਮੈਨੂੰ ਕਦੀ ਚੰਗੀ ਨਹੀਂ ਲੱਗੀ। ਇੰਜ ਵੀ ਨਹੀਂ ਕਿ ਇਸ ਤਰਾਂ ਦੀਆਂ ਗੱਲਾਂ ਖਾਸ ਤੌਰ 'ਤੇ ਭਿਆਨਕ ਤੇ ਦੁੱਖਦਾਈ ਈ ਹੁੰਦੀ ਨੇ। ਮੈਂ ਆਪਣੇ-ਆਪ ਨੂੰ ਤੀਸ ਮਾਰ ਖਾਂ ਨਹੀਂ ਕਹਿਣਾ ਚਾਹੁੰਦਾ, ਫੇਰ ਵੀ ਇਹ ਸੱਚ ਏ ਕਿ ਦੂਜਿਆਂ ਦੇ ਮੁਕਾਬਲੇ ਮੈਂ ਦੁੱਖ ਨੂੰ ਬੜਾ ਘੱਟ ਮਹਿਸੂਸ ਕੀਤਾ। ਪਰ ਸ਼ੁਰੂ ਦੇ ਦਿਨਾਂ ਦੀ ਜਿਸ ਗੱਲ ਕਰਕੇ ਮੈਂ ਸੱਚਮੁੱਚ ਤੰਗ ਆ ਗਿਆ ਸੀ...ਉਹ ਸੀ, ਮੇਰੀ ਆਜ਼ਾਦ ਆਦਮੀ ਦੇ ਤੌਰ 'ਤੇ ਸੋਚਣ ਦੀ ਆਦਤ। ਜਿਵੇਂ ਕਿ ਅਚਾਨਕ ਧੁਨ ਸਵਾਰ ਹੋ ਜਾਂਦੀ ਸੀ ਕਿ ਸਮੁੰਦਰ ਤਟ 'ਤੇ ਚਲਾ ਜਾਵਾਂ ਤੇ ਪਾਣੀ ਵਿਚ ਖ਼ੂਬ ਤੈਰਾਂ। ਤੇ ਜਦੋਂ ਆਪਣੇ ਪੈਰਾਂ 'ਤੇ ਨਿੱਕੀਆਂ-ਨਿੱਕੀਆਂ ਲਹਿਰਾਂ ਦੀ ਛਪਕ-ਛਪਕ...ਛਾਲਾਂ ਮਾਰ ਕੇ ਅੱਗੇ ਵਧਦੇ ਸਰੀਰ 'ਤੇ ਪਾਣੀ ਦੀ ਕੂਲੀ-ਕੋਸੀ ਛੋਹ...ਤੇ ਸਮੁੰਦਰ ਵਿਚ ਪਹੁੰਚ ਕੇ ਆਉਣ ਵਾਲੀ ਸੁਖ ਤੇ ਸੰਤੋਖ ਭਰੀ ਝੁਣਝੁਣੀ ਨੂੰ ਮੈਂ ਕਲਪਨਾ ਵਿਚ ਅੱਖਾਂ ਸਾਹਵੇਂ ਸਾਕਾਰ ਕਰ ਲੈਂਦਾ ਸੀ ਤਾਂ ਆਪਣੀ ਕੋਠੜੀ ਦਾ ਭੀੜਾਪਨ, ਵਧੇਰੇ ਕਰੂਰ ਤੇ ਕਠੋਰ ਲੱਗਣ ਲੱਗ ਪੈਂਦਾ ਸੀ ਮੈਨੂੰ।

ਚਲਦਾ...

# ਬਾਪੂ ਦੇ ਖਤ...

**ਮਨਦੀਪ ਰਿੰਪੀ, ਰੂਪਨਗਰ**
**ਮੋ. 9814385918**

ਅੱਜ ਇੱਕ ਹੋਰ ਖ਼ਤ ਆਇਆ ਬਾਪੂ ਦਾ। ਉਹੀ ਪੁਰਾਣੀਆਂ ਗੱਲਾਂ ਤੇ ਉਹੀ ਪੁਰਾਣੇ ਸਵਾਲ ਮੈਨੂੰ ਘੇਰ ਕੇ ਖੜ ਗਏ। ਅੱਜ ਮੈਨੂੰ ਇੰਜ ਲੱਗਿਆ ਜਿਵੇਂ ਖਤ ਦਾ 'ਕੱਲਾ-ਕੱਲਾ' ਅੱਖਰ ਬਾਪੂ ਦੀ ਅੱਖ ਬਣ ਮੈਨੂੰ ਘੂਰ ਰਿਹਾ ਹੋਵੇ। ਮੈਂ ਮੁੜ-ਮੁੜ ਖ਼ਤ ਪੜਦੀ ਤੇ ਰੱਖ ਦਿੰਦੀ। ਇਸ ਇੱਕ ਸਾਲ ਦੇ ਅਰਸੇ ਦੌਰਾਨ ਪਤਾ ਨਹੀਂ ਕਿੰਨੇ ਕੁ ਖਤ ਆ ਚੁੱਕੇ ਹਨ ਬਾਪੂ ਦੇ! ਹੁਣ ਤਾਂ ਗਿਣਤੀਆਂ ਕਰਨਾ ਵੀ ਭੁੱਲ ਗਈ ਜਾਂ ਇੰਜ ਕਹਿ ਲਓ ਖਤਾਂ ਦੀ ਲੱਗੀ ਢੇਰੀ ਦਾ ਗਿੱਠਾਂ ਦੇ ਹਿਸਾਬ ਨਾਲ ਮਿਣਤੀਆਂ ਕਰਨਾ ਚੰਗਾ-ਚੰਗਾ ਲੱਗਦਾ। ਅਕਸਰ ਮੈਨੂੰ ਆਪਣੀਆਂ ਕਿਤਾਬਾਂ ਵਾਲੀ ਅਲਮਾਰੀ ਉਨਾਂ ਖਤਾਂ ਨਾਲ਼ ਗੱਲਾਂ ਕਰਦੀ ਜਾਪਦੀ। ਜਦੋਂ ਵੀ ਕੋਈ ਕਿਤਾਬ ਪੜਨ ਲਈ ਚੁੱਕਦੀ ਤਾਂ ਕੋਈ ਨਾ ਕੋਈ ਖਤ ਮੇਰੀਆਂ ਉਂਗਲਾਂ ਦੇ ਪੋਟਿਆਂ ਨਾਲ਼ ਛੂਹਿਆ ਜਾਂਦਾ ਤੇ ਆਪ ਮੁਹਾਰੇ ਮੈਥੋਂ ਚੁੱਕਿਆ ਜਾਂਦਾ।

ਮੈਂ ਹਰ ਵਾਰ ਸੋਚਦੀ ਕਿ ਇਸ ਵਾਰੀ ਬਾਪੂ ਦੀ ਰੀਝ ਜ਼ਰੂਰ ਪੁਗਾਉਣੀ। ਬਾਪੂ ਨੂੰ ਇੱਕ ਲੰਮਾ-ਚੌੜਾ ਖ਼ਤ ਲਿਖਣਾ ਤੇ ਉਸ ਦੀ ਰੀਝ ਨੂੰ ਉਸ ਖ਼ਤ ਦੇ ਅੱਖਰਾਂ ਵਿੱਚ ਪ੍ਰੋਅ ਦੇਣਾ ਪਰ ਅਫ਼ਸੋਸ ਜਦ ਵੀ ਲਿਖਣ ਬਾਰੇ ਸੋਚਦੀ ਲਿਖ ਨਾ ਪਾਉਂਦੀ। ਬਿਨਾਂ ਕੁਝ ਲਿਖਿਆ ਹੀ ਛੱਡ ਦਿੰਦੀ ਤੇ ਹੋਰ ਲਿਖਤਾਂ 'ਚ ਉਲਝ ਜਾਂਦੀ।

ਬਾਪੂ ਹਰ ਵਾਰ ਬੜੇ ਹੱਕ ਨਾਲ ਮੈਨੂੰ ਯਾਦ ਕਰਾਉਂਦਾ, 'ਦੇਖੀਂ, ਧੀਏ, ਭੁੱਲੀਂ ਨਾ। ਮੈਂ ਚਾਹੁੰਦਾ ... ਮੈਂ ਤੇਰੇ ਵੱਲੋਂ ਭੇਜੇ ਖ਼ਤ ਨੂੰ ਆਪਣੀਆਂ ਅੱਖਾਂ ਨਾਲ ਆਪ ਪੜਾਂ... ਵੇਖੀਂ। ਕਿਧਰੇ ਦੇਰ ਨਾ ਹੋ ਜਾਵੇ। ਉਂਜ ਵੀ ਹੁਣ ਹੁਣ ਤਾਂ ਡਾਕਟਰਾਂ ਨੇ ਵੀ ਇੱਕ ਤਰਾਂ ਨਾਲ ਜਵਾਬ ਈ ਦੇ ਦਿੱਤਾ ਇਹ ਕਹਿ ਕੇ ਕਿ ਬਾਬਾ, ਤੇਰੀਆਂ ਅੱਖਾਂ ਦਾ ਆਪ੍ਰੇਸ਼ਨ ਵੀ ਨਹੀਂ ਹੋ ਸਕਦਾ। ਨਾੜੀਆਂ ਬਹੁਤ ਕਮਜ਼ੋਰ ਨੇ। ਬਹੁਤਾ ਪੜਨ-ਲਿਖਣ ਦਾ ਕੰਮ ਨਾ ਕਰਿਆ ਕਰ ...।

ਧੀਏ, ਤੈਨੂੰ ਤਾਂ ਪਤਾ ਮੇਰਾ ਮੈਂ ਪੜੇ ਬਗੈਰ ਕਿੱਥੇ ਰਹਿ ਸਕਦਾ? ਹੁਣ ਤਾਂ ਤੇਰੀ ਮਾਂ ਵੀ ਮੈਨੂੰ ਕਈ ਵਾਰ ਗੁੱਸੇ 'ਚ ਟੁੱਟ-ਟੁੱਟ ਕੇ ਪੈਂਦੀ। ਕਹਿੰਦੀ, 'ਸ਼ਰਮ ਕਰ ਮਾੜੀ-ਮੋਟੀ ... ਜੇ ਅੰਨਾ ਹੋ ਕੇ ਕੰਧ ਵਾਂਗੂੰ ਬਹਿ ਗਿਆ ਤਾਂ ਅਸੀਂ ਕੀ ਕਰਾਂਗੇ? ਹੁਣ ਜੇ ਹੋਰ ਨੀ ਕੁਝ ਤਾਂ ਆਪਣੇ ਜੋਗਾ ਤਾਂ ਹੈ ... ਬਥੇਰਾ ਪੜ ਲਏ ਅਖ਼ਬਾਰ, ਕਿਤਾਬਾਂ ਸਾਰੀ ਉਮਰ ... ਹੁਣ ਛੱਡ ਦੇ ਇਹ ਨਿਕੰਮੇ ਕੰਮ।'

'ਲੈ, ਰਿੰਪੀ, ਤੂੰ ਦੱਸ ਭਲਾ ਪੜਨਾ-ਲਿਖਣਾ ਨਿਕੰਮਾ ਕੰਮ ਕਦ ਤੋਂ ਹੋ ਗਏ? ਭਲਾ ਕੌਣ ਸਮਝਾਵੇ ਤੇਰੀ ਮਾਂ ਨੂੰ? ਹੁਣ ਦੱਸ ਕਰਿਆ ਮੇਰਾ ਕੰਮ?'

ਮੈਂ ਹਰ ਵਾਰ ਇਹ ਪ੍ਰਸ਼ਨ ਪੜ ਕੇ ਸੋਚਣ ਲੱਗਦੀ ਕਿ ਇਸ ਵਾਰ ਅਗਲਾ ਖਤ ਆਉਣ ਤੋਂ ਪਹਿਲਾਂ, ਮੈਂ ਬਾਪੂ ਨੂੰ ਖ਼ਤ ਪਾ ਦੇਣ ਪਰ ਬਾਪੂ ਦਾ ਖ਼ਤ ਹਰ ਵਾਰ ਪਹਿਲਾਂ ਆ ਜਾਂਦਾ ਗੁਆਂਢੀਆਂ ਦੇ ਘਰੇ। ਆਥਣ ਵੇਲੇ ਜਦੋਂ ਫੋਨ ਘੂੰਅ-ਘੂੰਅ ਕਰਦਾ ਤਾਂ 'ਬਾਪੂ' ਸ਼ਬਦ ਟੱਪਣ ਲੱਗਦਾ ਫੋਨ ਸਕ੍ਰੀਨ ਉੱਤੇ।

ਮੇਰੇ ਮੂੰਹੋਂ ਨਿਕਲੇ 'ਹੈਲੋ!' ਤੋਂ ਬਾਅਦ, 'ਹੈਲੋ, ਦੀਦੀ ਜੀ, ਕੀ ਹਾਲ ਐ? ਡੈਡੀ ਜੀ ਕਹਿੰਦੇ ਸਨ ਗੱਲ ਕਰਨ ਲਈ ...ਆ ਲਓ ਗੱਲ ਕਰ ਲਵੋ।'

ਫੋਨ 'ਤੇ ਇਹ ਮਿੱਠੀ, ਨਿੱਘੀ ਆਵਾਜ਼ ਬਾਪੂ ਦੀ ਪਿਆਰੀ ਨੂੰਹ ਵੀਨਾ ਦੀ ਹੁੰਦੀ। ਵੀਨਾ ਨੂੰ ਨਾ ਕਦੇ ਮੈਂ ਵੇਖਿਆ ਤੇ ਕਦੇ ਉਹ ਮੈਨੂੰ ਮਿਲੀ ਪਰ ਫੇਰ ਵੀ ਸਾਡੇ ਦੋਵਾਂ ਵਿਚਕਾਰ ਇੱਕ ਮੋਹ ਦੀ ਤੰਦ ਸਿਰਜ ਦਿੱਤੀ ਬਾਪੂ ਨੇ। ਹਾਂ, ਵੱਟਸਐਪ 'ਤੇ ਲੱਗੀ ਪ੍ਰੋਫਾਈਲ ਫੋਟੋ 'ਤੇ ਮੈਂ ਵੀਨਾ,ਉਹਦੇ ਘਰਵਾਲ਼ੇ ਤੇ ਪੁੱਤ ਨਾਲ਼ ਬਹੁਤ ਵਾਰ ਮਿਲੀ।ਤੁਸੀਂ ਸੋਚਦੇ ਹੋਵੋਗੇ ਕਿ ਅੱਜ ਰਿੰਪੀ ਕਿੱਦਾਂ ਦੀਆਂ ਗੱਲਾਂ ਕਰੀ ਜਾਂਦੀ? ਜੇ ਵੀਨਾ, ਬਾਪੂ ਦੀ ਨੂੰਹ ਤਾਂ ਉਹਦਾ ਘਰਵਾਲਾ ਬਾਪੂ ਦਾ ਪੁੱਤ ਤੇ ਵੀਨਾ ਦਾ ਪੁੱਤ ਬਾਪੂ ਦਾ ਪੋਤਾ... ਉਂਜ ਮੈਂ ਬਾਪੂ-ਬਾਪੂ ਆਖੀ ਜਾ ਰਹੀ ਹਾਂ ਪਰ ਉਹਦੇ ਜੀਆਂ ਨੂੰ ਕਦੇ ਮਿਲੀ ਵੀ ਨਹੀਂ। ਹਾਂ, ਇਹ ਸੱਚ ਐ ਕਿ ਮੈਂ ਬਾਪੂ ਦੇ ਜੀਆਂ ਨੂੰ ਕਦੇ ਨਹੀਂ ਮਿਲੀ ਪਰ ਇਹ ਵੀ ਝੂਠ ਨਹੀਂ ਕਿ ਮੈਂ ਬਾਪੂ ਨੂੰ ਵੀ ਕਦੇ ਨਹੀਂ ਦੇਖਿਆ। ਜੇ ਬਾਪੂ ਅਚਾਨਕ ਮੇਰੇ ਸਾਹਮਣੇ ਆ ਵੀ ਜਾਵੇ ਤਾਂ ਮੈਂ ਉਹ ਮੇਰੇ ਲਈ ਓਪਰਿਆਂ ਵਾਂਗੂੰ ਹੀ ਹੋਵੇਗਾ। ਹਾਂ, ਇਸ ਗੱਲ ਤੋਂ ਵੀ ਇਨਕਾਰ ਨਹੀਂ ਕਰ ਸਕਦੀ ਕਿ ਬਾਪੂ ਦੀ ਇੱਕ ਹਾਕ ਸੁਣ, ਮੈਂ ਝੱਟ ਬਾਪੂ ਕੋਲ ਭੱਜੀ ਨਾ ਜਾਵਾਂ।

ਅਸਲ ਵਿੱਚ ਬਾਪੂ ਨਾਲ਼ ਮੇਰਾ ਖੂਨ ਦਾ ਜਾਂ ਕੋਈ ਦੁਨੀਆਦਾਰੀ ਦਾ ਰਿਸ਼ਤਾ ਤਾਂ ਨਹੀਂ ਪਰ ਰੂਹ ਦਾ ਰਿਸ਼ਤਾ ਜਰੂਰ ਹੈ। ਇਹ ਰਿਸ਼ਤਾ 'ਰੋਜ਼ਨਾ ਸਪੋਕਸਮੈਨ ਅਖਬਾਰ' ਦੀ ਦੇਣ ਹੈ ਸ਼ਾਇਦ। 'ਰੋਜ਼ਾਨਾ ਸਪੋਕਸਮੈਨ' ਅਖ਼ਬਾਰ ਵਿੱਚ 30 ਅਗਸਤ 2021 ਨੂੰ ਮੇਰਾ ਇੱਕ ਲੇਖ ...'ਹੁਣ 'ਅਰਮਾਨ' ਬਾਰੇ ਉਨਾਂ ਨਾਲ਼ ਕਦੇ ਗੱਲ ਨਹੀਂ ਹੋ ਸਕੇਗੀ'...ਛੱਪਿਆ। ਜਿਹੜਾ ਕਿ ਮਾਲਵਾ ਲਿਖਾਰੀ ਸਭਾ ਦੇ ਮੀਤ ਪ੍ਰਧਾਨ ਸ੍ਰੀ ਮੇਘ ਰਾਜ ਗੋਇਲ ਜੀ ਦੇ ਅਚਨਚੇਤ ਤੁਰ ਜਾਣ ਕਾਰਨ ਉਨਾਂ ਨੂੰ ਨਿੱਘੀ ਸ਼ਰਧਾਂਜਲੀ ਦੇ ਰੂਪ ਵਿੱਚ ਸੀ। ਇਸ ਲੇਖ ਨੂੰ ਪੜਨ ਤੋਂ ਬਾਅਦ ਬਾਪੂ ਖਤਾਂ ਤੇ ਫੋਨ ਰਾਹੀਂ ਮੇਰੀ ਰੂਹ ਨਾਲ਼ ਜੁੜ ਗਿਆ।

ਬਾਪੂ ਦੀਆਂ ਯਾਦਾਂ ਨਾਲ ਚਿੰਬੜੀ ਹੋਈ ਇੱਕ ਖ਼ੂਨੀ ਯਾਦ ਉਹਦੇ ਕਾਲਜੇ ਨੂੰ ਪਲ-ਪਲ ਵਿੰਨਦੀ ਰਹਿੰਦੀ। ਉਦੋਂ ਬਾਪੂ ਤੇਈਆਂ ਸਾਲਾਂ ਦਾ ਗੱਭਰੂ ਸੀ ਜਦੋਂ ਬਾਪੂ ਦੀ ਰੂਹ ਦੀ ਝੋਲੀ ਇਸ ਚੰਦਰੀ ਯਾਦ ਨੇ ਮੱਲ ਲਈ। ਹੁਣ ਤਕ ਬਾਪੂ ਦੀ ਜ਼ਿੰਦਗੀ 'ਚ ਬਹੁਤ ਹਾਦਸੇ ਹੋਏ, ਉਹਦੇ ਕਈ ਜਾਨ ਤੋਂ ਪਿਆਰੇ ਸਿਵਿਆ ਦੇ ਰਾਹ ਪੈ ਗਏ। ਉਨਾਂ ਸਭ ਦੇ ਵਿਛੋੜੇ ਦਾ ਸੱਲ ਤਾਂ ਬਾਪੂ ਔਖਾ-ਸੌਖਾ ਜਰ ਗਿਆ ਪਰ ਇੱਕ ਆਪਣੇ ਰੂਹ ਤੋਂ ਵੀ ਪਿਆਰੇ ਆਪਣੇ ਦੇ ਵਿਛੋੜੇ ਦਾ ਦਰਦ ਬਾਪੂ ਦੇ ਹੱਡਾਂ ਵਿਚ ਰਚ ਗਿਆ... ਜਿਹੜਾ ਹੁਣ ਉਹਨੂੰ ਨਾ ਚੱਜ ਨਾਲ਼ ਸੌਣ ਦਿੰਦਾ ਤੇ ਨਾ ਹੀ ਚੱਜ ਨਾਲ ਜਿਉਣ। ਬਾਪੂ ਦੀ ਰੀਝ ਹੈ ਕਿ ਮੈਂ ਉਸ ਵਿਛੜੀ ਰੂਹ ਬਾਰੇ ਲਿਖਾਂ ਪਰ ਮੈਂ ਜਦੋਂ ਵੀ ਲਿਖਣ ਬਹਿੰਦੀ, ਮੈਨੂੰ ਕੁਝ ਨਾ ਸੁੱਝਦਾ ਕਿ ਕੀ ਲਿਖਾਂ? ਮੈਂ ਕਿੰਨੀ-ਕਿੰਨੀ ਦੇਰ ਕਾਗਜ਼, ਪੈੱਨ ਫੜੀ ਬੈਠੀ ਸੋਚਦੀ ਰਹਿੰਦੀ ਕਿ ਗੱਲ ਕਿੱਥੋਂ ਸ਼ੁਰੂ ਕਰਾਂ ਪਰ ਕੋਈ ਸਿਰਾ ਹੱਥ ਈ ਨਾ ਆਉਂਦਾ। ਪਰ ਇਸ ਵਾਰ ਦੀ ਚਿੱਠੀ ਨੇ ਮੈਨੂੰ ਅੰਦਰੋਂ ਹਿਲਾ ਕੇ ਰੱਖ ਦਿੱਤਾ। ਮੈਂ ਕਿੰਨੀ ਦੇਰ ਤਕ ਬੈਠੀ ਆਪਣੇ ਆਪ ਨਾਲ ਜੂਝਦੀ ਰਹੀ ਕਿ ਮੈਂ ਕਿਉਂ ਨਹੀਂ ਲਿਖਦੀ ਬਾਪੂ ਦੀ ਉਸ ਖ਼ੂਨੀ ਯਾਦ ਬਾਰੇ।

ਇੱਕ ਵਾਰੀ ਬਾਪੂ ਆਪਣੀ ਇਹ ਦਾਸਤਾਨ ਉੱਘੇ ਸਾਹਿਤਕਾਰ ਅਮੀਨ ਮਲਿਕ ਨਾਲ਼ ਵੀ ਉਚੇਚੇ ਤੌਰ 'ਤੇ 'ਰੋਜ਼ਾਨਾ ਸਪੋਕਸਮੈਨ' ਦੇ ਦਫ਼ਤਰ ਚੰਡੀਗੜ ਵਿਖੇ ਸਾਂਝੀ ਕਰ ਕੇ ਆਇਆ। ਅਮੀਨ ਮਲਿਕ ਨੇ ਹਾਮੀ ਵੀ ਭਰੀ ਸੀ ਕਿ ਉਹ ਬਾਪੂ ਦੀ ਇਸ ਦਰਦ ਭਰੀ ਯਾਦ ਨੂੰ ਅੱਖਰਾਂ ਵਿੱਚ ਭਰ ਕੇ ਕਾਗਜ਼ਾਂ 'ਤੇ ਧਰੇਗਾ ਪਰ ਅਫਸੋਸ ਅਮੀਨ ਮਲਿਕ ਇਸ 'ਯਾਦ' ਦੀ ਆਪਣੀ ਕਲਮ ਰਾਹੀਂ ਅੱਖਰਾਂ 'ਤੇ ਬਾਤ ਪਾਉਂਦਾ ਉਸਤੋਂ ਪਹਿਲਾਂ ਹੀ ਅੱਲਾ ਨੂੰ ਉਸ ਤਾਈਂ ਐਨਾ ਜਰੂਰੀ ਕੰਮ ਪੈ ਗਿਆ ਕਿ ਉਹਨੇ ਅਮੀਨ ਮਲਿਕ ਨੂੰ ਆਪਣੇ ਕੋਲ ਈ ਸੱਦ ਲਿਆ ਤੇ ਬਾਪੂ ਦੀ 'ਯਾਦ' ਨੂੰ ਉਹ ਆਪਣੇ ਦਿਲ ਵਿਚ ਈ ਲੈ ਗਿਆ। ਇਸ 'ਯਾਦ' ਨੇ ਅਮੀਨ ਮਲਿਕ ਦੀ ਯਾਦ ਨੂੰ ਵੀ ਆਪਣੇ ਨਾਲ਼ ਰਲ਼ਾ ਲਿਆ। ਅਮੀਨ ਮਲਿਕ ਵੀ ਬਾਪੂ ਦੀਆਂ ਯਾਦਾਂ ਅੰਦਰ ਵੱਸ ਗਿਆ ਹਮੇਸ਼ਾ ਲਈ।

ਬਾਪੂ ਅਕਸਰ ਮੈਨੂੰ ਅਮੀਨ ਮਲਿਕ ਦੀਆਂ ਉਦਾਹਰਣਾਂ ਦੇ ਕੇ ਆਖਦਾ, 'ਦੇਖੀਂ ਧੀਏ, ਕਦੇ ਇਨਾਮਾਂ-ਸਨਮਾਨਾਂ ਦੇ ਚੱਕਰਾਂ 'ਚ ਨਾ ਪਈਂ। ਪਾਠਕਾਂ ਦੇ ਪਿਆਰ ਤੋਂ ਬਿਨਾਂ ਇਹ ਸਾਰੇ ਲੱਕੜ ਦੇ ਖਿਡੌਣਿਆਂ ਤੋਂ ਵੱਧ ਕੁਝ ਨਹੀਂ। ਦੋ-ਚਾਰ ਦਿਨਾਂ ਦੀ ਖੇਡ ਐ। ਬੰਦਾ ਥੋੜਾ ਚਿਰ ਖ਼ੁਸ਼ ਰਹਿ ਸਕਦਾ ਅਜਿਹੇ ਇਨਾਮਾਂ-ਸਨਮਾਨਾਂ ਨਾਲ ਜਿਹੜੇ ਅੱਜ-ਕੱਲ ਫੋਕੀਆਂ ਰਸਮਾਂ ਤੋਂ ਵੱਧ ਕੁਝ ਨਹੀਂ ਪਰ ਜਿਹੜਾ ਸਾਹਿਤਕਾਰ ਆਪਣੇ ਪਾਠਕਾਂ ਦੇ ਮਨਾਂ ਵਿੱਚ ਵਸ ਜਾਵੇ, ਉਹਦੀਆਂ ਰਚਨਾਵਾਂ ਪਾਠਕਾਂ ਦੀ ਰੂਹ ਦਾ ਹਿੱਸਾ ਬਣ ਜਾਣ, ਉਸ ਸਾਹਿਤਕਾਰ ਨੂੰ ਕਦੇ ਮਾਣ-ਸਨਮਾਨ ਦੀ ਭੁੱਖ ਈ ਨਹੀਂ ਰਹਿੰਦੀ। ਪਾਠਕਾਂ ਦੇ ਮੋਹ ਅਤੇ ਅਸੀਸਾਂ ਦੀ ਖ਼ੁਮਾਰੀ ਉਹਦੀ ਅਸਲੀ ਪੂੰਜੀ ਐ।'

ਬਾਪੂ ਦੀਆਂ ਇਹ ਗੱਲਾਂ ਮੇਰੇ ਹੱਡੀ ਰਚ ਗਈਆਂ। ਸੱਚਮੁੱਚ, ਕੀ ਕਰਨੈ ਅਜਿਹੇ ਮਾਣ-ਸਨਮਾਨ ਜਿਹੜੇ ਜ਼ਮੀਰ ਨੂੰ ਦੱਬ ਦੇਣ ਅਹਿਸਾਨਾਂ ਦੀ ਮਿੱਟੀ ਹੇਠ?

ਬਾਪੂ ਨੇ ਮੈਨੂੰ ਅਮੀਨ ਮਲਿਕ ਦੀਆਂ ਕਿਤਾਬਾਂ 'ਆਲਣਿਆਂ ਤੋਂ ਦੂਰ' ਤੇ 'ਯਾਦਾਂ ਦੇ ਪਿਛਵਾੜੇ' ਉਚੇਚੇ ਤੌਰ 'ਤੇ 'ਰੋਜ਼ਾਨਾ ਸਪੋਕਸਮੈਨ' ਦੇ ਦਫ਼ਤਰੋਂ ਮੰਗਵਾ ਕੇ ਦਿੱਤੀਆਂ। ਹੋਰ ਤਾਂ ਹੋਰ ਅਮੀਨ ਮਿਲਕ ਦੇ ਸਪੋਕਸਮੈਨ ਵਿਚ ਛਪੇ ਲੇਖਾਂ ਦੀ ਲੜੀ ਵਿੱਚੋਂ ਕੁਝ ਅਖ਼ਬਾਰਾਂ ਦੀਆਂ ਕਾਤਰਾਂ ਵੀ ਭੇਜੀਆਂ। ਜਿਨਾਂ ਵਿੱਚੋਂ ਇੱਕ 'ਮੈਂ ਗੁਨਾਹਗਾਰ ਹਾਂ' ਐਤਵਾਰ 11 ਅਕਤੂਬਰ ਦੋ ਹਜ਼ਾਰ ਪੰਦਰਾਂ ਨੂੰ ਛਪੀ ਸੀ, ਮੈਂ ਹੈਰਾਨ ਹਾਂ ਬਾਪੂ ਦਾ ਇਹ ਸਰਮਾਇਆ ਵੇਖ ਕੇ। ਹਰ ਮਹੀਨੇ ਤਿੰਨ- ਚਾਰ ਕਿਤਾਬਾਂ ਪਿੰਡ ਨਾਗਰਾ ਜਲੰਧਰੋਂ ਬਾਪੂ ਦੇ ਘਰ ਨੂੰ ਅਲਵਿਦਾ ਆਖ ਜਦੋਂ ਮੇਰੇ ਘਰ ਦਾ ਬੂਹਾ ਖੜਕਾਉਂਦੀਆਂ ਤਾਂ ਮੈਂ ਉਨਾਂ ਨੂੰ ਬੜੇ ਆਦਰ ਮਾਣ ਸਹਿਤ ਆਪਣੇ ਘਰ ਦੇ ਨਾਲ਼ ਨਾਲ਼ ਆਪਣੇ ਦਿਲ ਵਿੱਚ ਵੀ ਬਿਠਾ ਲੈਂਦੀ।

ਇੱਕ ਦਿਨ ਬਾਪੂ ਫੋਨ 'ਤੇ ਆਖਣ ਲੱਗਿਆ, 'ਰਿੰਪੀ, ਤੇਰੇ ਘਰ ਕੱਲ ਪਰਸੋਂ ਤੱਕ ਮੇਰੇ ਦੋ ਪਿਆਰੇ ਪਹੁੰਚ ਰਹੇ ਨੇ ...ਉਨਾਂ ਦਾ ਧਿਆਨ ਰੱਖੀਂ ...ਉਨਾਂ ਨੂੰ ਖ਼ੂਬ ਆਦਰ-ਮਾਣ ਦਈਂ... ਦੇਖੀਂ, ਕਿਤੇ ਕੱਲ ਨੂੰ ਉਹ ਤੇਰੇ ਬਾਪੂ ਦਾ ਪੱਲਾ ਉਲਾਂਭਿਆਂ ਨਾਲ ਨਾ ਭਰ ਦੇਣ.. ਅਖੇ ਤੇਰੀ ਧੀ ਨੇ ਸਾਨੂੰ ਚੱਜ ਨਾਲ ਪੁੱਛਿਆ ਈ ਨੀ।'

ਮੈਂ ਝੱਟ ਦੇਣੀ ਆਖਿਆ, 'ਬਾਪੂ, ਤੂੰ ਫ਼ਿਕਰ ਨਾ ਕਰੀਂ...ਤੇਰੇ ਪਿਆਰਿਆਂ 'ਚੋਂ ਵੀ ਮੈਨੂੰ ਤੂੰ ਈ ਦਿਖਣਾ... ਜਿਵੇਂ ਤੂੰ ਮੇਰੇ ਲਈ...ਉਵੇਂ ਈ ਉਹ... ਮੈਂ ਉਨਾਂ ਦਾ ਸੁਆਗਤ ਖਿੜੇ ਮੱਥੇ ਕਰੂੰ...ਪਰ ਆਏਂ ਤਾਂ ਦੱਸੋ ਆ ਕੌਣ ਰਿਹਾ?'

ਮੇਰੀਆਂ ਗੱਲਾਂ ਸੁਣ ਬਾਪੂ ਖਿੜ-ਖਿੜਾ ਕੇ ਹੱਸਿਆ, 'ਓ ਭਾਈ, ਉਨਾਂ ਨੂੰ ਪਿਆਰ ਨਾਲ ਜਿੱਥੇ ਮਰਜ਼ੀ ਬਿਠਾ ਦਈਂ... ਅਗਲਿਆਂ ਨੇ ਚਾਈਂ-ਚਾਈਂ ਥਾਂ ਮੱਲ ਲੈਣੀ... ਉਨਾਂ ਬੇਚਾਰਿਆਂ ਨੇ ਕਿਹੜੇ ਤੈਨੂੰ ਕੁਝ ਕਹਿਣਾ ...ਜਦ ਇੱਕ ਵਾਰ ਤੇਰੇ ਦਰ ਆ ਗਏ... ਤੇਰੇ ਹੀ ਬਣ ਕੇ ਰਹਿ ਜਾਣਾ।'

ਬਾਪੂ ਦੀਆਂ ਇਨਾਂ ਗੱਲਾਂ ਨੇ ਮੈਨੂੰ ਹੈਰਾਨੀ ਦੀਆਂ ਤੰਦਾਂ ਵਿੱਚ ਉਲਝਾ ਦਿੱਤਾ।

'ਬਾਪੂ ਮੈਂ ਕੁਝ ਸਮਝੀ ਨੀ।'

'ਓ ਪੁੱਤਰਾ, ਤੇਰੇ ਕੋਲ ਆ ਰਹੇ ਨੇ ਦੋ ਮਹਾਨ ਸਾਹਿਤਕਾਰ ਨਾਨਕ ਸਿੰਘ ਤੇ ਗੁਰਬਖਸ਼ ਸਿੰਘ ਪ੍ਰੀਤ ਲੜੀ।'

ਬਾਪੂ ਬਹੁਤ ਹੱਸਿਆ ਤੇ ਮੈਥੋਂ ਵੀ ਹੱਸੇ ਬਗੈਰ ਕਿੱਥੇ ਰਹਿ ਹੋਣਾ ਸੀ।

ਦੂਏ-ਤੀਏ ਦਿਨ ਪਹੁੰਚ ਗਈਆਂ ਕਿਤਾਬਾਂ 'ਨਾਨਕ ਸਿੰਘ' ਤੇ 'ਗੁਰਬਖਸ਼ ਸਿੰਘ ਪ੍ਰੀਤਲੜੀ' ਦੀਆਂ। ਬਾਪੂ ਅਕਸਰ ਆਖਦਾ, 'ਮੇਰੇ ਕੋਲ ਤਾਂ ਕੁੜੀਏ ਕਿਤਾਬਾਂ ਦਾ ਖਜ਼ਾਨਾ ਪਿਆ... ਜਦ ਤਕ ਮੈਂ ਜਿਊਂਦਾ... ਤੇਰੇ ਕੋਲ ਕਿਤਾਬਾਂ ਪੁੱਜਦੀਆਂ ਰਹਿਣੀਆਂ ... ਤੂੰ ਪੜਨ ਵਾਲੀ ਬਣ... ਮੈਂ ਚਾਹੁੰਦਾ ਤੇਰੀ ਲਾਇਬਰੇਰੀ ਵਿਚ ਸਭ ਵਧੀਆ ਸਾਹਿਤਕਾਰ ਹੋਣ, ਵਿਗਿਆਨੀ ਹੋਣ, ਫਿਲਾਸਫਰ ਹੋਣ ...ਤੂੰ ਸਭ ਨੂੰ ਪੜ।'

ਮੈਂ ਬਾਪੂ ਦੀਆਂ ਗੱਲਾਂ ਸੁਣ ਕੇ ਸੋਚਾਂ ਵਿੱਚ ਪੈ ਜਾਂਦੀ। ਬਾਪੂ ਕਦੇ ਚਿੱਠੀਆਂ ਵੰਡਦਾ ਹੁੰਦਾ ਸੀ ਹੋਰਾਂ ਨੂੰ, ਡਾਕੀਆ ਜੋ ਸੀ। ਉਦੋਂ ਕਿਹੜੇ ਬਹੁਤੇ ਟੈਲੀਫੋਨ ਹੁੰਦੇ ਸਨ...ਕਿੰਨੇ ਲੋਕਾਂ ਦੇ ਮਨਾਂ ਵਿੱਚ ਬਾਪੂ ਦੀ ਉਡੀਕ ਹਰ ਵੇਲੇ ਘੁੰਮਣ ਘੇਰੀਆਂ ਪਾਈ ਰੱਖਦੀ ਹੋਣੀ। ਅੱਜ ਮੈਨੂੰ ਉਡੀਕ ਰਹਿੰਦੀ ਬਾਪੂ ਦੀਆਂ ਮੋਹ ਭਰੀਆਂ ਚਿੱਠੀਆਂ ਦੇ ਨਾਲ਼-ਨਾਲ਼ ਬਾਪੂ ਦੀਆਂ ਅਸੀਸਾਂ ਦੀ। ਕਿਤਾਬਾਂ ਦੇ ਗੱਫਿਆਂ ਦੇ ਨਾਲ਼-ਨਾਲ਼ ਹੁਣ ਬਾਪੂ ਫੋਨ 'ਤੇ ਮੈਨੂੰ ਝਿੜਕਾਂ ਵੀ ਮਾਰ ਦਿੰਦਾ।

'ਦੇਖ ਕੁੜੀਏ, ਚੰਗੀਆਂ ਕਿਤਾਬਾਂ ਪੜਿਆ ਕਰ...ਆਪਣਾ ਸਮਾਂ ਵੱਧ ਤੋਂ ਵੱਧ ਪੜਨ ਲਿਖਣ ਤੇ ਲਾ ... ਇਹ ਦੁਨੀਆ ਬਹੁਤ ਖਰਾਬ ਐ... ਵੱਡੇ-ਵੱਡੇ ਸਾਹਿਤਕਾਰਾਂ ਦੀ ਕਹਿਣੀ ਤੇ ਕਰਨੀ 'ਚ ਬਹੁਤ ਫ਼ਰਕ ਹੁੰਦਾ...ਕਦੇ ਕਿਸੇ ਦੀਆਂ ਗੱਲਾਂ 'ਚ ਨਾ ਆਈਂ...ਬਹੁਤਾ ਕਿਸੇ ਨੂੰ ਵਾਧੂ ਮੂੰਹ ਲਾਉਣ ਦੀ ਲੋੜ...ਜਿਆਦਾਤਰ ਸਾਹਿਤਕਾਰ ਦੋਗਲੇ ਕਿਸਮ ਦੇ ਹੁੰਦੇ...ਅਜਿਹਿਆਂ ਤੋਂ ਬਚ ਕੇ ਰਹਿਣਾ।'

ਮੈਨੂੰ ਬਾਪੂ ਦੀਆਂ ਝਿੜਕਾਂ ਭੋਰਾ ਬੁਰੀਆਂ ਨਹੀਂ ਲੱਗਦੀਆਂ... ਸਗੋਂ ਇਹ ਵੀ ਮੋਹ ਭਰੀਆਂ ਅਸੀਸਾਂ ਹੀ ਜਾਪਦੀਆਂ।

ਬਾਪੂ ਦਾ ਖੀਸਾ ਹਰ ਵੇਲੇ ਪੰਜ-ਪੰਜ, ਦਸ-ਦਸ ਦੇ ਸਿੱਕਿਆਂ ਨਾਲ ਲਿਫਿਆ ਰਹਿੰਦਾ। ਬਾਪੂ ਨੂੰ ਜਦੋਂ ਘਰੋਂ ਬਾਹਰ ਗਲੀ-ਗੁਆਂਢ 'ਚ ਤੁਰੇ ਜਾਂਦੇ ਨੂੰ ਨਿਆਣੇ ਵੇਖਦੇ ਤਾਂ ਝੱਟ ਘੇਰ ਕੇ ਖੜ ਜਾਂਦੇ, 'ਬਾਪੂ, ਟੌਫੀ ਲੈਣੀ ...ਬਾਪੂ ਚੀਜ਼ੀ ਲੈ ਦੇ।'

ਬਾਪੂ ਉਨਾਂ ਬਾਲਾਂ ਨੂੰ ਖ਼ੁਸ਼ ਕਰ ਕੇ ਹੀ ਘਰ ਵੜਦਾ। ਬਾਪੂ ਹਰ ਚਿੱਠੀ ਨਾਲ ਮੇਰੀ ਧੀ ਸਿਮਰ ਨੂੰ ਵੀ ਦਸਾਂ ਦਾ ਨੋਟ ਭੇਜਣਾ ਕਦੇ ਨਾ ਭੁੱਲਦਾ। ਜਦੋਂ ਵੀ ਬਾਪੂ ਦੀ ਚਿੱਠੀ ਆਉਂਦੀ, ਉਹ ਦਸਾਂ ਦਾ ਨੋਟ ਲੈ, ਆਪਣੀ ਗੁੱਲਕ ਵਿੱਚ ਪਾ ਦਿੰਦੀ। ਬਾਪੂ ਨੇ ਉਹਨੂੰ ਕਿੰਨੀ ਵਾਰ ਆਖਿਆ, 'ਪੁੱਤ, ਇਹ ਦਸਾਂ ਦਾ ਨੋਟ ਮੈਂ ਤੈਨੂੰ ਭੇਜਦਾ ਹੁੰਦਾ...ਤੂੰ ਇਹਦੀ ਕੋਈ ਟਾਫੀ, ਚਾਕਲੇਟ ਲੈ ਕੇ ਖਾ ਲਿਆ ਕਰ।'

ਪਰ ਜਿਵੇਂ ਮੈਂ ਬਾਪੂ ਦੀਆਂ ਚਿੱਠੀਆਂ ਸਾਂਭ- ਸਾਂਭ ਕੇ ਰੱਖਦੀ, ਉਵੇਂ ਹੀ ਉਹ ਦਸਾਂ ਦੇ ਨੋਟ। ਉਹ ਕਦੇ ਇਨਾਂ ਨੋਟਾਂ ਨੂੰ ਨਹੀਂ ਖਰਚਦੀ। ਉਹ ਅਕਸਰ ਆਖਦੀ, 'ਇਹ ਨੋਟ ਖਰਚਣ ਦੀ ਗੱਲ ਸੁਣ ਕੇ ਈ ਮੇਰਾ ਦਿਲ ਥੋੜਾ-ਥੋੜਾ ਹੋਣ ਲੱਗਦਾ ..ਬਾਪੂ ਨੇ ਕਿੰਨੇ ਪਿਆਰ ਨਾਲ਼ ਭੇਜੇ ..ਮੈਂ ਨੀ ਖਰਚਣੇ।'

ਆਪਣੀ ਧੀ ਦੀਆਂ ਗੱਲਾਂ ਸੁਣ ਮੈਨੂੰ ਖ਼ੁਸ਼ੀ ਹੁੰਦੀ ਤੇ ਮੈਂ ਸੋਚਦੀ ਕਿ ਉਹ ਵੀ ਮੇਰੇ ਵਰਗੀ ਐ...ਕਿਸੇ ਦੀਆਂ ਅਸੀਸਾਂ ਤੇ ਮੋਹ ਦੀ ਕਦਰ ਕਰਨੀ ਆਉਂਦੀ ਐ। ਪਹਿਲਾਂ ਪਹਿਲ ਜਦੋਂ ਬਾਪੂ ਦਾ ਫੋਨ ਆਉਣ ਲੱਗਿਆ, ਕਿੰਨੀ ਵਾਰ ਤਾਂ ਉਹਨੇ ਮੇਰੇ ਕਹਿਣ 'ਤੇ ਵੀ ਬਾਪੂ ਨਾਲ ਗੱਲ ਨਾ ਕੀਤੀ। ਫੇਰ ਇੱਕ ਦਿਨ ਮੈਂ ਜਦੋਂ ਮਿੰਨਤ-ਤਰਲਾ ਕਰਕੇ ਫੋਨ ਫੜਾਇਆ, 'ਪੁੱਤ, ਬਾਪੂ ਦੀ ਬਹੁਤ ਰੀਝ ਆ ਤੇਰੇ ਨਾਲ਼ ਗੱਲ ਕਰਨ ਦੀ ...ਤੂੰ ਇੱਕ ਵਾਰ 'ਸਤਿ ਸ੍ਰੀ ਅਕਾਲ' ਆਖ ਦੇ...ਫ਼ੇਰ ਭਾਵੇਂ ਫੋਨ ਮੈਨੂੰ ਫੜਾ ਦੇਈਂ।'

ਸਿਮਰ ਬਾਪੂ ਨਾਲ਼ ਗੱਲਾਂ ਕਰਦਿਆਂ- ਕਰਦਿਆਂ ਬਹੁਤ ਭਾਵੁਕ ਹੋ ਗਈ। ਉਹਦੀਆਂ ਅੱਖਾਂ ਦਾ ਦਰ ਛੱਡ ਹੰਝੂ ਗੱਲ਼ਾਂ 'ਤੇ ਫੈਲ ਗਏ। ਉਹਦਾ ਸੰਘ ਹਟਕੋਰਿਆਂ ਨਾਲ਼ ਭਰ ਗਿਆ। ਉਹ ਬਹੁਤੀ ਦੇਰ ਗੱਲ ਨਾ ਕਰ ਸਕੀ। ਜਦੋਂ ਮੈਂ ਰੋਣ ਦਾ ਕਾਰਨ ਪੁੱਛਿਆ ਤਾਂ ਆਖਣ ਲੱਗੀ, 'ਬਾਪੂ ਦੀਆਂ ਗੱਲਾਂ ਵਿੱਚ ਮਮਤਾ ਤੇ ਆਪਣਾਪਣ ਵੇਖ ਮੈਨੂੰ ਆਪੇ ਰੋਣਾ ਆ ਗਿਆ।'

ਸਿਮਰ ਭਾਵੇਂ ਹਾਲੇ ਦਸਾਂ ਵਰਿਆਂ ਦੀ ਹੈ ਪਰ ਹੈ ਬਹੁਤ ਭਾਵੁਕ। ਨਿੱਕੀ ਜਿਹੀ ਗੱਲ ਮਨ 'ਤੇ ਲਾ ਕੇ ਬਹਿ ਜਾਂਦੀ।ਬਾਪੂ ਦੀ ਘੱਟਦੀ ਨਿਗਾਹ ਬਾਰੇ ਸੁਣ, ਉਹ ਵੀ ਬਾਪੂ ਲਈ ਬਹੁਤ ਫਿਕਰਮੰਦ ਹੋ ਜਾਂਦੀ।

ਅੱਜ ਜਦੋਂ ਬਾਪੂ ਦੀ ਚਿੱਠੀ ਤੇ ਨਾਲ ਆਏ ਫੋਨ ਨੇ ਮੈਨੂੰ ਲਿਖਣ ਲਈ ਹੁੱਝਾਂ ਮਾਰੀਆਂ, ਤਾਂ ਮੈਂ ਪੂਰਾ ਮਨ ਬਣਾ ਲਿਆ ਬਾਪੂ ਦੀ ਉਸ ਯਾਦ ਨੂੰ ਲਿਖਣ ਦਾ। ਉਂਜ ਵੀ ਅੱਜ ਤਾਂ ਬਾਪੂ ਨੇ ਚਿੱਠੀ ਦੇ ਨਾਲ਼-ਨਾਲ਼ ਇੱਕ ਖਾਲੀ ਲਿਫਾਫਾ ਵੀ ਆਪਣਾ ਸਿਰਨਾਵਾਂ ਲਿਖ ਕੇ ਭੇਜਿਆ ਅਤੇ ਚਿੱਠੀ ਵਿੱਚ ਸੁਨੇਹਾ ਲਿਖ ਘੱਲਿਆ ...ਏਸ ਲਿਫਾਫੇ ਵਿੱਚ ਚਿੱਠੀ ਛੇਤੀ ਭੇਜ ਦਈਂ...ਮੇਰੀ ਨਿਗਾਹ ਹੁਣ ਦਰਵਾਜ਼ੇ 'ਤੇ ਈ ਚਿੰਬੜੀ ਰਹਿਣੀ ਜਦ ਤੱਕ ਤੇਰੀ ਚਿੱਠੀ ਨੀ ਆਉਂਦੀ।

ਆਪਾਂ ਲਈ ਭਾਵੇਂ ਇਹ ਕੋਈ ਸਧਾਰਨ ਘਟਨਾ ਹੋ ਸਕਦੀ ਹੈ ਪਰ ਬਾਪੂ ਦੇ ਹੱਡੀ ਰਚਿਆ ਇਹ ਦਰਦ ਉਹਦੀ ਰੂਹ ਨੂੰ ਹਰ ਵੇਲੇ ਖੋਰਦਾ ਰਹਿੰਦਾ। ਬਾਪੂ ਨਾਲ਼ ਸੁਫ਼ਨਿਆ ਵਿੱਚ ਅਕਸਰ ਉਹਦਾ ਮੇਲ ਹੁੰਦਾ ਤੇ ਉਹ ਗਲਵਕੜੀ ਪਾ ਕਿੰਨੀ-ਕਿੰਨੀ ਦੇਰ ਤਾਈਂ ਰੋਂਦਾ ਰਹਿੰਦਾ ਤੇ ਬਾਪੂ ਵੀ ਧਾਹਾਂ ਮਾਰਦਾ ਉੱਠ ਬਹਿੰਦਾ।

ਬਾਪੂ ਉਦਾਸੇ ਜਿਹੇ ਸ਼ਬਦਾਂ ਵਿੱਚ ਆਖਦਾ, 'ਮੈਂ ਤਾਂ ਆਪਣੀ ਇਹ ਦਰਦ ਕਹਾਣੀ ਕਿਸੇ ਨਾਲ਼ ਸਾਂਝੀ ਵੀ ਨਹੀਂ ਕਰ ਸਕਦਾ। ਡਰਦਾ ਹਾਂ ਕਿ ਲੋਕੀ ਟਿੱਚਰਾਂ ਕਰ-ਕਰ ਪੁੱਛਣਗੇ...ਕੀ ਲੱਗਦਾ ਸੀ ਉਹ ਤੇਰਾ? ਤੇਰਾ ਆਪਣਾ ਸੋਨੇ ਵਰਗਾ ਪੁੱਤ ਤੇ ਹੀਰੇ ਵਰਗਾ ਪੋਤਾ ... ਫੇਰ ਤੂੰ ਕਿਸੇ ਦੀਆਂ ਯਾਦਾਂ ਨੂੰ ਕਾਹਨੂੰ ਢੋਂਹਦਾ ਫਿਰਦਾ? ਜਿਹਦਾ ਮਰ ਗਿਆ ਸੋ ਮਰ ਗਿਆ...।'

ਬਾਬੂ ਹਰ ਵਾਰ ਉਹਦੇ ਬਾਰੇ ਮੇਰੇ ਨਾਲ਼ ਕੋਈ ਨਾ ਕੋਈ ਗੱਲ ਛੇੜ ਕੇ ਬਹਿ ਜਾਂਦਾ। ਮੈਨੂੰ ਇੰਜ ਲੱਗਦਾ ਜਿਵੇਂ ਬਾਪੂ ਉਹਦੇ ਬਾਰੇ ਗੱਲਾਂ ਕਰਕੇ ਆਪਣੇ ਮਨ ਤੋਂ ਕੋਈ ਭਾਰੀ ਬੋਝ ਲਾਹੁਣਾ ਚਾਹੁੰਦਾ ਹੋਵੇ। ਉਦੋਂ ਬਾਪੂ ਬਾਈਆਂ ਤੇਈਆਂ ਸਾਲਾਂ ਦਾ ਸੀ, ਜਦੋਂ ਤਾਰੀ ਨੂੰ ਬੇਵਕਤੀ ਮੌਤ ਧੂਹ ਕੇ ਆਪਣੇ ਨਾਲ਼ ਲੈ ਗਈ। ਭਾਵੇਂ ਮਾਂ ਨੇ ਤਾਂ ਉਹਦਾ ਨਾਂ ਬੜੇ ਚਾਵਾਂ ਨਾਲ਼ ਅਵਤਾਰ ਸਿੰਘ ਰੱਖਿਆ ਸੀ ਪਰ ਇੱਕ ਵਾਰ ਲਾਡ ਨਾਲ਼ ਕਿਹਾ 'ਤਾਰੀ' ਨਾਂ ਹਮੇਸ਼ਾ ਲਈ ਸਭ ਦੀ ਜੀਭ 'ਤੇ ਚੜ ਗਿਆ।

ਬਾਪੂ ਦਾ ਅਸਲ ਪਿੰਡ ਫੋਲੜੀਵਾਲਾ ਹੈ ਪਰ ਪਿਛਲੇ ਤੀਹਾਂ ਸਾਲਾਂ ਤੋਂ ਬਾਪੂ ਪਿੰਡ ਨਾਗਰਾ ਬਸਤੀ ਬਾਵਾ ਖੇਲ ਜਲੰਧਰ ਵਿਖੇ ਹੀ ਰਹਿ ਰਿਹਾ। ਬਾਪੂ ਡਾਕ-ਘਰ ਦੀ ਸੇਵਾ ਕਰਦਾ ਹੋਇਆ ਇੱਥੇ ਆਪਣੇ ਹਿੱਸੇ ਦਾ ਖਿਲਰਿਆ ਚੋਗਾ ਚੁਗਣ ਆਇਆ ਸੀ ਤੇ ਮੁੜ ਇੱਥੋਂ ਦੀ ਮਿੱਟੀ ਦੀ ਮਹਿਕ ਤੇ ਹਵਾ ਦੀ ਖੁਸ਼ਬੂ ਨੇ ਇਹਨੂੰ ਇੰਜ ਘੁੱਟ ਗਲਵੱਕੜੀ ਪਾਈ ਕਿ ਇੱਥੋਂ ਕਦੇ ਜਾਣ ਨਾ ਦਿੱਤਾ। ਇਹ ਪੱਕੇ ਤੌਰ 'ਤੇ ਇੱਥੋਂ ਦਾ ਹੀ ਹੋ ਕੇ ਰਹਿ ਗਿਆ। ਹੁਣ ਬਾਪੂ ਨੂੰ ਜਿਉਂ- ਜਿਉਂ ਬੁਢਾਪਾ ਘੇਰ ਰਿਹਾ ਤਿਉਂ- ਤਿਉਂ ਤਾਰੀ ਦੀਆਂ ਯਾਦਾਂ ਦੀਆਂ ਚਿੜੀਆਂ ਚੀਂ-ਚੀਂ ਕਰਦੀਆਂ ਪਿੰਡ ਫੋਲੜੀਵਾਲ ਦੇ ਬਨੇਰਿਆਂ 'ਤੇ ਜਾ ਬਹਿੰਦੀਆਂ। ਇਹ ਉਹੀ ਪਿੰਡ ਐ ਜਿੱਥੇ ਤਾਰੀ ਦੀ ਭਾਗਾਂ ਮਾਰੀ ਭੈਣ ਦੂਈ ਥਾਂ ਵਿਆਹੀ ਆਈ ਸੀ। ਉਸ ਲੇਖਾਂ ਮਾਰੀ ਨੂੰ ਇੱਥੇ ਵੀ ਢੋਈ ਨਾ ਮਿਲ। ਕਹਿੰਦੇ ਨੇ ਮਾੜੇ ਦੀ ਮਾੜੀ ਕਿਸਮਤ। ਇੱਥੇ ਵੀ ਉਹੋ ਕੁਝ ਵਾਪਰਦਾ ਰਿਹਾ ਜਿਹਦੇ ਤੋਂ ਟਾਲਾ ਵੱਟ ਕੇ ਆਈ ਸੀ। ਉਹਦਾ ਇਹ ਨਵਾਂ ਸਹੇੜਿਆ ਸਾਕ ਪਹਿਲੇ ਨਾਲੋਂ ਵੀ ਵੱਧ ਮਾੜਾ ਨਿਕਲਿਆ।

ਤਾਰੀ ਆਪਣੀ ਭੈਣ ਨਾਲ਼ ਆਇਆ ਸੀ। ਇਹ ਉਹੀ ਭੈਣ ਸੀ, ਜਿਹਦਾ ਦੁੱਧ ਚੁੰਘ ਕੇ ਉਹ ਪਲਿਆ ਸੀ। ਤਾਰੀ ਦੀਆਂ ਨਸਾਂ ਵਿੱਚ ਉਹਦੀ ਮਾਂ ਵਰਗੀ ਭੈਣ ਦਾ ਦੁੱਧ, ਲਹੂ ਬਣ ਕੇ ਦੌੜਦਾ ਸੀ। ਇਸ ਗੱਲ ਦਾ ਪਤਾ ਤਾਂ ਤਾਰੀ ਨੂੰ ਵੀ ਨਹੀਂ ਸੀ ਲੱਗਣ ਦਿੱਤਾ ਉਹਦੀ ਭੈਣ ਨੇ ਪਰ ਉਹਦੇ ਮੁੱਕਣ ਤੋਂ ਬਾਅਦ ਸਭ ਦੀ ਜ਼ੁਬਾਨ 'ਤੇ ਇੱਕੋ ਗੱਲ ਸੀ ਕਿ ਤਾਰੀ ਤਾਂ ਉਸ ਕਰਮਾਂ ਵਾਲੀ ਦਾ ਨਿੱਕਾ ਵੀਰ ਸੀ ਜਿਹਨੂੰ ਉਹਨੇ ਮਾਂ ਬਣ ਕੇ ਪਾਲਿਆ।

ਜਦੋਂ ਤਾਰੀ ਦਾ ਜਨਮ ਹੋਇਆ ਤਾਰੀ ਦੀ ਭੈਣ ਵੀ ਸ਼ੀਲਾ ਹੰਢਾ ਰਹੀ ਸੀ ਪਰ ਅਫਸੋਸ **ਬਾਕੀ ਸਫ਼ਾ 30 'ਤੇ**

# ਨਵਾਂ ਵਿੱਦਿਅਕ ਮਿਆਰ ਸਿਰਜਣ ਲਈ ਯਤਨਸ਼ੀਲ 'ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ'

## ਸੇਵਾ ਦੇ ਸਿਧਾਂਤ ਨਾਲ ਸਥਾਪਿਤ ਕੀਤੀ ਗਈ ਪੰਜਾਬ ਦੀ ਪਹਿਲੀ ਓਪਨ ਯੂਨੀਵਰਸਿਟੀ



**ਸੁਖਦੇਵ ਸਿੰਘ,**
**ਅਸਿਸਟੈਂਟ ਪ੍ਰੋਫੈਸਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ**

ਸੇਵਾ ਦੇ ਸਿਧਾਂਤ ਨਾਲ ਸਥਾਪਿਤ ਕੀਤੀ ਗਈ ਪੰਜਾਬ ਦੀ ਪਹਿਲੀ ਓਪਨ ਯੂਨੀਵਰਸਿਟੀ 'ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ' ਆਪਣੀ ਇਕ ਵੱਖਰੀ ਪਹੁੰਚ ਵਿਧੀ ਰਾਹੀਂ ਵਿੱਦਿਆ ਦੇ ਖੇਤਰ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੀ ਹੈ। ਇਹ ਪਹੁੰਚ ਵਿਧੀ ਇਸ ਕਰਕੇ ਵਿਸ਼ੇਸ਼ ਹੈ ਕਿਉਂਕਿ ਇਸ ਯੂਨੀਵਰਸਿਟੀ ਦਾ ਮਕਸਦ ਉਨਾਂ ਲੋਕਾਂ ਤੱਕ ਵੀ ਵਿਦਿਆ ਨੂੰ ਪਹੁੰਚਾਉਣਾ ਹੈ ਜੋ ਕਿਸੇ ਨਾ ਕਿਸੇ ਕਾਰਨ ਆਪਣੇ ਘਰਾਂ ਵਿਚੋਂ ਯੂਨੀਵਰਸਿਟੀਆਂ ਤੱਕ ਪਹੁੰਚ ਨਹੀਂ ਕਰ ਪਾਉਂਦੇ, ਪਰ ਉਨਾਂ ਦੇ ਮਨਾਂ ਵਿਚ ਹਮੇਸ਼ਾਂ ਪੜਣ ਦੀ ਜਗਿਆਸਾ ਰਹਿੰਦੀ ਹੈ। ਦੂਸਰਾ ਵੱਡਾ ਕਾਰਨ ਇਸ ਦੀ ਸਥਾਪਨਾ ਪਿੱਛੇ ਇਹ ਹੈ ਕਿ ਅੱਜ ਦੇ ਤੌਰ 'ਤੇ ਜਦੋਂ ਕੋਰੋਨਾ ਮਹਾਂਮਾਰੀ ਨੇ ਸਮੁੱਚੇ ਸੰਸਾਰ ਨੂੰ ਆਨਲਾਈਨ ਪੱਧਰ ਉੱਤੇ ਖੜਾ ਕਰ ਦਿੱਤਾ ਹੈ ਤਾਂ ਇਹ ਵੀ ਸਮੇਂ ਦੀ ਲੋੜ ਬਣ ਜਾਂਦੀ ਹੈ ਕਿ ਕਿਉਂ ਨਾ ਆਨਲਾਈਨ/ਡਿਸਟੈਂਸ ਰੂਪ ਵਿਚ ਵੀ ਸਰਕਾਰੀ ਯੂਨੀਵਰਸਿਟੀਆਂ ਵਲੋਂ ਪੜਾਈ ਕਰਵਾਈ ਜਾਵੇ, ਜਿਸ ਦੀ ਫੀਸ ਆਮ ਆਦਮੀ ਦੀ ਸਮਰੱਥਾ ਮੁਤਾਬਿਕ ਹੋਵੇ ਅਤੇ ਸਿਲੇਬਸ ਪੱਖੋਂ ਸਾਰਾ ਮਟੀਰੀਅਲ ਗੁਣਾਤਮਕ ਹੋਵੇ। ਅਜਿਹੀ ਸੋਚ ਵਿਚੋਂ ਹੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਟੇਟ ਦੀ ਪਹਿਲੀ ਓਪਨ ਯੂਨੀਵਰਸਿਟੀ ਸ਼ੁਰੂ ਕੀਤੀ ਗਈ। ਜਿਸ ਵਿਚ ਵੱਖੋ-ਵੱਖਰੇ ਕੋਰਸ ਆਨਲਾਈਨ ਪੱਧਰ ਉੱਪਰ ਕਰਵਾਏ ਜਾ ਰਹੇ ਹਨ। ਲਗਭਗ ਇਕ ਸਾਲ ਦੇ ਅਰਸੇ ਦੌਰਾਨ ਹੀ ਦਸ ਹਜ਼ਾਰ ਦੇ ਕਰੀਬ ਵਿਦਿਆਰਥੀ ਵੱਖੋ-ਵੱਖਰੇ ਕੋਰਸ ਕਰ ਰਹੇ ਹਨ ਜੋ ਕਿ ਇਸ ਯੂਨੀਵਰਸਿਟੀ ਦੀ ਪਹਿਲੇ ਸਾਲ ਦੀ ਪ੍ਰਾਪਤੀ ਹੈ।

ਯੂਨੀਵਰਸਿਟੀ ਨੇ ਆਪਣੇ ਸ਼ੁਰੂਆਤੀ ਦੌਰ ਵਿਚ 6 ਵੱਡੇ ਵਿਭਾਗਾਂ ਦੀ ਸਥਾਪਨਾ ਕੀਤੀ। ਇਨਾਂ ਵਿਭਾਗਾਂ



ਦੁਆਰਾ ਹੀ ਸਰਟੀਫਿਕੇਟ ਕੋਰਸ, ਡਿਗਰੀ ਕੋਰਸ ਅਤੇ ਡਿਪਲੋਮਾ ਕੋਰਸ ਕਰਵਾਏ ਜਾ ਰਹੇ ਹਨ। ਯੂਨੀਵਰਸਿਟੀ ਦੁਆਰਾ ਕਰਵਾਏ ਜਾ ਰਹੇ ਇਨਾਂ ਸਾਰੇ ਕੋਰਸਾਂ ਦੀ ਖੂਬਸੂਰਤੀ ਇਹ ਹੈ ਕਿ ਇਹ ਸਾਰੇ ਕੋਰਸ ਅੱਜ ਦੇ ਸਮੇਂ ਦੀ ਲੋੜ ਮੁਤਾਬਿਕ ਤਿਆਰ ਕੀਤੇ ਗਏ ਹਨ। ਉਦਾਹਰਨ ਦੇ ਤੌਰ 'ਤੇ ਅਸੀਂ ਦੇਖਦੇ ਹਾਂ ਕਿ ਹਰੇਕ ਵਿਅਕਤੀ ਇਨਕਮ ਟੈਕਸ ਰਿਟਰਨ ਭਰਦਾ ਹੈ। ਸਰਕਾਰ ਦੇ ਪੱਧਰ ਉੱਪਰ ਇਨਕਮ ਟੈਕਸ ਭਰਨਾ ਅਤਿ ਜ਼ਰੂਰੀ ਹੈ। ਇਨਕਮ ਟੈਕਸ ਰਿਟਰਨ ਭਰਨ ਵੇਲੇ ਜਦੋਂ ਅਸੀਂ ਕਿਸੇ ਮਾਰਕੀਟ ਵਿੱਚ ਜਾਂਦੇ ਹਾਂ ਤਾਂ ਉੱਥੇ ਸਾਡੇ ਕੋਲੋ ਲਗਭਗ 1000/- ਰੁਪਏ ਦੇ ਕਰੀਬ ਰਿਟਰਨ ਭਰਨ ਦਾ ਚਾਰਜ ਲਿਆ ਜਾਂਦਾ ਹੈ। ਇਸੇ ਤਰਾਂ ਹੀ **GST** ਜੋ ਕਿ ਦੁਕਾਨਦਾਰਾਂ ਲਈ ਬਹੁਤ ਜ਼ਰੂਰੀ ਹੈ, ਨਾ ਭਰਨ ਉੱਪਰ ਸਰਕਾਰ ਜ਼ੁਰਮਾਨਾ ਕਰਦੀ ਹੈ । **GST** ਭਰਨ ਲਈ ਵੀ ਪੈਸੇ ਦੇਣੇ ਪੈਂਦੇ ਹਨ, ਇਨਾਂ ਸਾਰੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਯੂਨੀਵਰਸਿਟੀ ਨੇ ਇਨਕਮ ਟੈਕਸ ਰਿਟਰਨ ਅਤੇ **GST** ਦਾ ਛੇ ਮਹੀਨੇ ਦਾ ਸਰਟੀਫਿਕੇਟ ਕੋਰਸ ਹੀ ਤਿਆਰ ਕਰ ਦਿੱਤਾ ਤਾਂ ਕਿ ਹਰ ਕੋਈ ਅਸਾਨੀ ਨਾਲ ਰਿਟਰਨ ਵਗੈਰਾ ਭਰ ਸਕੇ । ਹਰ ਕੋਰਸ ਦੇ ਸਿਲੇਬਸ ਦੇ ਸਟੱਡੀ ਮਟੀਰੀਅਲ ਨੂੰ ਪਹੁੰਚਾਉਣ ਵਿੱਚ ਵੀ ਯੂਨੀਵਰਸਿਟੀ ਵੱਲੋਂ ਇੰਨੀ ਸਰਲਤਾ ਅਪਣਾਈ ਗਈ ਹੈ ਕਿ ਜਿਸ ਨੇ ਵੀ ਕੋਰਸ ਵਿਚ ਦਾਖਲਾ ਲਿਆ ਉਸ ਨੂੰ ਉਸੇ ਸਮੇਂ ਹੀ ਉਸਦੇ ਕੋਰਸ ਦੇ ਸਾਰੇ ਸਟੱਡੀ ਮਟੀਰੀਅਲ ਦੀ ਫਾਈਲ ਪੀ.ਡੀ.ਐਫ **(PDF)** ਰੂਪ ਵਿਚ ਉਸੇ ਸਮੇਂ ਮੁਹੱਈਆ ਕਰਵਾ ਦਿੱਤੀ ਜਾਂਦੀ ਹੈ ਜਿਸ ਨਾਲ ਕਿਸੇ ਵੀ ਵਿਦਿਆਰਥੀ ਨੂੰ ਮਹਿੰਗੇ ਪ੍ਰਾਈਵੇਟ ਪਬਲਿਸ਼ਰਾਂ ਦੁਆਰਾ ਪ੍ਰਕਾਸ਼ਿਤ ਕਿਤਾਬਾਂ ਦਾ ਖਰਚਾ ਨਹੀਂ ਝੱਲਣਾ ਪੈਂਦਾ। **IT Return** ਅਤੇ **GST** ਕੋਰਸਾਂ ਤੋਂ ਇਲਾਵਾਂ ਯੂਨੀਵਰਸਿਟੀ ਵੱਲੋਂ ਅਜਿਹੇ ਕਈ ਹੋਰ ਕੋਰਸ ਵੀ ਕਰਵਾਏ ਜਾ ਰਹੇ ਹਨ ਜਿਨਾਂ ਨੂੰ ਕਰ ਕੇ ਪੰਜਾਬ ਦੇ ਲੋਕ ਆਪਣਾ ਕਾਰੋਬਾਰ ਵੀ ਸ਼ੁਰੂ ਕਰਕੇ ਆਰਥਿਕ ਤੌਰ 'ਤੇ ਮਜ਼ਬੂਤ ਹੋ ਕੇ ਸਕਦੇ ਹਨ।

ਸਕੂਲ ਆਫ਼ ਰਿਲੀਜੀਅਸ ਸਟੱਡੀਜ਼ ਵਿਭਾਗ ਨਾਲ ਜੁੜਿਆ ਹੋਣ ਕਾਰਨ ਵਿਸ਼ੇਸ਼ ਤੌਰ 'ਤੇ ਇਹ ਦੱਸਣਯੋਗ ਹੈ ਇਸ ਵਿਭਾਗ ਵੱਲੋਂ ਧਰਮ ਦੀ ਸੁਚੱਜੀ ਜੀਵਨ ਜਾਚ ਦਰਸਾਉਣ ਲਈ ਤਿੰਨ ਕੋਰਸ ਚਲਾਏ ਜਾ ਰਹੇ ਹਨ, ਜਿਨਾਂ ਦੇ ਨਾਮ ਹਨ:- ਸਰਟੀਫਿਕੇਟ ਕੋਰਸ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼, ਸਿੱਖ ਧਰਮ ਦੀਆਂ ਕਦਰਾਂ ਕੀਮਤਾਂ ਅਤੇ ਡਿਪਲੋਮਾ ਇਨ ਸਿੱਖ ਥਿਓਲੋਜੀ । ਇਨਾਂ ਕੋਰਸਾਂ ਦੀ ਸਫ਼ਲਤਾ ਨੂੰ ਦੇਖਦਿਆਂ ਹੋਇਆਂ, ਯੂਨੀਵਰਸਿਟੀ ਇਕ ਵੱਡਾ ਉਪਰਾਲਾ ਕਰਨ ਜਾ ਰਹੀ ਹੈ। ਉਹ ਹੈ ਵਿਦੇਸ਼ਾਂ ਵਿੱਚ ਜੰਮਪਲ ਸਿੱਖ ਬੱਚਿਆਂ ਨੂੰ ਆਪਣੀ ਵਿਰਾਸਤ ਬਾਰੇ ਜਾਣੂੰ ਕਰਵਾਉਣਾ। ਅੱਜ ਜਦੋਂ ਅਸੀਂ ਦੇਖਦੇ ਹਾਂ ਕਿ ਪੰਜਾਬੀ ਭਾਈਚਾਰਾ ਬਹੁਤ ਵੱਡੇ ਪੱਧਰ ਉੱਤੇ ਵਿਸ਼ਵ ਵਿਚ ਰਾਜ ਕਰ ਰਿਹਾ ਹੈ ਅਤੇ ਕਿਤੇ ਨਾ ਕਿਤੇ ਇਹ ਦੇਖਣ ਨੂੰ ਵੀ ਮਿਲਿਆ ਹੈ ਕਿ ਸਾਡੇ ਸਿੱਖ ਬੱਚੇ ਸਿੱਖ ਇਤਿਹਾਸ ਅਤੇ ਸਿਧਾਂਤ ਤੋਂ ਅਣਜਾਣ ਹਨ। ਮੈਂ ਇਹ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜੋ ਸਾਡੀ ਕੌਮ ਕੋਲ ਹੈ ਉਹ ਹੋਰ ਕਿਸੇ ਕੌਮ ਕੋਲ ਨਹੀਂ। ਸਿਰਫ਼ ਲੋੜ ਹੈ ਕਿ ਸਿੱਖ ਧਰਮ ਨੂੰ ਵਰਤਮਾਨ ਪ੍ਰਸੰਗ ਵਿਚ ਸਮਝਿਆ ਜਾਵੇ। ਇਸ ਕਾਰਨ ਹੀ ਯੂਨੀਵਰਸਿਟੀ ਨੇ ਇਨਾਂ ਕੋਰਸਾਂ ਨੂੰ ਆਨਲਾਈਨ ਵਿਦੇਸ਼ਾਂ ਵਿਚ ਚਲਾਉਣ ਦਾ ਫੈਸਲਾ ਕੀਤਾ ਹੈ ਤਾਂ ਕਿ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਬੈਠਾ ਵਿਅਕਤੀ ਇਹ ਕੋਰਸ ਕਰ ਸਕੇ। ਆਨਲਾਈਨ ਕਲਾਸ ਦੀ ਸਹੂਲਤ ਲਈ ਯੂਨੀਵਰਸਿਟੀ ਵਿੱਚ ਮਲਟੀਮੀਡੀਆ ਰੂਮ ਸਥਾਪਿਤ ਕੀਤਾ ਗਿਆ ਹੈ ਜਿੱਥੇ ਲਾਈਵ ਕਲਾਸਾਂ ਲੱਗਣਗੀਆਂ। ਵਿਦੇਸ਼ ਦੀਆਂ ਕਈ ਸੰਸਥਾਵਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਇਕ ਨਵਾਂ ਕੋਰਸ **Basics of Sikhism** ਸ਼ੁਰੂ ਕੀਤਾ ਜਾ ਰਿਹਾ ਹੈ ਜੋ ਕਿ ਮਾਨਯੋਗ ਫਾਊਂਡਰ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਦੁਆਰਾ ਲਿਖੀ ਕਿਤਾਬ **'Sikhism:Basic Information'** ਉੱਪਰ ਅਧਾਰਿਤ ਹੋਵੇਗਾ। ਇਸ ਤਰਾਂ ਦੇ ਹੋਰ ਬਹੁਤ ਕੋਰਸ ਹਨ ਜੋ ਆਉਣ ਵਾਲੇ ਸਮੇਂ ਵਿੱਚ ਯੂਨੀਵਰਸਿਟੀ ਵੱਲੋਂ ਸ਼ੁਰੂ ਕੀਤੇ ਜਾ ਰਹੇ ਹਨ। ਮੈਨੂੰ ਆਸ ਹੈ ਕਿ ਨਾ ਸਿਰਫ਼ ਪੰਜਾਬ ਦੇ ਵਾਸੀ ਸਗੋਂ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਵੀ ਇਸ ਯੂਨੀਵਰਸਿਟੀ ਨਾਲ ਜੁੜ ਕੇ ਆਪਣੇ ਆਪ ਉੱਤੇ ਮਾਣ ਮਹਿਸੂਸ ਕਰਨਗੇ ਅਤੇ ਵੱਧ ਤੋਂ ਵੱਧ ਲਾਹਾ ਪ੍ਰਾਪਤ ਕਰਨਗੇ।

# ਅਗਰ ਬਾਤ ਗੁਲਸਤਾਨ ਤੱਕ ਰਹਿਤੀ ਤੋ ਜਰ ਲੇਤੇ



**ਗਗਨਦੀਪ ਸਿੰਘ ਸਰਾਂ**

ਤਿਰੰਗਾ ਹਰ ਸਾਲ ਬਿਨਾਂ ਵਿਵਾਦ ਤੋਂ ਚੜਾਇਆ ਜਾਂਦਾ ਸੀ ਪਰ ਇਸ ਸਾਲ ਮੋਦੀ ਸਰਕਾਰ ਨੇ ਜੋ ਹਿੰਦੂ ਰਾਸ਼ਟਰ ਬਣਾਉਣ ਦੀ ਰਣਨੀਤੀ ਘੜੀ ਆ ਉਸਨੇ ਸਿੱਖ ਕੌਮ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ ਕੀਤੀ ਹੈ ਅਤੇ ਦੇਸ਼ ਵਿੱਚ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ। ਜੇਕਰ ਦੇਸ਼ ਦੀ ਆਜ਼ਾਦੀ ਦੀ ਗੱਲ ਕਰੀਏ ਜਾਂ ਤਿਰੰਗੇ ਦੇ ਵਜੂਦ ਦੀ ਤਾਂ ਇਤਿਹਾਸ ਗਵਾਹ ਹੈ ਕਿ ਭਾਰਤ ਨੂੰ ਆਜ਼ਾਦ ਕਰਵਾਉਣ ਲਈ ੮੦% ਕੁਰਬਾਨੀਆਂ ਪੰਜਾਬੀਆਂ ਖਾਸ ਕਰ ਸਿੱਖ ਕੌਮ ਨੇ ਦਿੱਤੀਆਂ ਕਾਲੇ ਪਾਣੀ ਦੀਆਂ ਸਜਾਂਵਾ ਤੋਂ ਲੈ ਕੇ ਫਾਂਸੀ ਦੇ ਰੱਸਿਆਂ ਨੂੰ ਹੱਸ ਗਲੇ ਵਿੱਚ ਪਾਇਆ ਤਾਂ ਕਿਤੇ ਜਾ ਕੇ ੧੯੪੭ ਵਿੱਚ ਪਹਿਲੀ ਵਾਰ ਤਿਰੰਗਾ ਲਹਿਰਾਇਆ ਗਿਆ। ਪਰ ਸਿੱਖ ਕੌਮ ਲਈ ਜੇ ਅੱਜ ਦੇ ਹਾਲਾਤਾਂ ਦੀ ਗੱਲ ਕਰੀਏ ਤਾਂ ਪਹਿਲਾਂ ਇਤਿਹਾਸ ਵੱਲ ਝਾਤ ਮਾਰ ਲੈਣੀ ਬਹੁਤ ਜਰੂਰੀ ਹੈ।

ਬਾਬਰ ਜਾਬਰ, ਜਹਾਂਗੀਰ, ਔਰੰਗਜੇਬ, ਵਜੀਦਖਾਨ ,ਮੀਰਮੰਨੂੰ, ਫ਼ਖਸ਼ੀਅਰ, ਜਕਰੀਆ, ਮੱਸਾ ਰੰਘੜ, ਅਹਿਮਦਸ਼ਾਹ ਅਬਦਾਲੀ ਅਤੇ ਨਾਦਰਸ਼ਾਹ ਦੁਰਾਨੀ ਅਤੇ ਫਿਰ ਅੰਗਰੇਜ਼ਾਂ ਨੇ ਸਿੱਖਾਂ ਉੱਤੇ ਅਥਾਹ ਜ਼ੁਲਮ ਹੀ ਨਹੀਂ ਕੀਤੇ ਸਗੋਂ ਸਿੱਖ ਦੇ ਧਾਰਮਿਕ ਅਸਥਾਨਾਂ ਨੂੰ ਨਿਸ਼ਾਨਾ ਬਣਾ ਸਿੱਖਾਂ ਦੀ ਨਸਲਕੁਸ਼ੀ ਕਰਨ ਲਈ ਪੂਰਾ ਜ਼ੋਰ ਲਾਇਆ ਪਰ ਸਾਹਿਬ ਸ੍ਰੀ ਗੁਰੂ ਨਾਨਕ ਦੇ ਬਾਣੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਮਸ਼ੀਰ ਦਾ ਸੁਮੇਲ ਸਿੱਖ ਪੰਥ ਅੱਜ ਦੁਨੀਆ ਦੇ ਹਰ ਕੋਨੇ ਵਿੱਚ ਵੱਸਦਾ ਹੈ ਪਰ ਇਸ ਸਿੱਖੀ ਨੂੰ ਖ਼ਤਮ ਕਰਨ ਵਾਲਿਆਂ ਦੀਆਂ ਮੜੀਆਂ 'ਤੇ ਅੱਜ ਦੀਵਾ ਜਗਾਉਣ ਵਾਲਾ ਵੀ ਕੋਈ ਨਹੀਂ ਹੈ ਪਰ ਬਦਕਿਸਮਤੀ ਅਜੌਕੇ ਸਮੇਂ ਦੇ ਹਾਕਮ ਪੁਰਾਣੇ ਇਤਿਹਾਸ ਤੋਂ ਸਬਕ ਲੈਂਦੇ ਹੋਏ ਹੁਣ ਸਾਡੇ ਨਾਲ ਸਿੱਧੇ ਰੂਪ ਵਿੱਚ ਟਕਰਾਉਣ ਦੀ ਬਜਾਏ ਸਾਨੂੰ ਬੁੱਕਲ ਵਿੱਚ ਲੈ ਕੇ ਮਾਰਨਾ ਚਾਹੁੰਦੇ ਹਨ ਤੇ ਕਿਸੇ ਹੱਦ ਤੱਕ ਉਹ ਕਾਮਯਾਬ ਵੀ ਹੋ ਗਏ ਹਨ ਕਿਉਂਕਿ ਸਾਡੇ ਆਗੂ ਖ਼ੁਦ ਆਪਣੇ ਨਿੱਜੀ ਹਿੱਤਾਂ ਲਈ ਇਨਾਂ ਹਾਕਮਾਂ ਦੇ ਚਾਕਰ ਬਣ ਗਏ ਹਨ।ਜਿਸਦਾ ਖਮਿਆਜ਼ਾ ਅੱਜ ਸਾਨੂੰ ਭੁਗਤਣਾ ਪੈ ਰਿਹਾ ਹੈ।ਸਿੱਖ ਵਿਰੋਧੀ




ਤਾਕਤਾਂ ਦੇ ਹੱਥਾਂ ਦੇ ਖਿਲਾਉਣੇ ਬਣੇ ਸਿੱਖ ਆਗੂਆਂ ਦੀ ਬਦੌਲਤ ਸਿੱਖ ਰਹਿਤ ਮਰਯਾਦਾ ਨੂੰ ਢਾਹ ਹੀ ਨਹੀਂ ਲਾਈ ਜਾ ਰਹੀ ਬਲਕਿ ਹੁਣ ਤਾਂ ਅਸਿੱਧੇ ਢੰਗ ਨਾਲ ਸੰਵਿਧਾਨ ਦੀ ਆੜ ਹੇਠ ਸਿੱਖ ਸੰਵਿਧਾਨ,ਸਿੱਖ ਸਿਧਾਂਤਾਂ ਨੂੰ ਹੌਲੀ-ਹੌਲੀ ਨਿਗਲਿਆ ਜਾ ਰਿਹਾ ਹੈ।ਜਿਨਾਂ ਵਿੱਚ ਮੌਜੂਦਾ ਉਦਾਹਰਨਾਂ ਸ਼ਾਮਿਲ ਹਨ ਜਿਵੇਂ ਕਿ ਕਦੇ ਗੁਰੂਘਰਾਂ ਦੀਆਂ ਸਰਾਵਾਂ ਉੱਤੇ ਟੈਕਸ ਲਾਏ ਜਾਣਾ,ਉੜੀਸਾ 'ਚ ਵਿਰਾਸਤ ਨੂੰ ਮਲੀਆਮੇਟ ਕੀਤੇ ਜਾਣਾ ਆਦਿ(ਲੜੀ ਬਹੁਤ ਲੰਮੀ ਹੈ)ਅੱਜ ਤਾਂ ਉਦੋਂ ਹੱਦ ਹੀ ਗਈ ਜਦੋਂ ਫੌਜ 'ਤੇ ਪੁਲਿਸ ਦੀ ਧੌਂਸ ਵਿਖਾ ਜਾਣਬੁੱਝ ਕੇ ਤਿਰੰਗਾ ਲਹਿਰਾ ਕੇ (ਇੰਦੌਰ ਦੇ ਗੁਰਦੁਆਰਾ ਸਾਹਿਬ ) ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਕਿਉਂਕਿ ਸਿੱਖ ਵਿਰੋਧੀ ਤਾਕਤਾਂ ਏਨਾ ਕੁ ਜਾਣ ਚੁੱਕੀਆਂ ਹਨ ਕਿ ਸਿੱਖਾਂ ਦੇ ਅਖੌਤੀ ਸਿਪਾਹਸਿਲਾਰ ਅਣਖ ਵਿਹੂਣੇ ਹੋ ਗਏ ਹਨ ਪਰ ਹਾਕਮ ਇੱਕ ਗੱਲ ਯਾਦ ਰੱਖਣ ਕਿ ਇਹ ਤੁਸੀਂ ਸਿੱਖ ਕੌਮ ਨੂੰ ਵੰਗਾਰ ਰਹੇ ਹੋ।ਸਾਨੂੰ ਤਕਲੀਫ਼ ਤਿਰੰਗੇ ਤੋਂ ਨਹੀਂ ਸਾਨੂੰ ਤਕਲੀਫ਼ ਹੈ ਫਰਜ਼ੀ ਰਾਸ਼ਟਰਵਾਦ ਤੇ ਇਸਦੇ ਨੀਤੀ ਘਾੜਿਆ ਤੋਂ ਕਿਉਂਕਿ ਇਹ ਅਖੌਤੀ ਰਾਸ਼ਟਰਵਾਦੀ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੀ ਕੌਮ ਨੂੰ ਰਾਸ਼ਟਰਵਾਦ ਦਾ ਪਾਠ ਧੌਂਸ ਨਾਲ ਪੜਾ ਰਹੇ ਹਨ।ਇਸ ਲਈ ਜੇ ਅਜੇ ਵੀ ਘੇਸਲ ਮਾਰ ਸੁੱਤੇ ਰਹੇ ਤਾਂ ਲੰਘਿਆ ਸਮਾਂ ਕਦੇ ਹੱਥ ਨਹੀਂ ਅਵੇਗਾ...ਜਾਗੋ ...ਜਾਗੋ...ਜਾਗੋ।

### (ਕਵੀਸ਼ਰੀ )

ਉਹ ਤੰਦ ਚਰਖੇ ਨਾ ਪਾਵੇ,
ਨਾ ਕੱਢੇ, ਹੁਣ ਫੁੱਲਕਾਰੀ।
ਉਹ ਵਿਰਸਾ ਭੁੱਲ ਬੈਠੀ,
ਐਸੀ ਮਾਰ ਵਕਤ ਨੇ ਮਾਰੀ।
ਗੱਭਰੂ ਕੋਕਾਂ 'ਤੇ ਲਗ ਗਏ,
ਨਹੀਂ ਪੀਂਦੇ ਦੁੱਧ ਦੇ ਛੰਨੇ।
ਨਾ ਛੱਲੀਆਂ ਭੁੰਨ ਚੱਬਦੇ,
ਹੁਣ ਨਾ ਚੂਪਣ ਪੋਨੀ ਗੰਨੇ।
ਮੈਂਬਰ ਬਣੇ ਕਲੱਬਾਂ ਦੇ,
ਛੰਞਾਂ ਮੇਲੇ ਹੁਣ ਨਹੀਂ ਜਾਂਦੇ।
ਘਰਦੀ ਪੱਕੀ ਖਾਵਣ ਨਾ,
ਬਾਹਰੋਂ ਪੀਜ਼ੇ ਬਰਗਰ ਖਾਂਦੇ।
ਪਾਲੀ ਭੱਤਾ ਨਹੀਂ ਖੜਦੀ,
ਆਈ ਫੋਨ ਰਹੇ ਗੁਆਚੀ।
ਆਂਟੀ ਅੰਕਲ ਕਹਿ ਛੱਡਦੀ,
ਭੁੱਲੀ ਕਹਿਣਾ ਚਾਚਾ ਚਾਚੀ।
ਗੱਭਰੂ ਰੈਪਾਂ ਨੇ ਕੀਲੇ,
ਫੇਸਬੁਕ ਦੇ ਹੋਏ ਦਿਵਾਨੇ।
ਘਰਦੇ ਕੰਮ ਕੋਈ ਕਹਿੰਦੇ ,
ਲਾਉਂਦੇ ਅਗੋਂ ਛੱਤੀ ਬਹਾਨੇ।
ਪੰਜਾਬਣ ਏ ਸੀ ਛੱਡ ਸੌਂਉਦੀ,
ਨਾ, ਉਹ ਖੋਲੇ ਬੂਹਾ ਬਾਰੀ।
ਉਹ ਤੰਦ ਚਰਖੇ ਪਾਵੇ ਨਾ,
ਹੁਣ ਕੱਢੇ ਨਾ ਫੁੱਲਕਾਰੀ।

**ਗੁਰਨਾਮ ਨਿੱਜਰ**

### 2. ਸਾਂਝਾ ਸਫ਼ਰ

ਬਿਨ ਬੋਲਿਆਂ
'ਕੱਠੇ ਤੁਰਦੇ ਜਾਣਾ
ਚੰਗਾ ਲੱਗਦੈ
ਜ਼ਿੰਦਗੀ ਦਾ ਸਫ਼ਰ
ਸਾਂਝੇ ਕਦਮਾਂ ਸੰਗ
ਮਨਾਂ ਨੂੰ ਸਕੂਨ ਦਿੰਦੈ
ਦੁੱਖ-ਸੁੱਖ ਵਿੱਚ
ਮਜ਼ਬੂਤ ਸਹਾਰੇ ਦਾ
ਅਹਿਸਾਸ ਕਰਾਏ
ਹਰ ਸਖ਼ਸ਼ ਹੀ
ਇੱਕ ਨਿੱਘਾ ਰਿਸ਼ਤਾ ਚਾਹੇ
ਦੋਹਾਂ ਦਾ ਸਫ਼ਰ
ਜਦ ਸਾਂਝਾ ਹੋ ਜਾਂਦੈ
ਅਨੇਕ ਸੁਪਨੇ
ਨਿੱਕੀਆਂ-ਨਿੱਕੀਆਂ ਪ੍ਰਾਪਤੀਆਂ
ਨਵਾਂ ਸੰਸਾਰ ਸਿਰਜਦੀਆਂ
ਕਿਤੇ ਹੱਲਾਸ਼ੇਰੀ
ਕਿਤੇ ਵਰਜਦੀਆਂ
'ਮੇਰੇ' ਤੋਂ 'ਆਪਣੇ'
ਦਾ ਫ਼ਾਸਲਾ
ਤੈਅ ਕਰਦੀਆਂ
ਕਦੇ-ਕਦੇ ਜ਼ਿੰਦਗੀ
ਔੜ ਮਾਰੀ ਜਾਪੇ
ਕਦੇ-ਕਦੇ ਲੱਗਣ
ਕਣੀਆਂ ਵਰਦੀਆਂ
ਉਂਞ ਬੜਾ ਚੰਗਾ ਲੱਗੇ
ਕਦਮ ਸੰਗ ਕਦਮ ਮਿਲਾ
ਨਿੱਬੜਦਾ ਸਫ਼ਰ
ਆਲੇ-ਦੁਆਲੇ ਤੋਂ
ਹੋ ਕੇ ਬੇਖ਼ਬਰ
ਮਿਲਦਾ ਦੋਵੇਂ ਰੂਹਾਂ ਨੂੰ ਸਬਰ

**ਰਣਦੀਪ ਸਿੰਘ ਆਹਲੂਵਾਲੀਆ**

### 3. ਉਹ ਤੇਰਾ ਹੈ ਤੇਰਾ ਹੀ ਰਹਿਣਾ

ਛੱਡਦੇ ਮਰਨ ਮਰਾਉਣ ਦੀਆਂ ਗੱਲਾਂ
ਕਰ ਕੋਈ ਘਰ ਵਸਾਉਣ ਦੀਆਂ ਗੱਲਾਂ
ਰੋਂਦਾ ਏਥੇ ਸਾਰਾ ਜੱਗ ਹੈ
ਕਰਿਆ ਕਰ ਹਸਾਉਣ ਦੀਆਂ ਗੱਲਾਂ
ਆਪਣਾ ਭਲਾ ਹਰ ਕੋਈ ਲੋਚੇ
ਹਰ ਕੋਈ ਕਰੇ ਕਮਾਉਣ ਦੀਆਂ ਗੱਲਾਂ
ਆ ਵੀ ਮਿਲਜੇ ਉਹ ਵੀ ਮਿਲਜੇ
ਛੱਡਦੇ ਸਭ ਹਥਿਆਉਣ ਦੀਆਂ ਗੱਲਾਂ
ਪੁੱਠੇ ਰਾਹ ਦੁਨੀਆਂ ਪਾਉਂਦੀ
ਵਿਰਲੇ ਕਰਦੇ ਰਾਹ ਪਾਉਣ ਦੀਆਂ ਗੱਲਾਂ
ਜੇ ਕੋਈ ਜਿੱਤਦਾ ਜਿੱਤ ਜਾਣਦੇ
ਤੂੰ ਕਿਉਂ ਕਰਦੈਂ ਹਰਾਉਣ ਦੀਆਂ ਗੱਲਾਂ
ਉਹ ਤੇਰਾ ਹੈ ਤੇਰਾ ਰਹੇਗਾ
ਨਾ ਕਰ ਇਹ ਅਜਮਾਉਣ ਦੀਆਂ ਗੱਲਾਂ
ਵੇਲ਼ਾ ਜਾਂਦਾ ਤੂੰ ਹੁਣੇ ਸਾਂਭ ਲੈ
ਪਿੱਛੋਂ ਰਹਿਣ ਜਾਣ ਪਛਤਾਉਣ ਦੀਆਂ ਗੱਲਾਂ
ਹੱਥਾਂ ਤੇ ਸਰੋਂ ਜੰਮਦੀ ਨਾਹੀਂ
ਕਾਹਤੋਂ ਕਰੇਂ ਫਿਰ ਜਮਾਉਣ ਦੀਆਂ ਗੱਲਾਂ
ਕਲਾਕਾਰ ਘੱਟ ਹੀ ਕਰਦੇ
ਅਲਬੇਲੇ ਚੰਗਾ ਗਾਉਣ ਦੀਆਂ ਗੱਲਾਂ

**ਪਰਮਿੰਦਰ ਅਲਬੇਲਾ**
**ਮੋ. 9814518591**

### 4. ਦੋ ਪੈਰ ਤੁਰ

ਦੋ ਪੈਰ ਤੁਰ ਲਈਂ
ਘੱਟ ਨੀ ਅੜੀਏ
ਮੜਕਾਂ ਰੱਖੀਂ ਸੰਭਾਲ
ਨੀ ਜਿੰਦੇ ਦੋਸਤੀਆਂ
ਨਾ ਕਰੀਂ ਰੋਸਿਆਂ ਨਾਲ
ਰੂਹ ਦੀ ਰੂੰ
ਪਿੰਜਾਕੇ ਨੀ ਅੜੀਏ
ਚਾਵਾਂ ਦਾ ਚਰਖਾ
ਡਾਹਕੇ ਨੀ ਅੜੀਏ
ਤੰਦ ਖੁਸ਼ੀ ਦੇ ਪਾਕੇ
ਬੋਹਟੀ ਭਰੀਂ ਗਲੋਟਿਆਂ ਨਾਲ
ਨੀ ਜਿੰਦੇ ਦੋਸਤੀਆਂ
ਨਾ ਕਰੀਂ ਰੋਸਿਆਂ ਨਾਲ
ਹਾਸਿਆਂ ਨੂੰ ਤੂੰ
ਹਾਣੀ ਕਰ ਲੈ
ਖੁਸ਼ੀਆਂ ਭਰੀ
ਕਹਾਣੀ ਘੜ ਲੈ
ਐਂਵੇਂ ਨਾ ਪਾਈਂ ਲਿਹਾਜਾਂ
ਹੰਝੂ ਕੋਸਿਆਂ ਨਾਲ
ਨੀ ਜਿੰਦੇ ਦੋਸਤੀਆਂ
ਨਾ ਕਰੀਂ ਰੋਸਿਆਂ ਨਾਲ
ਸਧਰਾਂ ਦੇ ਨਾਲ
ਭਰ ਲੈ ਕਾਸੇ
ਰੋਣਿਆਂ ਵਿੱਚੋਂ
ਲੱਭ ਲੈ ਹਾਸੇ
ਮਿਲਣ ਨਾ ਮਨ ਨੂੰ ਦੇਈਂ
ਮਨਾਂ ਮਸੋਸਿਆਂ ਨਾਲ
ਨੀ ਜਿੰਦੇ ਦੋਸਤੀਆਂ
ਨਾ ਕਰੀਂ ਰੋਸਿਆਂ ਨਾਲ
ਲੋਕੀਂ ਚਾਹੇ
ਆਖਣ ਝੱਲਾ
ਚੰਗਿਆਂ ਦਾ ਨਾ
ਛੱਡੀਂ ਪੱਲਾ
ਕੁਲਵਿੰਦਰਾ ਨਾ ਸਾਂਝਾਂ
ਰੱਖੀ ਹੋਸ਼ਿਆਂ ਨਾਲ
ਨੀ ਜਿੰਦੇ ਦੋਸਤੀਆਂ
ਨਾ ਕਰੀਂ ਰੋਸਿਆਂ ਨਾਲ

**ਕੁਲਵਿੰਦਰ ਸਿੱਧੂ ਕਾਮੇ ਕਾ**

### 5. ਸਾਉਣ ਦੀਆਂ ਕਣੀਆਂ

ਕਿਸੇ ਲਈ ਛਹਿਬਰ ਲਾਈ ਕਣੀਆਂ
ਕਿਸੇ ਦੇ ਮਨ ਤੇ ਭਾਰੂ ਬਣੀਆਂ
ਅੱਧੀ ਰਾਤ ਦਾ ਮੀਂਹ ਪਿਆ ਪੈਂਦਾ
ਇਕੋ ਕੋਠਾ ਉਹ ਵੀ ਪਿਆ ਚੋਂਦਾ।
ਚੁੱਲੇ ਦਾ ਸੀ ਭਿੱਜ ਗਿਆ ਬਾਲਣ,
ਧਰਿਆ ਨਾ ਮਾਂ ਨੇ ਕੋਈ ਵੀ ਸਾਲਣ।
ਇਕ ਨੇ ਤਪਾਈ ਭਰੀ ਕੜਾਹੀ
ਬੱਚਿਆਂ ਦੇ ਮਨ ਨੂੰ ਜੋ ਭਾਈ।
ਦੀਪ ਸੋਚੇ ਰੱਬ ਦੇ ਰੰਗ ਨੇ ਸਾਰੇ,
ਇਕ ਭੁੱਖਾ ਇਕ ਵਾਰੇ ਨਿਆਰੇ ।

**ਮਨਦੀਪ ਕੌਰ ਰਤਨ**

### 6. ਕੁਦਰਤ

ਕੁਦਰਤ ਦੀ ਕਿਸੇ ਕੰਪਨ ਵਿੱਚ,
ਭੌਤਿਕਤਾ ਤੋਂ ਪਾਰ ਲਿਖ ਜਾਣਾ,
ਬੈਠਣਾ ਚੌਂਕੜ, ਧਿਆਨ ਧਰ ਲੈਣਾ,
ਤੇ ਪਰਦਿਆਂ ਤੋਂ ਪਾਰ ਲਿਖ ਜਾਣਾ,
ਬਵੰਡਰ ਡੋਲਦੀ ਕਸ਼ਤੀ ਨੂੰ,
ਆਪ ਡੋਬ ਦੇਣਾ, ਤੇ ਤਾਰ ਦੇਣਾ,
ਮੋਹ ਡਰ ਧਾਗੇ, ਭੰਨ ਕੇ,
ਸੱਚ ਹੋਕੇ ਵਾਲਾ ਸਾਰ ਲਿਖ ਜਾਣਾ।
ਸੰਭਵ ਹੈ ਪਰ ਕਰਦਾ ਕੋਈ ਨਹੀਂ,
ਸਮੇਂ ਤੋਂ ਪਹਿਲਾਂ ਮਰਦਾ ਕੋਈ ਨਹੀਂ,
ਭੀੜੀਆਂ ਗਲੀਆਂ, ਟੁੱਟਦੇ ਸਾਹਾਂ,
ਡੂੰਘੇ ਪਾਣੀ ਤਰਦਾ ਕੋਈ ਨਹੀਂ।
ਪੱਗਾਂ ਚੁੰਨੀਆਂ ਸਾਂਭ ਕੇ,
ਜਜ਼ਬਾਤੀਂ ਮਹਿੰਗੇ ਦਾਮ ਵਿਕ ਜਾਣਾ,
ਨਾਮ ਰਸਤੇ ਰੁਮਕਦੇ,
ਕਲਯੁੱਗ ਮੰਡੀ ਆਮ ਵਿਕ ਜਾਣਾ।
ਕੁਦਰਤ ਦੀ ਕਿਸੇ ਕੰਪਨ ਵਿੱਚ,
ਭੌਤਿਕਤਾ ਤੋਂ ਪਾਰ ਲਿਖ ਜਾਣਾ,
ਬੈਠਣਾ ਚੌਂਕੜ, ਧਿਆਨ ਧਰ ਲੈਣਾ,
ਤੇ ਪਰਦਿਆਂ ਤੋਂ ਪਾਰ ਲਿਖ ਜਾਣਾ।
ਕਦੀ ਤੇ ਮੇਰੀ ਧੜਕਣ ਵੀ,
ਮੀਲਾਂ ਤੀਕਰ ਸੁਣ ਜਾਂਦੀ ਏ,
ਕਦੀ ਚੀਕ ਚਿਹਾੜਾ, ਮਨ ਕੰਪਨ ਦਾ,
ਆਪਣਿਆਂ ਤਾਈਂ ਸੁਣਦਾ ਨਹੀਂ,
ਟਿੱਢ ਭਰਨੇ ਨੂੰ ਕਾਹਲੀ ਦੁਨੀਆ,
ਕੋਈ ਮਾਸ ਆਪਣੇ ਨੂੰ ਖੁਣਦਾ ਨਹੀਂ,
ਚਾਉਂਦੇ ਛਤਰ ਸਭ ਸੋਨੇ ਦਾ,
ਕੋਈ ਕਰਮਾਂ ਥਾਣੀ ਪੁਣਦਾ ਨਹੀਂ।
ਸੱਚ ਆਖਾਂ ਤੇ ਪਦਾਰਥ ਖੁਰਦਾ ਏ,
ਕਲਯੁੱਗੀ ਅਡੰਬਰ ਭੁਰਦਾ ਏ,
ਇਹ ਰਸਤਾ ਚੇਤਨ ਉੱਤਰਿਆ,
ਕੋਈ ਆਪ ਮੁਹਾਰੇ ਚੁਣਦਾ ਨਹੀਂ।
ਨਿੰਦਿਆ ਕਰਨੀ ਸੌਖੀ ... ਔਖੀ,
'1' ਨਾਲ ਜੁੜਦੀ ਤਾਰ ਲਿਖ ਜਾਣਾ।
ਕੁਦਰਤ ਦੀ ਕਿਸੇ ਕੰਪਨ ਵਿੱਚ,
ਭੌਤਿਕਤਾ ਤੋਂ ਪਾਰ ਲਿਖ ਜਾਣਾ,
ਬੈਠਣਾ ਚੌਂਕੜ, ਧਿਆਨ ਧਰ ਲੈਣਾ,
ਤੇ ਪਰਦਿਆਂ ਤੋਂ ਪਾਰ ਲਿਖ ਜਾਣਾ।

**ਤੇਰਾ ਸਿੰਘ (ਪ੍ਰਭਜੋਤ ਸਿੰਘ)**

### 7. ਇਹ ਕੈਸਾ ਸਾਵਣ

ਅੱਜ ਵਰਦੇ ਸਾਵਣ ਵਿੱਚ ਤੇਰਾ ਜਾਣਾ ਚੇਤੇ
ਆਇਆ ਏ
ਪਤਾ ਨਹੀਂ ਅੱਖੀਆਂ ਰੋਈਆਂ ਨੇ ਜਾਂ ਬੱਦਲਾਂ
ਮੀਂਹ ਵਰਸਾਇਆ ਏ
ਤੇਰੀ ਯਾਦ ਚ ਭਿੱਜੇ ਨੈਣਾਂ ਦਾ
ਕਣੀਆਂ ਨੇ ਸਿਰ ਇਲਜ਼ਾਮ ਲਿਆ ਏ
ਸਾਵਣ ਵਰਦਾ ਜਾਂ ਨਾ ਵਰਦਾ
ਅਸਾਂ ਰੋ ਕੇ ਡੰਗ ਸਾਰ ਲਿਆ ਏ
ਹੁਣ ਉਹ ਦਿਨ ਨਾ ਜਦ ਹਰ ਵੇਲੇ
ਗੀਤ ਤੀਆਂ ਦੇ ਗਾਉਂਦੇ ਸੀ
ਮਹਿੰਦੀ ਲਾ ਕੇ, ਵੰਗਾਂ ਪਾ ਕੇ
ਝਾਂਜਰ ਨੂੰ ਛਣਕਾਉਂਦੇ ਸੀ
ਸਾਰਾ ਹਾਰ ਸ਼ਿੰਗਾਰ ਰੁੱਸ ਗਿਆ
ਨੈਣਾਂ ਦਾ ਸੁਰਮਾ ਹਾਰ ਗਿਆ ਏ
ਸਾਵਣ ਵਰਦਾ ਜਾਂ ਨਾ ਵਰਦਾ..
ਤੇਰੇ ਬਾਝੋਂ ਇਹ ਰੁੱਤ ਕੈਸੀ
ਮਨ ਨੂੰ ਵੀ ਧਰਵਾਸ ਨਾ ਕੋਈ
ਛੱਡ ਕੇ ਤੁਰ ਗਿਓਂ ਇਸੇ ਰੁੱਤੇ
ਫੇਰ ਮਿਲਣ ਦੀ ਆਸ ਨਾ ਕੋਈ
ਕੋਈ ਦਲੀਲ ਅਪੀਲ ਨਾ ਚਲਦੀ
ਅੱਖਾਂ ਭਰ ਸਮਾਂ ਗੁਜ਼ਾਰ ਲਿਆ ਏ
ਸਾਵਣ ਵਰਦਾ ਜਾਂ ਨਾ ਵਰਦਾ
ਅਸਾਂ ਰੋ ਕੇ ਡੰਗ ਸਾਰ ਲਿਆ ਏ

**ਨਵਜੋਤ ਕੌਰ ਬਾਜਵਾ ਬਟਾਲਾ**

### 8. ਸਹਿਜੇ ਬੋਲ

ਬਾਤ ਅਵੱਲੀ ਬੋਲ ਵੇ ਮਾਹੀਂ
ਕੰਨਾਂ ਵਿੱਚ ਰੱਸ ਘੋਲ ਵੇ ਮਾਹੀਂ
ਦੂਰ ਦੂਰ ਕਿਉਂ ਹੋਈ ਜਾਵੇਂ
ਬਹਿਜਾ ਸਾਡੇ ਕੋਲ ਵੇ ਮਾਹੀਂ
ਰੂਹ ਨੇ ਰੂਹ ਦੀ ਸਮਝ ਲਈ ਏ
ਮੂੰਹੋਂ ਵੀ ਕੁਝ ਬੋਲ ਵੇ ਮਾਹੀਂ
ਕਿਹੜੇ ਦੁੱਖ ਵਿੱਚ ਘੁਲਦਾ ਜਾਵੇਂ
ਮਨ ਦੀ ਘੁੰਢੀ ਖੋਲ ਵੇ ਮਾਹੀਂ
ਤੇਰੀ ਚੁੱਪ ਤਰਥੱਲ ਮਚਾਈ
ਇੰਝ ਕੁਫ਼ਰ ਨਾ ਤੋਲ ਵੇਂ ਮਾਹੀਂ
ਮੁੱਕ ਜਾਣੈਂ ਤੇਰੇ ਹੀ ਗਮ ਵਿੱਚ
ਦਿਨ ਥੋੜੇ ਨੇ ਕੋਲ ਵੇ ਮਾਹੀਂ
ਰਹਿ ਜਾਵੇ ਨਾ ਦਿਲ ਦੀ ਦਿਲ ਵਿਚ
ਦੁੱਖ ਸੁੱਖ ਅੱਜ ਫਰੋਲ ਵੇ ਮਾਹੀਂ
ਤੇਰੀ ਪ੍ਰੀਤ ਨੂੰ ਕਰਨ ਉਡੀਕਾਂ
ਇਹ ਰੀਝਾਂ ਅਣਭੋਲ ਵੇ ਮਾਹੀਂ
ਆ ਇਕ ਦੂੱਜੇ ਦੇ ਹੋ ਜਾਈਏ
ਜੀਵਨ ਹੈ ਅਨਮੋਲ ਵੇ ਮਾਹੀਂ

**-ਸੋਨੀਆ ਭਾਰਤੀ**

### 9. ਮਨੁੱਖੀ ਮਾਨਸਿਕਤਾ

ਮਾਨਵਤਾ ਧਰਮ ਨਿਭਾਉਣਾ ਛੱਡਿਆ,
ਮੱਤ ਗਈ ਤੇਰੀ ਮਾਰੀ ਵੇ ਬੰਦਿਆ।
ਹਰ ਵੇਲੇ ਦੂਜਿਆਂ ਦੀ ਰੱਤ ਨਿਚੋੜੇਂ,
ਲਾਲਚ ਦੀ ਚੜ੍ਹੀ ਖ਼ੁਮਾਰੀ ਵੇ ਬੰਦਿਆ।
ਕਿਰਤੀਆਂ ਨੂੰ ਟਿੱਚਰਾਂ ਕਰਦਾ ਫਿਰਦਾ,
ਹੋ ਗਿਆ ਤੂੰ ਹੰਕਾਰੀ ਵੇ ਬੰਦਿਆ।
ਬਰਗਰ ਪੀਜ਼ੇ ਬਿਨ ਗੱਲ ਨਾ ਕਰਦਾ,
ਨਿੱਤ ਲਾਵੇਂ ਨਵੀਂ ਬਿਮਾਰੀ ਵੇ ਬੰਦਿਆ।
ਰੁੱਖ ਪੁੱਟ ਮਹੱਲ ਉਸਾਰੀ ਜਾਵੇਂ,
ਰੋਂਦੀ ਕੁਦਰਤ ਵਿਚਾਰੀ ਵੇ ਬੰਦਿਆ।
ਝੂਠੀ ਵਾਹ ਵਾਹ ਨਾਲ਼ ਫੁੱਲੀਂ ਜਾਵੇਂ,
ਸੱਚੀ ਗੱਲ ਲੱਗੇ ਮਾੜੀ ਵੇ ਬੰਦਿਆ।
ਦੂਜਿਆਂ ਲਈ ਟੋਏ ਨਿੱਤ ਪੁੱਟਦਾ,
ਆ ਜਾਣੀ ਤੇਰੀ ਵਾਰੀ ਵੇ ਬੰਦਿਆ।
ਡਾਹਢੇ ਦੀ ਸੱਟ ਹੁੰਦੀ ਮਾੜੀ,
ਜਾਣੀ ਨਾ ਤੈਥੋਂ ਸਹਾਰੀ ਵੇ ਬੰਦਿਆ।
ਕਹੇ ਜੋਸਨ ਕਿੰਞ ਮਾਫੀਆਂ ਮੰਗੇਗਾ,
ਪਾਪਾਂ ਦੀ ਪੰਡ ਭਾਰੀ ਵੇ ਬੰਦਿਆ।

**ਡਾ. ਨਿਰਮ ਜੋਸਨ**

### 10. ਰੱਬ

ਪਹਿਲਾਂ ਰੱਬ ਮੇਰੇ,
ਪਰਛਾਵੇਂ ਵਾਂਗ,
ਵੱਡਾ-ਛੋਟਾ,
ਹੁੰਦਾ ਰਹਿੰਦਾ ਸੀ।
ਤੇ ਮੇਰੇ ਮਨ ਵਾਂਗ,
ਕਦੇ ਭੈੜਾ,
ਤੇ ਕਦੇ ਚੰਗਾ।
ਜਦੋਂ ਬਹੁਤਾ ਮੀਂਹ,
ਆ ਜਾਣਾ ਤਾਂ,
ਚੋਂਦੀ ਹੋਈ ਛੱਤ ਨੂੰ,
ਵੇਖ ਬਾਪੂ ਨੇ,
ਰੱਬ ਨੂੰ ਗਾਲ੍ਹਾਂ ਕੱਢਣੀਆਂ।
ਮੈਨੂੰ ਵੀ ਬਹੁਤ,
ਗੁੱਸਾ ਆਉਂਦਾ ਸੀ ।
ਜਿਵੇਂ ਕੋਈ ਬੱਚਾ,
ਜ਼ਿਦ ਕਰਦਾ ਏ,
ਦਾਗੀ ਸੇਬ ਖਾਣ ਦੀ,
ਪਰ ਪਿਓ ਖੋਹ ਲੈਂਦਾ ਏ,
ਝਪਟ ਮਾਰ ਕੇ,
ਭੈੜੀ ਤਸਵੀਰ ਹੀ ਬਣਾਉਂਦਾ,
ਉਹ ਬੱਚਾ ਆਪਣੇ ਬਾਪ ਦੀ।
ਪਰ ਅਸਲੀਅਤ ਓਸ ਬੱਚੇ ਨੂੰ,
ਸ਼ਰਮਸਾਰ ਕਰ ਦਿੰਦੀ ਐ,
ਬਿਲਕੁਲ ਮੇਰੀ ਤਰਾਂ।
ਹੁਣ ਕਾਇਮ ਵੀ ਹਾਂ ਤੇ,
ਵਿਸ਼ਵਾਸ ਵੀ ਹੈ।
ਰੱਬ ਜੋ ਵੀ ਕਰਦਾ ਹੈ,
ਚੰਗਾ ਹੀ ਕਰਦਾ ਹੈ।

**ਸੁਖਜਿੰਦਰ ਸਿੰਘ ਭੰਗਚੜੀ**

### 11. ਤੇਥੋਂ ਵੱਖ

ਜੇ ਮੈਂ ਤੈਥੋਂ ਵੱਖ ਹੋਇਆ ਹਾਂ,
ਇਹ ਨਾ ਸਮਝੀ ਕੱਖ ਹੋਇਆ ਹਾਂ,
ਸੋਚੀਂ ਨਾ ਕਿ ਇਕੱਲਾ ਰਿਹ ਗਿਆ,
ਇਕੱਲਾ ਨਹੀਂ ਸਵਾ ਲੱਖ ਹੋਇਆ ਹਾਂ,
ਬੋਜ ਨਹੀਂ ਕੋਈ ਮੇਰੇ ਸਿਰ ਤੇ,
ਬਲਕਿ ਮੈਂ ਨਿਰਪੱਖ ਹੋਇਆ ਹਾਂ,
ਹੋਰ ਭਾਵੇਂ ਕੁਝ ਕਰਿਆ ਨਹੀਂ ਮੈਂ,
ਪਰ ਆਤਮ ਨਿਰਭਰ ਬੇਸ਼ੱਕ ਹੋਇਆ ਹਾਂ,
ਪਿਛੋਂ ਨਾ ਕੋਸੀਂ, ਮੂੰਹ ਤੇ ਬੋਲਲੈ,
ਹੁਣ ਤਾਂ ਮੈਂ ਪ੍ਰਤੱਖ ਹੋਇਆ ਹਾਂ।

**ਸੁਰਜੀਤ ਸਿੰਘ ਅਸ਼ਕ**



# ਕਾਵਿ ਸੰਸਾਰ

# ਆਜ਼ਾਦ ਭਾਰਤ ਦਾ ਲੇਖਾ-ਜੋਖਾ ਬਨਾਮ ਫਿਰਕੂਵਾਦ ਤੇ ਬਹੁਗਿਣਤੀਵਾਦੀ ਵਿਸ਼ਵ-ਦ੍ਰਿਸ਼ਟੀ



ਰਾਮਚੰਦਰ ਗੁਹਾ

ਹਾਲੀਆ ਮਹੀਨਿਆਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਾਨੂੰ ਇਹ ਦੱਸਣ ਲੱਗੇ ਹੋਏ ਹਨ ਕਿ 'ਸਾਰਾ ਸੰਸਾਰ ਭਾਰਤ ਵੱਲ ਦੇਖ ਰਿਹਾ' ਹੈ। ਇਹ ਸ਼ਬਦ ਜਾਂ ਇਹੋ ਜਿਹੇ ਹਿੰਦੀ ਦੇ ਸ਼ਬਦ ਪ੍ਰਧਾਨ ਮੰਤਰੀ ਨੇ ਇਨਾਂ ਮਹੀਨਿਆਂ ਦੌਰਾਨ ਆਪਣੀਆਂ ਵੱਖ ਵੱਖ ਤਕਰੀਰਾਂ ਦੌਰਾਨ ਉਚਾਰੇ, ਜਿਵੇਂ ਮਾਰਚ ਵਿਚ (ਜ਼ਾਹਰਾ ਤੌਰ 'ਤੇ ਭਾਰਤ ਦੇ ਮੁਤੱਲਕ 'ਪੈਦਾਵਾਰੀ ਪਾਵਰਹਾਊਸ ਵਜੋਂ'), ਮਈ ਵਿਚ ('ਦੁਨੀਆ ਭਾਰਤ ਦੇ ਸਟਾਰਟ-ਅੱਪਸ ਨੂੰ ਭਵਿੱਖ ਵਜੋਂ ਦੇਖ ਰਹੀ ਹੈ'), ਜੂਨ ਵਿਚ ('ਸੰਸਾਰ ਭਾਰਤ ਦੀ ਸਮਰੱਥਾ ਵੱਲ ਦੇਖ ਰਿਹਾ ਅਤੇ ਇਸ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰ ਰਿਹਾ ਹੈ') ਅਤੇ ਜੁਲਾਈ ਵਿਚ (ਇਹ ਵਾਕ-ਅੰਸ਼ ਉੱਤਰ ਪ੍ਰਦੇਸ਼ ਵਿਚ ਇਕ ਐਕਸਪ੍ਰੈਸਵੇਅ ਦੇ ਉਦਘਾਟਨ ਦੌਰਾਨ ਵਰਤਿਆ ਗਿਆ)।

ਸੰਸਾਰ ਸੱਚਮੁੱਚ ਭਾਰਤ ਵੱਲ ਦੇਖ ਰਿਹਾ ਹੈ - ਭਾਵੇਂ ਇਹ ਜ਼ਰੂਰੀ ਨਹੀਂ ਕਿ ਭਾਰਤ ਨੂੰ ਉਸ ਤਰਾਂ ਦੇਖ ਰਿਹਾ ਹੋਵੇ ਜਿਵੇਂ ਪੇਸ਼ ਕੀਤਾ ਜਾ ਰਿਹਾ ਹੈ। ਉਦਾਹਰਨ ਦੇ ਤੌਰ 'ਤੇ ਆਕਾਰ ਪਟੇਲ ਦੀ ਕਿਤਾਬ 'ਪ੍ਰਾਈਸ ਆਫ਼ ਦਿ ਮੋਦੀ ਯੀਅਰਜ਼' ਪੜ ਕੇ ਇਹ ਵਿਸ਼ਵਾਸ ਪੱਕਾ ਹੋ ਜਾਂਦਾ ਹੈ। ਇਸ ਕਿਤਾਬ ਵਿਚ ਆਲਮੀ ਆਰਥਿਕ, ਸਮਾਜਿਕ ਅਤੇ ਸਿਆਸੀ ਸੂਚਕ ਅੰਕਾਂ ਦੀ ਸੂਚੀ ਦਿੱਤੀ ਗਈ ਹੈ ਅਤੇ ਇਹ ਵੀ ਕਿ ਇਨਾਂ ਉੱਤੇ ਸਾਡਾ ਵਤਨ ਕਿੰਨਾ ਕੁ ਖ਼ਰਾ ਉਤਰਦਾ ਹੈ। ਇਨਾਂ ਸੂਚਕ ਅੰਕਾਂ ਵਿਚ ਭਾਰਤ ਦੀ ਨੀਵੀਂ, ਕੁਝ ਥਾਈਂ ਅਫ਼ਸੋਸਨਾਕ ਢੰਗ ਨਾਲ ਬਿਲਕੁਲ ਹੇਠਲੀ ਸਥਿਤੀ ਤੋਂ ਤਾਂ ਇਹੋ ਭਾਸਦਾ ਹੈ ਕਿ ਭਾਰਤ ਨੂੰ ਦੇਖਦਾ ਹੋਇਆ ਸੰਸਾਰ ਇਸ ਵਿਚੋਂ ਜੋ ਕੁਝ ਤਲਾਸ਼ ਰਿਹਾ ਹੈ, ਉਹ ਪ੍ਰਧਾਨ ਮੰਤਰੀ ਵੱਲੋਂ ਕੀਤੇ ਜਾ ਰਹੇ ਦਾਅਵਿਆਂ ਦੇ ਕਾਫ਼ੀ ਹੱਦ ਤੱਕ ਉਲਟ ਵੀ ਹੋ ਸਕਦਾ ਹੈ। ਮਸਲਨ, ਪਟੇਲ ਦੀ ਰਿਪੋਰਟ ਮੁਤਾਬਿਕ ਹੈਨਲੀ ਪਾਸਪੋਰਟ ਸੂਚਕ ਅੰਕ ਵਿਚ ਭਾਰਤ 85ਵੇਂ ਸਥਾਨ ਉੱਤੇ ਹੈ, ਕੌਮਾਂਤਰੀ ਖ਼ੁਰਾਕ ਨੀਤੀ ਖੋਜ ਅਦਾਰੇ ਦੇ ਆਲਮੀ ਭੁੱਖ ਸੂਚਕ ਅੰਕ ਵਿਚ 94ਵੀਂ ਥਾਂ, ਆਲਮੀ ਆਰਥਿਕ ਮੰਚ ਦੇ ਮਨੁੱਖੀ ਪੂੰਜੀ ਸੂਚਕ ਅੰਕ ਵਿਚ 103ਵੇਂ ਅਤੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਵਿਕਾਸ ਸੂਚਕ ਅੰਕ ਵਿਚ 131ਵੇਂ ਸਥਾਨ ਉੱਤੇ ਖਿਸਕ ਗਿਆ ਹੈ। ਇਨਾਂ ਵਿਚੋਂ ਬਹੁਤੇ ਸੂਚਕ ਅੰਕਾਂ ਵਿਚ ਤਾਂ ਭਾਰਤ ਦੀ ਦਰਜਾਬੰਦੀ ਪਿਛਲੇ ਅੱਠ ਸਾਲਾਂ ਵਿਚ ਹੋਰ ਨਿੱਘਰੀ ਹੈ।

ਦੁਨੀਆ ਸਾਡੇ ਬਾਰੇ ਕੀ ਸੋਚਦੀ ਹੈ, ਇਹ ਗੱਲ ਅਹਿਮੀਅਤ ਰੱਖਦੀ ਹੈ ਪਰ ਮੇਰੇ ਖ਼ਿਆਲ ਵਿਚ ਅਸੀਂ ਆਪਣੇ ਬਾਰੇ ਕੀ ਸੋਚਦੇ ਹਾਂ, ਸ਼ਾਇਦ ਵੱਧ ਅਹਿਮ ਹੈ। ਇਸ ਲਈ ਬਰਤਾਨਵੀ ਬਸਤੀਵਾਦੀ ਹਕੂਮਤ ਤੋਂ ਸਾਡੀ ਆਜ਼ਾਦੀ ਦੀ 75ਵੀਂ ਵਰੇਗੰਢ ਮੌਕੇ ਸਾਨੂੰ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ : ਭਾਰਤ ਦਾ ਕੀ ਹਾਲ ਹੈ ? ਸਾਡੇ ਭਾਰਤੀਆਂ ਦਾ ਕੀ ਹਾਲ ਹੈ ?

ਰਾਸ਼ਟਰ ਜਾਂ ਕੌਮ ਅਤੇ ਜਨਤਾ ਦੇ ਤੌਰ 'ਤੇ ਅਸੀਂ ਆਪਣੇ ਸੰਵਿਧਾਨ ਵਿਚ ਤੈਅ ਆਦਰਸ਼ਾਂ ਨੂੰ ਕਿਸ ਹੱਦ ਤੱਕ ਪੂਰਾ ਕੀਤਾ ਹੈ ਅਤੇ ਨਾਲ ਹੀ ਆਪਣੇ ਆਜ਼ਾਦੀ ਘੁਲਾਟੀਆਂ ਦੇ ਸੁਪਨਿਆਂ ਨੂੰ ਕਿੱਥੋਂ ਤੱਕ ਸਾਕਾਰ ਕੀਤਾ ਹੈ ?

ਮੈਂ 2015 ਵਿਚ ਭਾਰਤ ਨੂੰ 'ਮਹਿਜ਼ ਚੋਣਾਂ ਪੱਖੋਂ ਜਮਹੂਰੀਅਤ' ਕਰਾਰ ਦਿੱਤਾ ਸੀ। ਇਸ ਤੋਂ ਮੇਰਾ ਮਤਲਬ ਸੀ ਕਿ ਚੋਣਾਂ ਬਾਕਾਇਦਾ ਹੋ ਰਹੀਆਂ ਹਨ ਪਰ ਚੋਣਾਂ ਦੌਰਾਨ ਅਸਲ ਵਿਚ ਕੋਈ ਵੀ ਜਵਾਬਦੇਹੀ ਨਹੀਂ ਹੈ। ਸੰਸਦ, ਪ੍ਰੈੱਸ, ਸਿਵਲ ਸੇਵਾਵਾਂ ਆਦਿ ਇੰਨੇ ਬੇਅਸਰ ਹੋ ਚੁੱਕੇ ਹਨ ਜਾਂ ਉਹ ਸਮਝੌਤੇ ਦੀ ਸਥਿਤੀ ਵਿਚ ਹਨ ਕਿ ਉਨਾਂ ਨੇ ਹਾਕਮ ਪਾਰਟੀ ਦੀਆਂ ਜ਼ਿਆਦਤੀਆਂ ਨੂੰ ਜਾਂ ਤਾਂ ਨਾਂਮਾਤਰ ਨਕੇਲ ਪਾਈ ਹੈ ਜਾਂ ਬਿਲਕੁਲ ਨਹੀਂ ਪਾਈ। ਹੁਣ ਤਾਂ ਇਸ ਦੀ ਇਕੋ-ਇਕ ਯੋਗਤਾ ਭਾਵ 'ਮਹਿਜ਼ ਚੋਣਾਂ' ਨੂੰ ਵੀ ਕਾਇਮ ਰੱਖਣਾ ਮੁਸ਼ਕਿਲ ਜਾਪਦਾ ਹੈ। ਚੋਣ ਬੌਂਡ ਸਕੀਮ ਦੀ ਅਸਪੱਸ਼ਟਤਾ, ਚੋਣ ਕਮਿਸ਼ਨ ਦਾ ਪੱਖਪਾਤੀ ਰਵੱਈਆ ਅਤੇ ਚੁਣੀਆਂ ਹੋਈਆਂ ਸੂਬਾਈ ਸਰਕਾਰਾਂ ਨੂੰ ਡੇਗਣ ਲਈ ਵਰਤੀ ਜਾਂਦੀ ਧੱਕੇਸ਼ਾਹੀ ਤੇ ਰਿਸ਼ਵਤਖ਼ੋਰੀ ਦੇ ਮਾਇਨੇ ਇਹੋ ਹਨ ਕਿ ਸਾਡੀਆਂ ਚੋਣਾਂ ਵੀ ਪੂਰੀ ਤਰਾਂ ਆਜ਼ਾਦ ਤੇ ਨਿਰਪੱਖ ਨਹੀਂ ਹਨ ਅਤੇ ਨਾ ਹੀ ਉਨਾਂ ਦੇ ਨਤੀਜਿਆਂ ਦਾ ਹੀ ਹਮੇਸ਼ਾ ਮਾਣ ਰੱਖਿਆ ਜਾਂਦਾ ਹੈ।

ਹਾਲੀਆ ਸਾਲਾਂ ਦੌਰਾਨ ਭਾਰਤੀ ਸਟੇਟ/ਰਿਆਸਤ ਅਸਹਿਮਤੀ ਨੂੰ ਦਬਾਉਣ ਪੱਖੋਂ ਕਿਤੇ ਜ਼ਿਆਦਾ ਸਖ਼ਤ ਹੋ ਗਈ ਹੈ। ਸਰਕਾਰ ਦੇ ਆਪਣੇ ਅੰਕੜਿਆਂ ਮੁਤਾਬਿਕ 2016 ਤੋਂ 2020 ਦੌਰਾਨ 24 ਹਜ਼ਾਰ ਤੋਂ ਵੱਧ ਭਾਰਤੀਆਂ ਨੂੰ ਸਖ਼ਤ ਮੰਨੇ ਜਾਂਦੇ 'ਗ਼ੈਰ-ਕਾਨੂੰਨੀ ਸਰਗਰਮੀਆਂ ਰੋਕੂ ਐਕਟ' (ਯੂਏਪੀਏ) ਤਹਿਤ ਗ੍ਰਿਫ਼ਤਾਰ ਕਰ ਕੇ ਜੇਲਾਂ ਵਿਚ ਸੁੱਟਿਆ ਗਿਆ ਜਦੋਂਕਿ ਅਦਾਲਤਾਂ ਨੇ ਉਨਾਂ ਵਿਚੋਂ ਇਕ ਫ਼ੀਸਦੀ ਤੋਂ ਵੀ ਘੱਟ ਨੂੰ ਅਸਲ ਵਿਚ ਦੋਸ਼ੀ ਕਰਾਰ ਦੇ ਕੇ ਸਜ਼ਾ ਸੁਣਾਈ। ਬਾਕੀ 99 ਫ਼ੀਸਦੀ ਦੀਆਂ ਜ਼ਿੰਦਗੀਆਂ ਨੂੰ ਜਨੂਨੀ ਅਤੇ ਵਿਚਾਰਧਾਰਕ ਆਧਾਰ 'ਤੇ ਚੱਲਣ ਵਾਲੇ ਸਰਕਾਰੀ ਤੰਤਰ ਵੱਲੋਂ ਬਰਬਾਦ ਕਰ ਦਿੱਤਾ ਗਿਆ। ਪ੍ਰੈਸ/ਮੀਡੀਆ ਉੱਤੇ ਹਮਲੇ ਵੀ ਹੋਰ ਤਿੱਖੇ ਹੋਏ ਹਨ।

ਦਮਨ ਦੇ ਇਸ ਮਾਹੌਲ ਦਰਮਿਆਨ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਦੇਸ਼ ਦੀ ਉਚੇਰੀ ਨਿਆਂਪਾਲਿਕਾ ਨੇ ਵੀ ਦੇਸ਼ ਦੇ ਨਾਗਰਿਕਾਂ ਦੀ ਥਾਂ ਸਟੇਟ/ਰਿਆਸਤ ਦਾ ਪੱਖ ਲੈਣਾ ਹੀ ਬਿਹਤਰ ਸਮਝਿਆ ਹੈ। ਉੱਘੇ ਚਿੰਤਕ ਪ੍ਰਤਾਪ ਭਾਨੂੰ ਮਹਿਤਾ ਅਤੇ ਸੰਵਿਧਾਨਿਕ ਮਸਲਿਆਂ ਦੇ ਮਾਹਿਰ ਅਨੁਜ ਭੂਵਨੀਆ ਨੇ ਵੀ ਅਜਿਹੀ ਰਾਏ ਪ੍ਰਗਟਾਈ ਹੈ। ਅਨੁਜ ਭੂਵਨੀਆ ਅਨੁਸਾਰ ਮੌਜੂਦਾ ਦੌਰ ਦੌਰਾਨ ਅਦਾਲਤ ਨਾ ਸਿਰਫ਼ ਸਰਕਾਰੀ ਵਧੀਕੀਆਂ ਨੂੰ ਨੱਥ ਪਾਉਣ ਦੀ ਆਪਣੀ ਸੰਵਿਧਾਨਕ ਭੂਮਿਕਾ ਨਿਭਾਉਣ ਵਿਚ ਨਾਕਾਮ ਰਹੀ ਹੈ ਸਗੋਂ ਇਸ ਨੇ ਮੌਜੂਦਾ ਸਰਕਾਰ ਦੇ ਏਜੰਡੇ ਦੀ ਵਾਹ-ਵਾਹੀ ਕਰਨ ਵਾਲਿਆਂ ਵਜੋਂ ਵੀ ਕੰਮ ਕੀਤਾ ਹੈ। ਇਸ ਨੇ ਨਾ ਸਿਰਫ਼ ਸਟੇਟ ਦੀ ਅਰਾਜਕਤਾ ਖ਼ਿਲਾਫ਼ ਢਾਲ ਦੇ ਰੂਪ ਵਿਚ ਆਪਣੇ ਕਿਆਸੇ ਜਾਂਦੇ ਮੋੜਵੇਂ-ਜਮਹੂਰੀ ਕਾਰਜ ਨੂੰ ਤਿਆਗ ਦਿੱਤਾ ਹੈ ਸਗੋਂ ਅਜਿਹੀ ਤਾਕਤਵਰ ਤਲਵਾਰ ਵਜੋਂ ਵੀ ਕੰਮ ਕੀਤਾ ਹੈ ਜਿਸ ਨੂੰ ਕਾਰਜਪਾਲਿਕਾ ਦੇ ਇਸ਼ਾਰੇ ਉੱਤੇ ਚਲਾਇਆ ਜਾ ਸਕਦਾ ਹੈ।'

ਅੰਗਰੇਜ਼ਾਂ ਦੇ ਇਸ ਧਰਤੀ ਤੋਂ ਚਲੇ ਜਾਣ ਤੋਂ 75 ਸਾਲਾਂ ਬਾਅਦ ਵੀ ਸਾਡਾ ਸਮਾਜ ਵੱਡੇ ਪੱਧਰ 'ਤੇ ਊਚ-ਨੀਚ ਤੇ ਨਾ-ਬਰਾਬਰੀ ਭਰਿਆ ਹੈ। ਭਾਰਤੀ ਸੰਵਿਧਾਨ ਨੇ 1950 ਵਿਚ ਹੀ ਜਾਤ ਤੇ ਲਿੰਗ ਆਧਾਰਿਤ ਵਿਤਕਰੇ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਕੇ ਇਸ ਉੱਤੇ ਪਾਬੰਦੀ ਲਾ ਦਿੱਤੀ ਸੀ ਪਰ ਇਹ ਦੋਵੇਂ ਪੱਖਪਾਤ ਹਾਲੇ ਵੀ ਜ਼ੋਰ-ਸ਼ੋਰ ਨਾਲ ਜਾਰੀ ਹਨ। ਹਾਂ-ਪੱਖੀ ਕਾਰਵਾਈ, ਭਾਵ ਰਾਖਵਾਂਕਰਨ ਨੇ ਭਾਵੇਂ ਜੀਵੰਤ ਦਲਿਤ ਪੇਸ਼ੇਵਰ ਵਰਗ ਖੜਾ ਕਰਨ ਵਿਚ ਭਾਰੀ ਮਦਦ ਕੀਤੀ ਹੈ ਪਰ ਸਾਡੀ ਸਮਾਜਿਕ ਜ਼ਿੰਦਗੀ ਦੇ ਬਹੁਤ ਸਾਰੇ ਪੱਖਾਂ ਵਿਚ ਜਾਤੀਵਾਦੀ ਵਿਤਕਰਾ ਹਾਲੇ ਵੀ ਜਾਰੀ ਹੈ। ਡਾ. ਭੀਮ ਰਾਓ ਅੰਬੇਡਕਰ ਵੱਲੋਂ ਜਾਤ-ਪਾਤ ਦੇ ਖ਼ਾਤਮੇ ਦਾ ਸੱਦਾ ਦਿੱਤੇ ਜਾਣ ਤੋਂ ਇੰਨੇ ਸਾਲਾਂ ਬਾਅਦ ਵੀ ਬਹੁਤ ਘੱਟ ਅੰਤਰ-ਜਾਤੀ ਵਿਆਹ ਹੁੰਦੇ ਹਨ ਜੋ ਇਸ ਗੱਲ ਦਾ ਪ੍ਰਤੀਕ ਹੈ ਕਿ ਭਾਰਤੀ ਸਮਾਜ ਹਾਲੇ ਵੀ ਕਿੰਨਾ ਰੂੜੀਵਾਦੀ ਹੈ। ਜਿੱਥੋਂ ਤੱਕ ਲਿੰਗ ਵਿਤਕਰੇ ਦਾ ਸਵਾਲ ਹੈ, ਦੋ ਅੰਕੜੇ ਸਾਫ਼ ਦੱਸਦੇ ਹਨ ਕਿ ਅਸੀਂ ਕਿੰਨੇ ਨਿੱਘਰ ਚੁੱਕੇ ਹਾਂ। ਪਹਿਲਾ ਹੈ : ਔਰਤ ਕਿਰਤ ਸ਼ਕਤੀ ਦੀ ਭਾਗੀਦਾਰੀ ਦੀ ਦਰ ਤਕਰੀਬਨ 20 ਫ਼ੀਸਦੀ ਹੈ ਜੋ ਬੰਗਲਾਦੇਸ਼ ਤੋਂ ਵੀ ਕਿਤੇ ਘੱਟ ਹੈ (ਵੀਅਤਨਾਮ ਤੇ ਚੀਨ ਦੀ ਤਾਂ ਗੱਲ ਹੀ ਛੱਡ ਦਿਉ)। ਦੂਜੀ ਹੈ, ਆਲਮੀ ਲਿੰਗ ਫ਼ਰਕ ਸੂਚਕ ਅੰਕ ਵਿਚ ਭਾਰਤ ਦੀ ਸਥਿਤੀ ਜਿਸ ਮੁਤਾਬਿਕ (ਜੁਲਾਈ 2022 ਦੇ ਵੇਰਵੇ ਮੁਤਾਬਿਕ) ਅਸੀਂ ਸਰਵੇਖਣ ਵਿਚ ਲਏ ਗਏ 146 ਮੁਲਕਾਂ ਵਿਚੋਂ 135ਵੇਂ ਸਥਾਨ ਉੱਤੇ ਹਾਂ।

ਸਮਾਜ ਤੋਂ ਅਗਾਂਹ ਮੈਂ ਸੱਭਿਆਚਾਰ ਤੇ ਧਰਮ ਵੱਲ ਵਧਦਾ ਹਾਂ। ਤਸਵੀਰ ਇੱਥੇ ਵੀ ਕੁੱਲ ਮਿਲਾ ਕੇ ਬਹੁਤੀ ਹੌਸਲਾਵਧਾਊ ਨਹੀਂ ਹੈ। ਭਾਰਤੀ ਕੀ ਖਾ, ਕੀ ਪਹਿਨ, ਕਿੱਥੇ ਰਹਿ, ਕੀ ਲਿਖ ਅਤੇ ਕਿਸ ਨਾਲ ਵਿਆਹ ਕਰਵਾ ਸਕਦੇ ਹਨ, ਬਾਰੇ ਸਟੇਟ/ ਰਿਆਸਤ ਅਤੇ ਚੌਕਸੀ/ਨਿਗਰਾਨ ਗਰੁੱਪਾਂ ਵੱਲੋਂ ਲਾਗੂ ਕੀਤੇ ਜਾ ਰਹੇ ਨੁਸਖ਼ੇ ਤੇ ਸੇਧਾਂ ਵਿਚ ਵੀ ਲਗਾਤਾਰ ਇਜ਼ਾਫ਼ਾ ਹੋ ਰਿਹਾ ਹੈ। ਸ਼ਾਇਦ ਸਭ ਤੋਂ ਵੱਧ ਚਿੰਤਾ ਵਾਲੀ ਗੱਲ ਹੈ ਭਾਰਤੇ ਦੇ ਸਭ ਤੋਂ ਵੱਡੇ ਘੱਟਗਿਣਤੀ ਭਾਈਚਾਰੇ ਨੂੰ ਜ਼ੁਬਾਨੀ ਅਤੇ ਅਮਲੀ ਤੌਰ 'ਤੇ ਬਹੁਤ ਹੀ ਖ਼ਤਰਨਾਕ ਬਣਾ ਕੇ ਪੇਸ਼ ਕੀਤਾ ਜਾਣਾ। ਅੱਜ ਭਾਰਤ ਵਿਚ ਸਿਆਸਤ ਤੇ ਕੰਮਾਂ-ਕਾਰਾਂ/ਕਿੱਤਿਆਂ ਵਿਚ ਭਾਈਚਾਰੇ ਦੀ ਨੁਮਾਇੰਦਗੀ ਵਿਆਪਕ ਪੱਧਰ 'ਤੇ ਬਹੁਤ ਘੱਟ ਹੈ, ਉਨਾਂ ਨਾਲ ਕੰਮ ਵਾਲੀ ਥਾਂ ਅਤੇ ਸਰੇ-ਬਾਜ਼ਾਰ ਵਿਤਕਰਾ ਕੀਤਾ ਜਾਂਦਾ ਹੈ ਅਤੇ ਟੈਲੀਵਿਜ਼ਨ ਤੇ ਸੋਸ਼ਲ ਮੀਡੀਆ ਉੱਤੇ ਉਨਾਂ ਨੂੰ ਤਾਅਨੇ-ਮਿਹਣੇ ਮਾਰੇ ਜਾਂਦੇ ਹਨ ਤੇ ਮਜ਼ਾਕ ਉਡਾਇਆ ਜਾਂਦਾ ਹੈ। ਉਨਾਂ ਨੂੰ ਜਿਹੜੇ ਡਰ ਤੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਸਾਡੇ ਸਭ ਲਈ ਸ਼ਰਮ ਵਾਲੀ ਗੱਲ ਹੈ।

ਸੱਭਿਆਚਾਰ ਤੋਂ ਅਗਾਂਹ ਅਰਥਚਾਰੇ ਵੱਲ ਮੁੜਦੇ ਹਾਂ। ਸ੍ਰੀ ਨਰਿੰਦਰ ਮੋਦੀ ਅਰਥਚਾਰੇ ਨੂੰ ਹੋਰ ਜ਼ਿਆਦਾ ਉਦਾਰ ਬਣਾਉਣ ਦੇ ਵਾਅਦੇ ਨਾਲ ਸੱਤਾ ਵਿਚ ਆਏ ਸਨ। ਇਸ ਦੀ ਥਾਂ ਉਹ ਸਗੋਂ ਇਕ ਤਰਾਂ ਦੇ ਅਜਿਹੇ ਸੁਰੱਖਿਆਵਾਦ ਵੱਲ ਪਰਤ ਆਏ ਹਨ ਜਿਸ ਨੂੰ 1991 ਦੇ ਮਾਲੀ ਸੁਧਾਰ ਖ਼ਤਮ ਕਰਨਾ ਚਾਹੁੰਦੇ ਸਨ। ਇਸ ਅੰਦਰੂਨੀ ਮੋੜ ਨੇ ਵੀ ਘਰੇਲੂ ਉੱਦਮਾਂ ਲਈ ਬਰਾਬਰੀ ਦੇ ਮੌਕੇ ਦੇਣ ਵਾਲਾ ਮਾਹੌਲ ਨਹੀਂ ਸਿਰਜਿਆ ਸਗੋਂ ਇਸ ਦੇ ਉਲਟ, ਕੁਝ ਚੋਣਵੇਂ ਸਨਅਤਕਾਰਾਂ ਨੂੰ ਹੀ ਫ਼ਾਇਦਾ ਪਹੁੰਚਾਇਆ ਗਿਆ ਹੈ ਜਿਸ ਨੂੰ ਭਾਰਤ ਸਰਕਾਰ ਦੇ ਇਕ ਸਾਬਕਾ ਮੁੱਖ ਆਰਥਿਕ ਸਲਾਹਕਾਰ ਨੇ ਦਾਗ਼ਦਾਰ ਪੂੰਜੀਵਾਦ ਦਾ 2ਏ ਮਾਡਲ ਕਰਾਰ ਦਿੱਤਾ ਸੀ। ਇਸ ਦੇ ਨਾਲ ਹੀ ਸਟੇਟ/ਰਿਆਸਤ ਨੂੰ ਨੌਕਰਸ਼ਾਹਾਂ ਅਤੇ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ ਹੈ ਜਿਵੇਂ (ਹੋਰਨਾਂ ਤੋਂ ਇਲਾਵਾ) ਟੈਕਸ ਅਤੇ ਕਸਟਮ ਵਿਭਾਗਾਂ ਦੇ ਅਫ਼ਸਰਾਂ ਨੂੰ ਉਹ ਅਖ਼ਤਿਆਰ ਦੁਬਾਰਾ ਦੇ ਦਿੱਤੇ ਗਏ ਹਨ ਜਿਹੜੇ ਉਨਾਂ ਨੂੰ ਪਹਿਲਾਂ ਛੱਡਣੇ ਪਏ ਸਨ। ਇਸ ਮੁੜ-ਲਾਗੂ ਕੀਤੇ ਜਾ ਰਹੇ ਲਾਇਸੈਂਸ-ਪਰਮਿਟ-ਰਾਜ ਦੀ ਮਾਰ ਖ਼ਾਸਕਰ ਛੋਟੇ ਉੱਦਮੀਆਂ ਅਤੇ ਸਨਅਤਕਾਰਾਂ ਨੂੰ ਜ਼ਿਆਦਾ ਮਹਿਸੂਸ ਹੁੰਦੀ ਹੈ। ਇਸ ਦੌਰਾਨ ਦੇਸ਼ ਵਿਚ ਬੇਰੁਜ਼ਗਾਰੀ ਸਿਖਰਾਂ ਉੱਤੇ ਹੈ ਅਤੇ ਭਾਰਤੀ ਕਾਮਿਆਂ ਦੀ ਹੁਨਰਮੰਦੀ ਦਾ ਪੱਧਰ ਨੀਵਾਂ ਹੋਇਆ ਹੈ।

ਕੌਮਾਂਤਰੀ ਪੱਧਰ ਦੇ ਨਾਮੀ ਅਰਥਸ਼ਾਸਤਰੀਆਂ ਦੀ ਟੀਮ ਵੱਲੋਂ ਤਿਆਰ ਕੀਤੀ ਗਈ ਆਲਮੀ ਨਾ-ਬਰਾਬਰੀ ਰਿਪੋਰਟ 2022 ਵਿਚ ਅੰਦਾਜ਼ਾ ਲਾਇਆ ਗਿਆ ਹੈ ਕਿ ਭਾਰਤ ਵਿਚ ਸਭ ਤੋਂ ਅਮੀਰ ਇਕ ਫ਼ੀਸਦੀ ਲੋਕਾਂ ਦੇ ਖ਼ੀਸੇ ਵਿਚ ਦੇਸ਼ ਦੀ 22 ਫ਼ੀਸਦੀ ਆਮਦਨ ਜਾਂਦੀ ਹੈ ਜਦੋਂਕਿ ਸਭ ਤੋਂ ਗ਼ਰੀਬ ਦੋ ਵੱਡੇ ਕਾਰਪੋਰੇਟ ਅਦਾਰਿਆਂ ਦੀ ਦੌਲਤ ਵਿਚ ਵੱਡਾ ਵਾਧਾ ਹੋਇਆ ਹੈ। ਸਦੀਆਂ ਤੋਂ ਭਾਰੀ ਨਾਬਰਾਬਰੀ ਵਾਲੀ ਆਮਦਨ ਤੇ ਜਾਇਦਾਦ ਦੀ ਵੰਡ ਦੇ ਬੋਝ ਹੇਠ ਦਬਿਆ ਭਾਰਤ ਹੁਣ ਤਾਂ ਹੋਰ ਜ਼ਿਆਦਾ ਤੇਜ਼ੀ ਨਾਲ ਕਿਤੇ ਵੱਧ ਨਾ-ਬਰਾਬਰੀ ਵਾਲਾ ਸਮਾਜ ਬਣ ਰਿਹਾ ਹੈ।

ਗਿਣਾਤਮਕ ਤੌਰ 'ਤੇ ਦੇਖਿਆ ਜਾਵੇ ਤੇ ਭਾਵੇਂ ਗੁਣਾਤਮਕ ਤੌਰ 'ਤੇ, ਆਜ਼ਾਦੀ ਦੇ '75ਵੇਂ ਸਾਲ ਮੌਕੇ' ਭਾਰਤ ਦਾ ਰਿਪੋਰਟ ਕਾਰਡ ਰਲਵਾਂ-ਮਿਲਵਾਂ ਹੀ ਹੈ। ਯਕੀਨੀ ਤੌਰ 'ਤੇ ਇਨਾਂ ਨਾਕਾਮੀਆਂ ਦਾ ਸਾਰਾ ਵਜ਼ਨ ਮੌਜੂਦਾ ਸਰਕਾਰ ਉੱਤੇ ਨਹੀਂ ਸੁੱਟਿਆ ਜਾ ਸਕਦਾ। ਜਵਾਹਰਲਾਲ ਨਹਿਰੂ ਦੀ ਅਗਵਾਈ ਹੇਠਲੀ ਕਾਂਗਰਸ ਨੇ ਬੇਸ਼ੱਕ ਜਮਹੂਰੀ ਅਦਾਰਿਆਂ ਦਾ ਪਾਲਣ-ਪੋਸ਼ਣ ਕੀਤਾ ਹੋਵੇ ਅਤੇ ਨਾਲ ਧਾਰਮਿਕ ਤੇ ਭਾਸ਼ਾਈ ਬਹੁਲਤਾਵਾਦ ਨੂੰ ਹੁਲਾਰਾ ਦਿੱਤਾ ਹੋਵੇ ਪਰ ਇਸ ਨੂੰ ਭਾਰਤੀ ਉੱਦਮੀਆਂ ਵਿਚ ਜ਼ਿਆਦਾ ਭਰੋਸਾ ਦਿਖਾਉਣਾ ਚਾਹੀਦਾ ਸੀ ਅਤੇ ਨਾਲ ਹੀ ਅਨਪੜਤਾ ਦੇ ਖ਼ਾਤਮੇ ਅਤੇ ਵਧੀਆ ਸਿਹਤ ਸੰਭਾਲ ਸਹੂਲਤਾਂ ਮੁਹੱਈਆ ਕਰਾਉਣ ਲਈ ਕਿਤੇ ਜ਼ਿਆਦਾ ਕੰਮ ਕਰਨਾ ਚਾਹੀਦਾ ਸੀ। ਇੰਦਰਾ ਗਾਂਧੀ ਨੇ ਜੰਗ ਦੌਰਾਨ ਆਪਣੇ ਆਪ ਨੂੰ ਕਾਬਲ ਆਗੂ ਸਾਬਤ ਕੀਤਾ ਪਰ ਉਨਾਂ ਦੀ ਹਕੂਮਤ ਵੱਲੋਂ ਆਜ਼ਾਦ ਅਦਾਰਿਆਂ ਉੱਤੇ ਨਕੇਲ ਕੱਸਣ, ਅਰਥਚਾਰੇ ਉੱਤੇ ਸਟੇਟ/ਰਿਆਸਤ ਦੀ ਪਕੜ ਪੀਢੀ ਕਰਨ, ਖ਼ੁਦ ਹੀ ਆਪਣੀ ਇਤਿਹਾਸਕ ਸਿਆਸੀ ਪਾਰਟੀ ਨੂੰ ਪਰਿਵਾਰਕ ਕੰਪਨੀ ਬਣਾ ਕੇ ਰੱਖ ਦੇਣ ਅਤੇ ਆਪਣੇ ਦੁਆਲੇ ਚਾਪਲੂਸਾਂ ਦਾ ਘੇਰਾ ਘੱਤ ਲੈਣ ਵਰਗੀਆਂ ਕਾਰਵਾਈਆਂ ਨੇ ਨਾ ਸਿਰਫ਼ ਸਾਡੇ ਸਿਆਸੀ ਰੰਗ-ਢੰਗ ਸਗੋਂ ਸਾਡੀਆਂ ਆਰਥਿਕ ਸੰਭਾਵਨਾਵਾਂ ਨੂੰ ਵੀ ਬਹੁਤ ਭਾਰੀ ਨੁਕਸਾਨ ਪਹੁੰਚਾਇਆ। ਨਰਿੰਦਰ ਮੋਦੀ ਪੂਰੀ ਤਰਾਂ ਖ਼ੁਦ ਉੱਭਰੇ ਹੋਏ ਅਤੇ ਨਾਲ ਹੀ ਬਹੁਤ ਮਿਹਨਤੀ ਸਿਆਸਤਦਾਨ ਹੋ ਸਕਦੇ ਹਨ ਪਰ ਉਨਾਂ ਵੱਲੋਂ ਇੰਦਰਾ ਗਾਂਧੀ ਦੀਆਂ ਰਾਜਵਾਦੀ/ਰਿਆਸਤ ਦੇ ਦਬਦਬੇ ਵਾਲੀਆਂ ਕੇਂਦਰਵਾਦੀ ਰੁਚੀਆਂ ਨੂੰ ਅਪਨਾਉਣਾ ਅਤੇ ਨਾਲ ਹੀ ਉਨਾਂ ਦੀ ਆਰਐੱਸਐੱਸ ਤੋਂ ਪ੍ਰਭਾਵਿਤ ਬਹੁਗਿਣਤੀਵਾਦੀ ਵਿਸ਼ਵ-ਦ੍ਰਿਸ਼ਟੀ ਦਾ ਸਾਫ਼ ਮਤਲਬ ਹੈ ਕਿ ਇਤਿਹਾਸਕਾਰ ਉਨਾਂ ਦੀ ਵਿਰਾਸਤ ਬਾਰੇ ਫ਼ੈਸਲਾ ਕਿਤੇ ਵੱਧ ਸਖ਼ਤੀ ਨਾਲ ਕਰਨਗੇ।

ਵਾਅਦਿਆਂ ਅਤੇ ਸਮਰੱਥਾ ਵਿਚਕਾਰਲੇ ਇਸ ਫ਼ਰਕ ਦਾ ਵਿਸ਼ਲੇਸ਼ਣ ਕਰਦਿਆਂ ਅਸੀਂ ਤਾਕਤਵਰ ਤੇ ਰਸੂਖ਼ਵਾਨ ਵਿਅਕਤੀਆਂ ਅਤੇ ਨਾਲ ਹੀ ਉਨਾਂ ਦੀ ਅਗਵਾਈ ਅਤੇ ਨਿਰਦੇਸ਼ਨ ਵਾਲੀਆਂ ਸਰਕਾਰਾਂ ਵੱਲੋਂ ਕੀਤੇ ਗਏ ਕੰਮਾਂ ਦਾ ਸਪਸ਼ਟੀਕਰਨ ਭਾਲ ਸਕਦੇ ਹਾਂ। ਸ਼ਾਇਦ ਭਾਰਤੀ ਸੱਭਿਆਚਾਰ ਤੇ ਭਾਰਤੀ ਇਤਿਹਾਸ ਨੂੰ ਪਰਿਭਾਸ਼ਿਤ ਕਰਨ ਵਾਲੇ ਗ਼ੁਲਾਮੀਆਂ ਦੇ ਬੇਸ਼ੁਮਾਰ ਰੂਪਾਂ ਨੂੰ ਉਲਟਾਉਣ ਜਾਂ ਵੱਡੇ ਪੱਧਰ 'ਤੇ ਘਟਾਉਣ ਲਈ ਸਾਢੇ ਸੱਤ ਦਹਾਕਿਆਂ ਦਾ ਸਮਾਂ ਬਹੁਤ ਘੱਟ ਹੈ।

ਸਾਨੂੰ ਸਾਡੇ ਆਗੂਆਂ ਵੱਲੋਂ ਸਾਡੀ ਤਰਫ਼ੋਂ ਬਹੁਤ ਹੀ ਵਧਾ-ਚੜਾ ਕੇ ਕੀਤੇ ਗਏ ਦਾਅਵਿਆਂ ਦੇ ਭੁਲਾਵੇ ਵਿਚ ਨਹੀਂ ਆਉਣਾ ਚਾਹੀਦਾ, ਦਾਅਵੇ ਜਿਹੜੇ ਆਗਾਮੀ ਦਿਨਾਂ ਦੌਰਾਨ ਹੋਰ ਵਧਣਗੇ। ਸੰਸਾਰ ਭਾਰਤ ਵੱਲ ਸ਼ਲਾਘਾਮਈ ਤੇ ਹੈਰਾਨੀ ਵਾਲੀ ਨਜ਼ਰ ਨਾਲ ਨਹੀਂ ਦੇਖ ਰਿਹਾ ਅਤੇ ਨਾ ਹੀ ਉਹ ਭਾਰਤੀ ਜਿਹੜੇ ਸਾਰੇ ਵਰਤਾਰਿਆਂ ਨੂੰ ਠੀਕ ਤਰਾਂ ਸੋਚ-ਸਮਝ ਸਕਦੇ ਹਨ। ਸਾਡੇ ਅੱਗੇ ਕਰਨ ਲਈ ਬਹੁਤ ਕੰਮ ਪਿਆ ਹੈ।


Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਧੀਆਂ ਦੁੱਖ ਵੰਡਾਉਂਦੀਆਂ ਦੇ ਦੁਖੜੇ ਕੌਣ ਸੁਣੇ

**ਸੱਤਪਾਲ ਸਿੰਘ ਦਿਓਲ**
ਮੋ. 9878170771

ਪੰਜਾਬ ਦੇ ਘਰਾਂ ਵਿੱਚ ਧੀਆਂ ਦਾ ਦਰਜਾ ਇੱਕ ਅਹਿਮ ਸਥਾਨ ਰੱਖਦਾ ਹੈ।ਸਾਡੇ ਸਮਾਜ ਦੇ ਵਿੱਚ ਧੀਆਂ ਦਾ ਮਾਣ ਸਤਿਕਾਰ ਕਈ ਪੀੜੀਆਂ ਤੱਕ ਬਰਕਰਾਰ ਰਹਿੰਦਾ ਹੈ। ਪੁਰਾਣੇ ਸਮੇ ਵਿੱਚ ਵੀ ਅੱਜ ਦੀ ਲੜਕੀ ਭਰੂਣ ਹੱਤਿਆ ਵਾਂਗ ਕਈ ਕਬੀਲਿਆਂ ਵਿੱਚ ਲੜਕੀਆਂ ਨੂੰ ਜਾਲਮ ਤਰੀਕੇ ਨਾਲ ਮਾਰ ਦਿੱਤਾ ਜਾਂਦਾ ਸੀ।ਪਰ ਧਾਰਮਿਕ ਤੇ ਸਮਾਜਿਕ ਤੌਰ ਤੇ ਇਸ ਦਾ ਵਿਰੋਧ ਹਮੇਸ਼ਾ ਹੁੰਦਾ ਰਿਹਾ।ਪਰ ਕੋਈ ਵੀ ਸਮਾਜ ਸੰਪੂਰਨ ਤੌਰ ’ਤੇ ਅਪਰਾਧ ਮੁਕਤ ਨਹੀ ਹੋ ਸਕਦਾ ਇਸੇ ਕਾਰਨ ਪਹਿਲਾਂ ਵਾਲੀਆਂ ਛੁਪੇ ਤੌਰ ਤੇ ਚੱਲ ਰਹੀਆਂ ਕੁਰੀਤੀਆਂ ਭਰੂਣ ਹੱਤਿਆ ਦੇ ਰੂਪ ਵਿੱਚ ਸਾਹਮਣੇ ਆਈਆਂ ਸੀ।ਸਾਡੇ ਪਰਿਵਾਰਾਂ ਵਿੱਚ ਕਈ ਕਈ ਪੀੜੀਆਂ ਤੱਕ ਧੀਆਂ ਦੀ ਥਾਂ ਲੱਗਦੀਆਂ ਔਰਤਾਂ ਦਾ ਸਨਮਾਨ ਕੀਤਾ ਜਾਂਦਾ ਹੈ ਭਾਵੇਂ ਕਿ ਮਰਦ ਪ੍ਰਧਾਨ ਸਮਾਜ ਵਿੱਚ ਪਰਿਵਾਰਾਂ ਦੇ ਵੱਡੇ ਫੈਸਲੇ ਮਰਦ ਮੁਖੀ ਵੱਲੋਂ ਲਏ ਜਾਂਦੇ ਸਨ ਪਰ ਫਿਰ ਵੀ ਪਰਿਵਾਰਾਂ ਦੇ ਆਪਸੀ ਝਗੜੇ ਧੀਆਂ ਹੀ ਨਿਪਟਾਉਂਦੀਆਂ ਸਨ ਤੇ ਉਨਾਂ ਦੇ ਕੀਤੇ ਫੈਸਲੇ ਨੂੰ ਹੁਕਮ ਸਮਝ ਕੇ ਸਾਰੇ ਮੰਨਦੇ ਸੀ। ਸਮਾਂ ਬਦਲਣ ਤੇ ਸਾਡੇ ਲੋਕ ਲਾਲਚ ਵਿੱਚ ਆ ਕੇ ਦਹੇਜ ਲਈ ਲੜਕੀਆਂ ਤੇ ਜ਼ੁਲਮ ਕਰਨ ਲੱਗੇ। ਪਰ ਇਹ ਸਮਾਂ ਵੀ ਬਹੁਤ ਚਿਰ ਚੱਲਣ ਵਾਲਾ ਨਹੀ ਅੱਜ ਆਈਲੈਟਸ ਨੇ ਪੰਜਾਬ ਦੀਆਂ ਧੀਆਂ ਦੀ ਕਿਸਮਤ ਬਦਲ ਕੇ ਰੱਖ ਦਿੱਤੀ ਹੈ ਤੇ ਸਮਾਜ ਦੇ ਦਹੇਜ ਵਾਲੇ ਪਹੀਏ ਨੂੰ ਇੱਕ ਦਮ ਪੁੱਠਾ ਗੇੜਾ ਦੇ ਦਿੱਤਾ ਹੈ। ਜਿਹੜੇ ਲੋਕ ਮੁੰਡੇ ਦੇ ਵਿਆਹ ਤੇ ਦਹੇਜ ਦੀ ਇੱਛਾ ਰੱਖਦੇ ਸੀ ਉਹ ਲੱਖਾਂ ਰੁਪਿਆ ਆਈਲੈਟਸ ਵਾਲੀ ਕੁੜੀ ਨੂੰ ਦੇ ਕੇ ਆਪਣੇ ਲੜਕੇ ਨਾਲ ਵਿਆਹ ਕੇ ਉਸ ਨੂੰ ਜਹਾਜ ਚੜ੍ਹਾਉਣਾ ਚਾਹੁੰਦੇ ਹਨ। ਪੰਜਾਬ ਦੇ ਮਾਲਵੇ ਨਾਲ ਸੰਬੰਧਤ ਜਿਲੇ ਦੇ ਇੱਕ ਗਰੀਬ ਪਰਿਵਾਰ ਦੀ ਧੀ ਕਨੈਡਾ ਵਿੱਚ ਰਹਿੰਦੀ ਹੈ।

**ਹਰਫਾਂ ਦੇ ਨੂਰ**

ਉਸ ਸਮੇਤ ਉਨਾਂ ਦਾ ਦੋ ਭੈਣਾਂ ਤੇ ਇੱਕ ਭਰਾ ਦਾ ਆਪਣੇ ਪਿਤਾ ਨਾਲ ਹੱਡ ਭੰਨਵੀ ਮਿਹਨਤ ਕਰਨ ਵਾਲਾ ਪਰਿਵਾਰ ਸੀ। ਉਨਾਂ ਕੋਲ ਸਿਰਫ ਦੋ ਏਕੜ ਜ਼ਮੀਨ ਸੀ ਫਿਰ ਵੀ ਜਿਵੇਂ ਕਿਵੇ ਉਹ ਸਾਈਪਰਸ ਚਲੀ ਗਈ ਤੇ ਸਖ਼ਤ ਮਿਹਨਤ ਦੀ ਪ੍ਰੀਖਿਆ ਵਿੱਚੋਂ ਗੁਜ਼ਰਨ ਲੱਗੀ। ਪਰਿਵਾਰ ਨੇ ਗਰੀਬੀ ਦੇਖੀ ਸੀ ਪਰ ਉਸ ਦੀ ਮਿਹਨਤ ਸਿਰਫ ਪਰਿਵਾਰ ਨੂੰ ਚੰਗੇ ਦਿਨ ਦਿਖਾਉਣ ਲਈ ਆਸਵੰਦ ਸੀ। ਉਸ ਨੇ ਕੈਨੇਡਾ ਦੀ ਕਿਸੇ ਕੰਪਨੀ ਤੋਂ ਐਲ ਐਮ ਆਈ ਕਿਸੇ ਤਰਾਂ ਹਾਸਲ ਕੀਤੀ ਅਤੇ ਕਨੈਡਾ ਆ ਗਈ। ਕੈਨੇਡਾ ਵਿੱਚ ਸੋਲਾਂ ਸੋਲਾਂ ਘੰਟੇ ਕੰਮ ਕਰਕੇ ਐਲ ਐਮ ਆਈ ਵਾਲੇ ਬੌਸ ਦਾ ਕਰਜ਼ ਉਤਾਰਨ ਦੇ ਨਾਲ ਨਾਲ ਪੰਜਾਬ ਰਹਿੰਦੇ ਪਰਿਵਾਰ ਨੂੰ ਤਿੰਨ ਏਕੜ ਹੋਰ ਜ਼ਮੀਨ ਲੈ ਕੇ ਦਿੱਤੀ। ਆਲੀਸ਼ਾਨ ਮਕਾਨ ਦੀ ਉਸਾਰੀ ਵੀ ਕਰਵਾਈ ਆਪਣੇ ਦੋਵੇਂ ਭੈਣ ਭਰਾਵਾਂ ਨੂੰ



ਪੜ੍ਹਾਇਆ।ਉਸ ਦੇ ਪਿਤਾ ਨੇ ਗਰੀਬੀ ਵਿੱਚੋਂ ਨਿਕਲ ਕੇ ਸੁਖ ਦਾ ਸਾਹ ਲਿਆ ਸੀ ਪਰ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਪਿਛਲੇ ਦਿਨੀ ਉਸ ਦੇ ਪਿਤਾ ਨੂੰ ਕੈਂਸਰ ਜਿਹੀ ਨਾਮੁਰਾਦ ਬਿਮਾਰੀ ਨੇ ਘੇਰ ਲਿਆ ਕੁਝ ਦਿਨਾਂ ਵਿੱਚ ਹੀ ਉਹ ਧੀ ਨੂੰ ਮਿਲਣ ਦੀ ਆਸ ’ਚ ਦੁਨੀਆਂ ਤੋਂ ਚਲਿਆ ਗਿਆ।ਬੇਹੱਦ ਦੁਖੀ ਧੀ ਬੇਵੱਸੀ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ। ਅਜੇ ਉਹ ਪੀ ਆਰ ਦੇ ਇੰਤਜ਼ਾਰ ਵਿੱਚ ਹੈ। ਕਿਸੇ ਵਜਾ ਕਰਕੇ ਉਹ ਕੈਨੇਡਾ ਤੋਂ ਭਾਰਤ ਨਹੀਂ ਆ ਸਕਦੀ। ਉਹ ਆਪਣੇ ਪਿਤਾ ਦੇ ਅੰਤਿਮ ਦਰਸ਼ਨ ਵੀ ਨਹੀਂ ਕਰ ਸਕੀ ਤੇ ਅੰਤਮ ਰਸਮਾਂ ਵਿੱਚ ਸ਼ਾਮਲ ਹੋਣਾ ਵੀ ਬਦਕਿਸਮਤੀ ਨਾਲ ਸੰਭਵ ਨਹੀਂ। ਪਰਦੇਸ ਵਿੱਚ ਸਿਰਫ ਫ਼ੋਨ ਰਾਹੀ ਹੁੰਦੀ ਗੱਲ-ਬਾਤ ਦਾ ਹੀ ਉਸ ਨੂੰ ਦਿਲਾਸਾ ਹੈ। ਵੈਸੇ ਵੀ ਕੈਨੇਡਾ ਨੂੰ ਨਿਰਦਈ ਧਰਤੀ ਆਖਿਆ ਜਾਂਦਾ ਹੈ ਕਿਸੇ ਕੋਲ ਦੁੱਖ ਵੰਡਾ ਲੈਣ ਦਾ ਵਕਤ ਹੀ ਨਹੀ ਹੁੰਦਾ। ਪੂਰੇ ਪਰਿਵਾਰ ਲਈ ਘਾਲਣਾ ਘਾਲਦਿਆਂ ਉਸ ਦੀ ਉਮਰ ਵੀ ਤੀਹ ਤੋਂ ਉੱਪਰ ਹੋ ਗਈ ਹੈ ਆਪਣੇ ਬਾਰੇ ਕੁਝ ਸੋਚਣ ਦਾ ਕਦੇ ਵਕਤ ਹੀ ਨਹੀਂ ਮਿਲਿਆ।ਉਸ ਧੀ ਦੇ ਦਿਲ ਤੇ ਕੀ ਬੀਤਦੀ ਹੋਵੇਗੀ ਜਿਸ ਨੇ ਆਪਣੇ ਮਾਪਿਆਂ ਨੂੰ ਬੁੱਢੀ ਉਮਰੇ ਐਸ਼ ਕਰਾਉਣ ਦਾ ਸੁਪਨਾ ਸੰਜੋਇਆ ਸੀ। ਉਸ ਨੂੰ ਸਿਰਫ ਦਿਲਾਸਾ ਦਿੱਤਾ ਜਾ ਸਕਦਾ ਹੈ :-

ਜਵਾਨੀ ਵਾਲੇ ਵਰੇ ਤਾਂ ਵਿੱਚ ਸੰਘਰਸ਼ਾਂ ਰੁੜ ਜਾਂਦੇ,
ਐਸ਼ ਕਰਾਉਣ ਦੇ ਵੇਲੇ ਤਾਂ ਲੋਕੋ ਮਾਪੇ ਤੁਰ ਜਾਂਦੇ,
ਰੰਗ ਜਿੰਦਗੀ ਦੇ ਮੁੱਕ ਜਾਂਦੇ ਬਿਨ ਮਾਪਿਆਂ ਤੋਂ,
ਵਾਪਸ ਮੁੜਦੇ ਹੋਣ ਤਾਂ ਮੋੜਨ ਉਨਾਂ ਨੂੰ ਧੁਰ ਜਾਂਦੇ।

ਪੰਜਾਬ ਵਿੱਚੋਂ ਵਿਦੇਸ਼ ਜਾ ਕੇ ਸਖ਼ਤ ਮਿਹਨਤ ਕਰਨ ਵਾਲੀਆਂ ਧੀਆਂ ਦੀ ਜਿੰਦਗੀ ਦੇ ਬਹੁਤ ਸਾਰੀਆਂ ਘੜੀਆਂ ਤੇ ਪਲ ਇਸ ਨਾਲ ਮੇਲ ਖਾ ਜਾਣਗੇ। ਜੁਗ ਜੁਗ ਜਿਓਣ ਅਜਿਹੀਆਂ ਧੀਆਂ।

---

# ਝੱਲਾ ਮੁੜਕੇ ਹੀ ਨੀਂ ਆਇਆ (ਹੱਡਬੀਤੀ)



ਝੱਲਾ ਮੁੜਕੇ ਹੀ ਨੀਂ ਆਇਆ ‘ਜਦੋਂ ਆਖ਼ਰੀ ਵਾਰ ਮਿਲਣ ਦੀ ਇੱਛਾ ਲੈ ਕੇ ਵਿਦਾ ਹੋ ਰਹੀ ਬੇਬੇ ਨੇ ਇਹ ਬੋਲ ਆਖੇ ਹੋਣਗੇ ਤਾਂ ਇਕ ਵਾਰ ਦਿਲ ਚ ਤਾਂ ਰੱਬ ਦੇ ਵੀ ਜ਼ਰੂਰ ਜਵਾਰ-ਭਾਟਾ ਉੱਠਿਆ ਹੋਣਾ, ਮਨ ਹੀ ਮਨ ਸੋਚ ਉਸਦਾ ਗੱਚ ਭਰ ਆਇਆ, ‘ਵੀਰੇ ਆਖ਼ਰੀ ਵਾਰ ਕਦੋਂ ਮਿਲਿਆ ਸੀ ਬੇਬੇ ਨੂੰ’ ਜਦੋਂ ਇਹ ਉਸਦੇ ਦੋਸਤ ਨਾਲ ਦੁੱਖ ਵੰਡਾਉਣ ਆਏ ਮੁੰਡੇ ਨੇ ਆਖੇ ਤਾਂ ਉਸਦੇ ਅੱਖਾਂ ਪਿੱਛੇ ਹੰਝੂ ਰੋਕਣ ਲਈ ਬਣਾਇਆ ਸਬਰ ਦਾ ਬੰਨ ਸੁਨਾਮੀ ਲਹਿਰ ਦੇ ਆਉਣ ਵਾਂਗ ਟੁੱਟ ਗਿਆ ਤੇ ਉਸਨੂੰ ਲੱਗਿਆ ਜਿਵੇਂ ਅੱਜ ਇਹ ਹੰਝੂਆਂ ਦਾ ਲਾਵਾ ਸਭ ਕੁਝ ਤਬਾਹ ਕਰ ਦੇਵੇਗਾ, ਫਿਰ ਪਤਾ ਹੀ ਨਹੀਂ ਲੱਗਿਆ ਕਦੋਂ ਉਹ ਹੰਝੂਆਂ ਦੇ ਦਰਿਆ ਵਿਚ ਯਾਦਾਂ ਦੀ ਕਿਸ਼ਤੀ ਤੇ ਵਕਤ ਦੇ ਚੱਪੂ ਲੈ ਆਪਣੇ ਅਤੀਤ ’ਚ ਪਹੁੰਚ ਗਿਆ, ਜਦੋਂ ਉਹ ਕਾਲਜ ਤੋਂ ਡਿਗਰੀ ਲੈ ਕੇ ਨਿਕਲਿਆ ਤਾਂ ਤੋਪ ਵਰਗਾ ਬਾਪੂ, ਬੈਂਕ ਵਰਗੀ ਮਾਂ, ਭਰਾ ਭਰਜਾਈ ਅਤੇ ਦੋਵੇਂ ਵੱਡੀਆਂ ਭੈਣਾਂ ਸਮੇਤ ਆਪਣੇ ਬੱਚਿਆਂ ਘਰ ਉਡੀਕਦੇ ਮਿਲੇ ਕਿਉਂਕਿ ਉਹ ਆਪਣੇ ਭੈਣ ਭਰਾਵਾਂ ਵਿਚ ਸਭ ਤੋ ਛੋਟਾ ਹੋਣ ਕਰਕੇ ਅਜੇ ਵੀ ਦਸ ਬਾਰਾਂ ਸਾਲਾਂ ਦਾ ਪਿਆਰਾ ਬੱਚੇ ਵਾਂਗ ਹੀ ਸੀ ਉਨਾਂ ਲਈ ਤਾਂ ਹੀ ਤਾਂ ਬੇਬੇ ਤੇ ਭਰਜਾਈ ਉਹਦੇ ਪਾਉਣ ਲਈ ਹਰ ਵੇਲੇ ਸੂਟ ਪ੍ਰੈੱਸ ਕਰਕੇ ਤਿਆਰ ਰੱਖਦੀਆਂ ਸਨ। ਫਿਰ ਕਹਿਣ ਨੂੰ ਤਾਂ ਸਿਵਲ ਇੰਜੀਨੀਅਰ ਲੱਗਿਆ ਸੀ ਤੇ ਵਿਆਹ ਲਈ ਕੁੜੀ ਵੀ ਸਰਕਾਰੀ ਮਾਸਟਰਨੀ ਮਿਲਦੀ ਸੀ ਪਰ ਤਨਖਾਹ ਦੇ ਨਾਮ ਤੇ ਛੇ ਹਜ਼ਾਰ ਰੁਪਏ ਅਤੇ ਇਕ ਤੋਂ ਬਾਅਦ ਦੂਜੇ ਦੋਸਤ ਦੀ ਬਾਹਰ ਦੀ ਉਡਾਰੀ ਨੇ ਉਸਨੂੰ ਵੀ ਪ੍ਰਦੇਸ ਦੀ ਉਡਾਰੀ ਮਾਰਨ ਲਈ ਸੋਚਣ ਲਾ ਦਿੱਤਾ। ਬੱਸ ਇਸੇ ਤੜਫਣਾ ਦਾ ਫ਼ਾਇਦਾ ਉਠਾ ਇਕ ਏਜੰਟ ਨੇ ਸੰਨ 2000 ਵਿੱਚ ਕੈਨੇਡਾ ਭੇਜਣ ਦੇ ਪੈਸੇ ਲੈ ਕੇ ਪਰ ਪਹੁੰਚਾ ਇੰਗਲੈਂਡ ਦਿੱਤਾ, ਉਹ ਵੀ ਕਿਸੇ ਕੁੜੀ ਨਾਲ ਜਾਅਲੀ ਵਿਆਹ ਦਿਖਾਕੇ। ਸਭ ਤੋਂ ਪਹਿਲਾ ਕੰਮ ਉਸਨੂੰ ਉਸਦੇ ਪਿੰਡ ਕੋਲ ਦੇ ਮੁੰਡੇ ਨਾਲ ਮਿਲਾਇਆ ਜਿਹੜਾ ਕਿ ਮਿਸਤਰੀ ਸੀ ਪਰ ਇਹ ਕੰਮ ਮਹੀਨਾ ਕੁ ਹੀ ਚੱਲਿਆ ਕਿਉਂਕਿ ਉਹ ਸਿਵਲ ਇੰਜੀਨੀਅਰ ਹੋਣ ਕਰਕੇ ਮਿਣਤੀ ਫ਼ੀਤੇ ਨਾਲ ਕਰਨੀ ਜਾਣਦਾ ਸੀ ਤੇ ਉਹ ਮੁੰਡਾ ਗਿੱਠਾਂ ਪਾ ਕੇ। ਬੱਸ ਉੱਥੋਂ ਸ਼ੁਰੂ ਹੋਇਆ ਵਾ-ਵਰੋਲ਼ੇ ਵਿਚ ਫਸੇ ਪੱਤਿਆਂ ਵਾਂਗ ਸਫਰ ਤੇ ਸਭ ਤੋਂ ਪਹਿਲਾਂ ਇਕ ਪੰਜਾਬੀ ਮਾਂ ਬਾਪ ਵੱਲੋਂ ਪੌਂਡ ਲੈ ਕੇ ਆਪਣੀ ਕੁੜੀ ਨਾਲ ਪੇਪਰ ਮੈਰਿਜ ਦਾ ਵਾਅਦਾ ਪਰ ਅੰਬੈਸੀ ਪੇਪਰ ਲੱਗਣ ਤੋਂ ਪਹਿਲਾਂ ਹੀ ਕੁੜੀ ਕਿਸੇ ਪਾਕਿਸਤਾਨੀ ਨਾਲ ਭੱਜ ਗਈ, ਰਫ਼ਿਊਜੀ ਵੀਜ਼ਾ, ਦੋ ਗੋਰੀਆਂ ਵੱਲੋਂ ਵਿਆਹ ਲਈ ਹਾਂ ਪਰ ਉਸਦੇ ਵੱਲੋਂ ਬਾਬੇ ਨਾਨਕ ਦੇ ਦੁਆਰੇ ਲਾਵਾਂ ਲੈ ਕੇ ਕਦੇ ਨਾਂ ਛੱਡਣ ਦੇ ਫੈਸਲੇ ਤੋਂ ਦੋਵੇਂ ਗੋਰੀਆਂ ਕਿਨਾਰਾ ਕਰ ਗਈਆਂ। ਇਕ ਸਾਲ ਦੁਕਾਨ ’ਤੇ ਬਾਰਾਂ ਬਾਰਾਂ ਘੰਟੇ ਕੰਮ ਕੀਤਾ, ਬਿਨਾਂ ਕਿਸੇ ਦਿਨ ਛੁੱਟੀ ਤੋਂ, ਉਹ ਵੀ ਸਿਰਫ ਸੌ ਪੌਂਡ ਹਫ਼ਤਾ ਤੇ ਕਿਉਂਕਿ ਉਸਨੂੰ ਪੱਕਾ ਕਰਾਉਣ ਦੀਆਂ ਹੋਮਿਓਪੈਥੀ ਵਰਗੀਆਂ ਗੋਲੀਆਂ ਜੋ ਦਿੰਦੇ ਰਹਿੰਦੇ ਸੀ। ਇਹ ਰੁੱਤਾਂ ਵਰਗਾ ਅਟੁੱਟ ਚੱਕਰ ਤੇ ਜੋ ਉਹ ਕਮਾਉਂਦਾ ਖੂਹ ਦੀ ਮਿੱਟੀ ਖੂਹ ਵਾਂਗ ਆਲੇ ਦੁਆਲੇ ਮੰਡਰਾਉਦੀਆਂ ਗਿਰਝਾਂ ਵਰਗੇ ਲੋਕ ਨੋਚ ਕੇ ਲੈ ਜਾਂਦੇ ਤੇ ਜੋ ਕੁਝ ਬੱਚਦਾ ਉਹ ਪਿੱਛੇ ਭੇਜ ਦਿੰਦਾ। ਫਿਰ ਦੇਖਦੇ ਹੀ ਦੇਖਦੇ ਪਤਾ ਹੀ ਨਹੀਂ ਲੱਗਿਆ ਕਦੋਂ ਅੱਠ ਸਾਲ ਨਿਕਲ ਗਏ ਤੇ ਭਾਣਜੇ ਭਾਣਜੀਆਂ ਵੀ ਆਪਣੀਆਂ ਮਾਵਾਂ ਕੋਲ਼ੋਂ ਉਸਦੀਆਂ ਕਹਾਣੀਆਂ ਸੁਣਦੇ ਬਿਲਕੁਲ ਏਦਾਂ ਮੂੰਹ ਬਣਾਉਂਦੇ ਜਿਵੇਂ ਕਿਸੇ ਪਰੀਆਂ ਦੀ ਕਹਾਣੀ ਸੁਣ ਰਹੇ ਹੋਣ ਤੇ ਕਦੇ ਨਾਂ ਥੱਕਣ ਵਾਲੇ ਬੇਬੇ ਬਾਪੂ ਵੀ ਉਡੀਕਦੇ ਉਡੀਕਦੇ ਮੰਜੇ ਮੱਲ ਕੇ ਬੈਠ ਗਏ ਸਨ। ਬਜ਼ੁਰਗ ਕਹਿਦੇ ਹੁੰਦੇ ਕਿ ਜੇ ਨੀਅਤ ਸਿੱਧੀ ਹੋਵੇ ਤਾਂ ਰੱਬ ਵੀ ਨੇੜਿਓਂ ਹੋ ਕੇ ਸੁਣਦਾ ਤੇ ਉਸਦੀ ਵੀ ਸੁਣੀ ਗਈ ਜਦੋਂ ਉਸਦੀ ਰੂਹ ਦੀ ਸਾਥਣ ਨੇ 2007 ਵਿੱਚ ਉਸ ਨਾਲ ਉਸਦੀ ਫੋਟੋ ਤੇ ਹੀ ਵਿਆਹ ਕਰਵਾਉਣ ਲਈ ਹਾਮੀ ਭਰ ਦਿੱਤੀ। ਲੋਕਾਂ ਦੀਆਂ ਗੱਲਾਂ ਦੀ ਪ੍ਰਵਾਹ ਕੀਤੇ ਬਿਨਾਂ ਅਤੇ ਉਸਦੇ ਇੰਗਲੈਂਡ ਆਲੇ ਦੋਸਤ ਨੇ ਇਕ ਵਾਰੀ ਟੂਰਿਸਟ ਵੀਜ਼ੇ ਬੇਬੇ ਬਾਪੂ ਨੂੰ ਕੁਝ ਦਿਨਾਂ ਲਈ ਇੰਗਲੈਂਡ ਉਸ ਕੋਲ ਬੁਲਾ ਲਿਆ ਤੇ ਬੱਸ ਉਦੋਂ ਹੀ ਉਹ ਬੇਬੇ ਨੂੰ ਘੁੱਟ ਕੇ ਆਖ਼ਰੀ ਜੱਫੀ ਪਾ ਸਕਿਆ ਅਤੇ ਉਦੋਂ ਹੀ ਬੇਬੇ ਕਹਿ ਗਈ ਸੀ ਬਈ ਮੇਰੇ ਪੋਤੇ ਦਾ ਨਾਮ....ਰੱਖਿਓ ਬੱਸ ਦੇਖਣ ਦੀ ਇੱਛਾ ਤਾਂ ਉਹ ਦਿਲ ਵਿਚ ਲੈ ਕੇ ਚਲੀ ਗਈ। ਉਸਦੀ ਬਰਾਤ ਤਾਂ ਚੜੀ ਪਰ ਉਸਦੀ ਫੋਟੋ ਨਾਲ ਤੇ ਉਦੋਂ ਜਿਹੜੀ ਪੀੜ ਉਸਨੇ ਆਪਣੇ ਪਿੰਡੇ ਤੇ ਹੰਢਾਈ ਉਹ ਜ਼ਖ਼ਮ ਭਾਵੇਂ ਭਰ ਗਿਆ ਉਸਦੀ ਸਾਥਣ ਦਾ ਵਲੈਤ ਉਸ

**ਕਲਮਾਂ ਦੇ ਜਜ਼ਬਾਤ**

ਕੋਲ ਟੂਰਿਸਟ ਵੀਜ਼ੇ ਤੇ ਪਹੁੰਚਣ ਨਾਲ, ਪਰ ਰੂਹ ਤੇ ਬਣਿਆ ਨਿਸ਼ਾਨ ਕਦੇ ਵੀ ਨਹੀਂ ਗਿਆ, ਸ਼ਾਇਦ ਤਾਂ ਹੀ ਇੰਗਲੈਂਡ ਵਿਚ ਬਿਨਾਂ ਪੇਪਰਾਂ ਵਾਲਿਆਂ ਨੂੰ ‘ਫ਼ੌਜੀ’ ਕਹਿੰਦੇ ਹਨ ਕਿਉਂਕਿ ਪੁਰਾਣੇ ਜ਼ਮਾਨੇ ਵਿਚ ਲੜਾਈਆਂ ’ਚ ਫ਼ੌਜੀਆਂ ਦਾ ਵੀ ਕਿਹੜਾ ਕੋਈ ਥਹੁ ਪਤਾ ਹੁੰਦਾ ਸੀ ਤੇ ਕਈ ਤਾਂ ਆਪਣੇ ਵਿਆਹ ਤੇ ਵੀ ਨਹੀਂ ਸੀ ਪਹੁੰਚਦੇ ਹੁੰਦੇ ਤਾਂ ਫਿਰ ਵਿਆਹ ਪੱਗ ਜਾਂ ਫੋਟੋ ਨਾਲ ਹੀ ਹੁੰਦਾ ਸੀ ਤੇ ਉਸਦਾ ਵਿਆਹ ਵੀ ਤਾਂ ਫੋਟੋ ਤੇ ਹੀ ਹੋਇਆ ਸੀ। ਪਰ ਉਸਦੇ ਯਾਰਾਂ ਨੇ ਯਾਰੀ ਪੂਰੀ ਨਿਭਾਈ, ਇਕ ਨੇ ਬਰਾਤ ਵੇਲੇ ਠਾਹ ਠੂਹ ਕਰਕੇ ਤੇ ਦੂਜੇ ਨੇ ਦਾਰੂ ਵਿਚ ਟੁੰਨ ਹੋ ਕੇ ਪੂਰਾ ਧੂਤਕੜਾ ਪਾ ਕੇ। ਹਰ ਵਾਰ ਫ਼ੋਨ ’ਤੇ ਗੱਲ ਕਰਦਿਆਂ ਬੇਬੇ ਨੇ ਬੱਸ ਇਹੀ ਕਹਿਣਾ ‘ਪੁੱਤ ਆਪਣੀ ਵੀ ਰੱਬ ਸੁਣੇਗਾ ਕਦੇ, ਅਸੀਂ ਠੀਕ ਹਾਂ ਤੂੰ ਆਪਣਾ ਧਿਆਨ ਰੱਖਿਆ ਕਰ’ ਤੇ ਬਾਪੂ ਆਪਣੀ ਉਦਾਸੀ ਸਿਰਹਾਣੇ ਥੱਲ ਰੱਖ ‘ਏਥੇ ਠੰਡ/ ਗਰਮੀ ਬਹੁਤ ਤਾਂ ਤੇਰੇ ਏਥੇ ਕਿਵੇਂ ਆ ? ਆਪਣਾ ਧਿਆਨ ਰੱਖਿਆ ਕਰ, ਹੋਰ ਸੁਣਾ, ਹੋਰ ਸੁਣਾ...........’। ਉਸਨੂੰ ਹੁਣ ਇਕ ਦੁੱਖ ਤਾਂ ਇਹ ਸੀ ਕਿ ਬੇਬੇ ਬਾਪੂ ਦੀ ਕੋਲ ਰਹਿ ਕੇ ਸੇਵਾ ਨਾ ਕਰ ਸਕਿਆ ਤੇ ਦੂਜਾ ਜਾਨ ਤੋਂ ਪਿਆਰੇ ਵਾਲ ਕਟਾਉਣੇ ਪੈ ਗਏ ਸੀ ਵਲੈਤ ਦੇ ਚੁਰਾਸੀ ਦੇ ਚੱਕਰਾਂ ਵਿਚ ਫਸ ਕੇ। ਕੱਲ ਅੱਧੀ ਰਾਤ ਉਸਦੀ ਵੱਡੀ ਭੈਣ ਦਾ ਫ਼ੋਨ ਆਇਆ ਤਾਂ ਦਿਲ ਵਿਚ ਪੈਂਦੇ ਹੌਲ ਕਹਿ ਰਹੇ ਸੀ ਕਿ ਸਭ ਕੁਝ ਠੀਕ ਨਹੀਂ ਪਰ ਡਰਦੇ ਡਰਦੇ ਨੇ ਫ਼ੋਨ ਚੁੱਕਿਆ ਤਾਂ ਉਸਦੀ ਸਿਸਕਦੀ ਹੋਈ ਦੀ ਅਵਾਜ਼ ਆਈ ‘ਵੀਰੇ ਰੱਬ ਨੇ ਨੀਂ ਆਪਣੀ ਸੁਣੀ, ਬੇਬੇ ਚੱਲੀ ਗਈ ਤੈਨੂੰ ਬਿਨਾ ਮਿਲੇ ਹੀ, ਰੱਬ ਨੂੰ ਰੋਜ ਹੀ ਦੁਆਵਾਂ ਕਰਦੀ ਸੀ ਕਿ ਰੱਬਾ ਮੇਰੇ ਝੱਲੇ ਦਾ ਧਿਆਨ ਰੱਖੀ’ ਤੇ ਝੱਲਾ ਮੁੜਕੇ ਹੀ ਨੀ ਆਇਆ, ਯਾਦ ਕਰ ਉਸਦੀ ਲੇਰ ਨਿਕਲ ਗਈ ਤਾਂ ਉਸਦੀ ਜੀਵਨ ਸਾਥਣ ਨੇ ਉਸਨੂੰ ਘੁੱਟ ਕੇ ਜੱਫੀ ਪਾ ਲਈ, ਉਸਦਾ ਆਪ ਮੁਹਾਰੇ ਹੀ ਮੂੰਹ ਉੱਪਰ ਨੀਲੀ ਛੱਤਰੀ ਆਲੇ ਵੱਲ ਚਲਾ ਗਿਆ ਤੇ ਦਿਲ ’ਚੋਂ ਰੁੱਗ ਭਰਦੀ ਚੀਸ ਨਾਲ ਅਵਾਜ਼ ਨਿਕਲੀ ‘ਬੇਬੇ ਮੁਆਫ਼ ਕਰੀ ਤੇਰਾ ਝੱਲਾ ਮੁੜਕੇ ਨੀ ਆਇਆ’।

ਜਿਵੇਂ ਕਹਿੰਦੇ ਹਨ ਕਿ ਕਈ ਵਾਰ ਜ਼ਿੰਦਗੀ ’ਚ ‘ਜਦੋਂ ਖਿਡਾਰੀ ਹੁੰਦਾ ਉਦੋਂ ਖੇਡ ਨਹੀਂ ਹੁੰਦੀ ਤੇ ਜਦੋਂ ਖੇਡ ਹੁੰਦੀ ਉਦੋਂ ਖਿਡਾਰੀ ਨਹੀਂ ਹੁੰਦਾ’ ਬਿਲਕੁਲ ਉਵੇਂ ਹੀ ਜਦੋਂ ਉਸ ਕੋਲ ਵੀਜ਼ਾ ਨਹੀਂ ਸੀ ਤਾ ਬੇਬੇ ਬਾਪੂ ਉਡੀਕਦੇ ਸੀ ਤੇ ਜਦੋਂ ਵੀਜ਼ਾ ਮਿਲਿਆ ਉਦੋਂ ਬੇਬੇ ਬਾਪੂ ਕਿਤੇ ਗੁਆਚ ਗਏ ਬੇਸ਼ਕ ਬੇਬੇ ਜਾਣ ਤੋ ਬਾਦ ਬਾਪੂ ਕੁਝ ਮਹੀਨੇ ਲਈ ਫਿਰ ਇੰਗਲੈਂਡ ਆਪਣੇ ਵੱਡੇ ਪੋਤੇ ਲਈ ਜ਼ਿੰਦਗੀ ਭਰ ਲਈ ਆਪਣੀਆਂ ਯਾਦਾਂ ਛੱਡ ਗਿਆ ਸੀ। ਅੱਜ ਏਨੇ ਸਾਲਾਂ ਬਾਅਦ ਵੀ ਬੇਬੇ ਦਾ ਵਿਛੋੜਾ ਮਨ ਦੀ ਸਲੇਟ ਤੋਂ ਫਿੱਕਾ ਨਹੀਂ ਪਿਆ, ਉਹ ਭਾਵੇਂ ਪੱਕਾ ਵਲੈਤੀਆ ਬਣ ਗਿਆ ਪਰ ਮਨ ਵਿਚ ਉਹਦੇ ਸਦਾ ਹੀ ਚੀਸ ਉੱਠਦੀ ਰਹੂ ਕਿ ‘ਝੱਲਾ ਮੁੜਕੇ ਹੀ ਨੀਂ ਆਇਆ।’




## ਪਾਠਕਾਂ ਦਾ ਨਜ਼ਰੀਆ

### ਪਿਛਲੇ 75 ਸਾਲਾਂ ਵਿਚ ਪੰਜਾਬ ਦਾ ਕਬਾੜ ਕਰਨ ਵਾਲੇ ਕੌਣ

ਪਿਛਲੇ 75 ਸਾਲਾਂ ਵਿਚ ਪੰਜਾਬ ਦਾ ਕਬਾੜ ਐਵੇਂ ਨਹੀਂ ਹੋ ਗਿਆ। ਇਸ ਪਿਛੇ ਹਿੰਦੂਤਵਾ ਸਿਆਸਤ ਨੇ ਬਹੁਤ ਵੱਡੀ ਗੇਮ ਖੇਡੀ ਹੈ।

ਇਕ ਪਾਸੇ ਪੰਜਾਬ ਦੇ ਪਾਣੀ ਜਿਹੇ ਅੱਤ ਕੀਮਤੀ ਰਿਸੋਰਸ ਦਾ 75 ਫੀਸਦੀ ਦਿੱਲੀ ਹਜ਼ਮ ਕਰ ਗਈ ਤੇ ਦੂਜੇ ਪਾਸੇ ਦਿੱਲੀ ਦੇ ਮੋਟੇ ਚੂਹੇ ਪੰਜਾਬ ਜਿਹੇ ਵਿਕਸਤ ਸੂਬੇ ਨੂੰ ਲਗਾਤਾਰ ਕੁਤਰਨ ਲੱਗੇ ਹੋਏ ਹਨ। ਵਿਧਾਨ ਦੇ ਹੁਕਮ ਅਧੀਨ ਵਿੱਤ ਕਮਿਸ਼ਨ ਨਾਂ ਦਾ ਇਕ ਕਾਨੂੰਨੀ ਅਦਾਰਾ ਹਰ ਪੰਜ ਸਾਲਾਂ ਪਿਛੋਂ ਬਣਦਾ ਹੈ। ਇਹ ਸੈਂਟਰ ਅਤੇ ਸੂਬਿਆਂ ਵਿਚਕਾਰ ਟੈਕਸਾਂ ਦੀ ਵੰਡ ਦਾ ਫੈਸਲਾ ਸੁਣਾਉਂਦਾ ਹੈ। ਚਲੰਤ ਪੰਜ ਸਾਲਾਂ ਲਈ ਇਸ ਕਮਿਸ਼ਨ ਦਾ ਹੁਕਮ ਹੈ ਕਿ ਇਕੱਤਰ ਹੁੰਦੇ ਟੈਕਸਾਂ ਵਿਚੋਂ 42 ਫੀਸਦੀ ਸੂਬਿਆਂ ਦੇ ਸਪੁਰਦ ਕੀਤਾ ਜਾਵੇ। ਕੇਂਦਰੀ ਸਰਕਾਰ ਚਲਾਕੀ ਭਰੇ ਢੰਗਾਂ ਨਾਲ ਵੰਡਣਯੋਗ ਰਾਸ਼ੀ ਨੂੰ ਘਟਾ ਕੇ 29 ਫੀਸਦੀ 'ਤੇ ਲੈ ਆਈ ਹੈ। ਯਾਨੀ ਕੇਂਦਰ ਪੰਜਾਬ ਸਮੇਤ ਅਗਾਂਹਵਧੂ ਸਟੇਟਾਂ ਦਾ 13 ਫੀਸਦੀ ਹਿੱਸਾ ਖਾ ਗਿਆ।

ਕਮਅਕਲੀ ਕਾਰਨ ਪੰਜਾਬੀਆਂ ਨੇ ਅਪਣੇ ਪੱਲੇ ਲਗਾਤਾਰ ਭ੍ਰਿਸ਼ਟ, ਘਾਊਘੱਪ ਅਤੇ ਨਿਕੰਮੀਆਂ ਲੀਡਰਸ਼ਿਪਾਂ ਸਹੇੜ ਰੱਖੀਆਂ ਹਨ। ਆਪਣੇ ਹੱਕਾਂ ਲਈ ਡਟ ਕੇ ਬੋਲਣਾ ਤਾਂ ਦੂਰ ਦੀ ਗੱਲ ਹੈ, ਇਹ ਪਰਧਾਨ ਮੰਤਰੀਆਂ ਅੱਗੇ ਖੰਘ ਵੀ ਨਹੀਂ ਸਕਦੀਆਂ। ਇਸ ਦਾ ਸਮੁਚ ਵਿਚ ਉਹ ਨਤੀਜਾ ਨਿਕਲਿਆ ਹੈ ਜੋ ਅੱਜ ਹਰ ਕਿਸੇ ਦੇ ਸਾਹਮਣੇ ਹੈ : ਸਟੇਟ ਸਿਰ 2.75 ਲੱਖ ਕਰੋੜ ਰੁਪੈ ਦਾ ਕਰਜ਼ਾ, ਲੱਖ ਕਰੋੜ ਵਿਅਕਤੀਗਤ ਕਿਸਾਨਾਂ ਮਜ਼ਦੂਰਾਂ ਉਪਰ ਕਰਜ਼ਿਆਂ ਦਾ ਬੋਝ ਵੱਖਰਾ, ਵਿਸਤਰਤ ਬੇਰੁਜ਼ਗਾਰੀ, ਹਰ ਪਾਸੇ ਲੁੱਟ ਦਾ ਬਾਜ਼ਾਰ ਸਰਗਰਮ, ਸਰਕਾਰੀ ਸੇਵਾਵਾਂ ਦਾ ਕਬਾੜ । ਉਪਰੋਂ ਇਸ ਨਵੇਂ ਮੁਫਤਖੋਰੀਵਾਲ ਦੀਆਂ ਤਬਾਹਕੁਨ ਹਰਕਤਾਂ : ਇਕ ਇੰਚ ਜਿੰਨੇ ਕੰਮ ਉਪਰ ਮੀਲ ਲੰਮਾ ਪਰਚਾਰ ਖਰਚਾ।ਰਿਆਸਤੀ ਜਬਰ, ਨਸ਼ਿਆਂ ਦੀ ਭਰਮਾਰ, ਧਾਰਮਕ, ਮਨੁੱਖੀ ਆਜ਼ਾਦੀਆਂ ਦਾ ਖਿਲਵਾੜ, ਨਿਆਇਕ ਭ੍ਰਿਸ਼ਟਾਚਾਰ, ਦੁਰਪ੍ਰਬੰਧ ਵਾਧੂ। ਇਸ ਪਰਬੰਧ ਨੂੰ ਹੋਰ ਕੁਝ ਨਹੀਂ, ਲੱਖ ਲਾਹਣਤ ਹੀ ਕਹਿਣਾ ਬਣਦਾ ਹੈ। ਪੌਣੀ ਸਦੀ ਦੇ ਇਸ ਘਿਨਾਉਣੇ ਦ੍ਰਿਸ਼ ਦੇ ਪਿਛੋਕੜ ਵਿਚ ਹੁਣ ਰਾਸ਼ਟਰੀ ਝੰਡੇ ਨੂੰ ਲੋਕਾਂ ਦੇ ਸੰਘੋਂ ਲੰਘਾਉਣ ਦੀ ਕਵਾਇਦ ਚਲਾਈ ਜਾ ਰਹੀ ਹੈ।

**ਸ. ਸੁਖਦੇਵ ਸਿੰਘ ਸੀਨੀਅਰ ਪੱਤਰਕਾਰ**

### ਵਿਆਹਾਂ 'ਤੇ ਬੇਲੋੜੇ ਖ਼ਰਚੇ ਬਨਾਮ ਕਰਜ਼ਾਈ ਕਿਸਾਨ

ਕੋਈ ਵੀ ਅਜਿਹਾ ਦਿਨ ਨਹੀਂ ਹੁੰਦਾ ਜਦੋਂ ਅਖ਼ਬਾਰਾਂ ਵਿਚ ਕਿਸੇ ਕਿਸਾਨ ਵੱਲੋਂ ਖ਼ੁਦਕੁਸ਼ੀ ਕਰਨ ਦੀ ਖ਼ਬਰ ਨਾ ਛਪੀ ਹੁੰਦੀ ਹੋਵੇ। ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਦਾ ਕਾਰਨ ਜਿੱਥੇ ਸਾਡੀਆਂ ਮੌਜੂਦਾ ਸਰਕਾਰਾਂ ਹਨ, ਉੱਥੇ ਹੀ ਕਿਸਾਨ ਭਰਾ ਵੀ ਜ਼ਿੰਮੇਵਾਰ ਹਨ ਕਿਉਂਕਿ ਉਹ ਆਪਣੇ ਸ਼ਰੀਕੇ ਤੋਂ ਵਾਹ-ਵਾਹ ਖੱਟਣ ਲਈ ਵਿਆਹਾਂ 'ਤੇ ਬੇਲੋੜੇ ਖ਼ਰਚੇ ਕਰ ਰਹੇ ਹਨ। ਬਹੁਤੇ ਕਿਸਾਨ ਤਾਂ ਵਿਆਜੂ ਪੈਸੇ ਚੁੱਕ ਕੇ ਆਪਣੇ ਧੀਆਂ-ਪੁੱਤਾਂ ਦਾ ਵਿਆਹ ਕਰਦੇ ਹਨ। ਬਾਅਦ ਵਿਚ ਉਸ ਪੈਸੇ ਦਾ ਵਿਆਜ ਇੰਨਾ ਵਧ ਜਾਂਦਾ ਹੈ ਕਿ ਕਿਸਾਨ ਉਹ ਪੈਸੇ ਵਾਪਸ ਨਹੀਂ ਕਰ ਸਕਦਾ ਤੇ ਆਖ਼ਰ ਉਸ ਨੂੰ ਆਪਣੀ ਜ਼ਮੀਨ ਵੇਚ ਕੇ ਕਰਜ਼ਾ ਲਾਹੁਣਾ ਪੈਂਦਾ ਹੈ। ਕਰਜ਼ੇ ਤੋਂ ਬਚਣ ਲਈ ਸਾਡੇ ਲੋਕਾਂ ਨੂੰ ਫ਼ਜ਼ੂਲ ਦੇ ਖ਼ਰਚਿਆਂ ਤੋਂ ਬਚਣਾ ਚਾਹੀਦਾ ਹੈ। ਕਿਸੇ ਗੁਆਂਢੀ ਦੀ ਰੀਸ ਕਰਨ ਦੇ ਚੱਕਰ ਵਿਚ ਕਰਜ਼ਾਈ ਨਹੀਂ ਹੋਣਾ ਚਾਹੀਦਾ। ਜੇ ਕਿਸਾਨ ਸਿਰ ਵਿਆਜੂ ਪੈਸਾ ਇਕ ਵਾਰ ਚੜ੍ਹ ਜਾਵੇ ਤਾਂ ਫਿਰ ਉਹ ਪੈਸਾ ਉਤਾਰ ਨਹੀਂ ਸਕਦਾ ਤੇ ਅੰਤ ਵਿਚ ਉਸ ਨੂੰ ਆਪਣੀ ਜ਼ਮੀਨ-ਜਾਇਦਾਦ ਵੇਚ ਕੇ ਹੀ ਆਪਣੇ ਸਿਰ ਚੜ੍ਹੇ ਕਰਜ਼ੇ ਨੂੰ ਲਾਹੁਣਾ ਪੈਂਦਾ ਹੈ। ਅਕਲਮੰਦੀ ਇਸੇ ਗੱਲ ਵਿਚ ਹੈ ਕਿ ਪਹਿਲਾਂ ਤਾਂ ਕਰਜ਼ਾ ਚੁੱਕੋ ਹੀ ਨਾ, ਜੇ ਲੈਣਾ ਬੇਹੱਦ ਜ਼ਰੂਰੀ ਹੋਵੇ ਤਾਂ ਓਨਾ ਹੀ ਕਰਜ਼ਾ ਲਓ ਜਿੰਨਾ ਕੁ ਸੌਖੇ ਤਰੀਕੇ ਨਾਲ ਲਾਹਿਆ ਜਾ ਸਕੇ। ਕਿਸਾਨ ਆਪਣੀ ਆਮਦਨ ਤੋਂ ਵੱਧ ਕਰਜ਼ਾ ਕਦੇ ਵੀ ਨਾ ਚੁੱਕਣ। ਉਨ੍ਹਾਂ ਨੂੰ ਵਿਆਹਾਂ ਵਿਚ ਬੇਲੋੜੇ ਖ਼ਰਚੇ ਨਹੀਂ ਕਰਨੇ ਚਾਹੀਦੇ। ਗੁਜ਼ਰੇ ਜ਼ਮਾਨੇ ਵਿਚ ਲੋਕ ਆਪਣੇ ਧੀਆਂ-ਪੁੱਤਾਂ ਦੇ ਵਿਆਹ ਬੜੇ ਸਾਦੇ ਢੰਗ ਨਾਲ ਕਰਦੇ ਸਨ ਅਤੇ ਉਦੋਂ ਲੋਕ ਬਹੁਤ ਸੌਖੇ ਵੀ ਰਹਿੰਦੇ ਸਨ। ਕਿਸਾਨ ਹੁਣ ਵਾਂਗ ਕਰਜ਼ਾਈ ਨਹੀਂ ਸਨ। ਹੁਣ ਤਾਂ ਬਹੁਤ ਘੱਟ ਕਿਸਾਨ ਹਨ ਜੋ ਆਪਣੇ ਧੀਆਂ-ਪੁੱਤਾਂ ਦੇ ਵਿਆਹ ਸਾਦੇ ਢੰਗ ਨਾਲ ਕਰਦੇ ਹਨ। ਜ਼ਿਆਦਾਤਰ ਕਿਸਾਨ ਆਪਣੇ ਧੀਆਂ-ਪੁੱਤਾਂ ਦੇ ਵਿਆਹ ਆਪਣੀ ਟੌਹਰ ਵਿਖਾਉਣ ਲਈ ਮੈਰਿਜ ਪੈਲੇਸਾਂ ਵਿਚ ਕਰਦੇ ਹਨ ਜਿੱਥੋਂ ਦਾ ਕਿਰਾਇਆ ਇਕ ਦਿਨ ਲਈ ਹਜ਼ਾਰਾਂ ਤੋਂ ਲੈ ਕੇ ਲੱਖਾਂ ਰੁਪਏ ਤਕ ਹੁੰਦਾ ਹੈ। ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਦਾ ਦੂਜਾ ਕਾਰਨ ਇਹ ਹੈ ਕਿ ਉਹ ਹੁਣ ਹੱਥੀਂ ਕੰਮ ਕਰ ਕੇ ਬਿਲਕੁਲ ਖ਼ੁਸ਼ ਨਹੀਂ। ਉਹ ਹਰੇਕ ਕੰਮ ਮਸ਼ੀਨਰੀ ਤੇ ਮਜ਼ਦੂਰਾਂ ਤੋਂ ਹੀ ਚਾਹੁੰਦੇ ਹਨ। ਹੁਣ ਕਿਸਾਨ ਖੇਤ ਦਾ ਗੇੜਾ ਮਾਰਨ ਲਈ ਤੁਰ ਕੇ ਜਾਣ ਦੀ ਥਾਂ ਮੋਟਰਸਾਈਕਲ 'ਤੇ ਜਾਂਦੇ ਹਨ। ਅੱਜ-ਕੱਲ ਮਹਿੰਗਾਈ ਬਹੁਤ ਜ਼ਿਆਦਾ ਵਧ ਗਈ ਹੈ। ਲੋਕਾਂ ਨੂੰ ਬੇਲੋੜੇ ਖ਼ਰਚਿਆਂ ਨੂੰ ਨੱਥ ਪਾਉਣੀ ਚਾਹੀਦੀ ਹੈ ਅਤੇ ਵਿਆਹਾਂ 'ਤੇ ਪੈਸਾ ਪਾਣੀ ਵਾਂਗ ਵਹਾਉਣਾ ਬੰਦ ਕਰਨਾ ਚਾਹੀਦਾ ਹੈ। ਮੈਂ ਵਿਦੇਸ਼ 'ਚ ਰਹਿੰਦਾ ਹਾਂ। ਇੱਥੋਂ ਦੇ ਲੋਕ ਸਾਡੇ ਲੋਕਾਂ ਵਾਂਗ ਵਿਆਹਾਂ 'ਤੇ ਬਿਲਕੁਲ ਵੀ ਜ਼ਿਆਦਾ ਖ਼ਰਚਾ ਨਹੀਂ ਕਰਦੇ। ਦੂਜੇ ਪਾਸੇ ਸਾਡੇ ਲੋਕਾਂ ਦੀ ਸਖ਼ਤ ਮਿਹਨਤ ਨਾਲ ਕੀਤੀ ਗਈ ਕਮਾਈ ਦਾ ਵੱਡਾ ਹਿੱਸਾ ਵਿਆਹਾਂ ਦੇ ਲੇਖੇ ਲੱਗ ਜਾਂਦਾ ਹੈ। ਜਿਨ੍ਹਾਂ ਕੋਲ ਵਿਆਹਾਂ 'ਤੇ ਖ਼ਰਚਣ ਲਈ ਪੈਸੇ ਨਹੀਂ ਹੁੰਦੇ, ਉਹ ਕਰਜ਼ਾ ਚੁੱਕ ਕੇ ਆਪਣੀ ਫੋਕੀ ਵਾਹ-ਵਾਹ ਕਰਵਾਉਂਦੇ ਹਨ।

**ਸੁਖਦੇਵ ਸਿੱਧੂ ਕੁਸਲਾ**
**00447709875751**

### ਨੌਜਵਾਨ ਕਿਉਂ ਨਾ ਵਿਦੇਸ਼ੀਂ ਜਾਣ

ਪੰਜਾਬ ਵਿੱਚ ਖਾਸ ਕਰਕੇ ਤੇ ਉਂਝ ਸਾਰੇ ਦੇਸ਼ ਵਿੱਚੋਂ ਹੀ ਨੌਜਵਾਨ ਵਿਦੇਸ਼ਾਂ ਦਾ ਰੁਖ਼ ਕਰ ਰਹੇ ਹਨ। ਸਾਡੇ ਗਲੀਆਂ-ਮੁਹੱਲਿਆਂ ਵਿੱਚ ਬਜ਼ੁਰਗ ਬੈਠੇ ਹਨ, ਬੱਚੇ ਵਿਦੇਸ਼ੀਂ ਤੁਰ ਗਏ ਹਨ ਜਾਂ ਜਾ ਰਹੇ ਹਨ। ਇਸ ਵਹਾਅ ਵਿੱਚ ਵਹਿ ਮੇਰਾ ਛੋਟਾ ਬੇਟਾ ਵੀ ਜਰਮਨੀ ਜਾ ਬੈਠਾ। ਪਿਛਲੇ ਦਿਨੀਂ ਉਹਦੇ ਜਰਮਨ ਵਾਲੇ ਸ਼ਹਿਰ ਐਰਫਰਟ ਜਾਣ ਦਾ ਮੌਕਾ ਮਿਲਿਆ। ਦਿੱਲੀਓਂ ਸਿੱਧਾ ਜਹਾਜ਼ ਫਰੈਂਕਫਰਟ ਪੁੱਜਾ, ਜਿਥੋਂ ਐਰਫਰਟ ਤੱਕ ਰੇਲ ਗੱਡੀ ਦਾ ਢਾਈ ਘੰਟੇ ਦਾ ਸਫ਼ਰ ਸੀ। ਨੌਂ ਵਜੇ ਰਾਤ ਅਖੀਰਲੀ ਟਰੇਨ ਸੀ ਐਰਫਰਟ ਲਈ, ਜੋ ਅਚਾਨਕ ਰੱਦ ਹੋ ਗਈ। ਸਟੇਸ਼ਨ 'ਤੇ ਸਵਾਰੀਆਂ ਵਿੱਚ ਚਿੰਤਾ ਦਾ ਮਾਹੌਲ ਸੀ। ਉਸ ਤੋਂ ਬਾਅਦ ਰਾਤ ਢਾਈ ਵਜੇ ਐਰਫਰਟ ਲਈ ਰੇਲ ਸੀ। ਸਵਾਰੀਆਂ ਸਟੇਸ਼ਨ ਦੇ ਦਫ਼ਤਰ ਵੱਲ ਭੱਜੀਆਂ, ਜਿਥੋਂ ਸੁਨੇਹਾ ਮਿਲਿਆ ਕਿ ਰੇਲ ਫੜ ਕੇ ਮੇਨ ਸਟੇਸ਼ਨ ਫਰੈਂਕਫਰਟ ਜਾਓ। ਉਹ ਅੱਗੇ ਪਹੁੰਚਾਉਣ ਦਾ ਪ੍ਰਬੰਧ ਕਰਨਗੇ।

ਫਟਾਫਟ ਰੇਲ ਫੜ ਕੇ ਮੇਨ ਸਟੇਸ਼ਨ ਪੁੱਜੇ। ਉੱਥੇ ਇੱਕ ਰੇਲ ਖੜੀ ਸੀ, ਜਿਸ ਨੇ ਸਵਾਰੀਆਂ ਇਕੱਠੀਆਂ ਕਰ ਐਰਫਰਟ ਜਾਣਾ ਸੀ। ਰੇਲ ਦੇ ਗੇਟ 'ਤੇ ਇੱਕ ਮੁਲਾਜ਼ਮ ਔਰਤ ਸਭ ਦੀ ਬੁਕਿੰਗ ਚੈੱਕ ਕਰ ਰਹੀ ਸੀ ਤੇ ਯਾਤਰਆਂ ਨੂੰ ਜੀ ਆਇਆਂ ਕਹਿ ਰਹੀ ਸੀ। ਸਭ ਦੀ ਲਿਸਟ ਬਣਾਈ ਤੇ ਉਹ ਰੇਲ ਵਿੱਚ ਆ ਕੇ ਇਕੱਲੇ-ਇਕੱਲੇ ਸਵਾਰ ਨੂੰ ਐਰਫਰਟ ਤੋਂ ਉਨਾਂ ਦੇ ਪਹੁੰਚ ਸਟੇਸ਼ਨ ਤੱਕ ਕੀ ਪ੍ਰਬੰਧ ਹੈ, ਦੱਸ ਰਹੀ ਸੀ, ਨਾਲ ਹੀ ਟਰੇਨ ਕੈਂਸਲ ਹੋਣ 'ਤੇ ਹੋਈ ਪ੍ਰੇਸ਼ਾਨੀ ਲਈ ਮੁਆਫ਼ੀ ਮੰਗ ਰਹੀ ਸੀ। ਉਸ ਤੋਂ ਬਾਅਦ ਗਾਜਰ ਦੇ ਜੂਸ ਵਰਗਾ ਕੁਝ ਪੀਣ ਲਈ ਯਾਤਰੀਆਂ ਨੂੰ ਦਿੱਤਾ ਗਿਆ। ਭਾਸ਼ਾ ਦੀ ਸਮੱਸਿਆ ਕਰਕੇ ਮੈਨੂੰ ਕੁਝ ਸਮਝ ਨਹੀਂ ਸੀ ਆ ਰਿਹਾ।

ਇਸ ਦੌਰਾਨ ਮੇਰੇ ਜ਼ਿਹਨ ਵਿੱਚ ਕੁਝ ਵਰੇ ਪਹਿਲਾਂ ਟਾਟਾਨਗਰ ਤੋਂ ਪਟਨਾ ਸਾਹਿਬ ਦਾ ਸਫ਼ਰ ਘੁੰਮ ਗਿਆ। ਦਸ ਕੁ ਸਾਲ ਪਹਿਲਾਂ ਗੱਲ ਹੈ ਕਿ ਇਹੋ ਬੇਟਾ ਟਾਟਾਨਗਰ, ਟਾਟਾ ਸਟੀਲ ਵਿੱਚ ਸੀ। ਉਸ ਨੇ ਆਪਣੀ ਪਹਿਲੀ ਪੋਸਟਿੰਗ ਦੀ ਥਾਂ ਤੇ ਝਾਰਖੰਡ ਦਿਖਾਉਣ ਅਤੇ ਪਟਨਾ ਸਾਹਿਬ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਬੁਲਾ ਲਿਆ। ਅਸੀਂ ਦਿੱਲੀਉਂ ਰੇਲ ਫੜ ਟਾਟਾਨਗਰ ਜਾ ਪੁੱਜੇ। ਕੁਝ ਦਿਨ ਬਾਅਦ ਬੇਟੇ ਨੇ ਪਟਨਾ ਸਾਹਿਬ ਦੀ ਬੁਕਿੰਗ ਕਰਾ ਦਿੱਤੀ। ਅਸੀਂ ਸਾਰੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕੀਤੇ। ਵਾਪਸੀ 'ਤੇ ਪਟਨਾ ਤੋਂ ਟਾਟਾਨਗਰ ਲਈ ਅੱਠ ਵਜੇ ਰੇਲ ਗੱਡੀ ਸੀ। ਸਟੇਸ਼ਨ 'ਤੇ ਪੁੱਜੇ ਤਾਂ ਪਤਾ ਲੱਗਾ ਕਿ ਰੇਲ ਲੇਟ ਹੈ। ਟਰੇਨ ਕਿੰਨੇ ਵਜੇ ਆਵੇਗੀ ? ਕੋਈ ਕਰਮਚਾਰੀ ਨਹੀਂ ਸੀ ਦੱਸ ਰਿਹਾ। ਆਖ਼ਰ ਮੈਂ ਤੇ ਮੇਰੀ ਜੀਵਨ ਸਾਥਣ ਨੇ ਵਾਰੀ ਵਾਰੀ ਸੌਣ ਦਾ ਫੈਸਲਾ ਕਰ ਲਿਆ।

ਮੇਰੀ ਪਹਿਲਾਂ ਸੌਣ ਦੀ ਵਾਰੀ ਸੀ, ਅਜੇ ਸੁਤਉਣੀਂਦਾ ਹੀ ਸੀ ਕਿ ਆਵਾਜ਼ ਸੁਣੀ, 'ਓ ਮਮਤਾ ਦੀਦੀ ਪੈਸਾ ਨਿਕਾਲੋ।' ਵੀਹ ਕੁ ਗਜ਼ ਦੂਰ ਬਣੀ ਪੁਲਿਸ ਚੌਕੀ ਵੱਲ ਇਸ਼ਾਰਾ ਕਰ ਕਹਿੰਦਾ, 'ਵੋਹ ਮੁਝੇ ਕੁਛ ਨਹੀਂ ਕਹੇਂਗੇ, ਨਿਕਾਲ ਨਿਕਾਲ, ਯੇ ਆਪ ਕਾ ਸਾਮਾਨ ਅਭੀ ਗਾਇਬ ਕਰਵਾ ਦੂੰਗਾ'। ਮੈਂ ਇਕਦਮ ਉਭੜਵਾਹੇ ਉੱਠਿਆ ਤੇ ਉਸ ਨੂੰ ਡਾਂਟਣ ਲੱਗਾ। ਉਹ ਪੂਰੀ ਆਕੜ ਨਾਲ ਮੈਨੂੰ ਬੋਲਿਆ, 'ਓ ਅਕੜ ਮਤ ਦਿਖਾ, ਅਭੀ ਉਠਵਾ ਦੂੰਗਾ।' ਨਾਲ ਹੀ ਗਾਲ ਕੱਢ ਤੁਰਨ ਲੱਗਾ। ਮੈਂ ਪਿੱਛੋਂ ਗਿੱਚੀ ਵਿੱਚ ਇੱਕ ਧਰਿਆ, ਉਹ ਭਮੱਤਰ ਗਿਆ ਤੇ ਇਹ ਕਹਿੰਦਿਆਂ ਭੱਜ ਗਿਆ, 'ਦੇਖ ਲੂੰਗਾ'। ਮੈਂ ਰੇਲ ਬਾਰੇ ਜਿੰਨੀ ਵੀ ਵਾਰ ਪਤਾ ਕਰਨ ਗਿਆ ਉਹ ਵਿਅਕਤੀ ਮੈਨੂੰ ਪੁੱਛਗਿੱਛ ਖਿੜਕੀ ਕੋਲ ਹੀ ਮਿਲਿਆ ਤੇ ਕੌੜ-ਕੌੜ ਅੱਖ ਨਾਲ ਤਾੜਦਾ ਰਿਹਾ। ਰਾਤ ਅੱਠ ਵਜੇ ਵਾਲੀ ਗੱਡੀ ਦੂਜੇ ਦਿਨ ਸਵੇਰੇ 9 ਵਜੇ ਉਪਰੋਂ ਹੇਠਾਂ ਭਰੀ ਹੋਈ ਮਿਲੀ। ਸਾਡੀ ਰਿਜਰਵੇਸ਼ਨ ਹੋਣ ਦੇ ਬਾਵਜੂਦ ਸੀਟ ਨਹੀਂ ਮਿਲੀ। ਸਾਡੀਆਂ ਸੀਟਾਂ 'ਤੇ ਪਿੱਛੋਂ ਹੀ ਬੰਦੇ ਬਿਨਾਂ ਟਿਕਟਾਂ ਵਾਲੇ ਬਹਿ ਕੇ ਆਏ ਸਨ। ਟੀਟੀ ਨੂੰ ਦੱਸਣ ਦਾ ਵੀ ਕੋਈ ਫਾਇਦਾ ਨਾ ਹੋਇਆ। ਇੱਕ ਇੰਜਨੀਅਰ ਜਿਹਨੇ ਟਾਟਾਨਗਰ ਜਾਣਾ ਸੀ ਨੇ ਆਪਣੀ ਪਤਨੀ ਵੱਲੋਂ ਔਰਤਾਂ ਵਾਲਾ ਵਾਸ਼ਰੂਮ ਵਰਤਣ ਲਈ ਵਾਸ਼ਰੂਮ ਅੱਗੇ ਕੁਝ ਸਥਾਨਕ ਔਰਤਾਂ ਵੱਲੋ ਜਬਰੀ ਟੈਕਸ ਵਸੂਲੀ ਦੀ ਗੱਲ ਵੀ ਦੱਸੀ। ਜਦੋਂ ਮੈਂ ਬੇਟੇ ਨੂੰ ਇਸ ਯਾਤਰਾ ਦੀ ਸਟੇਸ਼ਨ 'ਤੇ ਸਥਾਨਕ ਗੁੰਡੇ ਵਾਲੀ ਗੱਲ ਦੱਸੀ, ਉਸ ਨੇ ਕਿਹਾ ਕਿ ਤੁਸੀਂ ਉਸ ਦੇ ਚਪੇੜ ਮਾਰ ਕੇ ਬਾਹਰਲੀ ਸਟੇਟ ਵਿੱਚ ਖਤਰਾ ਸਹੇੜ ਲਿਆ ਸੀ। ਉੱਥੇ ਮੇਰਾ ਕੋਈ ਵੀ ਨੁਕਸਾਨ ਹੋ ਸਕਦਾ ਸੀ। ਕੁਝ ਦਿਨਾਂ ਬਾਅਦ ਇਕ ਖ਼ਬਰੀ ਚੈਨਲ 'ਤੇ ਇਹੋ ਜਿਹੀ ਘਟਨਾ ਦਾ ਜ਼ਿਕਰ ਸੀ ਕਿ ਇੱਕ ਯਾਤਰੀ ਸਟੇਸ਼ਨ 'ਤੇ ਪੁਲੀਸ ਚੌਕੀ ਵਿੱਚ ਲੁੱਟ ਦੀ ਰਿਪੋਰਟ ਲਿਖਾਉਣ ਗਿਆ ਤਾਂ ਪੁਲਿਸ ਨੇ ਰਿਪੋਰਟ ਤਾਂ ਕੀ ਲਿਖਣੀ ਸੀ, ਉਲਟਾ ਉਸੇ ਨਾਲ ਦੁਰਵਿਹਾਰ ਕੀਤਾ। ਬੇਟੇ ਦੇ ਕਹਿਣ ਮੁਤਾਬਿਕ 'ਮੈਂ ਸੱਚੀਂਓ ਖਤਰਾ ਮੁੱਲ ਲੈ ਲਿਆ ਸੀ'।

ਇਹ ਤਾਂ ਇਕ-ਦੋ ਘਟਨਾਵਾਂ ਹਨ, ਪਰ ਅਜਿਹੀਆਂ ਅਣਗਿਣਤ ਸਮੱਸਿਆਵਾਂ ਸਾਡੇ ਪਿਆਰੇ ਦੇਸ਼ ਤੇ ਸਮਾਜ ਵਿਚ ਹਨ। ਸੋ ਬੇਰੁਜ਼ਗਾਰੀ ਤੇ ਅਜਿਹੇ ਹਾਲਾਤ ਕਾਰਨ ਜੋ ਜਾ ਸਕਦੇ ਹਨ, ਉਨਾਂ 'ਮੇਰਾ ਭਾਰਤ ਮਹਾਨ' ਕਹਿ ਵਿਦੇਸ਼ ਜਾਣਾ ਹੀ ਹੋਇਆ। ਉਨਾਂ ਨੂੰ ਅਸੀਂ ਕਿਵੇਂ ਰੋਕ ਸਕਦੇ ਹਾਂ।

**ਵਿਧੂ ਸ਼ੇਖਰ**

### ਸ਼ੇਰੇ ਪੰਜਾਬ ਦਾ ਪੰਜਾਬ, ਕੀ ਤੋਂ ਕੀ ਬਣ ਗਿਆ

ਪੰਜਾਬ ਅੰਗਰੇਜ਼ ਦੇ ਰਾਜ ਅਧੀਨ ਪੂਰੇ ਹਿੰਦੁਸਤਾਨ ਵਿਚੋਂ ਸਭ ਤੋਂ ਅਖੀਰ ਤੇ ਹੋਇਆ। ਇਸ ਦੇ ਅਨੇਕਾਂ ਕਾਰਨਾਂ ਵੱਚੋਂ ਸਭ ਤੋਂ ਜ਼ੋਰਾਵਰ ਕਾਰਨ ਇਹੀ ਦੱਸਿਆ ਜਾਂਦਾ ਹੈ ਕਿ ਪੰਜਾਬ ਵਿਚ ਵਿਦਿਆ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਉਚ ਪੱਧਰ ਦੀ ਸੀ। ਖਾਸ ਤੌਰ 'ਤੇ ਲਾਹੌਰ ਦੇ ਲੋਕ ਬਹੁਤ ਪੜੇ ਲਿਖੇ ਸਨ। ਰਣਜੀਤ ਸਿੰਘ ਦਾ ਵਿਦਿਅਕ ਸਿਸਟਮ ਬਹੁਤ ਹੀ ਵਧੀਆ ਸੀ। ਗੁਰਦੁਆਰਿਆਂ ਦੇ ਨਾ ਵੱਡੀਆਂ ਵੱਡੀਆਂ ਜਾਇਦਾਦਾਂ, ਜਿਸ ਕਰਕੇ ਬਾਅਦ ਵਿਚ ਮਹੰਤ ਭ੍ਰਿਸ਼ਟ ਹੋ ਗਏ ਸਨ ਜਿਨਾਂ ਤੋਂ ਬਾਅਦ ਵਿਚ ਸਿੰਘ ਸਭਾ ਲਹਿਰ ਅਧੀਨ ਗੁਰਦੁਆਰਾ ਸੁਧਾਰ ਲਹਿਰ ਸਮੇ ਗੁਰਦੁਆਰੇ ਆਜ਼ਾਦ ਕਰਵਾਏ ਗਏ ਸਨ, ਇਹ ਜਾਇਦਾਦਾਂ ਰਣਜੀਤ ਸਿੰਘ ਨੇ ਇਸੇ ਕਰਕੇ ਗੁਰਦੁਆਰਿਆਂ ਦੇ ਨਾ ਲਗਵਾਈਆਂ ਸਨ ਕਿਉਂਕਿ ਗੁਰਦੁਆਰਿਆਂ ਵਿੱਚੋਂ ਮਨੁੱਖਤਾ ਦੇ ਭਲੇ ਹਿੱਤ ਕੀਤੀਆਂ ਜਾਂਦੀਆਂ ਤਮਾਮ ਸੇਵਾਵਾਂ ਦੇ ਨਾਲ ਨਾਲ ਵਿੱਦਿਆ ਗੁਰਦੁਆਰਿਆਂ ਚੋ ਦਿਤੀ ਜਾਂਦੀ ਸੀ। ਗੁਰਦੁਆਰੇ ਵਿਦਿਅਕ ਦੇਣ ਦੇ ਹੀ ਮੁਖ ਕੇਂਦਰ ਸਨ। ਇਥੋਂ ਰੂਹਾਨੀ ਤੇ ਸੰਸਾਰੀ ਸਾਰੀ ਵਿਦਿਆ ਦਿਤੀ ਜਾਂਦੀ ਸੀ।

ਇਹ ਵੀ ਸੁਣਨ ਵਿੱਚ ਆਇਆ ਹੈ ਕਿ ਰਣਜੀਤ ਸਿੰਘ ਵੇਲੇ ਹਰ ਪਿੰਡ ਦੇ ਮੁਖੀਏ (ਨੰਬਰਦਾਰ) ਨੂੰ ਰਣਜੀਤ ਸਿੰਘ ਦੇ ਵਿਦਿਆ ਮਹਿਕਮੇ ਵਲੋਂ ਪੰਜਾਬੀ ਦਾ ਇਕ ਕਾਇਦਾ ਭੇਜਿਆ ਜਾਂਦਾ ਸੀ ਅਤੇ ਨੰਬਰਦਾਰ ਨੂੰ ਕਿਹਾ ਜਾਂਦਾ ਸੀ ਕਿ ਤੂੰ ਤਿੰਨ ਮਹੀਨਿਆਂ ਵਿਚ ਸਾਰਾ ਕਾਇਦਾ ਪੜ ਕੇ ਰਣਜੀਤ ਸਿੰਘ ਨੂੰ ਆਪ ਗੁਰਮੁਖੀ ਵਿਚ ਚਿੱਠੀ ਲਿਖਣੀ ਹੈ ਅਤੇ ਅੱਗੋਂ ਅਜਿਹੇ ਕਾਇਦੇ ਪਿੰਡ ਦੇ ਤਿੰਨ ਬੰਦਿਆਂ ਨੂੰ ਦੇਣੇ ਹਨ ਅਤੇ ਉਨਾਂ ਤਿੰਨਾਂ ਦੇ ਨਾਮ ਚਿੱਠੀ ਵਿਚ ਰਣਜੀਤ ਸਿੰਘ ਨੂੰ ਭੇਜਣੇ ਹਨ। ਇਸੇ ਤਰਾਂ ਇਹ ਚੇਨ ਬਣ ਜਾਂਦੀ ਸੀ ਅਤੇ ਚਲਦੀ ਰਹਿੰਦੀ ਸੀ।

ਜਿਹੜੀ ਵੀ ਬੀਬੀ ਬੱਚੇ ਨੂੰ ਜਨਮ ਦਿੰਦੀ ਸੀ, ਜਣੇਪੇ ਦੇ ਦਿਨਾਂ ਵਿਚ ਉਸ ਨੂੰ ਕਾਇਦਾ ਭੇਜਿਆ ਜਾਂਦਾ ਸੀ ਕਿਉਂਕਿ ਪਤਾ ਸੀ ਕੇ ਉਹ ਇਸਤਰੀ ਹੁਣ ਕੁਝ ਮਹੀਨੇ ਕੰਮ ਕਾਰ ਤੋਂ ਵਿਹਲੀ ਰਹੇਗੀ ਅਤੇ ਇਸ ਸਮੇ ਦਾ ਲਾਹਾ ਲੈ ਸਕੇਗੀ । ਪੰਜਾਬੀ ਕਾਇਦਾ ਜਿਸ ਵਿਚ ਗੁਰੂ ਸਾਹਿਬਾਨ ਦੀਆਂ ਸਾਖੀਆਂ ਅਤੇ ਹੋਰ ਉੱਚ ਆਚਰਣ ਦੀਆਂ ਕਹਾਣੀਆਂ ਹੁੰਦੀਆਂ ਸਨ, ਉਹ ਜਾਣ ਕੇ ਆਪਣੇ ਬੱਚੇ ਨੂੰ ਵੀ ਉਹੀ ਬਹਾਦਰੀ ਦੀਆਂ ਕਹਾਣੀਆਂ ਸੁਣਾਉਣ ਜੋਗੀ ਹੋ ਜਾਵੇਗੀ।

ਹੋਰ ਬਹੁਤ ਕੁਝ ਹੈਰਾਨ ਕਰ ਦੇਣ ਵਾਲਾ ਵਿਦਿਅਕ ਸਿਸਟਮ ਸੀ ਰਣਜੀਤ ਸਿੰਘ ਦਾ ਜਿਸ ਵਾਰੇ ਡਾਕਟਰ ਜੀ ਡਬਲਯੂ ਲੀਟਨਰ ਨੇ ਆਪਣੀ ਮਸ਼ਹੂਰ ਤੇ ਦੁਰਲੱਭ ਕਿਤਾਬ ਹਿਸਟਰੀ ਆਫ ਇੰਡੀਜੀਨੀਅਸ ਐਜੂਕੇਸ਼ਨ ਇੰਡੀਜੀਨੀਅਸ ਇਨ ਦੀ ਪੰਜਾਬ ਵਿਚ ਭਰਪੂਰ ਲਿਖਿਆ ਹੈ। ਰਣਜੀਤ ਸਿੰਘ ਹੀ ਸੀ ਅਸਲ ਸ਼ੇਰੇ-ਪੰਜਾਬ ਵਾਕਈ ਪੰਜਾਬ ਦਾ ਸ਼ੇਰ।

**ਗੁਰਬਖਸ਼ ਸਿੰਘ**

ਇਥੇ
ਇਸ਼ਤਿਹਾਰ
ਲਗਾਉਣ ਲਈ
ਕਾਲ ਕਰੋ:
510-240-5949
Email:asrtimes@gmail.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

## ਬਾਪੂ ਦੇ ਖਤ...

ਤਾਰੀ ਦੀ ਭਾਣਜੀ ਕੁਝ ਕੁ ਪਲ ਹੀ ਸਾਹ ਲੈ ਸਕੀ ਤੇ ਵਾਪਿਸ ਪਰਤ ਗਈ ਇਸ ਜਗ ਤੋਂ। ਰੱਬ ਦੀਆਂ ਲਿਖਤਾਂ ਵੇਖੋ, ਤਾਰੀ ਦੀ ਭਾਣਜੀ ਮੁੱਕਣ ਦੀ ਦੇਰ ਸੀ ਤਾਰੀ ਦੀ ਮਾਂ ਨੂੰ ਛਾਤੀ ਦੇ ਕੈਂਸਰ ਨੇ ਘੇਰ ਲਿਆ । ਤਾਰੀ ਦੀ ਮਾਂ ਚਾਹੁੰਦੇ ਹੋਏ ਵੀ ਆਪਣੇ ਪੁੱਤ ਨੂੰ ਦੁੱਧ ਨਹੀਂ ਸੀ ਚੁੰਘਾ ਸਕਦੀ। ਉਹਦਾ ਦੁੱਧ ਤਾਰੀ ਲਈ ਜਹਿਰ ਸੀ। ਡਾਕਟਰਾਂ ਨੇ ਉਹਨੂੰ ਦੁੱਧ ਚੁੰਘਾਉਣ ਤੋਂ ਇਨਕਾਰ ਕਰ ਦਿੱਤਾ। ਤਾਰੀ ਦੀ ਭੈਣ ਦੀਆਂ ਛਾਤੀਆਂ 'ਚੋਂ ਦੁੱਧ ਸਿੰਮਦਾ ਰਹਿੰਦਾ ਉਹਦੀਆਂ ਅੱਖਾਂ ਦੇ ਕੋਇਆਂ 'ਚ ਭਰੇ ਅੱਥਰੂਆਂ ਵਾਂਗੂੰ ।

ਮਾਂ ਨੇ ਆਪਣੀ ਧੀ ਦੀ ਹਾਲਤ ਤੇ ਆਪਣੀ ਬੇਵੱਸੀ ਨੂੰ ਤੱਕਿਆ ਤਾਂ ਆਪਣਾ ਕੁਝ ਕੁ ਦਿਨਾਂ ਦਾ ਪੁੱਤ ਧੀ ਦੇ ਪੱਲੇ ਪਾ ਦਿੱਤਾ। ਧੀ ਦੀ ਉੱਜੜੀ ਕੁੱਖ ਹੁਲਾਰੇ ਲੈਣ ਲੱਗੀ । ਨਸ਼ੇੜੀ ਘਰਵਾਲੇ ਜਿਹੜਾ ਪਹਿਲਾਂ ਈ ਮਸਾਂ ਝੱਲਦਾ ਸੀ ਉਹਨੂੰ। ਜਦੋਂ ਉਹ ਉਹਦੇ ਪੁੱਤ ਵਰਗੇ ਨਿੱਕੇ ਵੀਰ ਦਾ ਵੈਰੀ ਬਣ ਗਿਆ ਉਦੋਂ ਹੋਰ ਕੋਈ ਚਾਰਾ ਨਾ ਚੱਲਦਾ ਵੇਖ ਉਹਦੇ ਮਾਪਿਆਂ ਨੇ ਉਹਦਾ ਨਸ਼ੇੜੀ ਤੋਂ ਖਹਿੜਾ ਛੁਡਾ ਦਿੱਤਾ। ਮਾਪਿਆਂ ਨੇ ਤਾਂ ਭਲਾ ਸੋਚਿਆ ਸੀ ਪਰ ਮਾਪਿਆਂ ਨੂੰ ਕੀ ਪਤਾ ਸੀ ਕਿ ਅੱਗੇ ਇਹਦੇ ਨਾਲ਼ ਕਿੰਨਾ ਕੁ ਮਾੜਾ ਹੋਣ ਵਾਲਾ।

ਤਾਰੀ ਦਾ ਜੀਜਾ ਜਿਹਨੂੰ ਤਾਰੀ ਆਪਣਾ ਪਿਓ ਸਮਝਦਾ ਸੀ , ਉਹਦੇ ਨਾਲ਼ ਬਹੁਤ ਮਾੜਾ ਵਰਤਾਉ ਕਰਦਾ ਰਿਹਾ ਉਹਦੇ ਮਰਨ ਤੱਕ । ਤਾਰੀ ਦੀ ਭੈਣ ਹਰ ਪਲ ਆਪਣੇ ਨਿੱਕੇ ਵੀਰ ਨਾਲ਼ ਪਰਛਾਵੇਂ ਵਾਂਗੂੰ ਨਾਲ਼-ਨਾਲ਼ ਹੀ ਰਹਿੰਦੀ। ਤਾਰੀ ਜਦੋਂ ਅੱਠ-ਨੌਂ ਵਰਿਆਂ ਦਾ ਹੋਇਆ, ਉਹ ਪਿੰਡ ਦੇ ਅਮਰ ਸਿੰਘ ਨਾਲ ਜਿਹੜਾ ਕਿ ਉਦੌਂ ਬਾਈਆਂ- ਤੇਈਆਂ ਸਾਲਾਂ ਦਾ ਗੱਭਰੂ ਸੀ, ਕੋਲ ਮੋਹ ਦੀਆਂ ਤੰਦਾਂ ਵਿੱਚ ਬੱਝਿਆਂ ਨੱਸਾਂ ਆਉਂਦਾ। ਅਮਰ ਸਿੰਘ ਦਾ ਜੁਆਕਾਂ ਨਾਲ ਬਹੁਤ ਮੋਹ ਸੀ । ਸ਼ਾਇਦ ਇਹ ਉਸੇ ਮੋਹ ਦਾ ਨਤੀਜਾ ਸੀ। ਉਹ ਬੱਚਿਆਂ ਨੂੰ ਕਦੇ ਗੁੜ ਦੀ ਤੇਸੀ ਭੰਨ ਭੰਨ ਕੇ ਵੰਡਦਾ ਰਹਿੰਦਾ ਤੇ ਕਦੇ ਰਿਓੜੀਆਂ ਖਾਣ ਲਈ ਦਿੰਦਾ। ਜਿਸ ਕਰਕੇ ਨਿਆਣੇ ਉਹਦੇ ਨਾਲ ਬਹੁਤ ਮੋਹ ਕਰਦੇ।

ਤਾਰੀ ਤੋਂ ਪਿਓ ਕਹਾਉਣ ਵਾਲਾ ਜੀਜਾ ਅਕਸਰ ਤਾਰੀ ਨੂੰ ਡੰਗਰਾਂ ਨੂੰ ਪਾਣੀ ਪਿਲਾਉਣ ਲਈ ਆਖਦਾ। ਤਾਰੀ ਸਾਰੇ ਡੰਗਰਾਂ ਨੂੰ ਪਾਣੀ ਪਿਲਾ ਦਿੰਦਾ ਪਰ ਬਲਦ ਨੂੰ ਪਾਣੀ ਨਾ ਪਿਲਾਉਂਦਾ। ਜਿਹਦੇ ਕਾਰਨ ਉਹ ਝਿੜਕਾਂ ਵੀ ਖਾਂਦਾ ਤੇ ਗਾਲਾਂ ਵੀ। ਭਾਵੇਂ ਤਾਰੀ ਦੀ ਭੈਣ ਹਮੇਸ਼ਾਂ ਤਾਰੀ ਨੂੰ ਉਸਦੇ ਜੀਜੇ ਤੋਂ ਬਚਾ ਲੈਂਦੀ ਪਰ ਫੇਰ ਵੀ ਜੀਜਾ ਵੇਲੇ-ਕੁਵੇਲੇ ਤਾਰੀ ਦੇ ਮਗਰ ਪਿਆ ਰਹਿੰਦਾ। ਇੱਕ ਦਿਨ ਅਮਰ ਸਿੰਘ ਨੇ ਤਾਰੀ ਨੂੰ ਪੁੱਛਿਆ, 'ਤਾਰੀ, ਜਦ ਤੂੰ ਸਾਰੇ ਡੰਗਰਾਂ ਨੂੰ ਪਾਣੀ ਪਿਲਾ ਦਿੰਦਾ। ਬਲਦ ਨਾਲ਼ ਤੈਨੂੰ ਕਾਹਦਾ ਰੋਸਾ ਹੁੰਦੈ ? ਉਹਨੂੰ ਵੀ ਭੋਰਾ ਪਾਣੀ ਦਿਖਾ ਦਿਆ ਕਰ ਭਲਾ।'

ਤਾਰੀ ਮੂੰਹ ਜਿਹਾ ਬਣਾ ਕੇ ਆਖਣ ਲੱਗਦਾ, 'ਸੱਚੀ ਦੱਸਾਂ, ਬਲਦ ਮੇਰੇ ਵੱਲ ਬਹੁਤ ਘੂਰ-ਘੂਰ ਕੇ ਵੇਖਦਾ ਰਹਿੰਦਾ...ਮੈਨੂੰ ਉਸ ਕੋਲੋਂ ਬਹੁਤ ਡਰ ਲੱਗਦੈ।'

ਤਾਰੀ ਦੀ ਗੱਲ ਸੁਣ ਅਮਰ ਸਿੰਘ ਹੱਸਦਾ ਹੋਇਆ ਆਖਣ ਲੱਗਿਆ, 'ਝੱਲਿਆ, ਘਰ ਦੇ ਰੱਖੇ ਪਸ਼ੂ ਵੀ ਕਦੇ ਮਾਰਦੇ ? ਉਸ ਬੇਜ਼ੁਬਾਨ ਵਿਚਾਰੇ ਨੇ ਕੀ ਕਹਿਣਾ ? ਉਹ ਤਾਂ ਤੈਨੂੰ ਤਾਂ ਘੂਰਦਾ ਹੋਣਾ, ਬਈ ਸਾਰੇ ਡੰਗਰਾਂ ਨੂੰ ਪਾਣੀ ਪਿਲਾਉਂਦਾ ਪਰ ਮੈਨੂੰ ਕਦੇ ਪੁੱਛਦਾ ਨੀ।'

ਅਮਰ ਸਿੰਘ ਦੀ ਗੱਲ ਸੁਣ ਤਾਰੀ ਹੱਸਦਾ ਹੋਇਆ ਆਖਣ ਲੱਗਿਆ, 'ਠੀਕ ਐ ! ਅੱਜ ਤੋਂ ਬਾਅਦ ਉਹਨੂੰ ਵੀ ਪਾਣੀ ਪਿਲਾ ਦਿਆ ਕਰਾਂਗਾ।'

ਅਗਲੇ ਦਿਨ ਅਮਰ ਸਿੰਘ ਨੂੰ ਤਾਰੀ ਨਹੀਂ ਸਗੋਂ ਇੱਕ ਦਿਲ ਕੰਬਾਊ ਸੁਨੇਹਾ ਮਿਲਿਆ ਕਿ ਤਾਰੀ ਦੇ ਢਿੱਡ ਵਿਚ ਬਲਦ ਨੇ ਸਿੰਗ ਮਾਰਿਆ। ਅਮਰ ਸਿੰਘ ਕੰਬ ਗਿਆ। ਇਸ ਘਟਨਾ ਲਈ ਉਹ ਆਪਣੇ ਆਪ ਨੂੰ ਦੋਸ਼ੀ ਮੰਨਣ ਲੱਗਿਆ। ਤਾਰੀ ਨੂੰ 'ਰੂਬੀ ਨਰਸਿੰਗ ਹੋਮ' ਵਿਖੇ ਦਾਖਲ ਕਰਵਾਇਆ ਗਿਆ। ਉੱਥੇ ਉਹ ਕਿੰਨੇ ਦਿਨ ਦਾਖਲ ਰਿਹਾ । ਉਸ ਦਾ ਇਲਾਜ ਚੱਲਦਾ ਰਿਹਾ ਪਰ ਅੰਦਰੂਨੀ ਜ਼ਖਮ ਬਹੁਤ ਡੂੰਘੇ ਸਨ। ਅੰਦਰੂਨੀ ਇਨਫੈਕਸ਼ਨ ਵਧਣ ਕਾਰਨ ਡਾਕਟਰਾਂ ਨੇ ਹੱਥ ਖੜੇ ਕਰ ਦਿੱਤੇ ਤੇ ਉਸ ਨੂੰ 'ਮੈੱਸ ਬ੍ਰਾਊਨ ਹੌਸਪਿਟਲ' ਲੁਧਿਆਣਾ ਲਿਆਂਦਾ ਗਿਆ। ਜਿੰਨੇ ਦਿਨ ਤਾਰੀ ਹਸਪਤਾਲ ਦਾਖਲ ਰਿਹਾ ਅਮਰ ਸਿੰਘ ਵੀ ਉਹਦੇ ਨਾਲ-ਨਾਲ ਹੀ ਰਿਹਾ। ਨਾ ਉਹਨੇ ਦਿਨ ਦੀ ਪ੍ਰਵਾਹ ਕੀਤੀ ਨਾ ਰਾਤ ਦੀ ਕਿਉਂਕਿ ਇਸ ਹੋਣੀ ਦਾ ਕਾਰਨ ਉਹ ਆਪਣੇ ਆਪ ਨੂੰ ਮੰਨ ਰਿਹਾ ਸੀ । ਜਦੋਂ ਤਾਰੀ ਖ਼ੂਨ ਦੀ ਲੋੜ ਸੀ ਅਮਰ ਸਿੰਘ ਦਾ ਖ਼ੂਨ ਵੀ ਤਾਰੀ ਦੀਆਂ ਨਸਾਂ 'ਚ ਉਹਦੇ ਲਹੂ ਨਾਲ਼ ਘੁਲ-ਮਿਲ ਗਿਆ।

ਇੱਕ ਦਿਨ ਅਮਰ ਸਿੰਘ ਨੂੰ ਘਰੋਂ ਜਰੂਰੀ ਸੁਨੇਹਾ ਆਉਣ ਕਾਰਨ ਘਰ ਪਰਤਨਾ ਪਿਆ। ਅਮਰ ਸਿੰਘ ਹਾਲੇ ਰਾਹ 'ਚ ਈ ਹੋਣਾ ਤਾਰੀ ਦੀ ਹਾਲਤ ਜ਼ਿਆਦਾ ਵਿਗੜ ਗਈ ਉਹ ਅਮਰ ਸਿੰਘ ਨੂੰ ਮਿਲਣਾ ਚਾਹੁੰਦਾ ਸੀ। ਆਖਰੀ ਪਲਾਂ 'ਚ ਵੀ ਅਮਰ ਸਿੰਘ ਦਾ ਨਾਂ ਹੀ ਤਾਰੀ ਦੇ ਬੁੱਲਾਂ 'ਤੇ ਸੀ । ਉਹਨੂੰ ਨਾ ਕੋਈ ਮਾਂ ਚੇਤੇ ਸੀ ਤੇ ਨਾ ਭੈਣ ਜਾਂ ਪਿਓ । ਉਹ ਅਮਰ ਸਿੰਘ ਨੂੰ ਅਵਾਜ਼ਾਂ ਮਾਰਦਾ-ਮਾਰਦਾ ਤੁਰ ਗਿਆ ਇਸ ਜਹਾਨੋਂ। ਜਦੋਂ ਅਮਰ ਸਿੰਘ ਅਗਲੇ ਦਿਨ ਹਸਪਤਾਲ ਪਹੁੰਚਿਆ ਉੱਥੇ ਤਾਰੀ ਦੀ ਥਾਂ ਤਾਰੀ ਦੀ ਬੇਜਾਨ ਦੇਹ ਦੇਖ ਉਹ ਬਹੁਤ ਕਲਪਿਆ ਪਰ ਹੁਣ ਕੀ ਹੋਣਾ ਸੀ। ਹੋਣੀ ਤਾਂ ਆਪਣੇ ਰੰਗ ਵਿਖਾ ਚੁੱਕੀ ਸੀ। ਅਮਰ ਸਿੰਘ ਨੂੰ ਇਸ ਗੱਲ ਦਾ ਸਾਰੀ ਉਮਰ ਅਫਸੋਸ ਰਿਹਾ ਕਿ ਜਿੰਨੇ ਦਿਨ ਤਾਰੀ ਹਸਪਤਾਲ ਵਿੱਚ ਸੀ, ਤਾਰੀ ਦੇ ਨਾਲ਼ ਨਾਲ਼ ਰਿਹਾ ਪਰ ਤਾਰੀ ਦੇ ਆਖਰੀ ਸਾਹਾਂ ਵੇਲੇ ਉਹ ਕਿਉਂ ਤਾਰੀ ਨੂੰ ਛੱਡ ਆਇਆ ? ਇਹ ਸਵਾਲ ਹਰ ਵੇਲੇ ਅਮਰ ਸਿੰਘ ਦੇ ਹੁੱਝਾਂ ਮਾਰਦੇ ਉਹਨੂੰ ਹਰ ਵੇਲੇ ਤੜਫਾਈ ਰੱਖਦੇ । ਉਹ ਆਪਣੇ ਐਨੇ ਸਾਲਾਂ ਤੋਂ ਦੱਬ ਘੁੱਟ ਕੇ ਗਏ ਇਹ ਪਛਤਾਵੇ ਲੋਕਾਂ ਦੀ ਕਚਹਿਰੀ 'ਚ ਲਿਆ ਕੇ, ਆਪਣੇ ਮਨ ਦਾ ਬੋਝ ਲਾਹੁਣਾ ਚਾਹੁੰਦਾ ਹੈ। ਸ਼ਾਇਦ, ਇਸੇ ਲਈ ਚਾਹੁੰਦਾ ਹੈ ਕਿ ਕੋਈ ਤਾਰੀ ਬਾਰੇ ਲਿਖੇ ਤੇ ਅਮਰ ਸਿੰਘ ਸਭ ਨੂੰ ਦੱਸੇ ਕਿ ਉਹਨੂੰ ਕੀ ਪਤਾ ਸੀ ਕਿ ਬਲਦ ਤਾਰੀ ਦੀ ਮੌਤ ਬਣ ਕੇ ਉਹਨੂੰ ਘੂਰਦਾ ਤੇ ਉਡੀਕਦਾ ਹੁੰਦਾ ਸੀ। ਜੇ ਪਤਾ ਹੁੰਦਾ ਤਾਂ ਕਦੇ ਨਾ ਤਾਰੀ ਨੂੰ ਬਲਦ ਨੂੰ ਪਾਣੀ ਪਿਲਾਉਣ ਲਈ ਆਖਦਾ ।

ਮੇਰੀ ਇਸ ਲਿਖਤ ਨੂੰ ਪੜਦੇ ਹੋਏ ਤੁਸੀਂ ਸਭ ਵੀ ਸੋਚਦੇ ਹੋਵੋਗੇ ਕਿ ਬਾਪੂ ਦੇ ਖਤ ਵਿੱਚ ਅਮਰ ਸਿੰਘ ਦਾ ਜਿਕਰ ਕਿੱਥੋਂ ਆ ਪਹੁੰਚਿਆ। ਪਰ ਜੇਕਰ ਮੈਥੋਂ ਪੁੱਛੋਂ ਤਾਂ ਇਸ ਖਤ ਵਿੱਚ ਅਮਰ ਸਿੰਘ ਦਾ ਜਿਕਰ ਕਰਨਾ ਬਣਦਾ ਹੀ ਸੀ ਕਿਉਂਕਿ ਅਮਰ ਸਿੰਘ ਕੋਈ ਹੋਰ ਨਹੀਂ , ਇਹ ਖਤ ਵਾਲਾ 'ਬਾਪੂ' ਹੀ ਹੈ । ਬਾਪੂ ਹਰ ਵੇਲੇ ਸੋਚਦਾ ਰਹਿੰਦਾ ਕਿ ਤਾਰੀ ਬੇਚਾਰਾ ਉਹਦੇ ਨਾਲ਼ ਮੋਹ ਦੀਆਂ ਤੰਦਾਂ 'ਚ ਬੰਨਿਆਂ ਹੋਇਆ ਮੌਤ ਵੱਲ ਤੁਰਿਆ।

ਅੱਜ ਮੈਂ ਬਾਪੂ ਨੂੰ ਖਤ ਪੋਸਟ ਕਰਨਾ ਸੀ ਪਰ ਪਹਿਲਾਂ ਹੀ ਇੱਕ ਖਤ ਹੋਰ ਆ ਗਿਆ। ਮੈਂ ਇਹ ਨਵਾਂ ਆਇਆ ਖਤ ਸਾਂਭ ਕੇ ਆਪਣੇ ਪਰਸ ਵਿੱਚ ਰੱਖ ਲਿਆ। ਸ਼ਾਮ ਨੂੰ ਕੰਮਾਂ ਕਾਰਾਂ ਤੋਂ ਵਿਹਲੀ ਹੋ ਕੇ ਆਪਣੀ ਧੀ ਕੋਲ ਬੈਠ ਕੇ ਪੜਾਂਗੀ ਤਾਂ ਜੋ ਉਹਨੂੰ ਪਤਾ ਲੱਗੇ ਕਿ ਰਿਸ਼ਤੇ ਕੇਵਲ ਉਹ ਨਹੀਂ ਜਿਹੜੇ ਜਨਮ ਜਾਂ ਦੁਨੀਆਦਾਰੀ ਦੇ ਨਾਂ 'ਤੇ ਬਣਨ। ਅਸਲ ਰਿਸ਼ਤੇ ਤਾਂ ਮੋਹ ਅਤੇ ਵਿਸ਼ਵਾਸ਼ ਦੇ ਹੁੰਦੇ, ਰੂਹਾਂ ਦੇ ਹੁੰਦੇ ਜਿਹੜੇ ਮੋਇਆਂ ਤੋਂ ਬਾਅਦ ਵੀ ਨਹੀਂ ਮੁੱਕਦੇ ਸਗੋਂ ਹੋਰ ਪਕੇਰੇ ਹੁੰਦੇ ਰਹਿੰਦੇ।

## ਵੰਡ ਨਾ ਹੁੰਦੀ...

ਚਾਲੂ ਨਹੀਂ ਕੀਤਾ, ਜਿਸ ਕਾਰਨ ਵਪਾਰਕ ਕਾਰਜ-ਕੁਸ਼ਲਤਾ ਉੱਪਰ ਮਾੜਾ ਪ੍ਰਭਾਵ ਪੈ ਰਿਹਾ ਹੈ।

ਸੋ ਜ਼ਰੂਰਤ ਹੈ ਕਿ ਭਾਰਤ-ਪਾਕਿਸਤਾਨ ਵਪਾਰਕ ਸੰਬੰਧ ਵਧਾਏ ਜਾਣ ਅਤੇ ਵਾਹਗਾ ਬਾਰਡਰ ਰਾਹੀਂ ਵਪਾਰ ਵੀ ਵਧਾਇਆ ਜਾਵੇ। ਹੁਸੈਨੀਵਾਲਾ ਬਾਰਡਰ ਵੀ ਵਪਾਰ ਲਈ ਖੋਲਿਆ ਜਾਵੇ। ਅਜਿਹਾ ਕਰਨ ਨਾਲ ਨਾ ਕੇਵਲ ਪੰਜਾਬ ਨੂੰ ਬਲਕਿ ਪੰਜਾਬ ਦੇ ਨਾਲ ਲਗਦੇ ਹੋਰ ਰਾਜਾਂ ਨੂੰ ਵੀ ਫਾਇਦਾ ਹੋਵੇਗਾ। ਨਾਲ ਹੀ ਭਾਰਤ ਜ਼ਮੀਨੀ ਰਸਤਿਆਂ ਰਾਹੀਂ ਮੱਧ-ਪੂਰਬੀ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਤੱਕ ਆਪਣੀ ਵਪਾਰਕ ਪਹੁੰਚ ਵਧਾ ਸਕਦਾ ਹੈ। ਵਾਹਗਾ ਬਾਰਡਰ ਅਤੇ ਹੁਸੈਨੀਵਾਲਾ ਬਾਰਡਰ ਤੋਂ ਵਪਾਰ ਵਧਾਉਣ ਲਈ ਪੰਜਾਬ ਅਤੇ ਇਸਦੇ ਗੁਆਂਢੀ ਰਾਜਾਂ ਨੂੰ ਅਤੇ ਇਨਾਂ ਦੀਆਂ ਸਿਆਸੀ ਪਾਰਟੀਆਂ, ਮੀਡੀਆ ਤੇ ਬੁੱਧੀਜੀਵੀਆਂ ਨੂੰ ਇਕਜੁੱਟ ਹੋ ਕੇ ਕੰਮ ਕਰਨਾ ਪਵੇਗਾ ਤਾਂ ਕਿ ਇਹ ਇਕ ਅਹਿਮ ਮੁੱਦਾ ਬਣ ਜਾਵੇ ਅਤੇ ਕੇਂਦਰ ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਲਈ ਮਜਬੂਰ ਹੋਣਾ ਪਵੇ। ਭਾਰਤ-ਪਾਕਿਸਤਾਨ ਵਿਚ ਵਪਾਰਕ ਅਤੇ ਆਰਥਿਕ ਸੰਬੰਧ ਮਜ਼ਬੂਤ ਹੋਣ ਨਾਲ ਦੋਵਾਂ ਮੁਲਕਾਂ ਦੇ ਆਪਸੀ ਕੂਟਨੀਤਕ ਅਤੇ ਰਾਜਨੀਤਕ ਸੰਬੰਧ ਵੀ ਮਜ਼ਬੂਤ ਹੋ ਸਕਦੇ ਹਨ। ਫਲਸਰੂਪ ਖਿੱਤੇ ਵਿਚ ਸ਼ਾਂਤੀ ਵਾਲਾ ਮਾਹੌਲ ਬਣੇਗਾ ਅਤੇ ਸ਼ਾਂਤੀ ਆਰਥਿਕ ਵਿਕਾਸ ਲਈ ਪਹਿਲੀ ਅਤੇ ਜ਼ਰੂਰੀ ਸ਼ਰਤ ਹੈ। ਵਾਹਗਾ ਅਤੇ ਹੁਸੈਨੀਵਾਲਾ ਸਰਹੱਦਾਂ ਰਾਹੀਂ ਵਪਾਰ ਵਧਾਉਣ ਨੂੰ ਵੀ ਇਸੇ ਪ੍ਰਸੰਗ ਵਿਚ ਰੱਖ ਕੇ ਵੇਖਣ ਦੀ ਲੋੜ ਹੈ, ਕਿਉਂਕਿ ਇਸ ਵਿਚ ਆਰਥਿਕ ਵਿਕਾਸ ਦੀਆਂ ਬਹੁਤ ਵੱਡੀਆਂ ਸੰਭਾਵਨਾਵਾਂ ਲੁਕੀਆਂ ਹੋਈਆਂ ਹਨ।

## ਭਾਰਤ 'ਚ ਆਰਥਿਕ...

ਆਜ਼ਾਦੀ ਦੀ 75ਵੀਂ ਵਰੇਗੰਢ ਮਨਾਉਣ ਸਮੇਂ ਸੂਝਵਾਨ ਸ਼ਹਿਰੀਆਂ ਅਤੇ ਵਿਰੋਧੀ ਪਾਰਟੀਆਂ ਕੋਲੋਂ ਇਹ ਤਵੱਕੋਂ ਕੀਤੀ ਜਾਂਦੀ ਹੈ ਕਿ ਉਹ ਦੇਸ਼ ਨੂੰ ਦਰਪੇਸ਼ ਮੁਸ਼ਕਿਲਾਂ ਵੱਲ ਧਿਆਨ ਦੇਣ ਅਤੇ ਇਸ ਨੂੰ ਸੁਲਝਾਉਣ ਵਾਸਤੇ ਸਰਕਾਰ 'ਤੇ ਲੋੜੀਂਦਾ ਦਬਾਅ ਪੈਦਾ ਕਰਨ। ਆਜ਼ਾਦੀ ਦਿਵਸ 'ਤੇ ਤਿਰੰਗੇ ਲਹਿਰਾਉਣ ਦੇ ਫੋਕੇ ਰਾਸ਼ਟਰਵਾਦ ਦੇ ਨਾਹਰੇ ਦਾ ਪਰਦਾਫਾਸ਼ ਕਰਨ ਦੀ ਜ਼ਰੂਰਤ ਹੈ। ਇਸ ਵਾਸਤੇ ਛੋਟੇ ਮੋਟੇ ਵਿਰੋਧਾਂ ਨੂੰ ਭੁੱਲ ਕੇ ਸਾਂਝਾ ਮੁਹਾਜ਼ ਤਿਆਰ ਕਰਨਾ ਸਮੇਂ ਦੀ ਲੋੜ ਹੈ। ਜਮਹੂਰੀਅਤ ਨੂੰ ਨਵਿਆਉਣ ਅਤੇ ਪੱਕਿਆਂ ਕਰਨ ਵਾਸਤੇ ਲਗਾਤਾਰ ਸੰਘਰਸ਼ ਕਰਨੇ ਪੈਣਗੇ। ਇਹ ਸਮਾਂ ਦੇਸ਼ ਸਾਹਮਣੇ ਜਮਹੂਰੀਅਤ ਵਿਰੋਧੀ ਤਾਕਤਾਂ ਨੂੰ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕਰਕੇ ਸਮਝਣ, ਵਿਚਾਰਨ ਅਤੇ ਜਮਹੂਰੀਅਤ ਨੂੰ ਬਚਾਉਣ ਅਤੇ ਦੇਸ਼ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਹੱਲ ਕਰਨ ਦੀ ਮੰਗ ਕਰਦਾ ਹੈ।

## ਅਮਰੀਕਾ 'ਚ ਸੀਤਾਰਾਮਨ...

ਭਾਰਤ ਸਰਕਾਰ ਇਹ ਸਾਰੇ ਕੇਸ ਹਾਰ ਗਈ ਸੀ ਪਰ ਵਿਸ਼ਵਨਾਥਨ ਨੇ ਦਿੱਲੀ ਖ਼ਿਲਾਫ਼ ਲੋਹਾ ਲੈਂਦਿਆਂ ਕੈਨੇਡਾ ਵਿਚ ਏਅਰ ਇੰਡੀਆ ਦੀ ਸੰਪਤੀ ਅਤੇ ਫਰਾਂਸ 'ਚ ਭਾਰਤ ਸਰਕਾਰ ਦੀ ਸੰਪਤੀ 'ਤੇ ਦਾਅਵਾ ਜਤਾਇਆ ਸੀ। ਭਾਰਤ ਸਰਕਾਰ ਨੂੰ ਕੇਅਰਨਜ਼ ਐਨਰਜੀ ਨਾਲ ਜੁੜੇ ਇਕ ਕੇਸ ਵਿਚ 8 ਹਜ਼ਾਰ ਕਰੋੜ ਰੁਪਏ ਮੋੜਨੇ ਪੈ ਰਹੇ ਹਨ ਅਤੇ ਮੈਗਨਿਟਸਕੀ ਪਟੀਸ਼ਨ ਵੀ ਇਸੇ ਇਰਾਦੇ ਨਾਲ ਪਾਈ ਗਈ ਹੈ।

## ਮੋਦੀ ਸਰਕਾਰ ਦੀ...

ਪਰ ਹੁਣ ਉਹੀ ਮੋਦੀ ਹਰ ਘਰ ਤਿਰੰਗਾ ਮੁਹਿੰਮ ਚਲਾ ਰਹੇ ਹਨ ਤਾਂ ਕਾਂਗਰਸ ਪੁੱਛ ਰਹੀ ਹੈ ਕਿ ਕੀ ਸੰਘ ਵੀ ਅਜਿਹਾ ਕਰੇਗਾ। ਇੱਕ ਪਾਸੇ ਉਹ ਕਹਿੰਦੇ ਹਨ ਕਿ ਸਰਕਾਰ ਦੀਆਂ ਸਾਰੀਆਂ ਨੀਤੀਆਂ ਸੰਘ ਤੋਂ ਪ੍ਰਸਾਰਿਤ ਹੁੰਦੀਆਂ ਹਨ ਅਤੇ ਇੱਕ ਪਾਸੇ ਉਹ ਇਹ ਆਲੋਚਨਾ ਕਰ ਰਹੇ ਹਨ। ਇਹ ਵਿਰੋਧਾਭਾਸੀ ਅਤੇ ਘੱਟ ਅਕਲ ਵਾਲੀਆਂ ਗੱਲਾਂ ਕਾਂਗਰਸ ਕਰ ਰਹੀ ਹੈ।'

ਭਾਰਤ ਨੇ 22 ਜੁਲਾਈ 1947 ਨੂੰ ਅਧਿਕਾਰਤ ਤੌਰ 'ਤੇ ਤਿਰੰਗੇ ਨੂੰ ਕੌਮੀ ਝੰਡਾ ਸਵੀਕਾਰ ਕੀਤਾ ਸੀ।ਤਿਰੰਗੇ ਦੇ ਵਿਰੋਧ ਨੂੰ ਲੈ ਕੇ ਸੰਘ ਦੀ ਆਲੋਚਨਾ ਨੂੰ ਖਾਰਜ ਕਰਦਿਆਂ ਹੋਇਆ ਅਵਨਿਜੇਸ਼ ਕਹਿੰਦੇ ਹਨ, 'ਸੰਘ ਨੇ ਕਦੇ ਤਿਰੰਗੇ ਦਾ ਵਿਰੋਧ ਨਹੀਂ ਕੀਤਾ। ਭਾਰਤ ਨੇ ਜਦੋਂ ਤਿਰੰਗੇ ਨੂੰ ਕੌਮੀ ਝੰਡੇ ਵਜੋਂ ਵੀ ਸਵੀਕਾਰ ਕੀਤਾ ਤਾਂ ਸੰਘ ਨੇ ਵੀ ਉਸ ਦਾ ਸਨਮਾਨ ਕੀਤਾ।ਰਾਸ਼ਟਰੀ ਸਵੈਮ ਸੇਵਕ ਨੇ 15 ਅਗਸਤ 1947 ਅਤੇ 26 ਜਨਵਰੀ 1950 ਨੂੰ ਆਪਣੇ ਨਾਗਪੁਰ ਮੁੱਖ ਦਫ਼ਤਰ ਵਿੱਚ ਤਿਰੰਗਾ ਲਹਿਰਾਇਆ ਸੀ।

ਗੋਲਵਲਕਰ ਦੀ ਕਿਤਾਬ ਵਿੱਚ ਤਿਰੰਗੇ ਦੀ ਆਲੋਚਨਾ ਨੂੰ ਲੈ ਕੇ ਚੁੱਕੇ ਗਏ ਸਵਾਲ ਨੂੰ ਖਾਰਜ ਕਰਦਿਆਂ ਹੋਇਆ ਅਵਨਿਜੇਸ਼ ਕਹਿੰਦੇ ਹਨ, 'ਵਿਚਾਰ ਨਵਨੀਤ (ਬੰਚ ਆਫ ਥੌਟਸ) ਬੇਸ਼ੱਕ ਹੀ 1966 ਵਿੱਚ ਪ੍ਰਕਾਸ਼ਿਤ ਹੋਈ ਹੋਵੇ ਪਰ ਉਸ ਵਿੱਚ ਗੁਰੂ ਗੋਲਵਲਕਰ ਜੀ ਦੇ ਅਜ਼ਾਦੀ ਤੋਂ ਦਿੱਤੇ ਗਏ ਵਿਚਾਰ ਵੀ ਹਨ।ਇਸ ਲਈ ਇਸ ਨੂੰ ਲੈ ਕੇ ਆਲੋਚਨਾ ਨਹੀਂ ਕੀਤੀ ਜਾ ਸਕਦੀ ਹੈ। ਸੰਘ ਤਿਰੰਗੇ ਦਾ ਸਨਮਾਨ ਕਰਦਾ ਹੈ।ਪਰ ਸੰਘ ਦਾ ਆਪਣਾ ਝੰਡਾ ਭਗਵਾਂ ਹੈ ਅਤੇ ਸੋਸ਼ਲ ਮੀਡੀਆ ਪ੍ਰੋਫਾਈਲ ਦੀ ਤਸਵੀਰ ਵਿੱਚ ਵੀ ਇਹੀ ਹੈ।ਪ੍ਰੋਫੈਸਰ ਅਵਨਿਜੇਸ਼ ਕਹਿੰਦੇ ਹਨ, 'ਜਿਸ ਤਰਾਂ ਕੱਟੜਪੰਥੀਆਂ ਦਾ ਲਾਲ ਝੰਡਾ ਅਤੇ ਉਹ ਤਿਰੰਗੇ 'ਤੇ ਲਾਲ ਨਿਸ਼ਾਨ ਲਹਿਰਾਉਣ ਦਾ ਨਾਅਰਾ ਦਿੰਦੇ ਹਨ, ਇਸੇ ਤਰਾਂ ਸੰਘ ਦਾ ਭਗਵਾਂ ਝੰਡਾ ਹੈ ਅਤੇ ਆਪਣੇ ਪ੍ਰੋਗਰਾਮਾਂ ਵਿੱਚ ਸੰਘ ਉਸ ਨੂੰ ਲਹਿਰਾਉਂਦਾ ਹੈ।'

## ਸ਼ਰੇਆਮ ਕਾਤਲਾਂ ਦੇ...

ਅਦਾਲਤਾਂ ਵੀ ਸੰਸਦ, ਹਥਿਆਰਬੰਦ ਤਾਕਤਾਂ, ਵਾਂਗ ਸਰਮਾਏਦਾਰਾ ਰਾਜ ਦਾ ਇੱਕ ਹਿੱਸਾ ਹਨ ਜੋ ਹਾਕਮ ਜਮਾਤ ਦੇ ਹਿੱਤਾਂ ਦੀ ਰਾਖੀ ਕਰਨ ਦਾ ਹੀ ਆਪਣਾ ਅਸਲ ਫਰਜ਼ ਨਿਭਾਉਂਦੀਆਂ ਹਨ। 1947 ਵਿੱਚ ਅੰਗਰੇਜ਼ ਸਾਮਰਾਜ ਤੋਂ ਅਜ਼ਾਦੀ ਤੋਂ ਬਾਅਦ ਤੋਂ ਹੀ ਭਾਰਤੀ ਹਕੂਮਤ ਵੱਲੋਂ ਭਾਰਤ ਨੂੰ ਜਬਰੀ ਇੱਕ ਕੌਮ ਬਣਾਉਣ ਦੀ ਨੀਤੀ ਤਹਿਤ ਨਾਗਾਲੈਂਡ ਸਮੇਤ ਇੱਥੇ ਵਸਦੀਆਂ ਕੌਮਾਂ ਉੱਪਰ ਜ਼ਬਰ ਢਾਹਿਆ ਜਾ ਰਿਹਾ ਹੈ।

ਜਦੋਂ ਇਹ ਕੌਮਾਂ ਸੰਘਰਸ਼ ਦੇ ਰਾਹ ਪੈਂਦੀਆਂ ਹਨ ਤਾਂ ਭਾਰਤੀ ਹਕੂਮਤ ਇਨਾਂ ਸੰਘਰਸ਼ਾਂ ਨੂੰ ਫੌਜੀ ਜ਼ਬਰ ਨਾਲ਼ ਕੁਚਲਣ ਦੀ ਕੋਸ਼ਿਸ਼ ਕਰਦੀ ਹੈ। ਜਦੋਂ ਇਨਾਂ ਫੌਜੀ ਅਧਿਕਾਰੀਆਂ ਵੱਲੋਂ ਲੋਕਾਂ 'ਤੇ ਜ਼ਬਰ ਕੀਤਾ ਜਾਂਦਾ ਹੈ ਤਾਂ ਅਦਾਲਤ ਵੀ ਰਾਜ ਦੀ ਨੀਤੀ ਤਹਿਤ ਇਨਾਂ ਦੋਸ਼ੀਆਂ ਨੂੰ ਕਿਸੇ ਕਿਸਮ ਦੀ ਸਜ਼ਾ ਤੋਂ ਬਚਾਉਂਦੀਆਂ ਹਨ। ਆਰਐਸਐਸ ਦੇ ਸਿਆਸੀ ਵਿੰਗ ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਇਸ ਅਖੌਤੀ ਨਿਆਂਪਾਲਿਕਾ ਦੇ ਨਿਰਪੱਖ ਹੋਣ ਦਾ ਮਖੌਟਾ ਵੀ ਉੱਤਰ ਗਿਆ ਹੈ।

ਆਉਣ ਵਾਲ਼ੇ ਸਮੇਂ ਵਿੱਚ ਸਰਮਾਏਦਾਰੀ ਦੇ ਸੰਕਟ ਕਾਰਨ ਭਾਰਤੀ ਰਾਜ ਹੋਰ ਵਧੇਰੇ ਨਿਰੰਕੁਸ਼ ਹੋਵੇਗਾ ਜਿਸਦੇ ਲਾਜ਼ਮੀ ਸਿੱਟੇ ਦੇ ਤੌਰ 'ਤੇ ਹੀ ਇਹ ਨਿਆਂ ਪ੍ਰਣਾਲੀ ਦਾ ਲੋਕ ਵਿਰੋਧੀ ਕਿਰਦਾਰ ਸ਼ਰੇਆਮ ਨਜ਼ਰ ਆਵੇਗਾ।

## ਅਜ਼ਾਦੀ ਤੋਂ ਬਾਅਦ, ...

ਜੇਕਰ ਰਾਜਾਂ ਨਾਲ ਇਸ ਕਿਸਮ ਦਾ ਤ੍ਰਿਸਕਾਰ ਹੁੰਦਾ ਰਿਹਾ ਤਾਂ ਉਹ ਕਿੰਨਾ ਚਿਰ ਭਾਰਤੀ ਸੰਘੀ ਢਾਂਚੇ ਦਾ ਹਿੱਸਾ ਬਣੇ ਰਹਿਣਗੇ।

ਸਾਲ 2012 'ਚ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਗੁਜਰਾਤ ਦੇ ਮੁੱਖ ਮੰਤਰੀ ਸਨ, ਉਹਨਾ ਕਿਹਾ ਕਿ ਕੇਂਦਰ ਵਲੋਂ ਸੂਬਿਆਂ ਦੇ ਹੱਕਾਂ ਦਾ ਹਨਨ ਭਾਰਤ ਦੇ ਸੰਘੀ ਢਾਂਚੇ ਉਤੇ ਧੱਬਾ ਹੈ। ਉਹਨਾ ਕਿਹਾ ਵੀ ਕਿਹਾ ਸੀ ਕਿ ਕੇਂਦਰ, ਜੇਕਰ ਸੂਬਿਆਂ ਨੂੰ ਆਪਣੇ ਹੱਕ ਵਰਤਣ ਦੇਵੇਗਾ ਤਾਂ ਕੇਂਦਰ ਦਾ ਸੰਘੀ ਢਾਂਚਾ ਮਜ਼ਬੂਤ ਹੋਏਗਾ।

ਪਰ ਪ੍ਰਧਾਨ ਮੰਤਰੀ ਬਨਣ ਤੋਂ ਬਾਅਦ ਨਰੇਂਦਰ ਮੋਦੀ ਨੇ 'ਇੱਕ ਦੇਸ਼, ਇੱਕ ਰਾਸ਼ਟਰ, ਇੱਕ ਬੋਲੀ' ਦੇ ਸੰਕਲਪ ਨੂੰ ਅੱਗੇ ਤੋਰਦਿਆਂ 'ਸਾਰੀਆਂ ਤਾਕਤਾਂ ਕੇਂਦਰ ਹੱਥ' ਦੇ ਸਿਧਾਂਤ ਨੂੰ ਲਾਗੂ ਕਰਨ ਦਾ ਅਮਲ ਆਰੰਭ ਦਿੱਤਾ ਅਤੇ ਬਹੁਗਿਣਤੀ ਦੇ ਜ਼ੋਰ ਨਾਲ ਸੂਬਿਆਂ ਨੂੰ ਮਿੱਧਕੇ ਉਨਾਂ ਦੇ ਅਧਿਕਾਰਾਂ ਨੂੰ ਸੰਵਿਧਾਨ ਦੀਆਂ ਧਾਰਾਵਾਂ ਤੋੜ ਮਰੋੜ ਕੇ ਖੋਹਣ ਦਾ ਬੇਦਰਦਾ ਕਾਰਜ ਕੀਤਾ ਹੈ।

## ਘਰ-ਘਰ ਤਿਰੰਗਾ...

ਦਲ ਖਾਲਸਾ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਆਲ-ਇੰਡੀਆ ਬੈਕਵਰਡ ਅਤੇ ਮਾਈਨੌਰਿਟੀ ਕਮਿਊਨਿਟੀਜ਼ ਇੰਪਲਾਈਜ਼ ਫੈਡਰੇਸ਼ਨ (ਬਾਮਸੇਫ) ਦੀ ਅਗਵਾਈ ਹੇਠ ਕੱਢੇ ਇਸ ਮਾਰਚ ਵਿਚ ਆਗੂਆਂ ਤੇ ਕਾਰਕੁੰਨਾਂ ਨੇ ਹੱਥਾਂ ਵਿਚ ਕੇਸਰੀ ਝੰਡਿਆਂ ਤੋਂ ਇਲਾਵਾ ਕੇਂਦਰੀ ਹਕੂਮਤ ਦੀਆਂ ਜ਼ਿਆਦਤੀਆਂ ਖਿਲਾਫ ਸਲੋਗਨ ਲਿਖੀਆਂ ਤਖਤੀਆਂ ਅਤੇ ਬੋਰਡ ਵੀ ਫੜੇ ਹੋਏ ਸਨ। ਇਸ ਤੋਂ ਪਹਿਲਾਂ ਸਥਾਨਕ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਸੰਮੇਲਨ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਪਿਛਲੇ 7 ਦਹਾਕਿਆਂ ਤੋਂ ਧਾਰਮਿਕ ਘੱਟ ਗਿਣਤੀ ਕੌਮਾਂ ਅਤੇ ਮੂਲ ਨਿਵਾਸੀਆਂ ਨੂੰ ਸਰਕਾਰਾਂ ਦੇ ਵਿਤਕਰੇ, ਬੇਇਨਸਾਫ਼ੀ ਤੇ ਅੱਤਿਆਚਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਬੁਲਾਰੇ ਪਰਮਜੀਤ ਸਿੰਘ ਮੰਡ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਪ੍ਰੋ: ਮਹਿੰਦਰਪਾਲ ਸਿੰਘ, ਜਸਕਰਨ ਸਿੰਘ ਕਾਹਨ ਸਿੰਘਵਾਲਾ ਅਤੇ ਬਾਮਸੇਫ ਦੇ ਸੂਬਾਈ ਆਗੂ ਰਜਿੰਦਰ ਰਾਣਾ ਨੇ ਕਿਹਾ ਕਿ 15 ਅਗਸਤ, 1947 ਨੂੰ ਭਾਰਤੀ ਸੰਘ ਵਿਚ ਸ਼ਾਮਿਲ ਹੋਣ ਵਾਲੀਆਂ ਨਸਲੀ ਅਤੇ ਧਾਰਮਿਕ ਘੱਟ ਗਿਣਤੀਆਂ ਨੇ ਕਦੇ ਵੀ ਅਜ਼ਾਦੀ ਦਾ ਨਿੱਘ ਨਹੀਂ ਮਾਣਿਆ। ਉਨਾਂ 15 ਅਗਸਤ ਦੇ ਜਸ਼ਨਾਂ ਦੇ ਬਾਈਕਾਟ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਇਕ ਪਾਸੇ ਬਹੁਗਿਣਤੀ ਭਾਈਚਾਰੇ ਦੇ ਆਗੂ ਅਪਰਾਧਿਕ ਮਾਮਲਿਆਂ ਦੇ ਬਾਵਜੂਦ ਬਾਹਰ ਘੁੰਮ ਰਹੇ ਹਨ ਤੇ ਸੱਤਾ ਦਾ ਨਿੱਘ ਮਾਣ ਰਹੇ ਹਨ, ਜਦਕਿ ਦੂਸਰੇ ਪਾਸੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੰਘਾਂ ਨੂੰ ਰਿਹਾਅ ਕਰਨ ਤੋਂ ਸਰਕਾਰ ਲਗਾਤਾਰ ਟਾਲਾ ਵੱਟਦੀ ਆ ਰਹੀ ਹੈ । ਇਸ ਮੌਕੇ ਆਗੂਆਂ ਨੇ ਸਾਂਝਾ ਸਿਆਸੀ ਸੰਘਰਸ਼ ਵਿੱਢਣ ਦਾ ਸੰਕਲਪ ਵੀ ਲਿਆ ।ਇਸ ਮੌਕੇ ਦਲ ਖ਼ਾਲਸਾ ਦੇ ਸੀਨੀਅਰ ਆਗੂ ਕੰਵਰਪਾਲ ਸਿੰਘ, ਰਣਵੀਰ ਸਿੰਘ ਗੀਗਨਵਾਲ, ਪਰਮਜੀਤ ਸਿੰਘ ਟਾਂਡਾ, ਗੁਰਨਾਮ ਸਿੰਘ ਮੂਨਕਾਂ, ਭਾਈ ਸਤਨਾਮ ਸਿੰਘ ਪਾਉਂਟਾ ਸਾਹਿਬ, ਜਗਜੀਤ ਸਿੰਘ ਗਾਬਾ ਪ੍ਰਧਾਨ ਗੁਰਦੁਆਰਾ ਗੁਰੂ ਤੇਗ ਬਹਾਦਰ ਨਗਰ ਤੇ ਸੁਖਜੀਤ ਸਿੰਘ ਡਰੋਲੀ ਆਦਿ ਹਾਜ਼ਰ ਸਨ ।

## ਮਾਮਲਾ 2002 ਦੇ...

ਆਪਣੇ ਪਿੰਡ ਦੀ ਗੱਲ ਕਰਦਿਆਂ ਬਿਲਕਿਸ ਨੇ ਦੱਸਿਆ, 'ਪੂਰਾ ਪਰਿਵਾਰ ਖ਼ਤਮ ਹੋ ਗਿਆ ਸਾਡਾ। ਮਾਰ ਦਿੱਤਾ ਸਾਰਿਆਂ ਨੂੰ।'

ਸਾਲ 2002 ਵਿੱਚ ਜਦੋਂ ਬਿਲਕਿਸ ਨਾਲ ਬਲਾਤਕਾਰ ਹੋਇਆ ਤਾਂ ਉਹ ਉਸ ਵੇਲੇ ਗਰਭਵਤੀ ਸੀ। ਉਨਾਂ ਦੀ ਤਿੰਨ ਸਾਲ ਦੀ ਧੀ ਸਲੇਹਾ ਦਾ ਵੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ।

# A-ONE EXPRESS

**ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ**

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

**ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ**



**28421 S CHRISMAN RD, UNIT# 3, TRACY, CA**

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

**Toll Free: 888.725.7441, Office: 209.537.0975, Fax: 209.537.0375**

# TRANS-ALLIANCE
TOGETHER WE SAVE

**FUEL DISCOUNTS**
UPTO 80 CENTS PER GALLON DISCOUNT
MAJOR NETWORK OF TRUCK STOPS

**FUEL CARDS**
NO CREDIT - NO PROBLEM
BEST CUSTOMER SERVICE

FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE




**YOU BREAK DOWN**
WE SHOW UP
24-HOUR ROADSIDE ASSISTANCE

**TRUCK REPAIR & TIRE DISCOUNTS**
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

**FUEL MANAGEMENT**
DAILY FUEL RATES IN PHONE APP

CALL FOR MORE INFO
**(855)641-6955, (888)795-7035**

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com